31-JULY-PAGE-1.qxd 7/30/2025 10:45 PM Page 1

ਵੀਰਵਾਰ, 31 ਜੁਲਾਈ, 2025
16 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 60

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 31 JULY, 2025 — ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 14



## ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਸੁਲਤਾਨਪੁਰ ਲੋਧੀ ਤੋਂ ਵਿਸ਼ੇਸ਼ ਸਪਲੀਮੈਂਟ


ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ



ਨਵਤੇਜ ਸਿੰਘ ਚੀਮਾ
ਸਾਬਕਾ ਵਿਧਾਇਕ
ਸੁਲਤਾਨਪੁਰ ਲੋਧੀ
ਜਾਰੀ ਕਰਤਾ
ਸਮੂਹ ਕਾਂਗਰਸੀ ਵਰਕਰ ਹਲਕਾ ਸੁਲਤਾਨਪੁਰ ਲੋਧੀ





ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ



ਰਾਣਾ ਗੁਰਜੀਤ ਸਿੰਘ
ਐਮ ਐਲ ਏ ਕਪੂਰਥਲਾ
ਰਾਣਾ ਇੰਦਰਪ੍ਰਤਾਪ ਸਿੰਘ
ਐਮ ਐਲ ਏ, ਸੁਲਤਾਨਪੁਰ ਲੋਧੀ
ਜਾਰੀ ਕਰਤਾ
ਸਮੂਹ ਵਰਕਰ ਹਲਕਾ ਸੁਲਤਾਨਪੁਰ ਲੋਧੀ

## ਧੰਨਵਾਦ

ਉਨ੍ਹਾਂ ਸੱਜਣਾਂ ਮਿੱਤਰਾਂ ਦਾ ਦਿਲ ਦੀਆ ਗਹਿਰਾਈਆ ਤੋਂ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਸਾਨੂੰ ਇਹ ਸਪਲੀਮੈਂਟ ਕੱਢਣ ਵਿੱਚ ਭਰਪੂਰ ਸਹਿਯੋਗ ਦਿੱਤਾ। ਆਸ ਕਰਦੇ ਹਾਂ ਕਿ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹਿਣਗੇ।



ਬਲਵਿੰਦਰ ਸਿੰਘ ਧਾਲੀਵਾਲ
ਪੱਤਰਕਾਰ
ਸੁਲਤਾਨਪੁਰ ਲੋਧੀ
ਮੋ: 99141-88618





ਐਮ ਡੀ ਐਸ ਇੰਟਰਪ੍ਰਾਇਜ਼
ਸੁੰਦਰ ਰਮਾਲਾ ਸਾਹਿਬ



ਲਖਵਿੰਦਰ ਸਿੰਘ ਕੌੜਾ, ਪਿੰਡ ਫੱਤੋਵਾਲ
ਸਾਹਮਣੇ ਗੁਰਦੁਆਰਾ ਸ੍ਰੀ ਬੇਰ ਸਾਹਿਬ
ਸੁਲਤਾਨਪੁਰ ਲੋਧੀ
ਮੋਬਾ: 94652-51786



M/S. G.S. Builders
(A Class Govt Contractor)
H. O. : Near Old Post Office, Mohalla Uppaln, Sultanpur Lodhi,
B.O. : Gate No.1, Rail Coach Factory, Kapurthala (M. 98729-66667)
ਗੁਰਸ਼ਰਨ ਸਿੰਘ ਭੰਮਰਾ
ਵੱਲੋਂ : ਸਮੂਹ ਭੰਮਰਾ ਪਰਵਾਰ


## ਸੰਦੇਸ਼

ਭਾਰਤ ਦੀ ਅੰਗਰੇਜ ਸਾਮਰਾਜ ਦੀ ਗਲਾਮੀ ਵਿਰੁੱਧ ਲੜੇ ਸੰਗਰਾਮ ਦੇ ਮਹਾਨ ਨਾਇਕ ਬੇਮਿਸਾਲ ਕਰਬਾਨੀ, ਸਿਰੜ ਅਤੇ ਅਣਖੀ ਕੌਮੀ ਹੀਰੋ ਸ਼ਹੀਦ ਊਧਮ ਸਿੰਘ ਜੀ ਦੇ 85ਵੇਂ ਸ਼ਹੀਦੀ ਦਿਹਾੜੇ 'ਤੇ ਸੀਸ ਨਿਵਾਂਦੇ ਹਾਂ ਅਤੇ ਕੋਟ-ਕੋਟ ਪ੍ਰਣਾਮ ਕਰਦੇ ਹਾਂ। ਸ਼ਹੀਦੀ ਦੀ ਕੁਰਬਾਨੀ ਦੀ ਯਾਦ ਵਿੱਚ 'ਨਵਾਂ ਜ਼ਮਾਨਾ' ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਧੰਨਵਾਦ ਕਰਦੇ ਹਾਂ।



ਸੰਤ ਬਲਬੀਰ ਸਿੰਘ ਸੀਚੇਵਾਲ
ਪ੍ਰੋ. ਚਰਨ ਸਿੰਘ
ਡਾ. ਉਪਿੰਦਰਜੀਤ ਕੌਰ — ਸਾਬਕਾ ਖਜਾਨਾ ਮੰਤਰੀ ਪੰਜਾਬ
ਰਾਣਾ ਇੰਦਰਪ੍ਰਤਾਪ ਸਿੰਘ — ਐਮ ਐਲ ਏ


ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

ਤ੍ਰਿਵੈਣੀ ਗਰੁੱਪ
ਕਪੂਰਥਲਾ ਰੋਡ ਸਾਹਮਣੇ ਨਵੀਂ ਦਾਣਾ ਮੰਡੀ ਸੁਲਤਾਨਪੁਰ ਲੋਧੀ
ਮੋ: 98786-22134



ਰਾਜੇਸ਼ ਕੁਮਾਰ ਧੀਰ



ਗੌਰਵ ਧੀਰ

ਮਲਟੀਸਪੈਸ਼ੈਲਟੀ
ਅਮਨਪ੍ਰੀਤ ਹਸਪਤਾਲ
ਤਲਵੰਡੀ ਰੋਡ, ਸਾਹਮਣੇ ਪੁੱਡਾ ਕਲੋਨੀ, ਸੁਲਤਾਨਪੁਰ ਲੋਧੀ (ਕਪੂਰਥਲਾ)
- ਜ਼ਿਲ੍ਹੇ ਦਾ ਪਹਿਲਾ ਅਤੇ ਇੱਕੋ ਇੱਕ ਹਸਪਤਾਲ ਹੈ, ਜੋ NABH ਤੋਂ ਮਾਨਤਾ ਪ੍ਰਾਪਤ ਹੈ।
- ਇਲਾਕੇ ਦਾ ਇੱਕੋ ਇੱਕ ਹਸਪਤਾਲ ਜਿੱਥੇ ਸਪੈਸ਼ਲਿਸਟ ਡਾਕਟਰ 24 ਘੰਟੇ ਹਾਜ਼ਰ ਹਨ।
- ਇਸ ਹਸਪਤਾਲ ਵਿੱਚ ਆਈ ਸੀ ਯੂ, ਵੈਂਟੀਲੇਟਰ, ਡਾਇਲਸਿਸ ਅਤੇ ਹੋਰ ਹਰ ਤਰ੍ਹਾਂ ਦੀਆਂ ਬਿਮਾਰੀਆਂ ਦੇ ਇਲਾਜ ਦਾ ਪੂਰਾ ਪ੍ਰਬੰਧ ਬਹੁਤ ਹੀ ਘੱਟ ਰੇਟਾਂ ਉੱਤੇ ਹੈ।
- ਮਾਡਲ ਆਪਰੇਸ਼ਨ ਥੀਏਟਰ ਵਿੱਚ ਜਰਮਨੀ ਦੀਆਂ ਦੂਰਬੀਨ ਮਸ਼ੀਨਾਂ ਦੀ ਸੁਵਿਧਾ ਉਪਲੱਬਧ ਹੈ।



ਡਾ. ਅਮਨਪ੍ਰੀਤ ਸਿੰਘ
ਐਮ. ਐਸ ਜਰਨਲ ਸਰਜਨ, ਗੋਲਡ ਮੈਡਲਿਸਟ

ਡਾ. ਗਾਇਤਰੀ ਅਰੋੜਾ ਮੈਡੀਕਲ ਅਫਸਰ | ਡਾਕਟਰ ਮਨਦੀਪ ਸਿੰਘ ਐਮਡੀ ਮੈਡੀਸਨ
ਅਪ੍ਰੇਸ਼ਨ : ਵੱਡਾ ਅਪ੍ਰੇਸ਼ਨ (ਡਿਲਵਰੀ ਵੇਲੇ ਹੋਣ ਵਾਲਾ), ਪਿੱਤੇ ਦੀਆਂ ਪੱਥਰੀਆਂ (ਦੂਰਬੀਨ ਨਾਲ), ਬੱਚੇਦਾਨੀ ਦੀਆਂ ਰਸੌਲੀਆਂ, ਹਰਨੀਆਂ, ਅਪੈਂਡਸੈਕਸ, ਬਵਾਸੀਰ, ਫਿਸਟੂਲਾ
ਸਿਰਫ 19,999/- ਰੁਪਏ 'ਚ
ਐਂਬੂਲੈਂਸ ਅਤੇ ਐਮਰਜੈਂਸੀ ਦੀ ਸੁਵਿਧਾ 24 ਘੰਟੇ ਉਪਲਬੱਧ
ਮੋਬਾ. 98146-77484

ਸੁਖਮਨੀ ਸਾਹਿਬ ਫਾਈਨਾਂਸ ਕੰਪਨੀ
ਊਧਮ ਸਿੰਘ ਚੌਕ ਕਪੂਰਥਲਾ ਰੋਡ, ਸੁਲਤਾਨਪੁਰ ਲੋਧੀ



ਨਵਤੇਜ ਸਿੰਘ ਚੀਮਾ — ਸਾਬਕਾ ਐਮ ਐਲ ਏ
ਗੁਰਪ੍ਰੀਤ ਸਿੰਘ ਸਰਪੰਚ, ਪਿੰਡ ਫੌਜੀ ਕਲੋਨੀ ਸੁਲਤਾਨਪੁਰ ਲੋਧੀ
ਮੋਬਾ. 98152-74675



ਗੁਰਪ੍ਰੀਤ ਸਿੰਘ ਸਰਪੰਚ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ
ਵੱਲੋਂ
ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ
ਸੁਲਤਾਨਪੁਰ ਲੋਧੀ

ਜਸ਼ਨ ਇੰਟਰਲੌਕ ਟਾਇਲ ਫੈਕਟਰੀ
ਪਿੰਡ ਗਿੱਲ, ਤਹਿ. ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ, ਮੋ: 98158-35076



ਸੱਜਣ ਸਿੰਘ ਚੀਮਾ — ਹਲਕਾ ਇੰਚਾਰਜ ਸੁਲਤਾਨਪੁਰ ਲੋਧੀ
ਹਰਵਿੰਦਰ ਪਾਲ ਸਿੰਘ ਲਾਲੀ
ਰਾਜਕਰਨਬੀਰ ਸਿੰਘ

Deot Sidh Cold Store
ਇਲਾਕੇ ਦਾ ਸਭ ਤੋਂ ਆਧੁਨਿਕ ਹਾਈਟੈਕ ਕੋਲਡ ਸਟੋਰ, ਲੋਹੀਆਂ ਰੋਡ, ਸੁਲਤਾਨਪੁਰ ਲੋਧੀ



ਸ੍ਰੀ ਦੌਲਤ ਰਾਮ ਛੁਰਾ | ਸ੍ਰੀ ਭੂਸ਼ਨ ਛੁਰਾ | ਸ੍ਰੀ ਅਮਿਤ ਛੁਰਾ
M. 98152-06627, 98722-00827



ਸਮੂਹ ਵਰਕਰ ਸ਼੍ਰੋਮਣੀ ਅਕਾਲੀ ਦਲ (ਅ) ਹਲਕਾ ਸੁਲਤਾਨਪੁਰ ਲੋਧੀ, ਮੋ: 98154-58804


## ਸ਼ਹੀਦ ਊਧਮ ਸਿੰਘ ਮੈਮੋਰੀਅਲ ਟਰੱਸਟ
### ਸਾਹਿਤ ਸਭਾ ਤੇ ਬਾਰ ਐਸੋਸੀਏਸ਼ਨ, ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ



ਸਵ. ਗਿਰਾਜ ਸਿੰਘ ਐਡਵੋਕੇਟ
ਜਨਰਲ ਸਕੱਤਰ



ਪ੍ਰੋ. ਚਰਨ ਸਿੰਘ ਪ੍ਰਧਾਨ
ਹਰਵਿੰਦਰ ਸਿੰਘ ਬੱਗਾ


ਸ੍ਰੀ ਦਸਮੇਸ਼ ਹਸਪਤਾਲ ਅਤੇ ਡਾਇਗਨੋਸਟਿਕ ਸੈਂਟਰ
(ਸ੍ਰੀ ਦਸਮੇਸ਼ ਹਸਪਤਾਲ)
ਸਾਹਮਣੇ ਸਿਵਲ ਹਸਪਤਾਲ, ਸ੍ਰੀ ਬੇਰ ਸਾਹਿਬ ਰੋਡ, ਸੁਲਤਾਨਪੁਰ ਲੋਧੀ (ਕਪੂਰਥਲਾ)
ਇੱਥੇ ਅਲਟਰਾ ਸਾਊਂਡ, ਐਕਸਰੇ, ਜੱਚਾ ਬੱਚਾ ਨਾਰਮਲ ਡਲਿਵਰੀ ਤੇ ਵੱਡਾ ਆਪਰੇਸ਼ਨ, ਆਧੁਨਿਕ ਲੈਬਾਰਟਰੀ, ਲਾਲ ਪੱਥ ਲੈਬ, ਪਿੱਤੇ ਦੀ ਪੱਥਰੀ, ਗੁਰਦੇ ਦੀ ਪੱਥਰੀ ਹਰ ਤਰ੍ਹਾਂ ਦੇ ਆਪਰੇਸ਼ਨ, ਟੁੱਟੀਆਂ ਹੱਡੀਆਂ ਨੂੰ ਜੋੜਨ ਲਈ ਪਲੇਟਾਂ, ਰਾਡ, ਜੋੜਾਂ ਦਾ ਇਲਾਜ, ਲੇਡੀਜ਼ ਡਾਕਟਰ ਅਤੇ ਹੋਰ ਹਰ ਪ੍ਰਕਾਰ ਦੇ ਇਲਾਜ।



ਡਾ. ਸਵਰਨ ਸਿੰਘ
ਲੇਡੀ ਡਾਕਟਰ 24 ਘੰਟੇ ਐਮਰਜੈਂਸੀ
ਕਰਨਦੀਪ ਸਿੰਘ — ਕਰਨ ਐਕਸਰੇ
ਮੋ: 98159-79148, 70099-50853, 98768-75590



ਜਾਰੀ ਕਰਤਾ
ਦੀਪਕ ਧੀਰ ਰਾਜੂ
ਪ੍ਰਧਾਨ ਅਤੇ ਸਮੂਹ ਮੈਂਬਰ ਨਗਰ ਕੌਂਸਲ ਸੁਲਤਾਨਪੁਰ ਲੋਧੀ
ਰਾਣਾ ਗੁਰਜੀਤ ਸਿੰਘ — ਸਾਬਕਾ ਮੰਤਰੀ

HOTAL GRAND KING &
Doaba's Sweets & Bakery House



Mob: 98761-37829, 01828-500630
Kapurtahla Road, Near Court Complex Sultanpur Lodhi

ਮਹਿੰਦਰਾ ਐਂਡ ਮਹਿੰਦਰਾ
ਗਿੱਲ ਆਟੋਮੋਬਾਇਲਜ਼
ਮਹਿੰਦਰਾ ਟਰੈਕਟਰ ਏਜੰਸੀ
ਗੁਰਦੁਆਰਾ ਸ੍ਰੀ ਬੇਰ ਸਾਹਿਬ ਰੋਡ, ਸੁਲਤਾਨਪਰ ਲੋਧੀ
ਬ੍ਰਾਂਚਾ: ਸ਼ਾਂਹਕੋਟ, ਨਕੋਦਰ, ਜ਼ੀਰਾ ਧਰਮਕੋਟ
ਮੋ: 98729-72595, 98770-25596



2700 ਤੋਂ 2900 ਤੱਕ ਲਿਫਟ ਕੰਪੈਸਟੀ, 585 ਡੀ ਆਈ ਪੋਟੈਟੋ ਸਪੈਸ਼ਲ ਟਰੈਕਟਰ, 4 ਸਲੰਡਰ 75 HP
2900 ਤੋਂ ਲੈ ਕੇ 3800 ਸੀ ਸੀ ਪਾਵਰ
ਲੇਜ਼ਰ ਲੈਵਲ, ਰੋਲਰ ਸੁਪਰ ਸੀਡਰ, ਰੂਟਾਵੇਟਰ ਆਦ ਮਿਲਦੇ ਹਨ।
ਗਿੱਲ ਆਟੋਮੋਬਾਇਲਜ਼ ਗੁਰਦੁਆਰਾ ਸ੍ਰੀ ਬੇਰ ਸਾਹਿਬ ਰੋਡ, ਸੁਲਤਾਨਪਰ ਲੋਧੀ (ਕਪੂਰਥਲਾ) ਮੋਬਾ: 98729-72696, 98770-24696
6 ਸਾਲ ਦੀ ਵਰੰਟੀ, ਸੀ ਆਰ ਡੀ ਟੈਕਨੋਲੋਜੀ, ਇੰਜਣ ਮੂਡ ਤਿੰਨ ਹੈ।
ਬੈਂਕ ਲੋਨ ਦੀ ਸਹੂਲਤ ਉਪਲੱਬਧ ਹੈ।

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ



ਸੱਜਣ ਸਿੰਘ ਚੀਮਾ
ਹਲਕਾ ਇੰਚਾਰਜ ਆਮ ਆਦਮੀ ਪਾਰਟੀ ਸੁਲਤਾਨਪੁਰ ਲੋਧੀ
ਸਮੂਹ ਵਰਕਰ 'ਆਪ' ਸੁਲਤਾਨਪੁਰ ਲੋਧੀ, ਮੋਬਾ. 98785-00759

ਧੰਜੂ ਮੋਟਰਜ਼ ਐਂਡ ਧੰਜੂ ਫਾਈਨਾਂਸ ਕੰਪਨੀ
ਸਾਹਮਣੇ ਸ਼ਹੀਦ ਊਧਮ ਸਿੰਘ ਸਮਾਰਕ ਸੁਲਤਾਨਪੁਰ ਲੋਧੀ



ਜਲੰਧਰ ਇੰਟਰਪ੍ਰਾਈਜਿਜ਼
ਗੁਰਦੁਆਰਾ ਬੇਰ ਸਾਹਿਬ ਰੋਡ, ਨੇੜੇ ਸਿਵਲ ਹਸਪਤਾਲ, ਸਾਹਮਣੇ ਗੌਰਮਿੰਟ ਹਾਈ ਸਕੂਲ (ਲੜਕੇ), ਸੁਲਤਾਨਪੁਰ ਲੋਧੀ



ਮਨਮੋਹਨ ਸਿੰਘ | ਜਸਪ੍ਰੀਤ ਸਿੰਘ | ਜਸਜੀਤ ਸਿੰਘ
ਮੋਬਾ. 94173-90389, 94787-37252, 01828-222432, 98765-49006

# ਆਦਿਵਾਸੀਆਂ 'ਤੇ ਜਬਰ ਖ਼ਿਲਾਫ਼ ਮੋਗਾ ਵਿਖੇ ਸੂਬਾਈ ਰੈਲੀ ਤੇ ਵਿਖਾਵਾ 8 ਨੂੰ



**ਮੋਗਾ (ਇਕਬਾਲ ਸਿੰਘ ਖਹਿਰਾ)**- ਪੰਜਾਬ ਭਰ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਦੀ 16 ਜੁਲਾਈ ਨੂੰ ਲੁਧਿਆਣਾ ਵਿਖੇ ਹੋਈ ਸੂਬਾਈ ਮੀਟਿੰਗ ਦੇ ਫ਼ੈਸਲੇ ਅਨੁਸਾਰ ਆਦਿਵਾਸੀਆਂ ਖ਼ਿਲਾਫ਼ ਕੀਤੇ ਜਾ ਰਹੇ ਜਬਰ ਖ਼ਿਲਾਫ਼ 8 ਅਗਸਤ ਨੂੰ ਮੋਗਾ ਵਿਖੇ ਕੀਤੀ ਜਾਣ ਵਾਲੀ ਸੂਬਾਈ ਰੈਲੀ ਅਤੇ ਵਿਖਾਵੇ ਦੀਆਂ ਤਿਆਰੀਆਂ ਜ਼ੋਰ-ਸ਼ੋਰ ਨਾਲ ਕੀਤੀਆਂ ਜਾ ਰਹੀਆਂ ਹਨ। ਮੀਟਿੰਗ ਦੇ ਫੈਸਲਿਆਂ ਨੂੰ ਨੇਪਰੇ ਚਾੜ੍ਹਨ ਦੀ ਮੁਹਿੰਮ ਵਿੱਚ ਜੁਟੀਆਂ ਪੰਜਾਬ ਦੀਆਂ ਸਮੂਹ ਜਥੇਬੰਦੀਆਂ ਵੱਲੋਂ ਕੀਤੀਆਂ ਜਾ ਰਹੀਆਂ ਤਿਆਰੀਆਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੋਗਾ ਵਿਖੇ ਵਿਸ਼ਾਲ ਰੈਲੀ ਵਿੱਚ ਪੰਜਾਬ ਭਰ ਚੋਂ ਹਜ਼ਾਰਾਂ ਕਿਸਾਨਾਂ, ਮਜ਼ਦੂਰਾਂ ਸਮੇਤ ਸਮੂਹ ਇਨਸਾਫ਼ਪਸੰਦ ਲੋਕ ਕਾਫ਼ਲੇ ਬੰਨ੍ਹ ਕੇ ਸ਼ਾਮਲ ਹੋਣਗੇ। ਇਸ ਰੈਲੀ ਅਤੇ ਵਿਖਾਵੇ ਦੀ ਕਾਮਯਾਬੀ ਲਈ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ), ਪੰਜਾਬ ਖੇਤ ਮਜ਼ਦੂਰ ਯੂਨੀਅਨ, ਪੀ.ਐਸ.ਯੂ. (ਸ਼ਹੀਦ ਰੰਧਾਵਾ), ਇਫਟੂ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਪੰਜਾਬ ਸਟੂਡੈਂਟਸ ਯੂਨੀਅਨ, ਭਾਰਤੀ ਕਿਸਾਨ ਯੂਨੀਅਨ (ਡਕੌਂਦਾ) (ਬੂਟਾ ਸਿੰਘ ਬੁਰਜ ਗਿੱਲ), ਭਾਰਤੀ ਕਿਸਾਨ ਯੂਨੀਅਨ (ਏਕਤਾ ਡਕੌਂਦਾ), (ਮਨਜੀਤ ਧਨੇਰ), ਕਾਰਖਾਨਾ ਮਜ਼ਦੂਰ ਯੂਨੀਅਨ, ਇਨਕਲਾਬੀ ਮਜ਼ਦੂਰ ਕੇਂਦਰ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਸੰਜੀਵ ਮਿੰਟੂ), ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ, ਜਮਹੂਰੀ ਅਧਿਕਾਰ ਸਭਾ ਪੰਜਾਬ, ਪਲਸ ਮੰਚ, ਤਰਕਸ਼ੀਲ ਸੁਸਾਇਟੀ ਪੰਜਾਬ, ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ, ਟੈਕਨੀਕਲ ਸਰਵਿਸਿਜ਼ ਯੂਨੀਅਨ (ਭੰਗਲ), ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਦਲਿਤ ਅਤੇ ਮਜ਼ਦੂਰ ਮੁਕਤੀ ਮੋਰਚਾ, ਪੰਜਾਬ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ), ਜਮਹੂਰੀ ਕਿਸਾਨ ਸਭਾ, ਦਿਹਾਤੀ ਮਜ਼ਦੂਰ ਸਭਾ, ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ, ਵਰਗ ਚੇਤਨਾ, ਡੈਮੋਕਰੇਟਿਕ ਡਿਸਕਸ਼ਨ ਫੋਰਮ ਪਟਿਆਲਾ, ਕ੍ਰਾਂਤੀਕਾਰੀ ਸੱਭਿਆਚਾਰਕ ਕੇਂਦਰ ਸਮੇਤ ਦਰਜਨਾਂ ਸੰਸਥਾਵਾਂ ਜੁਟੀਆਂ ਹੋਈਆਂ ਹਨ। ਜਨਤਕ ਜਮਹੂਰੀ ਜਥੇਬੰਦੀਆਂ ਦਾ ਇਹ ਇਤਿਹਾਸਕ ਇਕੱਠ ਬੁਲੰਦ ਆਵਾਜ਼ ਵਿੱਚ ਮੰਗ ਕਰੇਗਾ ਕਿ ਆਦਿਵਾਸੀ ਖੇਤਰਾਂ 'ਚ ਓਪਰੇਸ਼ਨ ਕਗਾਰ ਸਮੇਤ ਹਰ ਤਰ੍ਹਾਂ ਦੇ ਫ਼ੌਜੀ ਅਪਰੇਸ਼ਨ ਬੰਦ ਕੀਤੇ ਜਾਣ, ਝੂਠੇ ਪੁਲਸ ਮੁਕਾਬਲੇ ਤੇ ਹਰ ਤਰ੍ਹਾਂ ਦੇ ਜਬਰ ਦੇ ਕਦਮ ਫੌਰੀ ਰੋਕੇ ਜਾਣ, ਇਨ੍ਹਾਂ ਇਲਾਕਿਆਂ ਚੋਂ ਸਾਰੇ ਪੁਲਿਸ ਕੈਂਪ ਹਟਾਏ ਜਾਣ, ਸਾਰੇ ਅਰਧ ਸੈਨਿਕ ਬਲ ਵਾਪਸ ਬੁਲਾਏ ਜਾਣ, ਜਲ-ਜੰਗਲ-ਜ਼ਮੀਨਾਂ ਤੇ ਖਣਿਜ ਭੰਡਾਰ ਕਾਰਪੋਰੇਟਾਂ ਨੂੰ ਲੁਟਾਉਣ ਵਿਰੁੱਧ ਸੰਘਰਸ਼ ਕਰ ਰਹੇ ਆਦਿਵਾਸੀਆਂ ਤੇ ਹੋਰਨਾਂ ਲੋਕਾਂ 'ਤੇ ਲਾਈਆਂ ਪਬੰਦੀਆਂ ਖਤਮ ਕੀਤੀਆਂ ਜਾਣ, ਗ੍ਰਿਫ਼ਤਾਰ ਕੀਤੇ ਗਏ ਜਮਹੂਰੀ ਹੱਕਾਂ ਦੇ ਕਾਰਕੁਨ ਰਿਹਾਅ ਕੀਤੇ ਜਾਣ ਤੇ ਸੰਘਰਸ਼ ਕਰਨ ਦੇ ਅਧਿਕਾਰ ਦੀ ਜ਼ਾਮਨੀ ਕੀਤੀ ਜਾਵੇ। ਜਥੇਬੰਦੀਆਂ ਨੇ ਪੰਜਾਬ ਦੇ ਲੋਕਾਂ ਨੂੰ 8 ਅਗਸਤ ਨੂੰ ਵਹੀਰਾਂ ਘੱਤ ਕੇ ਦਾਣਾ ਮੰਡੀ ਮੋਗਾ ਵਿਚ ਪਹੁੰਚਣ ਦੀ ਅਪੀਲ ਕੀਤੀ ਹੈ।

# ਮਾਨਸ਼ਾਹੀਆ ਪਰਵਾਰ ਨੇ ਹੋਣਹਾਰ ਵਿਦਿਆਰਥਣਾਂ ਨੂੰ ਕੀਤਾ ਸਨਮਾਨਤ



**ਬਰੇਟਾ (ਰੀਤਵਾਲ)**- ਸਥਾਨਕ ਹਾਈ ਗਰਲਜ਼ ਸਕੂਲ ਦੀਆਂ ਛੇਵੀਂ, ਸੱਤਵੀਂ, ਅੱਠਵੀਂ ਅਤੇ ਨੌਵੀਂ ਕਲਾਸ ਦੀਆਂ ਪਹਿਲੀ, ਦੂਜੀ ਅਤੇ ਤੀਜੀ ਪੁਜ਼ੀਸ਼ਨ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਮਾਤਾ ਸੁਰਜੀਤ ਕੌਰ ਪਤਨੀ ਕਿਰਪਾਲ ਸਿੰਘ ਹੈਡਮਾਸਟਰ ਦੀ ਯਾਦ ਨੂੰ ਸਮਰਪਤ ਮਾਨਸ਼ਾਹੀਆ ਪਰਵਾਰ ਵੱਲੋਂ ਸ਼ੀਲਡਾਂ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ । ਇਸ ਤੋਂ ਇਲਾਵਾ ਸਕੂਲ ਦੀ ਲਾਇਬ੍ਰੇਰੀ ਨੂੰ ਵੀ ਮਾਨਸ਼ਾਹੀਆਂ ਪਰਵਾਰ ਵੱਲੋਂ ਕਿਤਾਬਾਂ ਦਿੱਤੀਆਂ ਗਈਆਂ । ਇਸ ਮੌਕੇ ਸਕੂਲ ਮੁਖੀ ਗੁਰਜੰਟ ਸਿੰਘ ਨੇ ਮਾਨਸ਼ਾਹੀਆਂ ਪਰਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਪਰਵਾਰ ਵੱਲੋਂ ਹਰ ਸਾਲ ਚੰਗੀਆਂ ਪੁਜ਼ੀਸ਼ਨਾਂ ਵਾਲੀਆਂ ਲੜਕੀਆਂ ਨੂੰ ਸਨਮਾਨਤ ਕੀਤਾ ਜਾਂਦਾ ਹੈ ਅਤੇ ਨਕਦ ਰਾਸ਼ੀ ਦੇ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਜਾਂਦੀ ਹੈ । ਅਸੀਂ ਇਸ ਪਰਵਾਰ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ । ਇਸ ਮੌਕੇ ਮੈਡਮ ਸੁਸ਼ਮਾ ਰਾਣੀ, ਅਰੁਨਾ ਰਿਸ਼ੀ , ਭੁਪਿੰਦਰ ਸ਼ਰਮਾ, ਸੋਨੂੰ ਦੇਵੀ, ਕਿਰਨ ਬਾਲਾ, ਸੋਨੀਆ ਸਿੰਗਲਾ, ਪ੍ਰਿੰਕਾ ਜਿੰਦਲ, ਪੁਸ਼ਪਿੰਦਰ ਕੌਰ, ਬਲਜੀਤ ਕੌਰ ਤੇ ਸਕੂਲ ਸਟਾਫ ਤੋਂ ਇਲਾਵਾ ਮਾਨਸ਼ਾਹੀਆ ਪਰਵਾਰ ਦੇ ਮੈਂਬਰ ਹਾਜ਼ਰ ਸਨ ।

# ਸ਼ਹੀਦ ਕਿਰਨਜੀਤ ਕੌਰ ਦੇ ਬਰਸੀ ਸਮਾਗਮ ਦੀ ਤਿਆਰੀ ਸੰਬੰਧੀ ਸਾਂਝੀ ਇੱਕਤਰਤਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)** ਸ਼ਹੀਦ ਕਿਰਨਜੀਤ ਕੌਰ ਯਾਦਗਾਰ ਕਮੇਟੀ ਦੀ ਅਗਵਾਈ 'ਚ ਇਨਕਲਾਬੀ ਜਮਹੂਰੀ ਜਨਤਕ ਜਥੇਬੰਦੀਆਂ ਦੇ ਆਗੂਆਂ, ਵਰਕਰਾਂ ਦੀ ਸਾਂਝੀ ਇਕੱਤਰਤਾ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਹੋਈ।ਬੁਲਾਰਿਆਂ ਨਰਾਇਣ ਦੱਤ, ਮਨਜੀਤ ਧਨੇਰ, ਪ੍ਰੇਮ ਕੁਮਾਰ, ਗੁਰਵਿੰਦਰ ਸਿੰਘ, ਅਮਰਜੀਤ ਕੌਰ, ਹਰਪ੍ਰੀਤ ਨੇ ਕਿਹਾ ਕਿ ਗ਼ਦਰੀ ਗੁਲਾਬ ਕੌਰ ਦੀਆਂ ਵਾਰਸਾਂ ਸੰਸਾਰ ਦਾ ਅੱਧ ਔਰਤਾਂ ਨੂੰ ਐਕਸ਼ਨ ਕਮੇਟੀ ਨੇ 1997 ਵਿੱਚ 'ਭੈਣੋ ਰਲੋ ਭਰਾਵਾਂ ਸੰਗ-ਰਲ ਕੇ ਜਿੱਤੀਏ ਹੱਕੀ ਜੰਗ' ਦਾ ਸੁਨੇਹਾ ਦਿੱਤਾ ਸੀ ਤੇ ਅੱਜ ਦੀਆਂ ਮੌਜੂਦਾ ਚੁਣੌਤੀਆਂ ਨਾਲ ਨਜਿੱਠਣ ਲਈ ਉਸ ਸੁਨੇਹੇ ਦੀ ਮਹੱਤਤਾ ਹੋਰ ਵੱਡੀ ਹੈ। ਇਸ ਲਈ ਵਿਗਿਆਨਕ ਚੇਤੰਨਤਾ ਦਾ ਪ੍ਰਚਾਰ ਪ੍ਰਸਾਰ ਤੇ ਸੰਘਰਸ਼ ਨੂੰ ਲਾਮਬੰਦ ਕਰਨ ਲਈ ਔਰਤਾਂ ਅਤੇ ਨੌਜਵਾਨਾਂ ਨੂੰ ਮੂਹਰੇ ਹੋ ਕੇ ਕੰਮ ਕਰਨਾ ਚਾਹੀਦਾ।ਗ਼ਦਰੀ ਗੁਲਾਬ ਕੌਰ ਦੀਆਂ ਵਾਰਸ ਭੈਣਾਂ ਨੇ 'ਭੈਣਾਂ ਰਲੀਆਂ ਭਰਾਵਾਂ ਸੰਗ-ਰਲ ਕੇ ਜਿੱਤੀ ਹੱਕੀ ਜੰਗ' ਦਾ ਸੂਹਾ ਪਰਚਮ ਲਹਿਰਾਇਆ।ਯਾਦਗਾਰ ਕਮੇਟੀ ਮਹਿਲ ਕਲਾਂ ਦੇ ਮੈਂਬਰ ਸਾਥੀ ਗੁਰਦੇਵ ਸਿੰਘ ਮਾਂਗੇਵਾਲ, ਦਰਸ਼ਨ ਸਿੰਘ ਦਸੌਂਦਾ ਸਿੰਘ ਵਾਲਾ, ਕੁਲਵੰਤ ਸਿੰਘ ਭਦੌੜ, ਨਾਨਕ ਸਿੰਘ ਅਮਲਾ ਸਿੰਘ ਵਾਲਾ, ਭੋਲਾ ਸਿੰਘ ਛੰਨਾਂ, ਸਤਨਾਮ ਸਿੰਘ ਮੂੰਮ, ਕੁਲਵੀਰ ਸਿੰਘ ਔਲਖ, ਜਸਵਿੰਦਰ ਸਿੰਘ ਚੰਨਣਵਾਲ, ਰੁਲਦੂ ਸਿੰਘ ਗੁੰਮਟੀ, ਜਗਰਾਜ ਸਿੰਘ ਹਮੀਦੀ, ਬਲਵੰਤ ਸਿੰਘ ਠੀਕਰੀਵਾਲਾ, ਡਾ: ਰਜਿੰਦਰ ਪਾਲ, ਸੁਖਵਿੰਦਰ ਠੀਕਰੀਵਾਲਾ, ਨਿਰਭੈ ਸਿੰਘ ਨਿਹਾਲੂਵਾਲ, ਬਲਵੰਤ ਸਿੰਘ ਬਰਨਾਲਾ, ਅਜਮੇਰ ਸਿੰਘ ਕਾਲਸਾਂ, ਬਲਦੇਵ ਸਿੰਘ ਮੰਡੇਰ, ਪ੍ਰੀਤਮ ਸਿੰਘ, ਜੱਗਾ ਸਿੰਘ ਮਹਿਲ ਕਲਾਂ, ਗੁਰਚਰਨ ਸਿੰਘ ਪ੍ਰੀਤ, ਨਿਰਪਾਲ ਸਿੰਘ ਪਾਲੀ, ਪਰਮਜੀਤ ਸਿੰਘ ਗਾਂਧੀ, ਮਿਲਖਾ ਸਿੰਘ, ਜਿੰਦਰ ਸਿੰਘ ਮੂੰਮ, ਕੇਵਲਜੀਤ ਕੌਰ, ਸੁਖਵਿੰਦਰ ਕੌਰ ਧਨੇਰ, ਪਰਮਿੰਦਰ ਕੌਰ ਧਨੇਰ ਨੇ ਕਿਹਾ ਕਿ 31 ਜੁਲਾਈ ਤੋਂ ਸਮਾਗਮ ਦੀ ਤਿਆਰੀ ਸਬੰਧੀ ਟੀਮਾਂ ਦੇ ਰੂਪ ਹਰ ਪਿੰਡ ਦੇ ਘਰ ਘਰ ਤੱਕ ਪ੍ਰਚਾਰ ਮੁਹਿੰਮ ਚਲਾਈ ਜਾਵੇਗੀ।

# ਰੁੱਖ ਲਾਉਣ ਦੀ ਮੁਹਿੰਮ ਦਾ ਸਫ਼ਲ ਆਯੋਜਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਮਾਤਾ ਗੁਜਰੀ ਕਾਲਜ ਦੀ ਅਲੂਮਨੀ ਐਸੋਸੀਏਸ਼ਨ ਵੱਲੋਂ ਕਾਲਜ ਕੈਂਪਸ ਵਿਖੇ ਰੁੱਖ ਲਾਉਣ ਦੀ ਮੁਹਿੰਮ ਦਾ ਸਫ਼ਲਤਾਪੂਰਵਕ ਆਯੋਜਨ ਕੀਤਾ ਗਿਆ।ਇਸ ਪਹਿਲ ਦਾ ਉਦੇਸ਼ ਹਰੇ-ਭਰੇ ਭਵਿੱਖ ਪ੍ਰਤੀ ਆਪਣੀ ਵਚਨਬੱਧਤਾ ਦਰਸਾਉਂਦੇ ਹੋਏ



ਵਾਤਾਵਰਣ ਦੀ ਸਥਿਰਤਾ ਨੂੰ ਉਤਸ਼ਾਹਤ ਕਰਨਾ ਤੇ ਆਪਣੇ ਆਲੇ-ਦੁਆਲੇ ਨੂੰ ਸਾਫ਼ ਸੁਥਰਾ ਰੱਖਣਾ ਹੈ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਅਲੂਮਨੀ ਐਸੋਸੀਏਸ਼ਨ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਾਤਾਵਰਣ ਸੁਰੱਖਿਆ ਹਰ ਨਾਗਰਿਕ ਦਾ ਨੈਤਿਕ ਫ਼ਰਜ਼ ਹੈ, ਇਸ ਲਈ ਵਾਤਾਵਰਣ ਨੂੰ ਬਚਾਉਣ ਲਈ ਹਰ ਕਿਸੇ ਨੂੰ ਆਪਣੇ ਪੱਧਰ 'ਤੇ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਲੋਕਾਂ ਵਿੱਚ ਵਾਤਾਵਰਣ ਪ੍ਰਦੂਸ਼ਣ, ਜਲਵਾਯੂ ਪਰਿਵਰਤਨ, ਗ੍ਰੀਨ ਹਾਊਸ ਪ੍ਰਭਾਵ, ਗਲੋਬਲ ਵਾਰਮਿੰਗ ਆਦਿ ਮਸਲਿਆਂ ਤੇ ਸਮੱਸਿਆਵਾਂ ਬਾਰੇ ਜਾਗਰੂਕਤਾ ਪੈਦਾ ਕਰਨੀ ਚਾਹੀਦੀ ਹੈ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਸੰਧੂ, ਕੰਟਰੋਲਰ ਪ੍ਰੀਖਿਆਵਾਂ ਡਾ. ਹਰਜੀਤ ਸਿੰਘ, ਡਾ. ਹਰਮਿੰਦਰ ਸਿੰਘ, ਕਾਲਜ ਦੇ ਡੀਨ ਅਲੂਮਨੀ ਕਮੇਟੀ ਡਾ. ਜਗਪਾਲ ਸਿੰਘ, ਅਲੂਮਨੀ ਕਮੇਟੀ ਦੇ ਮੈਂਬਰ ਡਾ. ਨਵਜੀਤ ਕੌਰ ਅਤੇ ਡਾ. ਸ਼ਵੇਤਾ ਸਹਿਗਲ ਵੱਲੋਂ ਵਿਦਿਆਰਥੀਆਂ ਨੂੰ ਕੁਦਰਤੀ ਸਰੋਤਾਂ ਦੀ ਰੱਖਿਆ ਕਰਨ ਲਈ ਵੱਧ ਤੋਂ ਵੱਧ ਰੁੱਖ ਲਾਉਣ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਕਾਲਜ ਦੀ ਅਲੂਮਨੀ ਐਸੋਸੀਏਸ਼ਨ ਟੀਮ ਦੀ ਯੋਗ ਅਗਵਾਈ ਐਸੋਸੀਏਸ਼ਨ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕੀਤੀ।ਇਸ ਮੁਹਿੰਮ ਵਿੱਚ ਅਲੂਮਨੀ ਐਸੋਸੀਏਸ਼ਨ ਦੇ ਜਨਰਲ ਸਕੱਤਰ ਗੁਰਜੀਤ ਸਿੰਘ ਬਾਠ ਤੇ ਹੋਰ ਅਲੂਮਨੀ ਮੈਂਬਰ ਐਡਵੋਕੇਟ ਅਮਰਜੀਤ ਸਿੰਘ ਚੀਮਾ, ਸਤਵੀਰ ਸਿੰਘ, ਸਰਵਜੋਤ ਸਿੰਘ, ਜਗਜੀਤ ਸਿੰਘ ਔਜਲਾ, ਜੈ ਕਿਸ਼ਨ, ਪਰਮਿੰਦਰ ਸਿੰਘ, ਰਣਦੀਪ ਸਿੰਘ ਤੇ ਜਸਵੰਤ ਸਿੰਘ ਆਦਿ ਨੇ ਪੂਰੀ ਸਰਗਰਮੀ ਨਾਲ ਹਿੱਸਾ ਲਿਆ।

# ਚੱਕ ਲੋਹਟ 'ਚ ਅਣਪਛਾਤਿਆਂ ਘਰ 'ਚ ਵੜ ਨੌਜਵਾਨ 'ਤੇ ਚਲਾਇਆ ਗੋਲੀਆਂ, ਨੌਜਵਾਨ ਗੰਭੀਰ ਜ਼ਖ਼ਮੀ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**- ਬਲਾਕ ਦੇ ਪਿੰਡ ਚੱਕ ਲੋਹਟ ਵਿਚ ਸਵੇਰੇ ਚਾਰ ਅਣਪਛਾਤੇ ਵਿਅਕਤੀਆਂ ਵੱਲੋਂ ਇੱਕ ਘਰ ਵਿਚ ਦਾਖਲ ਹੋ ਕੇ ਨੌਜਵਾਨ ਉੱਪਰ ਗੋਲੀਆਂ ਚਲਾ ਦਿੱਤੀਆਂ ਜਿਸ ਵਿਚ ਇੱਕ ਨੌਜਵਾਨ ਜਸਪ੍ਰੀਤ ਸਿੰਘ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਪੱਤਰਕਾਰਾਂ ਨੂੰ ਨੌਜਵਾਨ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਜਸਪ੍ਰੀਤ ਸਿੰਘ ਜੋ ਕਿ 20 ਸਾਲ ਦਾ ਹੈ ਅਤੇ ਬਾਰ੍ਹਵੀਂ ਪਾਸ ਕਰਨ ਤੋਂ ਬਾਅਦ ਆਪਣੇ ਪਿਤਾ ਨਾਲ ਖੇਤੀ ਦੇ ਕੰਮ ਵਿਚ ਹੱਥ ਵਟਾਉਂਦਾ ਹੈ, ਚੱਕ ਲੋਹਟ ਵਿਖੇ ਉਨ੍ਹਾਂ ਦੇ ਘਰ ਕਰੀਬ 9.30 ਵਜੇ ਚਾਰ ਅਣਪਛਾਤੇ ਨੌਜਵਾਨ ਇੱਕ ਕਾਰ ਵਿਚ ਸਵਾਰ ਹੋ ਕੇ ਆਏ ਅਤੇ ਕੰਧ ਟੱਪ ਕੇ ਘਰ ਅੰਦਰ ਵੜ ਗਏ। ਇਸ ਤੋਂ ਬਾਅਦ ਉਨ੍ਹਾਂ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਨ੍ਹਾਂ ਨੇ ਨੌਜਵਾਨ ਜਸਪ੍ਰੀਤ ਨੂੰ ਨਿਸ਼ਾਨਾ ਬਣਾਉਂਦਿਆਂ ਉਸ ਦੇ 3 ਤੋਂ 4 ਗੋਲੀਆਂ ਚਲਾਈਆਂ। ਇਸ ਘਟਨਾ ਵਿਚ ਜਸਪ੍ਰੀਤ ਸਿੰਘ ਦੀ ਮਾਤਾ ਅਤੇ ਭੈਣ ਵਾਲ-ਵਾਲ ਬਚ ਗਈਆਂ।





ਫਾਇਰਿੰਗ ਕਰਨ ਤੋਂ ਬਾਅਦ ਇਹ ਨੌਜਵਾਨ ਮੌਕੇ ਤੋਂ ਫ਼ਰਾਰ ਹੋ ਗਏ। ਪਰਵਾਰਕ ਮੈਂਬਰਾਂ ਵਲੋਂ ਗੰਭੀਰ ਰੂਪ ਵਿਚ ਜ਼ਖਮੀ ਹੋਏ ਜਸਪ੍ਰੀਤ ਸਿੰਘ ਨੂੰ ਰੋਪੜ ਹਸਪਤਾਲ ਲਿਜਾਇਆ ਗਿਆ ਜਿਸ ਦੀ ਹਾਲਤ ਨੂੰ ਦੇਖਦਿਆਂ ਡਾਕਟਰਾਂ ਵਲੋਂ ਉਸ ਨੂੰ ਪੀ.ਜੀ.ਆਈ. ਰੈਫ਼ਰ ਕਰ ਦਿੱਤਾ ਗਿਆ। ਦਿਨ-ਦਿਹਾੜੇ ਹੋਈ ਇਸ ਘਟਨਾ ਨਾਲ ਪੂਰੇ ਪਿੰਡ ਵਿਚ ਸਹਿਮ ਦਾ ਮਾਹੌਲ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਜ਼ਿਲ੍ਹਾ ਖੰਨਾ ਦੇ ਐੱਸ.ਐੱਸ.ਪੀ. ਡਾ. ਜੋਤੀ ਯਾਦਵ, ਐੱਸ.ਪੀ. (ਡੀ) ਪਵਨਜੀਤ, ਡੀ.ਐੱਸ.ਪੀ. ਸਮਰਾਲਾ ਤਰਲੋਚਨ ਸਿੰਘ ਅਤੇ ਪੁਲਸ ਟੀਮਾਂ ਮੌਕੇ 'ਤੇ ਪੁੱਜ ਗਈਆਂ ਜਿਨ੍ਹਾਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ.ਐੱਸ.ਪੀ. ਡਾ. ਜੋਤੀ ਯਾਦਵ ਨੇ ਕਿਹਾ ਕਿ ਪਰਵਾਰਕ ਮੈਂਬਰਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ ਅਤੇ ਪੁਲਸ ਵਲੋਂ ਸੀ ਸੀ ਟੀ ਵੀ ਫੁਟੇਜ ਦੇ ਅਧਾਰ 'ਤੇ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਜਸਪ੍ਰੀਤ ਸਿੰਘ ਖ਼ਤਰੇ ਤੋਂ ਬਾਹਰ ਹੈ ਜੋ ਕਿ ਹਸਪਤਾਲ ਵਿਚ ਇਲਾਜ ਅਧੀਨ ਹੈ। ਉਨ੍ਹਾਂ ਕਿਹਾ ਕਿ ਮੌਕੇ 'ਤੇ ਪੁੱਜੀ ਫੋਰੈਂਸਿਕ ਟੀਮ ਵਲੋਂ ਸਬੂਤ ਇਕੱਠੇ ਕੀਤੇ ਜਾ ਰਹੇ ਹਨ ਅਤੇ ਜਲਦ ਹੀ ਦੋਸ਼ੀਆਂ ਨੂੰ ਕਾਬੂ ਕਰ ਲਿਆ ਜਾਵੇਗਾ।

# ਵਾਤਾਵਰਣ ਬਚਾਉਣ ਲਈ 350 ਬੂਟੇ ਲਾਏ

**ਸੰਗਰੂਰ (ਪ੍ਰਵੀਨ ਸਿੰਘ)** ਬਾਬਾ ਬੰਦਾ ਸਿੰਘ ਬਹਾਦਰ ਸੋਸ਼ਲ ਵੈਲਫੇਅਰ ਕਲੱਬ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਢੀਂਡਸਾ ਨੇ ਪਿੰਡ ਬਰੜਵਾਲ ਵਿਖੇ ਆਪਣੇ ਸਾਥੀਆਂ



ਨਾਲ ਵੱਖ-ਵੱਖ ਕਿਸਮਾਂ ਦੇ ਪੌਦੇ ਲਾਏ।ਸੂਬਾ ਪ੍ਰਧਾਨ ਹਰਕਮਲਪ੍ਰੀਤ ਸਿੰਘ ਜਵੰਦਾ ਨੇ ਆਪਣੇ ਸਾਥੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕਲੱਬ ਵੱਲੋਂ ਇਹ ਫੈਸਲਾ ਲਿਆ ਗਿਆ ਸੀ ਕਿ ਕਲੱਬ ਦੇ ਹਰੇਕ ਅਹੁਦੇਦਾਰ ਤੇ ਮੈਂਬਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਤ ਹੋ ਕੇ 350 ਬੂਟੇ ਲਾਏ ਜਾਣਗੇ।ਇਸੇ ਲੜੀ ਤਹਿਤ ਹੀ ਪਿੰਡ ਬੁਗਰਾ ਅਤੇ ਕਿਲਾ ਬੱਟੂਹਾ ਵਿਖੇ ਕਲੱਬ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਤੇਜ ਸਿੰਘ ਪੰਧੇਰ ਨੇ ਆਪਣੇ ਸਾਥੀਆਂ ਸਮੇਤ ਵੱਖ-ਵੱਖ ਜਨਤਕ ਥਾਂਵਾਂ 'ਤੇ ਬੂਟੇ ਲਾਏ। ਪੰਧੇਰ ਨੇ ਦੱਸਿਆ ਕਿ ਫ਼ਲਦਾਰ ਜਿਵੇਂ ਅਮਰੂਦ, ਜਾਮੁਨ, ਛਾਂਦਾਰ ਜਿਵੇਂ ਨਿੰਮ, ਡੇਕ, ਫੁੱਲਦਾਰ, ਗੁਲਾਬ ਆਦਿ ਬੂਟੇ ਲਾਏ ਗਏ ਹਨ।

# ਗਿੱਧੇ ਤੇ ਬੋਲੀਆਂ ਨਾਲ ਗੂੰਜਿਆ ਹਾਲ, ਔਰਤਾਂ ਨੇ ਖੂਬ ਆਨੰਦ ਮਾਣਿਆ



**ਬਠਿੰਡਾ (ਰਾਜੀਵ ਗੋਇਲ)** ਸਾਉਣ ਮਹੀਨਾ ਔਰਤਾਂ ਲਈ ਬਹੁਤ ਹੀ ਵਿਸ਼ੇਸ਼ ਹੁੰਦਾਂ ਹੈ, ਕਿਉਂਕਿ ਇਸ ਮਹੀਨੇ ਔਰਤਾਂ ਇਕੱਠੀਆਂ ਹੋ ਕੇ ਤੀਆਂ ਦਾ ਤਿਉਹਾਰ ਮਨਾਉਂਦੀਆਂ ਹਨ ਤੇ ਆਨੰਦ ਮਾਣਦੀਆਂ ਹਨ। ਇਸੇ ਹੀ ਲੜੀ ਤਹਿਤ ਜ਼ਿਲ੍ਹੇ ਦੇ ਕਸਬਾ ਭਗਤਾ ਭਾਈਕਾ ਵਿਖੇ ਔਰਤਾਂ ਨੇ ਰਲ ਇਕੱਠੀਆਂ ਹੋ ਕੇ ਪੁਰੀ ਰੈਸਟੋਰੈਂਟ ਵਿਖੇ 'ਤੀਆਂ ਦਾ ਤਿਉਹਾਰ' ਮਨਾਇਆ ਅਤੇ ਬੋਲੀਆਂ ਤੇ ਗਿੱਧੇ ਨਾਲ ਪੂਰਾ ਹਾਲ ਗੂੰਜਣ ਲਾ ਦਿੱਤਾ ਤੇ ਇਸ ਤਿਉਹਾਰ ਦਾ ਖੂਬ ਆਨੰਦ ਮਾਣਿਆ। ਰੈਸਟੋਰੈਂਟ ਦੇ ਮਾਲਕ ਗੁਰਚਰਨ ਪੁਰੀ ਨੇ ਦੱਸਿਆ ਕਿ ਆਏ ਸਾਲ ਇਹ ਔਰਤਾਂ ਇਕੱਠੀਆਂ ਹੋ ਕੇ ਉਹਨਾਂ ਦੇ ਰੈਸਟੋਰੈਂਟ ਵਿਖੇ ਤੀਆਂ ਦਾ ਤਿਉਹਾਰ ਮਨਾਉਂਦੀਆਂ ਹਨ ਤੇ ਖੂਬ ਆਨੰਦ ਮਾਣਦੀਆਂ ਹਨ।

# ਪੰਚ ਬਲਵਿੰਦਰ ਸਿੰਘ ਦਾ ਜਥੇਦਾਰ ਗੜਗੱਜ ਵੱਲੋਂ ਸਨਮਾਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬਾਨ ਭਾਈ ਕੁਲਦੀਪ ਸਿੰਘ ਗੜਗੱਜ ਵੱਲੋਂ ਪਿੰਡ ਚੰਨਣਵਾਲ ਦੇ ਨੌਜਵਾਨ ਪੰਚ ਬਲਵਿੰਦਰ ਸਿੰਘ ਨੂੰ ਸਿੱਖੀ ਤੇ ਧਾਰਮਿਕ ਸੰਸਕਾਰਾਂ ਪ੍ਰਤੀ ਉਤਸ਼ਾਹ ਦੇਣ ਲਈ ਸਨਮਾਨਤ ਕੀਤਾ ਗਿਆ।ਇਸ ਦੌਰਾਨ ਜਥੇਦਾਰ ਗੜਗੱਜ ਨੇ ਖੁਸ਼ੀ ਜਤਾਈ ਕਿ ਪੰਚ ਬਲਵਿੰਦਰ ਸਿੰਘ ਨੇ ਅੱਜ ਸੱਭਿਅਕ ਤੌਰ 'ਤੇ ਪ੍ਰਣ ਕੀਤਾ ਹੈ ਕਿ ਉਹ ਕੇਸ-ਦਾੜ੍ਹੀ ਰੱਖ ਕੇ ਗੁਰੂ ਵਾਲਾ ਜੀਵਨ ਅਪਣਾਉਣਗੇ ਤੇ ਸਿੱਖ ਧਰਮ ਦੇ ਰਸਤੇ 'ਤੇ ਤੁਰਨਗੇ।ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਸਾਡੀ ਸਾਂਝੀ ਵਿਰਾਸਤ ਸਾਨੂੰ ਕੇਸ-ਦਾੜ੍ਹੀ ਨਾਲ ਗੁਰੂ ਵਾਲਾ ਬਣਾ ਕੇ ਸਨਮਾਨ ਦਿੰਦੀ ਹੈ।ਅਸੀਂ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੀ ਪਹਿਚਾਣ ਨੂੰ ਜਿਉਂਦਾ ਰੱਖੀਏ, ਕਿਉਂਕਿ ਸਿੱਖੀ ਸਾਨੂੰ ਸਦੀਆਂ ਦੀਆਂ ਕੁਰਬਾਨੀਆਂ ਤੇ ਸ਼ਹਾਦਤਾਂ ਨਾਲ ਪ੍ਰਾਪਤ ਹੋਈ ਹੈ।ਜਥੇਦਾਰ ਨੇ ਅਪੀਲ ਕੀਤੀ ਕਿ ਹਰ ਨੌਜਵਾਨ ਆਪਣੀ ਧਾਰਮਿਕ ਪਹਿਚਾਣ ਨਿਭਾਏ ਤੇ ਗੁਰੂ ਸਿੱਖੀ ਨੂੰ ਅਮਲ ਵਿੱਚ ਲਿਆਉਂਦੇ ਹੋਏ ਸਮਾਜ ਲਈ ਰੋਸ਼ਨੀ ਬਣੇ।ਇਸ ਧਾਰਮਿਕ ਸਮਾਗਮ ਵਿੱਚ ਹਲਕਾ ਮਹਿਲ ਕਲਾਂ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਨਾਨਕਸਰ ਠਾਠ ਕਲੇਰਾਂ ਦੇ ਮੁਖੀ ਬਾਬਾ ਘਾਲਾ ਸਿੰਘ, ਧਾਰਮਿਕ ਆਗੂ ਜਥੇਦਾਰ ਟੇਕ ਸਿੰਘ ਧਨੌਲਾ ਤੇ ਬਾਬਾ ਕੇਹਰ ਸਿੰਘ ਮਹਿਲ ਕਲਾਂ ਵੀ ਹਾਜ਼ਰ ਸਨ।

# ਬੁਗਰਾ ਦੀ ਫਿਰਨੀ 'ਚ ਤਰੇੜਾਂ ਦਾ ਮਾਮਲਾ ਮੁੱਖ ਮੰਤਰੀ ਦਫ਼ਤਰ ਤੱਕ ਪਹੁੰਚਿਆ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)** ਮੁੱਖ ਮੰਤਰੀ ਭਗਵੰਤ ਮਾਨ ਦੇ ਹਲਕੇ ਧੂਰੀ ਦੇ ਪਿੰਡ ਬੁਗਰਾ ਵਿੱਚ ਚੱਲ ਰਹੀ ਫ਼ਿਰਨੀ ਦੇ ਨਵੀਨੀਕਰਨ ਦੀ ਪ੍ਰਕਿਰਿਆ 'ਚ ਨਵੇਂ ਮੋੜ ਸਾਹਮਣੇ ਆ ਗਏ ਹਨ।ਇਸ ਪਿੰਡ ਦੀ ਫ਼ਿਰਨੀ ਨੂੰ ਸੀਮੈਂਟ ਕੰਕਰੀਟ ਨਾਲ ਪੱਕਾ ਕਰਨ ਦਾ ਕੰਮ ਹਾਲ ਹੀ ਵਿੱਚ ਸ਼ੁਰੂ ਕੀਤਾ ਗਿਆ ਸੀ, ਪਰ ਕੰਮ ਦੌਰਾਨ ਹੀ ਫ਼ਿਰਨੀ ਵਿੱਚ ਆਈਆਂ ਤਰੇੜਾਂ ਨੇ ਨਿਰਮਾਣ ਕਾਰਜ ਦੀ ਗੁਣਵੱਤਾ 'ਤੇ ਸਵਾਲ ਚੁੱਕ ਦਿਤੇ ਹਨ। ਪਿੰਡ ਦੇ ਸਰਪੰਚ ਹਰਜੀਤ ਸਿੰਘ ਬੁਗਰਾ ਨੇ ਦੱਸਿਆ ਕਿ ਉਸ ਨੇ ਤਰੇੜਾਂ ਆਉਣ ਸਬੰਧੀ ਪਹਿਲਾਂ ਹੀ ਲਿਖਤੀ ਰੂਪ ਵਿੱਚ ਅਧਿਕਾਰੀਆਂ ਨੂੰ ਆਗਾਹ ਕਰ ਦਿੱਤਾ ਸੀ। ਪਰ ਸਥਿਤੀ ਵਿੱਚ ਸੁਧਾਰ ਦੀ ਬਜਾਏ ਹਾਲਾਤ ਹੋਰ ਵਿਗੜ ਗਏ।ਦੇਰ ਸ਼ਾਮ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਸੁਖਵੀਰ ਸਿੰਘ ਸੁੱਖੀ ਦੀ ਧੂਰੀ ਫੇਰੀ ਦੌਰਾਨ, ਸਰਪੰਚ ਨੇ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ।ਮੀਟਿੰਗ ਦੌਰਾਨ ਓ.ਐੱਸ.ਡੀ. ਸੁੱਖੀ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਤੁਰੰਤ ਜਾਂਚ ਦੇ ਹੁਕਮ ਜਾਰੀ ਕੀਤੇ ਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਲਾਪ੍ਰਵਾਹੀ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਦੂਜੇ ਜੇ.ਈ. ਪੰਕਜ ਕੁਮਾਰ ਤੋਂ ਪੱਖ ਜਾਣਿਆ ਤਾਂ ਉਨ੍ਹਾਂ ਲਾਏ ਗਏ ਦੋਸ਼ਾਂ ਨੂੰ ਨਕਾਰਦੇ ਹੋਏ ਕਿਹਾ ਕਿ ਜਿੱਥੇ ਤਰੇੜਾਂ ਆਈਆਂ ਹਨ, ਉਸ ਥਾਂ ਕੁਝ ਸਮਾਂ ਪਹਿਲਾਂ ਹੀ ਸੀਵਰੇਜ ਦੀ ਖੁਦਾਈ ਹੋਈ ਸੀ, ਜਿਸ ਕਾਰਨ ਫ਼ਿਰਨੀ ਵਿੱਚ ਤਰੇੜਾਂ ਆਈਆਂ ਹੋ ਸਕਦੀਆਂ ਹਨ। ਸਰਪੰਚ ਹਰਜੀਤ ਸਿੰਘ ਦਾ ਕਹਿਣਾ ਹੈ ਕਿ ਜੇਕਰ ਜੇ.ਈ. ਜਿਸ ਥਾਂ ਸੀਵਰੇਜ ਹੋਣ ਦੀ ਗੱਲ ਕਰ ਰਹੇ ਹਨ, ਜੇਕਰ ਉਥੇ ਸੀਵਰੇਜ ਪਿਆ ਸਾਬਿਤ ਹੋਵੇ ਤਾਂ ਉਹ ਦੇਣਦਾਰ ਹੋਣਗੇ।



# ਸ਼ਹਿਰੀ ਸਬ-ਡਵੀਜ਼ਨ ਤੇ ਸਬ-ਅਰਬਨ ਸਬ ਡਵੀਜ਼ਨ ਸ੍ਰੀ ਮੁਕਤਸਰ ਸਾਹਿਬ ਦੀ ਚੋਣ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**- ਟੈਕਨੀਕਲ ਸਰਵਿਸਜ਼ ਯੂਨੀਅਨ ਡਵੀਜ਼ਨ ਕਮੇਟੀ ਸ੍ਰੀ ਮੁਕਤਸਰ ਸਾਹਿਬ ਵੱਲੋ ਸਟੇਟ ਕਮੇਟੀ ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਚੋਣ ਨੋਟੀਫਿਕੇਸ਼ਨ ਅਨੁਸਾਰ ਸ਼ਹਿਰੀ ਸਬ ਡਵੀਜ਼ਨ ਅਤੇ ਸਬ ਅਰਬਨ ਸਬ ਡਵੀਜ਼ਨ ਸ੍ਰੀ ਮੁਕਤਸਰ ਸਾਹਿਬ ਦੀ ਚੋਣ ਕਰਵਾਈ ਗਈ ਜਿਸ ਵਿੱਚ ਦੋਵਾਂ ਸਬ ਡਵੀਜ਼ਨਾਂ ਦੇ ਸਾਥੀਆਂ ਨੇ ਹਿੱਸਾ ਲਿਆ, ਜਿਸ ਵਿੱਚ ਸ਼ਹਿਰੀ ਸਬ ਡਵੀਜ਼ਨ ਦੇ ਪ੍ਰਧਾਨ ਸਾਥੀ ਗੁਰਜੰਟ ਸਿੰਘ ਬਲਮਗੜ੍ਹ, ਮੀਤ ਪ੍ਰਧਾਨ ਹਰਪ੍ਰੀਤ ਸਿੰਘ, ਸਕੱਤਰ ਵਿਕਾਸ ਸਿੰਘ, ਸਹਾਇਕ ਸਕੱਤਰ ਅਜੇ ਸਿੰਘ ਅਤੇ ਕੈਸ਼ੀਅਰ ਸਾਥੀ ਅਮਨਦੀਪ ਸਿੰਘ ਨੂੰ ਚੁਣਿਆ ਗਿਆ।ਇਸੇ ਤਰ੍ਹਾ ਹੀ ਸਬ ਅਰਬਨ ਸਬ ਡਵੀਜ਼ਨ ਦੇ ਪ੍ਰਧਾਨ ਸਾਥੀ ਛਿੰਦਰ ਪਾਲ ਸਿੰਘ, ਮੀਤ ਪ੍ਰਧਾਨ ਸਾਥੀ ਸਤਨਰਾਇਣ, ਸਕੱਤਰ ਬਿਰਜ ਲਾਲ, ਸਹਾਇਕ ਸਕੱਤਰ ਨਵਦੀਪ ਸਿੰਘ, ਕੈਸ਼ੀਅਰ ਸਾਥੀ ਬਲਵਿੰਦਰ ਸਿੰਘ ਜੈਦਕਾ ਨੂੰ ਚੁਣਿਆ ਗਿਆ ਹੈ। ਇਸ ਚੋਣ ਸਮੇਂ ਰੁਪਾਣਾ ਸਬ ਡਵੀਜ਼ਨ ਦੇ ਪ੍ਰਧਾਨ ਸਾਥੀ ਗਗਨਦੀਪ ਸਿੰਘ, ਟੀ ਐਲ ਦੇ ਪ੍ਰਧਾਨ ਸਾਥੀ ਗੁਰਪਾਲ ਸਿੰਘ ਪਾਲੀ, ਬਰੀਵਾਲਾ ਦੇ ਸਾਥੀ ਗੁਰਪਿਆਰ ਸਿੰਘ ਅਤੇ 220 ਕੇ,ਵੀ ਟ੍ਰਾਂਸਕੋ ਦੇ ਸਾਥੀ ਗੁਰਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ।

# ਸ੍ਰੀ ਰਾਮ ਇੰਟਰਨੈਸ਼ਨਲ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ




**ਧੂਰੀ (ਮੋਹਿਤ ਗਰਗ, ਬਿੰਨੀ ਗਰਗ)** ਸ੍ਰੀ ਰਾਮ ਇੰਟਰਨੈਸ਼ਨਲ ਸਕੂਲ, ਕੱਕੜਵਾਲ ਵਿਖੇ ਤੀਆਂ ਦਾ ਤਿਉਹਾਰ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਵਿਦਿਆਰਥਣਾਂ ਦੀ ਮਹਿੰਦੀ ਪ੍ਰਤਿਯੋਗਿਤਾ ਕਰਾਈ ਗਈ, ਜਿਸ 'ਚ ਪਹਿਲੇ ਸਥਾਨ 'ਤੇ ਮਧੂ ਕੁਮਾਰੀ (ਵਿਵੇਕਾਨੰਦ ਹਾਊਸ), ਦੂਜੇ ਸਥਾਨ 'ਤੇ ਏਕਮ ਕੌਰ (ਵਿਵੇਕਾਨੰਦ ਹਾਉਸ) ਤੇ ਤੀਜੇ ਸਥਾਨ 'ਤੇ ਪਰਵਿੰਦਰ ਕੌਰ (ਚੇਤੰਨਿਆ ਹਾਊਸ) ਦੀਆਂ ਵਿਦਿਆਰਥਣਾਂ ਰਹੀਆਂ।ਇਸ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਵੱਖ-ਵੱਖ ਬੋਲੀਆਂ ਪਾ ਕੇ ਗਿੱਧਾ ਪਾਇਆ ਗਿਆ।ਇਸ ਮੌਕੇ ਤੀਜ ਪ੍ਰਤੀਯੋਗਤਾ ਵੀ ਕਰਾਈ ਗਈ, ਜਿਸ ਵਿੱਚ ਹਰਸ਼ਨੂਰ ਕੌਰ, ਜੋ (+1 ਕਾਮਰਸ) ਦੀ ਵਿਦਿਆਰਥਣ ਮਿਸ ਤੀਜ ਚੁਣੀ ਗਈ। ਅਧਿਆਪਕਾਂ ਵਿੱਚੋਂ ਮੈਡਮ ਪ੍ਰਨੀਤ ਕੌਰ ਤੇ ਸਾਨੀਆ ਸ਼ਰਮਾ ਤੀਜ ਕੁਈਨ ਚੁਣੇ ਗਏ।ਇਸ ਸਮੇਂ ਚੀਫ ਗੈਸਟ ਵਜੋਂ ਸਰੋਜ ਗੋਇਲ, ਮਮਤਾ ਗੁਪਤਾ ਤੇ ਸਲੋਨੀ ਗੋਇਲ ਆਏ ਸਨ।ਪ੍ਰਿੰਸੀਪਲ ਸ਼੍ਰੀਮਤੀ ਤੇਜਿੰਦਰ ਕੌਰ ਸੇਖੋਂ, ਵਾਈਸ ਪ੍ਰਿੰਸੀਪਲ ਗੁਰਜੀਤ ਕੌਰ, ਸਾਰੇ ਅਧਿਆਪਕ ਵੀ ਮੌਜੂਦ ਸਨ।

# ਫ਼ਰੀਦਕੋਟ, ਮੋਗਾ ਤੇ ਮੁਕਤਸਰ ਦੇ ਡਾਕਘਰਾਂ 'ਚ 4 ਤੋਂ ਲਾਗੂ ਹੋਏਗੀ ਐਡਵਾਂਸ ਡਾਕ ਤਕਨਾਲੋਜੀ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)** ਭਾਰਤੀ ਡਾਕ ਵਿਭਾਗ ਵੱਲੋਂ ਤਕਨੀਕੀ ਖੇਤਰ ਵਿੱਚ ਨਵੀਨਤਾ ਨੂੰ ਅਪਣਾਉਂਦਿਆਂ ਨਵੀਂ ਪੀੜ੍ਹੀ ਦੀ ਐਡਵਾਂਸ ਡਾਕ ਤਕਨਾਲੋਜੀ (ਏ.ਪੀ.ਟੀ) ਪ੍ਰਣਾਲੀ ਲਾਗੂ ਕੀਤੀ ਜਾ ਰਹੀ ਹੈ, ਜਿਸਦਾ ਉਦੇਸ਼ ਡਾਕ ਸੇਵਾਵਾਂ ਨੂੰ ਹੋਰ ਜ਼ਿਆਦਾ ਪ੍ਰਭਾਵਸ਼ਾਲੀ, ਤੇਜ਼ ਤੇ ਪਾਰਦਰਸ਼ੀ ਬਣਾਉਣਾ ਹੈ। ਡਵੀਜ਼ਨ ਦੇ ਸੁਪਰਡੈਂਟ ਸ੍ਰੀ ਸਤਿੰਦਰ ਸਿੰਘ ਲਹਿਰੀ ਨੇ ਦੱਸਿਆ ਕਿ ਇਹ ਨਵੀਂ ਤਕਨਾਲੋਜੀ 4 ਅਗਸਤ ਤੋਂ ਫਰੀਦਕੋਟ, ਮੋਗਾ ਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਦੇ ਸਾਰੇ ਡਾਕਘਰਾਂ ਵਿੱਚ ਲਾਗੂ ਕੀਤੀ ਜਾਵੇਗੀ।



ਉਨ੍ਹਾਂ ਕਿਹਾ ਕਿ ਇਸ ਪ੍ਰਣਾਲੀ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ 2 ਅਗਸਤ ਨੂੰ ਉਕਤ ਤਿੰਨਾਂ ਜ਼ਿਲ੍ਹਿਆਂ ਦੇ ਕਿਸੇ ਵੀ ਪਿੰਡ, ਸਬ-ਪੋਸਟ ਆਫਿਸ ਜਾਂ ਹੈੱਡ ਪੋਸਟ ਆਫਿਸ ਵਿੱਚ ਕਿਸੇ ਵੀ ਤਰ੍ਹਾਂ ਦੀ ਸੇਵਾ ਜਾਂ ਵਿੱਤੀ ਲੈਣ-ਦੇਣ ਨਹੀਂ ਹੋਵੇਗਾ। 4 ਅਗਸਤ ਤੋਂ ਸਾਰੀਆਂ ਸੇਵਾਵਾਂ ਨਵੀਂ ਏਪੀਟੀ ਪ੍ਰਣਾਲੀ ਰਾਹੀਂ ਫਿਰ ਤੋਂ ਸ਼ੁਰੂ ਹੋ ਜਾਣਗੀਆਂ, ਜਿਸ ਨਾਲ ਨਾਗਰਿਕਾਂ ਨੂੰ ਤੇਜ਼ ਤੇ ਅਧੁਨਿਕ ਡਾਕ ਸੇਵਾਵਾਂ ਮਿਲਣਗੀਆਂ। ਉਨ੍ਹਾਂ ਦੱਸਿਆ ਕਿ ਭਾਰਤੀ ਡਾਕ ਵਿਭਾਗ ਵੱਲੋਂ ਲੋਕ ਭਲਾਈ ਦੀ ਦਿਸ਼ਾ ਵਿੱਚ ਇਹ ਤਕਨਾਲੋਜੀ ਅਪਡੇਟ ਲੋਕਾਂ ਦੀ ਆਸਾਨੀ, ਪਹੁੰਚਯੋਗਤਾ ਤੇ ਵਿਸ਼ਵਾਸ ਯੋਗਤਾ ਵਧਾਉਣ ਵੱਲ ਵਧੀਆ ਕਦਮ ਸਾਬਤ ਹੋਵੇਗਾ।

# ਉਤਸ਼ਾਹ ਨਾਲ ਮਨਾਇਆ ਜਾਵੇਗਾ ਆਜ਼ਾਦੀ ਦਿਹਾੜਾ : ਡਿਪਟੀ ਕਮਿਸ਼ਨਰ

● ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਰੋਹ ਦੀਆਂ ਤਿਆਰੀਆਂ ਸਬੰਧੀ ਮੀਟਿੰਗ

**ਮਾਨਸਾ (ਆਤਮਾ ਸਿੰਘ ਪਮਾਰ)** : ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ, ਆਈ.ਏ.ਐੱਸ. ਨੇ 15 ਅਗਸਤ ਨੂੰ ਮਨਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਆਜ਼ਾਦੀ ਸਮਾਗਮ ਦੇ ਮੱਦੇਨਜ਼ਰ ਵੱਖ-ਵੱਖ



ਵਿਭਾਗਾਂ ਦੇ ਅਧਿਕਾਰੀਆਂ ਨਾਲ ਸਥਾਨਕ ਬੱਚਤ ਭਵਨ ਵਿਖੇ ਮੀਟਿੰਗ ਕੀਤੀ। ਇਸ ਮੌਕੇ ਐੱਸ.ਡੀ.ਐੱਮ. ਬੁਢਲਾਡਾ ਸ੍ਰ. ਗਗਨਦੀਪ ਸਿੰਘ ਤੇ ਡਾ. ਗੁਰਲੀਨ ਕੌਰ ਆਈ.ਏ.ਐੱਸ. (ਸਿਖਲਾਈ ਅਧੀਨ) ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਜ਼ਾਦੀ ਦਿਹਾੜਾ ਇਸ ਸਾਲ ਵੀ ਸਥਾਨਕ ਸਰਕਾਰੀ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਦੇ ਬਹੁਮੰਤਵੀ ਖੇਡ ਸਟੇਡੀਅਮ ਵਿਖੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਉਨ੍ਹਾ ਕਿਹਾ ਕਿ ਜ਼ਿਲ੍ਹਾ ਪੱਧਰੀ ਸਮਾਗਮ ਦਾ ਮੰਤਵ ਆਜ਼ਾਦੀ ਦੇ ਜਸ਼ਨ ਨੂੰ ਤਾਜ਼ਾ ਕਰਨ ਦੇ ਨਾਲ-ਨਾਲ ਆਜ਼ਾਦੀ ਸੰਗਰਾਮ 'ਚ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦਾਂ, ਯੋਧਿਆਂ ਤੇ ਆਜ਼ਾਦੀ ਘੁਲਾਟੀਆਂ ਨੂੰ ਯਾਦ ਕਰਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਾ ਹੈ। ਉਨ੍ਹਾਂ ਦੱਸਿਆ ਕਿ ਸਮਾਗਮ ਸਬੰਧੀ ਸੱਭਿਆਚਾਰਕ ਪ੍ਰੋਗਰਾਮ, ਪ੍ਰੇਡ, ਪੀ. ਟੀ. ਸ਼ੋਅ ਆਦਿ ਦੀ ਪਹਿਲੀ ਰਿਹਰਸਲ 4 ਅਗਸਤ, ਦੂਜੀ 8 ਅਗਸਤ ਨੂੰ ਅਤੇ ਤੀਜੀ ਤੇ ਫੁੱਲ ਡਰੈੱਸ ਰਿਹਰਸਲ 13 ਅਗਸਤ ਨੂੰ ਹੋਵੇਗੀ। ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਪੋ-ਆਪਣੀਆਂ ਡਿਊਟੀਆਂ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣ ਅਤੇ ਸਮਾਂ ਰਹਿੰਦਿਆਂ ਜ਼ਿਲ੍ਹਾ ਪੱਧਰੀ ਸਮਾਗਮ ਦੇ ਸਾਰੇ ਪ੍ਰਬੰਧ ਮੁਕੰਮਲ ਕੀਤੇ ਜਾਣ।

# ਸੰਤ ਭੂਰੀ ਵਾਲਿਆਂ ਦੇ ਅਸਥਾਨ ਲਈ ਲੰਗਰ ਦੀ ਰਸਦ ਕੀਤੀ ਰਵਾਨਾ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)** ਹਰ ਸਾਲ ਦੀ ਤਰ੍ਹਾਂ ਪਿੰਡ ਉਭਾਵਾਲ ਦੀ ਸਮੁੱਚੀ ਸਾਧ ਸੰਗਤ ਵੱਲੋਂ ਮਾਤਾ ਨੈਣਾ ਦੇਵੀ ਸੰਤ ਭੂਰੀ ਵਾਲਿਆਂ ਦੇ ਅਸਥਾਨ ਤੇ ਲੰਗਰ ਲਈ ਰਾਸ਼ਨ ਦੀ ਰਸਦ ਭੇਜੀ ਗਈ, ਜਿਸ ਵਿੱਚ ਗੁਰਸਿੱਖ ਪਰਿਵਾਰਾਂ ਵੱਲੋਂ ਵਧ-ਚੜ੍ਹ ਕੇ ਮਾਤਾ ਨੈਣੀ ਦੇਵੀ ਦੇ ਸਾਵਣ ਦੇ ਚਾਲਿਆਂ ਨੂੰ ਮੁੱਖ ਰੱਖਦੇ ਹੋਏ ਵੱਡਾ ਯੋਗਦਾਨ ਪਾਇਆ ਗਿਆ।ਇਹ ਜਾਣਕਾਰੀ ਪਿੰਡ ਉਭਾਵਾਲ ਦੇ ਸਾਬਕਾ ਸਰਪੰਚ ਪਾਲੀ ਸਿੰਘ ਕਮਲ ਨੇ ਦਿੱਤੀ ਅਤੇ ਰਾਸ਼ਨ ਦੇ ਟਰੱਕ ਨੂੰ ਬਾਬਾ ਜੀਵਨ ਸਿੰਘ ਜੀ ਗੁਰਦੁਆਰਾ ਸਾਹਿਬ ਨਮੋਲ ਰੋਡ ਉਭਾਵਾਲ ਤੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਉਨ੍ਹਾਂ ਦੱਸਿਆ ਕਿ ਸੰਤ ਆਤਮਾ ਨੰਦ ਜੀ ਭੂਰੀ ਵਾਲੇ ਮਾਤਾ ਨੈਣਾਂ ਦੇਵੀ ਰੋਡ, ਆਨੰਦਪੁਰ ਸਾਹਿਬ ਜੋੜੀਆਂ ਭਾਖੜਾ ਤੋਂ ਅੱਗੇ, ਪੈਟਰੋਲ ਪੰਪ ਦੇ ਸਾਹਮਣੇ ਹਰ ਸਾਲ ਸਾਵਣ ਦੇ ਮਹੀਨੇ ਮਾਤਾ ਦੇ ਚਾਲਿਆਂ ਤੇ ਵਿਸ਼ਾਲ ਲੰਗਰ 24 ਘੰਟੇ ਚੱਲਦੇ ਹਨ ਤੇ ਇਸ ਜਗ੍ਹਾ 'ਤੇ ਮਾਤਾ ਦੇ ਦਰਸ਼ਨ ਕਰਨਗੇ। ਸ਼ਰਧਾਲੂਆਂ ਲਈ ਪੁਖਤਾ ਪ੍ਰਬੰਧ ਕੀਤੇ ਜਾਂਦੇ ਹਨ।ਉਨ੍ਹਾਂ ਗੱਡੀ ਦੀ ਸੇਵਾ ਲਾਉਣ ਤੇ ਦਰਸ਼ਨ ਸਿੰਘ ਅਤੇ ਰਸਦ ਭੇਜਣ ਵਾਲੀ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਬਾਬਾ ਬਲਵਿੰਦਰ ਸਿੰਘ ਜੀ ਗੁਰਦੁਆਰਾ ਬਾਬਾ ਜੀਵਨ ਸਿੰਘ ਵੱਲੋਂ ਗੁਰਦੁਆਰਾ ਸਾਹਿਬ ਵਿੱਚ ਅਰਦਾਸ ਬੇਨਤੀ ਕੀਤੀ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

# ਗ਼ਰੀਬ ਦੁਕਾਨਦਾਰ ਦੀ ਘਰ ਦੀ ਕੁਰਕੀ ਰੋਕੀ

**ਮਾਨਸਾ (ਅਸ਼ੋਕ ਲਾਕੜਾ)** ਵਾਰਡ ਨੰਬਰ 7 ਦੇ ਇੱਕ ਮਜ਼ਦੂਰ ਪਰਵਾਰ ਦੀ ਕੇਨਰਾ ਬੈਂਕ ਵੱਲੋਂ ਕੁਰਕੀ ਲਿਆਂਦੀ ਗਈ। ਇਸ ਸਮੇਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਆਗੂ ਵਰਕਰ ਇਸ ਗਰੀਬ ਪਰਵਾਰ ਦੇ ਹੱਕ 'ਚ ਆਏ ਤੇ ਕੋਈ ਬੈਂਕ ਅਧਿਕਾਰੀ ਕੁਰਕੀ ਕਰਨ ਨਹੀਂ ਆਇਆ। ਜ਼ਿਕਰਯੋਗ ਹੈ ਕਿ ਜਸਪਾਲ ਸਿੰਘ ਜੱਸੀ ਪੁੱਤਰ ਭਗਵਾਨ ਦਾਸ ਨੇ 2017 ਵਿੱਚ ਕੇਨਰਾ ਬੈਂਕ ਤੋਂ 4 ਲੱਖ ਦਾ ਲੋਨ ਲਿਆ ਸੀ ਤੇ ਮੋਬਾਈਲ ਰਿਪੇਅਰ ਦੀ ਦੁਕਾਨ ਖੋਲ੍ਹੀ ਸੀ।



ਕਰਜ਼ਦਾਰ ਵੱਲੋਂ 2 ਲੱਖ 50 ਹਜ਼ਾਰ ਬੈਂਕ ਨੂੰ ਮੋੜ ਦਿੱਤਾ ਸੀ, ਪਰ ਕਰੋਨਾ ਕਾਲ ਆਉਣ ਕਾਰਨ ਕਰਜ਼ਾ ਭਰਿਆ ਨਹੀਂ ਗਿਆ ਤਾਂ ਬੈਂਕ ਵੱਲੋਂ ਅਦਾਲਤ ਰਾਹੀਂ ਇਸ ਪਰਵਾਰ ਦੇ ਘਰ ਦੀ ਕੁਰਕੀ ਲਿਆਂਦੀ ਗਈ। ਸੂਬਾ ਕਮੇਟੀ ਮੈਂਬਰ ਮੱਖਣ ਸਿੰਘ ਭੈਣੀਬਾਘਾ ਨੇ ਕਿਹਾ ਕਿ ਕਰਜ਼ੇ ਬਦਲੇ ਕਿਸੇ ਕਿਸਾਨ ਮਜ਼ਦੂਰ ਦੀ ਜ਼ਮੀਨ ਤੇ ਘਰ ਦੀ ਨਿਲਾਮੀ ਨਹੀਂ ਕਰਨ ਦੇਵਾਂਗੇ।

# ਜ਼ੋਨਲ ਖੇਡਾਂ 'ਚ ਜੀ ਐੱਚ ਜੀ ਅਕੈਡਮੀ ਨੇ ਮਾਰੀਆਂ ਮੱਲਾਂ

**ਜਗਰਾਉਂ (ਅਮਿਤ ਖੰਨਾ)**- ਜੀ ਐੱਚ ਜੀ ਅਕੈਡਮੀ ਕੋਠੇ ਬੱਗੂ ਵੱਲੋਂ ਚੱਲ ਰਹੀਆਂ 69ਵੀਆਂ ਜ਼ੋਨਲ ਖੇਡਾਂ ਦੇ ਟੇਬਲ ਟੈਨਿਸ ਮੁਕਾਬਲੇ, ਜੋ ਗਾਲਿਬ ਕਲਾਂ ਵਿਖੇ ਹੋਏ, ਵਿੱਚ



ਕੁੜੀਆਂ ਅੰਡਰ-14, ਅੰਡਰ-17, ਅੰਡਰ-19 ਅਤੇ ਮੁੰਡੇ ਅੰਡਰ-19 ਵੱਲੋਂ ਪਹਿਲਾ ਸਥਾਨ ਹਾਸਲ ਕੀਤਾ ਗਿਆ ਅਤੇ ਅੰਡਰ-17 ਮੁੰਡਿਆਂ ਵੱਲੋਂ ਦੂਜਾ ਸਥਾਨ ਹਾਸਲ ਕੀਤਾ ਗਿਆ। ਇਸ ਤੋਂ ਇਲਾਵਾ ਫੁੱਟਬਾਲ ਦੇ ਮੁਕਾਬਲੇ, ਜੋ ਪਿੰਡ ਕਲੇਰਾਂ ਵਿਖੇ ਹੋਏ, ਜਿਸ ਵਿੱਚ 19 ਟੀਮਾਂ ਵੱਲੋਂ ਭਾਗ ਲਿਆ ਗਿਆ, ਉਸ ਵਿੱਚ ਜੀ ਐੱਚ ਜੀ ਅਕੈਡਮੀ ਕੋਠੇ ਬੱਗੂ ਵੱਲੋਂ ਜੀ.ਐੱਚ.ਜੀ. ਸਿੱਧਵਾਂ ਕਲਾਂ ਨੂੰ 3-1 ਨਾਲ ਹਰਾ ਕੇ ਜੇਤੂ ਹੋਣ ਦਾ ਮਾਣ ਹਾਸਲ ਕੀਤਾ। ਇਸ ਤੋਂ ਇਲਾਵਾ ਰੱਸਾਕਸੀ ਮੁਕਾਬਲੇ, ਜੋ ਪਿੰਡ ਕਲੇਰਾਂ ਵਿਖੇ ਹੋਏ, ਵਿੱਚ ਵੀ ਜੀ ਐੱਚ ਜੀ ਅਕੈਡਮੀ ਦੇ ਅੰਡਰ-17 ਮੁੰਡਿਆਂ ਵੱਲੋਂ ਪਹਿਲਾ ਸਥਾਨ ਹਾਸਲ ਕੀਤਾ ਗਿਆ। ਸਕੂਲ ਪ੍ਰਿੰਸੀਪਲ ਸ੍ਰੀਮਤੀ ਰਮਨਜੋਤ ਕੌਰ ਗਰੇਵਾਲ ਤੇ ਚੇਅਰਮੈਨ ਸ੍ਰ. ਗੁਰਮੇਲ ਸਿੰਘ ਮੱਲੀ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਗਈ ਤੇ ਅੱਗੇ ਤੋਂ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਹੋਰ ਉਚਾਈਆਂ ਛੋਹਣ ਲਈ ਪ੍ਰੇਰਿਤ ਕੀਤਾ ਗਿਆ।

# ਖੇਤੀ ਵਸਤਾਂ ਦੀ ਸੁਚੱਜੀ ਸਪਲਾਈ ਸੰਬੰਧੀ ਸਹਿਕਾਰੀ ਸਭਾਵਾਂ ਦੇ ਸੈਕਟਰੀਆਂ ਨੂੰ ਦਿੱਤੀ ਟ੍ਰੇਨਿੰਗ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)** ਕੈਬਨਿਟ ਮੰਤਰੀ ਪੰਜਾਬ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਅਤੇ ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ ਜਸਵੰਤ ਸਿੰਘ ਦੀ ਯੋਗ ਅਗਵਾਈ ਹੇਠ ਮੁੱਖ ਖੇਤੀਬਾੜੀ ਅਫਸਰ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਡਾ. ਕਰਨਜੀਤ ਸਿੰਘ ਗਿੱਲ ਵੱਲੋਂ ਜ਼ਿਲ੍ਹੇ ਅੰਦਰ ਖੇਤੀ ਵਸਤਾਂ ਦੀ ਗੁਣਵੱਤਾ ਤੇ ਸਹੀ ਸਪਲਾਈ ਕਿਸਾਨਾਂ ਤੱਕ ਪਹੁੰਚਾਉਣ ਸਬੰਧੀ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਸਹਿਕਾਰੀ ਸਭਾਵਾਂ ਦੇ ਇੰਸਪੈਕਟਰਾਂ ਤੇ ਸੈਕਟਰੀਆਂ ਦੀ ਇੱਕ ਦਿਨਾਂ ਟ੍ਰੇਨਿੰਗ ਲਗਾਈ ਗਈ। ਡਾ: ਕਰਨਜੀਤ ਸਿੰਘ ਗਿੱਲ ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਇਸ ਸਿਖਲਾਈ ਦਾ ਮੁੱਖ ਮੰਤਵ ਸਹਿਕਾਰੀ ਸਭਾਵਾਂ ਵਿੱਚ ਕਿਸਾਨਾਂ ਨੂੰ ਸਪਲਾਈ ਕੀਤੀਆਂ ਜਾ ਰਹੀਆਂ ਖਾਦਾਂ, ਦਵਾਈਆਂ ਤੇ ਬੀਜਾਂ ਦਾ ਸਹੀ ਰਿਕਾਰਡ ਰੱਖਣਾ, ਕਿਸੇ ਕਿਸਮ ਦੀ ਟੈਗਿੰਗ ਜਾਂ ਕਾਲਾ ਬਾਜ਼ਾਰੀ ਨਾ ਹੋਣ ਦੇਣਾ



ਅਤੇ ਸਹਿਕਾਰੀ ਸਭਾਵਾਂ ਵਿੱਚ ਦਿੱਤੀਆਂ ਜਾ ਰਹੀਆਂ ਖੇਤੀ ਵਸਤਾਂ ਦੇ ਲਾਇਸੰਸ ਵੀ ਐਕਟ ਅਨੁਸਾਰ ਬਣਾਏ ਜਾਣ ਬਾਰੇ ਹੈ। ਇਸ ਮੌਕੇ ਇੰਜੀਨੀਅਰ ਰਾਜੇਂਦਰ ਕੁਮਾਰ ਨੇ ਪਰਾਲੀ ਦੀ ਸਾਂਭ ਸੰਭਾਲ ਤੇ ਖੇਤੀ ਮਸ਼ੀਨਰੀ ਦੀ ਯੋਗ ਵਰਤੋਂ ਸਬੰਧੀ, ਡਾ. ਸੁਖਜਿੰਦਰ ਸਿੰਘ ਖੇਤੀਬਾੜੀ ਵਿਕਾਸ ਅਫਸਰ (ਪਲਾਂਟ ਪ੍ਰੋਟੈਕਸ਼ਨ) ਨੇ ਦਵਾਈਆਂ ਦਾ ਸਭਾਵਾਂ ਵਿੱਚ ਸਹੀ ਕਾਰੋਬਾਰ ਕਰਨ, ਡਾ. ਜਸਨਪ੍ਰੀਤ ਸਿੰਘ ਖੇਤੀਬਾੜੀ ਵਿਕਾਸ ਅਫਸਰ (ਇਨਫੋਰਸਮੈਂਟ) ਨੇ ਖਾਦ ਕੰਟਰੋਲ ਹੁਕਮ 1985 ਦੀਆਂ ਸਮੂਹ ਜ਼ਰੂਰੀ ਧਾਰਾਵਾਂ ਬਾਰੇ ਤੇ ਡਾ: ਹਰਜੀਤ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ (ਸੀਡ) ਨੇ ਫਸਲੀ ਬੀਜਾਂ ਦੀ ਵਿੱਕਰੀ ਬਾਰੇ ਚਾਨਣਾ ਪਾਇਆ। ਅੰਤ ਵਿੱਚ ਡਾ. ਗਿੱਲ ਨੇ ਕਿਹਾ ਕਿ ਕਿਸਾਨੀ ਹਿੱਤ ਵਿੱਚ ਸਹਿਕਾਰੀ ਸਭਾਵਾਂ 'ਚ ਖੇਤੀ ਵਸਤਾਂ ਮਾਰਕਫੈੱਡ ਰਾਹੀਂ ਜਾਂ ਸਬੰਧਤ ਕਮੇਟੀ ਵੱਲੋਂ ਮਤਾ ਪਾ ਕੇ ਹੀ ਖ੍ਰੀਦੀਆਂ ਜਾਣ ਤਾਂ ਜੋ ਕਿਸਾਨੀ ਹਿੱਤ ਵਿੱਚ ਲੋੜ ਅਨੁਸਾਰ ਤੇ ਘੱਟ ਰੇਟ 'ਤੇ ਖਾਦਾਂ ਤੇ ਦਵਾਈਆਂ ਕਿਸਾਨਾਂ ਨੂੰ ਮਿਲ ਸਕਣ।

# ਕਕਾਰਾਂ ਕਰਕੇ ਅੰਮ੍ਰਿਤਧਾਰੀ ਸਿੱਖ ਲੜਕੀ ਨੂੰ ਜੱਜ ਦੇ ਇਮਤਿਹਾਨ ਤੋਂ ਰੋਕਣਾ ਮੰਦਭਾਗਾ ਤੇ ਗੈਰਕਾਨੂੰਨੀ : ਸ਼ਾਹਪੁਰ

**ਦੋਰਾਹਾ (ਹਰਮਿੰਦਰ ਸੇਠ)** ਕੁੱਝ ਦਿਨ ਪਹਿਲਾਂ ਰਾਜਸਥਾਨ ਦੇ ਜੈਪੁਰ ਸਥਿਤ ਪੂਰਨਿਮਾ ਯੂਨੀਵਰਸਿਟੀ 'ਚ ਹਾਈਕੋਰਟ ਦੀ ਸਿਵਲ ਜੱਜ ਦੀ ਭਰਤੀ ਲਈ ਇਮਤਿਹਾਨ ਦੇਣ ਗਈ ਅੰਮ੍ਰਿਤਧਾਰੀ ਸਿੱਖ ਲੜਕੀ ਗੁਰਪ੍ਰੀਤ ਕੌਰ ਨੂੰ ਕੜਾ ਤੇ ਕਿਰਪਾਨ ਪਹਿਨ ਕੇ ਇਮਤਿਹਾਨ ਵਿੱਚ ਜਾਣ ਤੋਂ ਰੋਕ ਦਿੱਤਾ ਗਿਆ। ਉਪਰੋਕਤ ਗੁਰਸਿੱਖ ਲੜਕੀ ਗੁਰਪ੍ਰੀਤ ਕੌਰ ਨੂੰ ਜੱਜ ਦੀ ਪ੍ਰੀਖਿਆ 'ਚ ਬੈਠਣ ਤੋਂ ਰੋਕਣ ਤੇ ਤਿੱਖਾ ਪ੍ਰਤਿਕਰਮ ਕਰਦਿਆਂ ਸਾਬਕਾ ਜ਼ਿਲ੍ਹਾ ਵੈਟਨਰੀ ਇੰਸਪੈਕਟਰ ਸੁਰਿੰਦਰ ਸਿੰਘ ਸ਼ਾਹਪੁਰ ਨੇ ਕਿਹਾ ਕਿ ਇਹ ਇਮਤਿਹਾਨ ਲੈਣ ਵਾਲੇ ਸਟਾਫ਼ ਤੇ ਪ੍ਰਬੰਧਕਾਂ ਦਾ ਬਹੁਤ ਮੰਦਭਾਗਾ, ਨਫ਼ਰਤੀ ਤੇ ਗੈਰਕਨੂੰਨੀ ਵਰਤਾਰਾ ਹੈ।ਉਹ ਲੜਕੀ ਸਿਵਲ ਦੀ ਪ੍ਰੀਖਿਆ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੀ ਹੈ।ਇਹ ਵੀ ਪਤਾ ਲੱਗਾ ਹੈ ਕਿ ਉਸ ਨੂੰ ਦੱਸਿਆ ਕਿ ਸੰਵਿਧਾਨ ਅਨੁਸਾਰ ਉਹ ਕਿਰਪਾਨ ਪਾ ਕੇ ਇਮਤਿਹਾਨ ਦੇਣ ਜਾ ਸਕਦੀ ਹੈ, ਪਰ ਉਸ ਨੂੰ ਹਾਈਕੋਰਟ ਦੇ ਵਿਸ਼ੇਸ਼ ਆਦੇਸ਼ ਦਾ ਹਵਾਲਾ ਦੇ ਕੇ ਕਿਰਪਾਨ ਤੇ ਕੜਾ ਧਾਰਨ ਕੀਤੇ ਕਰਕੇ ਪ੍ਰੀਖਿਆ ਕੇਂਦਰ ਅੰਦਰ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ ਤੇ ਕਿਹਾ ਕਿ ਜੇਕਰ ਪ੍ਰਖਿਆ ਕੇਂਦਰ ਜਾਣਾ ਹੈ ਤਾਂ ਕਿਰਪਾਨ ਅਤੇ ਕੜਾ ਉਤਾਰ ਕੇ ਜਾਓ।ਇਸ ਦੌਰਾਨ ਉਸ ਨੂੰ ਇੱਕ ਕਲੌਜ ਪੜ੍ਹ ਕੇ ਸੁਣਾਇਆ ਗਿਆ, ਜਿਸ 'ਚ ਔਰਤ ਦਾ ਡਰੈੱਸ ਲੋਡ ਦੱਸਿਆ ਗਿਆ। ਉਨ੍ਹਾਂ ਕਿਹਾ ਕਿ ਸੰਵਿਧਾਨ ਦੀ ਧਾਰਾ 25 ਤਹਿਤ ਸਿੱਖ ਆਪਣੇ ਸਾਰੇ ਕਕਾਰ ਪਹਿਨ ਸਕਦਾ ਹੈ। ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਨੇ ਕੱਕਾਰ ਪਹਿਨ ਕੇ ਇਮਤਿਹਾਨ ਦੇਣ ਸਬੰਧੀ ਚਿੱਠੀ ਕੱਢੀ ਹੋਈ ਹੈ।ਉਨ੍ਹਾਂ ਕਿਹਾ ਕਿ ਗੁਰਪ੍ਰੀਤ ਕੌਰ ਨੂੰ ਇਮਤਿਹਾਨ 'ਚ ਬੈਠਣ ਤੋਂ ਰੋਕਣ ਕਰਕੇ ਉਸ ਦੇ ਸੁਨਹਿਰੇ ਭਵਿੱਖ ਦਾ ਨੁਕਸਾਨ ਤਾਂ ਹੋ ਸਕਦਾ, ਪਰ ਉਸ ਨੇ ਸਿਦਕ ਨਹੀਂ ਛੱਡਿਆ। ਇਹ ਉਸ ਦੀ ਵੱਡੀ ਕੁਰਬਾਨੀ ਹੈ।ਸ੍ਰੀ ਸ਼ਾਹਪੁਰ ਨੇ ਮਾਨਯੋਗ ਦੇਸ਼ ਦੇ ਰਾਸ਼ਟਰਪਤੀ, ਮਾਨਯੋਗ ਪ੍ਰਧਾਨ ਮੰਤਰੀ, ਮਾਨਯੋਗ ਚੀਫ ਜਸਟਿਸ ਜੋਧਪੁਰ ਤੇ ਮਾਨਯੋਗ ਚੇਅਰਮੈਨ ਘੱਟ ਗਿਣਤੀ ਭਾਰਤ ਸਰਕਾਰ ਨੂੰ ਜ਼ੋਰਦਾਰ ਅਪੀਲ ਕਰਦਿਆਂ ਕਿਹਾ ਕਿ ਇਸ ਮੰਦਭਾਗੇ ਵਰਤਾਰੇ ਦੀ ਪੜਤਾਲ ਕਰਕੇ ਕਸੂਰਵਾਰ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ, ਜਿਨ੍ਹਾਂ ਨੇ ਸੰਵਿਧਾਨ ਦੀ ਉਲੰਘਣਾ ਕੀਤੀ ਅਤੇ ਕਰੋੜਾਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚਾਈ।



# 'ਆਪ' ਦੇ ਪਰਵਾਰ 'ਚ ਹੋਇਆ ਵਾਧਾ, 2 ਦਰਜਨ ਔਰਤਾਂ 'ਆਪ' 'ਚ ਸ਼ਾਮਲ

**ਮਲੋਟ (ਓਮ ਪ੍ਰਕਾਸ਼ ਸੇਖੂ)** ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਲਗਭਗ 2 ਦਰਜਨ ਔਰਤਾਂ ਨੇ ਆਮ ਆਦਮੀ ਪਾਰਟੀ ਦੇ ਸੀਨੀਅਰ ਮਹਿਲਾ ਆਗੂ ਆਸ਼ੂ ਚਾਨਣਾ ਦੀ ਅਗਵਾਈ ਹੇਠ 'ਆਪ' ਦਾ ਪੱਲਾ ਫੜਿਆ।ਸਮਾਗਮ 'ਚ ਜਿੱਥੇ ਡਾ. ਬਲਜੀਤ ਕੌਰ ਨੇ ਨਵੀਆਂ ਸ਼ਾਮਲ ਹੋਈਆਂ ਔਰਤਾਂ ਦਾ ਸਵਾਗਤ ਕੀਤਾ ਤੇ ਕਿਹਾ ਕਿ ਪਾਰਟੀ ਵਿੱਚ ਔਰਤਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਨਵੀਆਂ ਸ਼ਾਮਲ ਔਰਤਾਂ ਨੂੰ ਪਾਰਟੀ ਦੀ ਨੀਤੀ ਤੇ ਨਿਯਮਾਂ ਬਾਰੇ ਜਾਣੂ ਕਰਾਇਆ ਅਤੇ ਆਉਣ ਵਾਲੇ ਚੋਣੀ ਮੁਕਾਬਲਿਆਂ ਵਿੱਚ ਸਰਗਰਮ ਭਾਗੀਦਾਰੀ ਦੀ ਅਪੀਲ ਕੀਤੀ।



31-JULY-PAGE-3.qxd 7/30/2025 10:46 PM Page 1

ਵੀਰਵਾਰ, 31 ਜੁਲਾਈ, 2025
16 ਸਾਉਣ { ਨਾਨਕਸ਼ਾਹੀ 557
ਬਿਕਰਮੀ 2082
ਜਿਲਦ/VOL. : 74
ਅੰਕ/NO. : 60

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 31 JULY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in

## ਜ਼ਮੀਨ ਬਚਾਉਣ ਲਈ ਕਿਸਾਨ ਫਿਰ ਮੈਦਾਨ 'ਚ



**ਚੰਡੀਗੜ੍ਹ** : ਸੰਯੁਕਤ ਕਿਸਾਨ ਮੋਰਚੇ ਨਾਲ ਸੰਬੰਧਤ ਵੱਖ-ਵੱਖ ਜਥੇਬੰਦੀਆਂ ਦੇ ਕਿਸਾਨਾਂ ਨੇ ਸੂਬਾ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਤਹਿਤ ਜ਼ਮੀਨ ਐਕੁਆਇਰ ਕਰਨ ਦੀ ਤਜਵੀਜ਼ ਦਾ ਵਿਰੋਧ ਕਰਨ ਲਈ ਬੁੱਧਵਾਰ ਪੰਜਾਬ ਦੇ 116 ਪਿੰਡਾਂ ਵਿੱਚ ਟਰੈਕਟਰ ਮਾਰਚ ਕੱਢਿਆ। ਲੁਧਿਆਣਾ ਜ਼ਿਲ੍ਹਾ ਟਰੈਕਟਰ ਮਾਰਚ ਦਾ ਮੁੱਖ ਕੇਂਦਰ ਬਿੰਦੂ ਰਿਹਾ, ਜਿੱਥੇ 45,861 ਏਕੜ ਜ਼ਮੀਨ ਐਕੁਆਇਰ ਕਰਨ ਦੀ ਤਜਵੀਜ਼ ਹੈ। ਇਸ ਵਿੱਚ ਰਿਹਾਇਸ਼ੀ ਮੰਤਵ ਲਈ 24,311 ਏਕੜ ਅਤੇ ਸਨਅਤੀ ਜ਼ੋਨ ਸਥਾਪਤ ਕਰਨ ਲਈ 21,550 ਏਕੜ ਜ਼ਮੀਨ ਸ਼ਾਮਲ ਹੈ।

ਸੰਯੁਕਤ ਕਿਸਾਨ ਮੋਰਚਾ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਦੱਸਿਆ ਕਿ ਟਰੈਕਟਰ ਰੈਲੀ ਲੁਧਿਆਣਾ ਜ਼ਿਲ੍ਹੇ ਦੇ ਕੂੰਮ ਕਲਾਂ, ਬਲਿਓਂ, ਦਾਖਾ, ਜੋਧਾਂ ਅਤੇ ਜਗਰਾਉਂ ਸਮੇਤ ਵੱਖ-ਵੱਖ ਥਾਵਾਂ ਤੋਂ ਸ਼ੁਰੂ ਹੋਈ। ਉਨ੍ਹਾ ਕਿਹਾ, 'ਇਹ ਹਾਲ ਹੀ ਦੇ ਸਮੇਂ ਵਿੱਚ ਸਭ ਤੋਂ ਵੱਡਾ ਮਾਰਚ ਹੈ, ਕਿਉਂਕਿ ਪੇਂਡੂ ਖੇਤਰਾਂ ਵਿੱਚ ਲੋਕ ਆਪਣੀਆਂ ਉਪਜਾਊ ਜ਼ਮੀਨਾਂ ਖੋਹਣ ਅਤੇ ਆਪਣੇ ਘਰਾਂ ਤੋਂ ਉਜਾੜਨ ਦੀ ਇਸ ਕੋਸ਼ਿਸ਼ ਵਿਰੁੱਧ ਆਪਣਾ ਗੁੱਸਾ ਜ਼ਾਹਰ ਕਰਨਾ ਚਾਹੁੰਦੇ ਸਨ।'

ਅੰਮ੍ਰਿਤਸਰ ਜ਼ਿਲ੍ਹੇ ਦੇ ਅਜਨਾਲਾ, ਮਾਨਾਂਵਾਲਾ ਅਤੇ ਤਰਨ ਤਾਰਨ ਵਿੱਚ ਟਰੈਕਟਰ ਮਾਰਚਾਂ ਵਿੱਚ ਕਿਸਾਨਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਕਿਹਾ, 'ਅਸੀਂ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਇੱਕ ਵੱਡਾ ਅੰਦੋਲਨ ਸ਼ੁਰੂ ਹੋਣ ਤੋਂ ਪਹਿਲਾਂ ਨੀਤੀ ਵਾਪਸ ਲਈ ਜਾਵੇ।' ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਦੀ ਅਗਵਾਈ ਵਿੱਚ ਸੈਂਕੜੇ ਕਿਸਾਨਾਂ ਨੇ ਫਤਿਹਗੜ੍ਹ ਸਾਹਿਬ ਦੇ ਡੀ ਸੀ ਦਫਤਰ ਦੇ ਸਾਹਮਣੇ ਪੰਜਾਬ ਸਰਕਾਰ ਵਿਰੁੱਧ ਧਰਨਾ ਲਾਇਆ ਗਿਆ। ਰੋਪੜ ਵਿੱਚ ਸੈਂਕੜੇ ਕਿਸਾਨਾਂ ਨੇ 'ਆਪ' ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦੇ ਹੋਏ ਰੈਲੀ ਸ਼ੁਰੂ ਕੀਤੀ। ਮੁਹਾਲੀ ਖੇਤਰ ਦੇ ਕਿਸਾਨਾਂ ਵੱਲੋਂ ਟਰੈਕਟਰ ਮਾਰਚ ਕੱਢਿਆ ਗਿਆ। ਇਹ ਟਰੈਕਟਰ ਮਾਰਚ ਪਿੰਡ ਸਨੇਟਾ ਤੋਂ ਸ਼ੁਰੂ ਹੋਇਆ ਹੈ, ਜੋ ਕਿ ਲੈਂਡ ਪੂਲਿੰਗ ਤੋਂ ਪ੍ਰਭਾਵਤ ਪਿੰਡਾਂ ਵਿੱਚੋਂ ਲੰਘਿਆ।

## ਦੋਸਤ ਇੰਡੀਆ 'ਤੇ 25% ਟੈਰਿਫ

### ਰੂਸ ਤੋਂ ਤੇਲ ਲੈਣ 'ਤੇ 25 ਫੀਸਦੀ ਪੈਨਲਟੀ ਵੀ ਦੇਣੀ ਪਵੇਗੀ



**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁੱਧਵਾਰ ਐਲਾਨਿਆ ਕਿ 'ਦੋਸਤ' ਭਾਰਤ ਨੂੰ ਪਹਿਲੀ ਅਗਸਤ ਤੋਂ ਆਪਣੇ ਮਾਲ 'ਤੇ 25 ਫੀਸਦੀ ਟੈਰਿਫ ਦੇਣਾ ਪਵੇਗਾ। ਟਰੰਪ ਨੇ ਕਿਹਾ—ਹਾਲਾਂਕਿ ਭਾਰਤ ਸਾਡਾ ਦੋਸਤ ਹੈ, ਪਰ ਅਸੀਂ ਬੀਤੇ ਸਾਲਾਂ ਵਿੱਚ ਮੁਕਾਬਲਤਨ ਥੋੜ੍ਹਾ ਵਪਾਰ ਕੀਤਾ ਹੈ, ਕਿਉਂਕਿ ਅਮਰੀਕੀ ਮਾਲ 'ਤੇ ਉਸ ਨੇ ਬਹੁਤ ਉੱਚੇ ਟੈਰਿਫ ਲਾ ਰੱਖੇ ਹਨ। ਇਸ ਤੋਂ ਇਲਾਵਾ ਉਸ ਨੇ ਬਹੁਤੇ ਹਥਿਆਰ ਰੂਸ ਤੋਂ ਖਰੀਦੇ ਹਨ। ਉਹ ਚੀਨ ਦੇ ਨਾਲ-ਨਾਲ ਰੂਸ ਤੋਂ ਤੇਲ ਦਾ ਸਭ ਤੋਂ ਵੱਡਾ ਖਰੀਦਦਾਰ ਹੈ, ਜਦਕਿ ਹਰ ਕੋਈ ਚਾਹੁੰਦਾ ਹੈ ਕਿ ਰੂਸ ਯੂਕਰੇਨ ਵਿੱਚ ਕਤਲੇਆਮ ਬੰਦ ਕਰੇ। ਇਹ ਗੱਲਾਂ ਚੰਗੀਆਂ ਨਹੀਂ! ਇਸ ਕਰਕੇ ਭਾਰਤ ਨੂੰ 25 ਫੀਸਦੀ ਟੈਰਿਫ ਤੋਂ ਇਲਾਵਾ ਰੂਸ ਤੋਂ ਤੇਲ ਖਰੀਦਣ ਕਰਕੇ 25 ਫੀਸਦੀ ਪੈਨਲਟੀ ਵੀ ਭਰਨੀ ਪਵੇਗੀ।

ਟਰੰਪ ਨੇ ਮੰਗਲਵਾਰ ਸਕਾਟਲੈਂਡ ਦੇ ਪੰਜ ਦਿਨਾਂ ਦੌਰੇ ਤੋਂ ਵਾਸ਼ਿੰਗਟਨ ਵਾਪਸ ਆਉਂਦੇ ਸਮੇਂ ਆਪਣੇ ਜਹਾਜ਼ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਭਾਰਤ ਤੋਂ ਆਉਣ ਵਾਲੀਆਂ ਵਸਤਾਂ 'ਤੇ 20 ਤੋਂ 25 ਫੀਸਦੀ ਤੱਕ ਟੈਕਸ ਲੱਗ ਸਕਦਾ ਹੈ, ਕਿਉਂਕਿ ਦੋਵਾਂ ਦੇਸ਼ਾਂ ਵਿਚਾਲੇ ਵਪਾਰ ਸਮਝੌਤਾ ਅਜੇ ਤੱਕ ਅੰਤਮ ਰੂਪ ਤੱਕ ਨਹੀਂ ਪਹੁੰਚਿਆ।

ਟਰੰਪ ਨੇ ਕਿਹਾ, 'ਭਾਰਤ ਮੇਰਾ ਦੋਸਤ ਹੈ। ਉਨ੍ਹਾਂ ਮੇਰੀ ਬੇਨਤੀ 'ਤੇ ਪਾਕਿਸਤਾਨ ਨਾਲ ਜੰਗ ਖਤਮ ਕਰ ਦਿੱਤੀ। ਭਾਰਤ ਇੱਕ ਚੰਗਾ ਦੋਸਤ ਰਿਹਾ ਹੈ, ਪਰ ਭਾਰਤ ਨੇ ਲਗਭਗ ਕਿਸੇ ਵੀ ਹੋਰ ਦੇਸ਼ ਨਾਲੋਂ ਵੱਧ ਟੈਕਸ ਲਗਾਏ ਹਨ, ਤੁਸੀਂ ਅਜਿਹਾ ਨਹੀਂ ਕਰ ਸਕਦੇ।'

### 22 ਅਪ੍ਰੈਲ ਤੋਂ 16 ਜੂਨ ਤੱਕ ਟਰੰਪ-ਮੋਦੀ ਦੀ ਹੈਲੋ-ਹੈਲੋ ਨਹੀਂ ਹੋਈ

**ਨਵੀਂ ਦਿੱਲੀ** : ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਬੁੱਧਵਾਰ ਸਪੱਸ਼ਟ ਕੀਤਾ ਕਿ ਅਪ੍ਰੇਸ਼ਨ ਸਿੰਧੂਰ ਦੌਰਾਨ ਪਾਕਿਸਤਾਨ ਨਾਲ ਜੰਗਬੰਦੀ ਕਰਵਾਉਣ ਵਿੱਚ ਕਿਸੇ ਤੀਜੀ ਧਿਰ ਦੀ ਦਖਲਅੰਦਾਜ਼ੀ ਨਹੀਂ ਸੀ ਤੇ ਜੰਗਬੰਦੀ ਦਾ ਫੈਸਲਾ ਵਪਾਰ ਨਾਲ ਜੁੜਿਆ ਨਹੀਂ ਸੀ। ਰਾਜ ਸਭਾ ਵਿੱਚ ਅਪ੍ਰੇਸ਼ਨ ਸਿੰਧੂਰ 'ਤੇ ਵਿਸ਼ੇਸ਼ ਚਰਚਾ ਵਿੱਚ ਸ਼ਾਮਲ ਹੁੰਦਿਆਂ ਜੈਸ਼ੰਕਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਕਾਰ 22 ਅਪਰੈਲ ਤੋਂ 16 ਜੂਨ ਵਿਚਕਾਰ ਕੋਈ ਫੋਨ ਕਾਲ ਨਹੀਂ ਹੋਈ। ਚੇਤੇ ਰਹੇ ਕਿ ਵਿਰੋਧੀ ਧਿਰ ਟਰੰਪ ਵੱਲੋਂ ਵਪਾਰ ਦੀ ਧਮਕੀ ਦੀ ਵਰਤੋਂ ਕਰਕੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਟਕਰਾਅ ਨੂੰ ਰੋਕਣ ਵਿੱਚ ਵਿਚੋਲਗੀ ਦੇ ਦਾਅਵਿਆਂ 'ਤੇ ਸਰਕਾਰ 'ਤੇ ਹਮਲਾ ਕਰ ਰਹੀ ਹੈ।

### ਮੋਦੀ ਨੇ ਨਾਂਅ ਲਿਆ ਤਾਂ ਟਰੰਪ ਨੇ ਪੋਲ ਖੋਲ੍ਹ ਦੇਣੀ : ਰਾਹੁਲ

**ਨਵੀਂ ਦਿੱਲੀ** : ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਬੁੱਧਵਾਰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੰਗਬੰਦੀ ਲਈ ਵਿਚੋਲਗੀ ਸੰਬੰਧੀ ਦਾਅਵਿਆਂ ਦੇ ਸੰਦਰਭ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਨਾਂਅ ਇਸ ਕਰਕੇ ਨਹੀਂ ਲਿਆ, ਕਿਉਂਕਿ ਉਨ੍ਹਾ ਨੂੰ ਪਤਾ ਹੈ ਕਿ ਜੇ ਉਹ ਅਜਿਹਾ ਕਰਨਗੇ ਤਾਂ ਟਰੰਪ ਸਾਰੀ ਸੱਚਾਈ ਸਾਹਮਣੇ ਰੱਖ ਦੇਣਗੇ। ਰਾਹੁਲ ਗਾਂਧੀ ਨੇ ਸੰਸਦੀ ਕੰਪਲੈਕਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਰਿਆਂ ਨੂੰ ਪਤਾ ਹੈ ਕਿ ਕੀ ਹੋਇਆ ਹੈ। ਕਾਂਗਰਸ ਦੇ ਸਾਬਕਾ ਪ੍ਰਧਾਨ ਨੇ ਕਿਹਾ, 'ਪ੍ਰਧਾਨ ਮੰਤਰੀ ਨੇ ਇਹ ਨਹੀਂ ਕਿਹਾ ਕਿ ਟਰੰਪ ਝੂਠ ਬੋਲ ਰਹੇ ਹਨ। ਸਾਰਿਆਂ ਨੂੰ ਪਤਾ ਹੈ ਕਿ ਕੀ ਹੋਇਆ ਹੈ। ਉਹ ਬੋਲ ਨਹੀਂ ਪਾ ਰਹੇ, ਇਹੀ ਹਕੀਕਤ ਹੈ। ਜੇ ਪ੍ਰਧਾਨ ਮੰਤਰੀ ਨੇ ਬੋਲ ਦਿੱਤਾ, ਉਹ (ਟਰੰਪ) ਖੁੱਲ੍ਹ ਕੇ ਬੋਲ ਦੇਣਗੇ ਤੇ ਪੂਰੀ ਸੱਚਾਈ ਖੋਲ੍ਹ ਕੇ ਰੱਖ ਦੇਣਗੇ। ਇਸ ਲਈ (ਮੋਦੀ) ਨਹੀਂ ਬੋਲ ਰਹੇ।' ਰਾਹੁਲ ਨੇ ਕਿਹਾ, 'ਅਜੇ ਉਹ (ਟਰੰਪ) ਵਪਾਰ ਸਮਝੌਤਾ ਚਾਹੁੰਦੇ ਹਨ। ਉਹ (ਟਰੰਪ) ਦਬਾਉਣਗੇ। ਤੁਸੀਂ ਦੇਖਣਾ ਕਿ ਕਿਹੋ ਜਿਹਾ ਵਪਾਰ ਸਮਝੌਤਾ ਹੁੰਦਾ ਹੈ।'

ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੋਸ਼ ਲਗਾਇਆ ਕਿ ਪ੍ਰਧਾਨ ਮੰਤਰੀ ਤੇ ਵਿਦੇਸ਼ ਮੰਤਰੀ ਨੇ ਗੋਲਮੋਲ ਤਰੀਕੇ ਨਾਲ ਗੱਲ ਕੀਤੀ ਹੈ। ਉਨ੍ਹਾ ਕਿਹਾ, 'ਪ੍ਰਧਾਨ ਮੰਤਰੀ ਸਿੱਧੇ ਤੌਰ 'ਤੇ ਕਹਿਣ ਕਿ ਅਮਰੀਕੀ ਰਾਸ਼ਟਰਪਤੀ ਨੇ ਝੂਠ ਬੋਲਿਆ ਹੈ।' ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਲੋਕ ਸਭਾ ਵਿੱਚ ਕਿਹਾ ਕਿ ਦੁਨੀਆ ਦੇ ਕਿਸੇ ਵੀ ਆਗੂ ਨੇ ਉਨ੍ਹਾ ਨੂੰ 'ਅਪ੍ਰੇਸ਼ਨ ਸਿੰਧੂਰ' ਰੋਕਣ ਲਈ ਨਹੀਂ ਕਿਹਾ ਸੀ।

## ਇੱਕ ਡਾਕਟਰ ਬਰਖਾਸਤ, ਤਿੰਨ ਮੁਅੱਤਲ

**ਚੰਡੀਗੜ੍ਹ** : ਜਲੰਧਰ ਦੇ ਸਿਵਲ ਹਸਪਤਾਲ ਵਿੱਚ ਪਿਛਲੇ ਦਿਨੀਂ ਆਕਸੀਜਨ ਸਪਲਾਈ ਵਿਚ ਪਏ ਨੁਕਸ ਕਰਕੇ ਤਿੰਨ ਮਰੀਜ਼ਾਂ ਦੀ ਮੌਤ ਦੇ ਮਾਮਲੇ 'ਚ ਤਿੰਨ ਡਾਕਟਰਾਂ ਨੂੰ ਮੁਅੱਤਲ ਤੇ ਇਕ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ। ਸੂਬੇ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਜਲੰਧਰ ਦੇ ਸਿਵਲ ਹਸਪਤਾਲ ਵਿੱਚ ਹੋਈਆਂ ਹਾਲੀਆ ਮੌਤਾਂ ਹਸਪਤਾਲ ਦੇ ਸੁਪਰਡੈਂਟ, ਸੀਨੀਅਰ ਮੈਡੀਕਲ ਅਧਿਕਾਰੀ ਤੇ ਡਿਊਟੀ 'ਤੇ ਮੌਜੂਦ ਡਾਕਟਰ ਦੀ ਅਣਗਹਿਲੀ ਦਾ ਨਤੀਜਾ ਹਨ।

ਸਿਹਤ ਮੰਤਰੀ ਨੇ ਕਿਹਾ, 'ਮੈਨੂੰ ਇਸ ਗੱਲੋਂ ਅਫਸੋਸ ਹੈ ਕਿ ਕਿ ਅਸੀਂ ਗੰਭੀਰ ਬਿਮਾਰ ਮਰੀਜ਼ਾਂ ਦੀ ਜਾਨ ਨਹੀਂ ਬਚਾ ਸਕੇ।' ਉਨ੍ਹਾ ਕਿਹਾ ਕਿ ਹਸਪਤਾਲ ਵਿੱਚ ਆਕਸੀਜਨ ਦੇ ਚਾਰ ਸਰੋਤ ਸਨ, ਪਰ ਮਾੜੇ ਪ੍ਰਬੰਧਾਂ ਕਰਕੇ ਮਰੀਜ਼ਾਂ ਦੀ ਮੌਤ ਹੋਈ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਮਾਮਲੇ ਦੀ ਜਾਂਚ ਲਈ ਕਾਇਮ ਤਕਨੀਕੀ ਕਮੇਟੀ ਨੇ ਆਪ ਦੀ ਰਿਪੋਰਟ ਦਾਖਲ ਕਰ ਦਿੱਤੀ ਹੈ। ਉਨ੍ਹਾ ਕਿਹਾ ਕਿ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਰਾਜ ਕੁਮਾਰ, ਐੱਸ ਐੱਮ ਓ ਡਾ. ਸੁਰਜੀਤ ਸਿੰਘ ਤੇ ਐਨਸਥੀਸੀਆ ਮਾਹਰ ਡਾ. ਸੁਨਾਕਸ਼ੀ ਨੂੰ ਮੁਅੱਤਲ ਤੇ ਹਾਊਸ ਸਰਜਨ ਡਾ. ਸ਼ਵਿੰਦਰ ਸਿੰਘ ਨੂੰ ਬਰਖਾਸਤ ਕੀਤਾ ਗਿਆ ਹੈ। ਜੇ ਮੁਅੱਤਲ ਡਾਕਟਰ ਵੀ ਕਸੂਰਵਾਰ ਨਿਕਲੇ ਤਾਂ ਉਨ੍ਹਾਂ ਨੂੰ ਵੀ ਬਰਖਾਸਤ ਕਰ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਅਣਗਹਿਲੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ, ਇਸ ਲਈ ਮਿਸਾਲੀ ਸਜ਼ਾ ਦੇਣੀ ਜ਼ਰੂਰੀ ਸੀ।

## ਕਰਨਲ ਬਾਠ ਮਾਮਲੇ 'ਚ ਪੁਲਸ ਅਧਿਕਾਰੀਆਂ ਖਿਲਾਫ ਸਖਤ ਕਾਰਵਾਈ ਦੀ ਸਿਫਾਰਸ਼

**ਪਟਿਆਲਾ** : ਕਰਨਲ ਬਾਠ ਤੇ ਉਨ੍ਹਾ ਦੇ ਬੇਟੇ ਦੀ ਕੁੱਟਮਾਰ ਦੇ ਮਾਮਲੇ ਵਿੱਚ ਕਾਰਵਾਈ ਕਰਦਿਆਂ ਪਟਿਆਲਾ ਪੁਲਸ ਨੇ ਚਾਰ ਇੰਸਪੈਕਟਰਾਂ ਅਤੇ ਦੋ ਹੋਰ ਅਧਿਕਾਰੀਆਂ ਵਿਰੁੱਧ ਸਖਤ ਅਨੁਸ਼ਾਸਨੀ ਕਾਰਵਾਈ ਦੀ ਸਿਫ਼ਾਰਸ਼ ਕੀਤੀ ਹੈ, ਜਿਸ ਵਿੱਚ ਸੇਵਾ ਵਿੱਚ ਕਟੌਤੀ ਅਤੇ ਤਰੱਕੀਆਂ 'ਤੇ ਰੋਕ ਸ਼ਾਮਲ ਹੈ। ਇਨ੍ਹਾਂ ਅਧਿਕਾਰੀਆਂ ਲਈ ਤਿੰਨ ਸਾਲ ਦੀ ਸੇਵਾ ਕਟੌਤੀ ਅਤੇ ਇਸ ਮਿਆਦ ਲਈ ਕੋਈ ਤਨਖਾਹ ਵਾਧਾ ਨਾ ਦੇਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਪੁਲਸ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਸਾਰੇ ਅਧਿਕਾਰੀ ਮੁਅੱਤਲ ਰਹਿਣਗੇ ਅਤੇ ਉਨ੍ਹਾਂ ਦੀ ਤਾਇਨਾਤੀ ਸਿਰਫ ਪਟਿਆਲਾ ਤੋਂ ਬਾਹਰ ਕੀਤੀ ਜਾਵੇਗੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਹਿਲਾਂ ਹੀ ਮਾਮਲੇ ਦੀ ਜਾਂਚ ਸੀ ਬੀ ਆਈ ਨੂੰ ਸੌਂਪੀ ਹੋਈ ਹੈ। ਇਸ ਘਟਨਾ ਨੂੰ ਚਾਰ ਮਹੀਨਿਆਂ ਤੋਂ ਵੱਧ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਹੁਣ ਤੱਕ ਕਿਸੇ ਵੀ ਪੁਲਸ ਮੁਲਾਜ਼ਮ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਜਿਨ੍ਹਾਂ ਇੰਸਪੈਕਟਰਾਂ ਖਿਲਾਫ ਕਾਰਵਾਈ ਦੀ ਸਿਫਾਰਸ਼ ਕੀਤੀ ਗਈ ਹੈ, ਉਨ੍ਹਾਂ ਵਿੱਚ ਹੈਰੀ ਬੋਪਾਰਾਏ, ਰੋਨੀ ਸਿੰਘ ਅਤੇ ਹਰਜਿੰਦਰ ਢਿੱਲੋਂ ਸ਼ਾਮਲ ਹਨ।

### ਪੰਜਾਬ ਦੇ ਕਿਸਾਨ ਸਭ ਤੋਂ ਵੱਧ ਕਰਜ਼ਾਈ

**ਚੰਡੀਗੜ੍ਹ** : ਦੇਸ਼ ਵਿੱਚ ਸਿਰਫ 2 ਫੀਸਦੀ ਖੇਤਰਫਲ ਵਾਲੇ ਪੰਜਾਬ ਦੇ ਕਿਸਾਨ ਸਭ ਤੋਂ ਵੱਧ ਕਰਜ਼ਾਈ ਹਨ। ਇਹ ਜਾਣਕਾਰੀ ਲੋਕ ਸਭਾ 'ਚ ਇਕ ਸਵਾਲ ਦੇ ਜਵਾਬ 'ਚ ਵਿੱਤ ਮੰਤਰਾਲੇ ਦੇ ਰਾਜ ਮੰਤਰੀ ਪੰਕਜ ਚੌਧਰੀ ਨੇ ਦਿੱਤੀ। ਰਿਕਾਰਡ ਮੁਤਾਬਕ 37 ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ 1762.96 ਲੱਖ ਕਿਸਾਨ ਖਾਤਾਧਾਰਕਾਂ 'ਤੇ 28,50,779 ਕਰੋੜ ਰੁਪਏ ਦਾ ਕਰਜ਼ਾ ਹੈ। ਸਭ ਤੋਂ ਵੱਧ ਕਰਜ਼ਾ ਤਾਮਿਲਨਾਡੂ ਦੇ ਕਿਸਾਨਾਂ ਨੇ ਲਿਆ ਹੈ, ਜਦਕਿ ਪ੍ਰਤੀ ਕਿਸਾਨ ਕਰਜ਼ ਲੈਣ ਦੇ ਮਾਮਲੇ 'ਚ ਪੰਜਾਬ ਪਹਿਲੇ ਨੰਬਰ 'ਤੇ ਹੈ।

### ਬੱਸ ਚੋਰੀ ਦੇ ਸੰਬੰਧ 'ਚ ਗ੍ਰਿਫਤਾਰ

**ਤਲਵੰਡੀ ਸਾਬੋ (ਜਗਦੀਪ ਗਿੱਲ)**- ਐੱਸ ਐੱਸ ਪੀ ਮੈਡਮ ਅਮਨੀਤ ਕੌਂਡਲ ਨੇ ਦੱਸਿਆ ਕਿ ਬੀਤੇ ਦਿਨੀਂ ਮੌੜ ਵਿਖੇ ਪੀ ਆਰ ਟੀ ਸੀ ਬੱਸ ਚੋਰੀ ਦੇ ਮਾਮਲੇ 'ਚ ਪੁਲਸ ਨੇ ਮੁਸ਼ਤੈਦੀ ਵਰਤਦਿਆਂ 48 ਘੰਟਿਆਂ 'ਚ ਅਮਨਿੰਦਰ ਸਿੰਘ ਉਰਫ ਲੰਬੂ ਵਾਸੀ ਆਸਾ ਪੱਤੀ, ਮੌੜ ਮੰਡੀ (38) ਨੂੰ ਕਾਬੂ ਕਰ ਲਿਆ ਹੈ। ਐੱਸ ਐੱਸ ਪੀ ਨੇ ਦੱਸਿਆ ਕਿ ਥਾਣਾ ਮੌੜ ਵਿੱਚ ਦਰਜ ਪੀ ਆਰ ਟੀ ਸੀ ਬੱਸ ਚੋਰੀ ਮਾਮਲੇ ਦੀ ਜਾਂਚ ਦੇ ਮੱਦੇਨਜ਼ਰ ਥਾਣਾ ਮੌੜ ਅਤੇ ਸੀ ਆਈ ਏ ਸਟਾਫ-2 ਬਠਿੰਡਾ ਦੀਆਂ ਟੀਮਾਂ ਨੂੰ ਨਿਯੁਕਤ ਕੀਤਾ ਗਿਆ ਸੀ। ਟੀਮਾਂ ਵੱਲੋਂ ਸੀ ਸੀ ਟੀ ਵੀ ਫੁਟੇਜ਼ ਦੀ ਜਾਂਚ ਅਤੇ ਹੋਰ ਤਕਨੀਕੀ ਅਤੇ ਮਨੁੱਖੀ ਸਰੋਤਾਂ ਰਾਹੀਂ ਜਾਂਚ ਅੱਗੇ ਵਧਾਈ ਗਈ।ਉਕਤ ਵਿਅਕਤੀ ਦੇ ਕਬਜ਼ੇ ਵਿੱਚੋਂ ਕੁਝ ਚਾਬੀਆਂ (ਜੋ ਪੀ ਆਰ ਟੀ ਸੀ ਬੱਸ ਦੀਆਂ ਚਾਬੀਆਂ ਵਰਗੀਆਂ ਹਨ) ਅਤੇ ਇੱਕ ਛੋਟੀ ਛੁਰੀ ਵੀ ਬਰਾਮਦ ਹੋਈ ਹੈ।

### ਬੀ ਐੱਲ ਓ ਤੇ ਸੁਪਰਵਾਈਜ਼ਰਾਂ ਦੇ ਮਿਹਨਤਾਨੇ 'ਚ ਵਾਧਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਭਾਰਤ ਦੇ ਚੋਣ ਕਮਿਸ਼ਨ ਨੇ ਬੂਥ ਲੈਵਲ ਅਫਸਰਾਂ ਅਤੇ ਬੀ ਐੱਲ ਓ ਸੁਪਰਵਾਈਜ਼ਰਾਂ ਲਈ ਘੱਟੋ-ਘੱਟ ਸਾਲਾਨਾ ਮਿਹਨਤਾਨੇ ਵਿੱਚ ਵਾਧਾ ਕਰ ਦਿੱਤਾ ਹੈ। ਬੀ ਐੱਲ ਓ ਨੂੰ ਹੁਣ ਘੱਟੋ-ਘੱਟ ਸਾਲਾਨਾ ਮਿਹਨਤਾਨਾ 12,000 ਰੁਪਏ ਮਿਲੇਗਾ, ਜੋ ਪਹਿਲਾਂ 6,000 ਰੁਪਏ ਸੀ।ਬੀ ਐੱਲ ਓ ਸੁਪਰਵਾਈਜ਼ਰਾਂ ਨੂੰ ਹੁਣ ਘੱਟੋ-ਘੱਟ ਸਾਲਾਨਾ ਮਿਹਨਤਾਨਾ 18,000 ਰੁਪਏ ਮਿਲੇਗਾ, ਜੋ ਪਹਿਲਾਂ 12,000 ਰੁਪਏ ਸੀ। ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਜਾਂ ਹੋਰ ਵਿਸ਼ੇਸ਼ ਚੋਣ ਮੁਹਿੰਮਾਂ ਵਿੱਚ ਹਿੱਸਾ ਲੈਣ ਵਾਲੇ ਬੀ ਐੱਲ ਓ ਨੂੰ 2000 ਰੁਪਏ ਦਾ ਵਾਧੂ ਪ੍ਰੋਤਸਾਹਨ ਦਿੱਤਾ ਜਾਵੇਗਾ, ਜਿਸ ਲਈ ਪਹਿਲਾਂ 1000 ਰੁਪਏ ਦਿੱਤੇ ਜਾਂਦੇ ਸਨ।

## ਚਟਾਨ ਹੇਠ ਆ ਕੇ ਲੈਫਟੀਨੈਂਟ ਕਰਨਲ ਤੇ ਜਵਾਨ ਦੀ ਮੌਤ

### ਇੱਕ ਕੈਪਟਨ ਤੇ ਦੋ ਮੇਜਰ ਜ਼ਖ਼ਮੀ




**ਜੰਮੂ** : ਪੂਰਬੀ ਲੱਦਾਖ ਦੇ ਦੂਰ-ਦੁਰਾਡੇ ਇਲਾਕੇ ਵਿੱਚ ਬੁੱਧਵਾਰ ਦਿਨੇ ਸਾਢੇ 11 ਵਜੇ ਇੱਕ ਫੌਜੀ ਵਾਹਨ 'ਤੇ ਚੱਟਾਨ ਡਿੱਗਣ ਨਾਲ ਇੱਕ ਲੈਫਟੀਨੈਂਟ ਕਰਨਲ ਤੇ ਇੱਕ ਜਵਾਨ ਦੀ ਮੌਤ ਹੋ ਗਈ, ਜਦਕਿ ਮੇਜਰ ਰੈਂਕ ਦੇ ਦੋ ਅਧਿਕਾਰੀ ਤੇ ਇੱਕ ਕੈਪਟਨ ਜ਼ਖ਼ਮੀ ਹੋ ਗਏ। ਫੌਜ ਦਾ ਕਾਫਲਾ ਦੁਰਬੁਕ ਤੋਂ ਚੋਂਗਤਾਸ਼ ਜਾ ਰਿਹਾ ਸੀ। ਮ੍ਰਿਤਕਾਂ ਦੀ ਪਛਾਣ ਲੈਫਟੀਨੈਂਟ ਕਰਨਲ ਭਾਨੂੰ ਪ੍ਰਤਾਪ ਸਿੰਘ ਤੇ ਲਾਂਸ ਦਫੇਦਾਰ ਦਲਜੀਤ ਸਿੰਘ ਵਜੋਂ ਹੋਈ ਹੈ। ਜ਼ਖ਼ਮੀ ਹੋਣ ਵਾਲੇ ਮੇਜਰ ਮਯੰਕ ਸ਼ੁਭਮ, ਮੇਜਰ ਅਮਿਤ ਦੀਕਸ਼ਿਤ ਤੇ ਕੈਪਟਨ ਗੌਰਵ ਹਨ।

### ਬੱਸ ਦਰਿਆ 'ਚ, ਜਵਾਨਾਂ ਦਾ ਬਚਾਅ ਰਿਹਾ



**ਸ੍ਰੀਨਗਰ** : ਜੰਮੂ-ਕਸ਼ਮੀਰ ਦੇ ਗੰਦਰਬਲ ਜ਼ਿਲ੍ਹੇ ਵਿਚ ਸੁਰੱਖਿਆ ਬਲਾਂ ਨੂੰ ਲਿਜਾ ਰਹੀ ਬੱਸ ਬੁੱਧਵਾਰ ਸਵੇਰੇ ਸਿੰਧ ਦਰਿਆ ਵਿਚ ਡਿੱਗ ਗਈ। ਹਾਲਾਂਕਿ ਬੱਸ ਵਿਚ ਸਵਾਰ ਸਾਰੇ ਜਵਾਨਾਂ ਨੂੰ ਬਚਾਅ ਲਿਆ ਗਿਆ। ਬੱਸ ਦੇ ਡਰਾਈਵਰ ਨੂੰ ਸੱਟਾਂ ਲੱਗੀਆਂ ਹਨ, ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਭਾਰੀ ਮੀਂਹ ਦੌਰਾਨ ਗੰਦਰਬਲ ਜ਼ਿਲ੍ਹੇ ਦੇ ਕੁਲਨ ਵਿੱਚ ਆਈ ਟੀ ਬੀ ਪੀ ਦੇ ਜਵਾਨਾਂ ਨੂੰ ਲੈ ਕੇ ਜਾ ਰਹੀ ਬੱਸ ਸਿੰਧ ਦਰਿਆ ਵਿੱਚ ਡਿੱਗ ਗਈ ਸੀ।

## ਜਸਟਿਸ ਵਰਮਾ ਦੀ ਪਟੀਸ਼ਨ 'ਤੇ ਫੈਸਲਾ ਰਾਖਵਾਂ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਬੁੱਧਵਾਰ ਜਸਟਿਸ ਯਸ਼ਵੰਤ ਵਰਮਾ ਵੱਲੋਂ ਦਾਇਰ ਪਟੀਸ਼ਨ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ। ਨਕਦੀ ਵਸੂਲੀ ਵਿਵਾਦ ਤੋਂ ਬਾਅਦ ਉਨ੍ਹਾ ਨੂੰ ਮਹਾਂਦੋਸ਼ ਦੇ ਖਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜਸਟਿਸ ਵਰਮਾ ਨੇ ਤਿੰਨ ਮੈਂਬਰੀ ਅੰਦਰੂਨੀ ਜਾਂਚ ਕਮੇਟੀ ਦੇ ਨਤੀਜਿਆਂ ਨੂੰ ਚੁਣੌਤੀ ਦਿੱਤੀ ਹੈ। ਇਸ ਕਮੇਟੀ ਨੇ ਸੰਵਿਧਾਨ ਦੀ ਧਾਰਾ 124 (4) ਤਹਿਤ ਉਨ੍ਹਾ ਨੂੰ ਹਟਾਉਣ ਦੀ ਸਿਫਾਰਸ਼ ਕੀਤੀ ਸੀ।

ਇਲਾਹਾਬਾਦ ਹਾਈ ਕੋਰਟ ਦੇ ਮੌਜੂਦਾ ਜੱਜ ਜਸਟਿਸ ਵਰਮਾ ਨੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਤਤਕਾਲੀ ਚੀਫ ਜਸਟਿਸ ਸੰਜੀਵ ਖੰਨਾ ਵੱਲੋਂ ਭੇਜੇ ਗਏ ਪੱਤਰ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ, ਜਿਸ ਵਿੱਚ ਅੰਦਰੂਨੀ ਕਮੇਟੀ ਦੀਆਂ ਖੋਜਾਂ ਦੇ ਆਧਾਰ 'ਤੇ ਕਾਰਵਾਈ ਦੀ ਸਿਫਾਰਸ਼ ਕੀਤੀ ਗਈ ਸੀ। ਸੀਨੀਅਰ ਵਕੀਲ ਕਪਿਲ ਸਿੱਬਲ ਨੇ ਜਸਟਿਸ ਵਰਮਾ ਵੱਲੋਂ ਮਜ਼ਬੂਤ ਦਲੀਲਾਂ ਪੇਸ਼ ਕੀਤੀਆਂ। ਉਨ੍ਹਾ ਕਿਹਾ ਕਿ ਅੰਦਰੂਨੀ ਕਮੇਟੀ ਵੱਲੋਂ ਜੱਜ ਨੂੰ ਬਰਖਾਸਤ ਕਰਨ ਦੀ ਸਿਫਾਰਸ਼ ਕਰਨਾ ਗੈਰ-ਕਾਨੂੰਨੀ ਹੈ। ਸਿੱਬਲ ਨੇ ਕਿਹਾ ਕਿ ਮਹਾਂਦੋਸ਼ ਦੀ ਪ੍ਰਕਿਰਿਆ ਸੰਵਿਧਾਨ ਦੀ ਧਾਰਾ 124 ਅਤੇ ਜੱਜ (ਜਾਂਚ) ਐਕਟ ਤਹਿਤ ਹੀ ਹੋ ਸਕਦੀ ਹੈ। ਉਨ੍ਹਾ ਚੇਤਾਵਨੀ ਦਿੱਤੀ ਕਿ ਅਜਿਹੀ ਸਿਫਾਰਸ਼ ਇੱਕ ਖਤਰਨਾਕ ਮਿਸਾਲ ਕਾਇਮ ਕਰ ਸਕਦੀ ਹੈ।

ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਏ ਜੀ ਮਸੀਹ ਦੀ ਬੈਂਚ ਨੇ ਜਸਟਿਸ ਵਰਮਾ ਦੇ ਰਵੱਈਏ 'ਤੇ ਸਵਾਲ ਉਠਾਏ। ਬੈਂਚ ਨੇ ਕਿਹਾ, 'ਤੁਸੀਂ ਕਮੇਟੀ ਦੀ ਕਾਰਵਾਈ ਵਿੱਚ ਹਿੱਸਾ ਲਿਆ ਸੀ, ਫਿਰ ਤੁਸੀਂ ਹੁਣ ਇਸ ਦੀ ਸਿਫਾਰਸ਼ ਨੂੰ ਕਿਉਂ ਚੁਣੌਤੀ ਦੇ ਰਹੇ ਹੋ? ਤੁਸੀਂ ਪਹਿਲਾਂ ਅਦਾਲਤ ਵਿੱਚ ਕਿਉਂ ਨਹੀਂ ਪੁੱਜੇ?'

ਬੈਂਚ ਨੇ ਇਹ ਵੀ ਕਿਹਾ ਕਿ ਭਾਰਤ ਦੇ ਚੀਫ ਜਸਟਿਸ ਦਾ ਕੰਮ ਸਿਰਫ ਪੱਤਰ ਭੇਜਣਾ ਨਹੀਂ, ਜੇ ਉਨ੍ਹਾ ਕੋਲ ਕਿਸੇ ਜੱਜ ਦੇ ਦੁਰਵਿਵਹਾਰ ਦੇ ਸਬੂਤ ਹਨ ਤਾਂ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਸੂਚਿਤ ਕਰਨਾ ਉਨ੍ਹਾ ਦਾ ਫਰਜ਼ ਹੈ। ਬੈਂਚ ਨੇ ਇਹ ਵੀ ਸਪੱਸ਼ਟ ਕੀਤਾ ਕਿ ਅੰਦਰੂਨੀ ਕਮੇਟੀ ਦੀ ਜਾਂਚ ਸ਼ੁਰੂਆਤੀ ਅਤੇ ਗੈਰ-ਦੰਡਕਾਰੀ ਹੈ। ਇਸ ਲਈ ਜਿਰ੍ਹਾ ਜਾਂ ਸਖਤ ਸਬੂਤਾਂ ਦੀ ਲੋੜ ਨਹੀਂ।

## ਦੋ ਅਧਿਆਪਕ ਹੜ੍ਹ ਦੀ ਲਪੇਟ 'ਚ ਆ ਕੇ ਮਾਰੇ ਗਏ

**ਜੰਮੂ** : ਰਾਮਬਨ ਜ਼ਿਲ੍ਹੇ ਵਿੱਚ ਆਏ ਹੜ੍ਹ ਦੀ ਲਪੇਟ 'ਚ ਆਉਣ ਕਾਰਨ ਦੋ ਅਧਿਆਪਕਾਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਊਧਮਪੁਰ ਦੇ ਰਾਮਨਗਰ ਸਥਿਤ ਪਿੰਡ ਘੋਰੜੀ ਦੇ ਜਗਦੇਵ ਸਿੰਘ (37) ਅਤੇ ਸੰਜੈ ਕੁਮਾਰ (39) ਵਜੋਂ ਹੋਈ ਹੈ। ਦੋਵੇਂ ਅਧਿਆਪਕ ਮੰਗਲਵਾਰ ਨੂੰ ਮੋਟਰਸਾਈਕਲ 'ਤੇ ਸਵਾਰ ਸਨ ਅਤੇ ਨਾਥਾਟੌਪ ਨੇੜੇ ਪਹਾੜ ਤੋਂ ਨਿਕਲਣ ਵਾਲੇ ਪਾਣੀ ਦੇ ਤੇਜ਼ ਵਹਾਅ 'ਚ ਰੁੜ੍ਹ ਗਏ। ਦੋਵਾਂ ਦੀਆਂ ਲਾਸ਼ਾਂ ਬੁੱਧਵਾਰ ਘਟਨਾ ਸਥਾਨ ਤੋਂ 300 ਮੀਟਰ ਥੱਲਿਓਂ ਲਿੰਕ ਸੜਕ ਨੇੜਿਓਂ ਮਿਲੀਆਂ। ਦੋਵੇਂ ਅਧਿਆਪਕ ਮੰਗਲਵਾਰ ਸਵੇਰੇ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਕੁੰਡ ਵਿੱਚ ਤਿੰਨ ਰੋਜ਼ਾ ਸਿਖਲਾਈ ਪ੍ਰੋਗਰਾਮ 'ਚ ਹਿੱਸਾ ਲੈਣ ਪਹੁੰਚੇ ਸਨ। ਪਹਿਲੇ ਦਿਨ ਦੇ ਕੋਰਸ ਤੋਂ ਬਾਅਦ ਦੋਵੇਂ ਸ਼ਾਮ ਨੂੰ ਭਾਰੀ ਮੀਂਹ ਦੌਰਾਨ ਮੋਟਰਸਾਈਕਲ 'ਤੇ ਰਵਾਨਾ ਹੋਏ ਪਰ ਨਾਥਾਟੌਪ ਸਨਾਸਰ ਮਾਰਗ 'ਤੇ ਅਚਾਨਕ ਆਏ ਹੜ੍ਹ ਦੀ ਲਪੇਟ 'ਚ ਆ ਗਏ। ਇੱਕ ਪਿੰਡ ਵਾਸੀ ਨੇ ਅੱਜ ਸਵੇਰੇ ਜਲੇਬੀ ਮੋੜ 'ਤੇ ਮੋਟਰਸਾਈਕਲ ਡਿੱਗਿਆ ਦੇਖਿਆ, ਜਿਸ ਮਗਰੋਂ ਤਲਾਸ਼ੀ ਅਤੇ ਬਚਾਅ ਮੁਹਿੰਮ ਸ਼ੁਰੂ ਕੀਤੀ ਗਈ ਸੀ।

## ਪੇਂਡੂ ਵਿਕਾਸ ਬਲਾਕਾਂ ਦੇ ਪੁਨਰਗਠਨ ਨੂੰ ਹਰੀ ਝੰਡੀ



**ਚੰਡੀਗੜ੍ਹ, (ਗੁਰਜੀਤ ਬਿੱਲਾ/ ਕ੍ਰਿਸ਼ਨ ਗਰਗ)**

ਪੇਂਡੂ ਇਲਾਕਿਆਂ ਵਿੱਚ ਪ੍ਰਬੰਧਕੀ ਵਿਵਸਥਾ ਅਤੇ ਸੇਵਾਵਾਂ ਮੁਹੱਈਆ ਕਰਵਾਉਣ ਲਈ ਵੱਡੇ ਪ੍ਰਸ਼ਾਸਕੀ ਸੁਧਾਰ ਲਿਆਉਣ ਦੇ ਉਦੇਸ਼ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ ਬੁੱਧਵਾਰ ਪੇਂਡੂ ਵਿਕਾਸ ਬਲਾਕਾਂ ਦੇ ਪੁਨਰਗਠਨ ਨੂੰ ਹਰੀ ਝੰਡੀ ਦੇ ਦਿੱਤੀ ਹੈ, ਤਾਂ ਕਿ ਇਨ੍ਹਾਂ ਬਲਾਕਾਂ ਨੂੰ ਜ਼ਿਲ੍ਹੇ ਦੀਆਂ ਹੱਦਾਂ ਨਾਲ ਜੋੜਿਆ ਜਾ ਸਕੇ। ਇਸ ਫੈਸਲੇ ਨਾਲ ਪ੍ਰਸ਼ਾਸਕੀ ਕੁਸ਼ਲਤਾ ਵਿੱਚ ਵਿਆਪਕ ਸੁਧਾਰ ਹੋਵੇਗਾ।ਇਸ ਬਾਰੇ ਫੈਸਲਾ ਇੱਥੇ ਮੁੱਖ ਮੰਤਰੀ ਦੀ ਅਗਵਾਈ ਵਿੱਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ।ਇਹ ਖੁਲਾਸਾ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਇਕ ਬੁਲਾਰੇ ਨੇ ਕਿਹਾ ਕਿ ਵਿਕਾਸ ਬਲਾਕਾਂ ਦੇ ਅਧਿਕਾਰ ਖੇਤਰ ਨੂੰ ਸੰਬੰਧਤ ਜ਼ਿਲ੍ਹਾ ਸੀਮਾਵਾਂ ਦੇ ਅਨੁਸਾਰ ਲਿਆਉਣ ਲਈ ਪੁਨਰਗਠਨ ਕੀਤਾ ਗਿਆ ਹੈ, ਜਿਸ ਨਾਲ ਸੰਗਰੂਰ, ਮਲੇਰਕੋਟਲਾ, ਫਾਜ਼ਿਲਕਾ, ਫਿਰੋਜ਼ਪੁਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਅਤੇ ਪਟਿਆਲਾ ਜ਼ਿਲ੍ਹਿਆਂ ਨੂੰ ਵਿਸ਼ੇਸ਼ ਤੌਰ 'ਤੇ ਲਾਭ ਹੋਵੇਗਾ। ਇਸ ਪੁਨਰਗਠਨ ਦਾ ਉਦੇਸ਼ ਬਲਾਕ ਪੱਧਰੀ ਅਤੇ ਜ਼ਿਲ੍ਹਾ ਪੱਧਰੀ ਪ੍ਰਸ਼ਾਸਨ ਵਿਚਕਾਰ ਬਿਹਤਰ ਤਾਲਮੇਲ ਨੂੰ ਯਕੀਨੀ ਬਣਾਉਣਾ, ਪੇਂਡੂ ਵਿਕਾਸ ਯੋਜਨਾਵਾਂ ਦੀ ਬਿਹਤਰ ਵਿਉਂਤਬੰਦੀ ਅਤੇ ਵਿਕਾਸ ਸਕੀਮਾਂ ਨੂੰ ਲਾਗੂ ਕਰਨ ਨੂੰ ਸੁਚਾਰੂ ਬਣਾਉਣ ਤੋਂ ਇਲਾਵਾ ਪ੍ਰਸ਼ਾਸਕੀ ਕੰਮਾਂ ਦੀ ਅਸਾਵੀਂ ਵਿਵਸਥਾ (ਓਵਰਲੈਪ) ਨੂੰ ਖਤਮ ਕਰਨਾ ਹੈ, ਜੋ ਅਕਸਰ ਦੇਰੀ ਅਤੇ ਸੁਸਤ ਕਾਰਗੁਜ਼ਾਰੀ ਦੇ ਕਾਰਨ ਬਣਦੇ ਸਨ। ਪੁਨਰਗਠਨ ਦੀ ਪ੍ਰਕਿਰਿਆ ਮੌਕੇ ਮੌਜੂਦਾ ਪ੍ਰਸ਼ਾਸਕੀ ਸੀਮਾਵਾਂ ਅਤੇ ਕਾਰਜਸ਼ੀਲ ਲੋੜਾਂ ਦੀ ਡੂੰਘਾਈ ਨਾਲ ਪੜਤਾਲ ਕੀਤੀ ਗਈ ਹੈ।

ਬੁਲਾਰੇ ਨੇ ਦੱਸਿਆ ਕਿ ਪੁਨਰਗਠਨ ਮੌਕੇ ਸਾਰੀਆਂ ਲੋੜੀਂਦੀਆਂ ਕਾਨੂੰਨੀ ਅਤੇ ਪ੍ਰਸ਼ਾਸਕੀ ਪ੍ਰਕਿਰਿਆਵਾਂ ਦੀ ਪਾਲਣਾ ਯਕੀਨੀ ਬਣਾਈ ਗਈ ਹੈ। ਇਸ ਕਦਮ ਨਾਲ ਸੂਬਾ ਸਰਕਾਰ ਦਾ ਉਦੇਸ਼ ਜ਼ਿਲ੍ਹਾ ਪੱਧਰ 'ਤੇ ਯੋਜਨਾਬੰਦੀ ਅਤੇ ਨਿਗਰਾਨ ਵਿਧੀਆਂ ਨੂੰ ਮਜ਼ਬੂਤ ਕਰਨਾ, ਬਲਾਕ ਅਤੇ ਜ਼ਿਲ੍ਹਾ ਪੱਧਰੀ ਡੇਟਾ ਅਤੇ ਫੈਸਲਾ ਲੈਣ ਦੇ ਬੇਰੋਕ ਏਕੀਕਰਨ ਨੂੰ ਸਮਰੱਥ ਬਣਾਉਣਾ, ਨਾਗਰਿਕਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਲਈ ਸੇਵਾਵਾਂ ਤੱਕ ਪਹੁੰਚ ਸੁਖਾਲੀ ਬਣਾਉਣ ਦੀ ਸਹੂਲਤ ਦੇਣਾ ਅਤੇ ਕੇਂਦਰੀ ਤੇ ਰਾਜ ਅਧਾਰਤ ਪੇਂਡੂ ਵਿਕਾਸ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੀ ਕੁਸ਼ਲਤਾ ਵਿੱਚ ਹੋਰ ਸੁਧਾਰ ਕਰਨਾ ਹੈ। ਪੁਨਰਗਠਿਤ ਕੀਤੇ ਗਏ ਵਿਕਾਸ ਬਲਾਕ ਸਰਕਾਰੀ ਗਜ਼ਟ ਵਿੱਚ ਨੋਟੀਫਿਕੇਸ਼ਨ ਪ੍ਰਕਾਸ਼ਤ ਹੋਣ 'ਤੇ ਅਮਲ ਵਿੱਚ ਆਉਣਗੇ।ਬੁਲਾਰੇ ਨੇ ਦੱਸਿਆ ਕਿ ਸਾਰੇ ਭਾਈਵਾਲਾਂ, ਜਿਨ੍ਹਾਂ ਵਿੱਚ ਫੀਲਡ ਅਫਸਰ, ਚੁਣੇ ਹੋਏ ਨੁਮਾਇੰਦੇ ਅਤੇ ਆਮ ਜਨਤਾ ਸ਼ਾਮਲ ਹੈ, ਨੂੰ ਸਮੇਂ-ਸਮੇਂ ਸਿਰ ਸੂਚਿਤ ਕੀਤਾ ਗਿਆ। ਇਸੇ ਤਰ੍ਹਾਂ ਅੱਪਡੇਟ ਕੀਤੇ ਨਕਸ਼ੇ ਅਤੇ ਪ੍ਰਸ਼ਾਸਕੀ ਆਦੇਸ਼ ਵੇਲੇ ਸਿਰ ਪੇਂਡੂ ਵਿਕਾਸ ਵਿਭਾਗ ਦੀ ਅਧਿਕਾਰਤ ਵੈੱਬਸਾਈਟ ਰਾਹੀਂ ਉਪਲੱਬਧ ਕਰਵਾਏ ਜਾਣਗੇ। ਇਹ ਸੁਧਾਰ ਪਾਰਦਰਸ਼ੀ, ਜਵਾਬਦੇਹ ਅਤੇ ਸ਼ਕਤੀਆਂ ਦੇ ਵਿਕੇਂਦਰੀਕਰਨ ਵਾਲੇ ਪੇਂਡੂ ਸ਼ਾਸਨ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ।

## ਅੱਜ-ਨਾਮਾ

ਸਰਕਾਰੀ ਧਿਰ ਨੇ ਕਸਰ ਨਾ ਕੋਈ ਰੱਖੀ,
ਵਿਰੋਧੀ ਧਿਰ ਨੇ ਰੱਖੀ ਨਹੀਂ ਕੋਈ ਬੇਲੀ।
ਧਿਰ ਵਿਰੋਧ ਦੀ ਲੱਗ ਪਈ ਜਦੋਂ ਬੋਲਣ,
ਲਾਹੀ ਸਰਕਾਰ ਦੀ ਖੂਬ ਸੀ ਛੋਈ ਬੇਲੀ।
ਸਰਕਾਰੀ ਪੱਖ ਨੂੰ ਮਿਲੀ ਸੀ ਜਦੋਂ ਵਾਰੀ,
ਆਪੋਜ਼ੀਸ਼ਨ ਫਿਰ ਗਈ ਸੀ ਧੋਈ ਬੇਲੀ।
ਪੀੜਤਾਂ ਨਾਲ ਹਮਦਰਦੀ ਦੀ ਗੱਲ ਆਖੀ,
ਹੁੰਦੀ ਸਿਆਸਤ ਨਾ ਗਈ ਲੁਕੋਈ ਬੇਲੀ।
ਹਰ ਇੱਕ ਗੱਲ ਦੇ ਵਿੱਚ ਜਦ ਰਾਜਨੀਤੀ,
ਸਕਦਾ ਲੀਡਰ ਨਹੀਂ ਏਸ ਨੂੰ ਛੱਡ ਬੇਲੀ।
ਬਹਿਸ ਕਰਨ ਨੂੰ ਕਰੀ ਜਾਉ ਚਾਹੇ ਚੋਖੀ,
ਨਿਕਲੂ ਚਿੱਕੜ ਤੋਂ ਕਦੀ ਨਾ ਗੱਡ ਬੇਲੀ।

-ਤੀਸ ਮਾਰ ਖਾਂ

## ਕਾਮਰੇਡ ਰਾਮ ਲਾਲ ਚੱਕ ਗੁਰੂ ਦਾ ਪਾਰਟੀ ਸਨਮਾਨਾਂ ਨਾਲ ਅੰਤਮ ਸੰਸਕਾਰ

**ਬੰਗਾ (ਅਵਤਾਰ ਕਲੇਰ)**

ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕਾਮਰੇਡ ਰਾਮ ਲਾਲ ਚੱਕਗੁਰੂ (64 ਸਾਲ) ਬੀਤੇ ਕੱਲ੍ਹ ਸਦੀਵੀ ਵਿਛੋੜਾ ਦੇ ਗਏ।ਉਨ੍ਹਾਂ ਦਾ ਅੰਤਿਮ ਸੰਸਕਾਰ ਪਾਰਟੀ ਸਨਮਾਨਾਂ ਨਾਲ ਚੱਕਗੁਰੂ ਵਿਖੇ ਕੀਤਾ ਗਿਆ। ਉਨ੍ਹਾਂ ਦਾ ਛੋਟਾ ਭਰਾ ਕਿਸ਼ੋਰੀ ਲਾਲ ਪਿੰਡ ਚੱਕਗੁਰੂ ਦਾ ਸਰਪੰਚ ਹੈ। ਉਹਨਾਂ ਦੇ ਪਰਵਾਰ 'ਚ ਪਤਨੀ ਅਤੇ ਇੱਕ ਬੇਟਾ ਹੈ। ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਨਰੰਜਣ ਦਾਸ ਮੇਹਲੀ, ਜ਼ਿਲ੍ਹਾ ਮੀਤ ਸਕੱਤਰ ਕਾਮਰੇਡ ਜਸਵਿੰਦਰ ਸਿੰਘ ਭੰਗਲ, ਅਮਰਜੀਤ ਮੇਹਲੀ, ਗੁਰਮੁੱਖ ਸਿੰਘ ਫਰਾਲਾ ਵਲੋਂ ਪਾਰਟੀ ਦਾ ਝੰਡਾ ਪਾ ਕੇ ਵਿਛੜੇ ਸਾਥੀ ਨੂੰ ਅੰਤਿਮ ਵਿਦਾਇਗੀ ਦਿੱਤੀ। ਪਹੁੰਚੇ ਹੋਏ ਸਾਥੀਆਂ ਵਲੋਂ ਕਾਮਰੇਡ ਰਾਮ ਲਾਲ ਚੱਕਗੁਰੂ ਨੂੰ ਲਾਲ ਸਲਾਮ ਦੇ ਨਾਹਰੇ ਲਗਾਏ ਗਏ। ਕਾਮਰੇਡ ਰਾਮ ਲਾਲ ਚੱਕਗੁਰੂ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਸਨ, ਲੰਬਾ ਸਮਾਂ ਸੀ ਪੀ ਆਈ ਤਹਿਸੀਲ ਬੰਗਾ ਦੇ ਸਕੱਤਰ ਰਹੇ ਅਤੇ ਸੀ ਪੀ ਆਈ ਵਲੋਂ ਹਲਕਾ ਬੰਗਾ ਤੋਂ ਦੋ ਵਾਰ ਵਿਧਾਨ ਸਭਾ ਚੋਣਾਂ ਵੀ ਲੜੀਆਂ। ਸੀ ਪੀ ਆਈ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ, ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ,ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਚੌਧਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ,ਆਪ ਆਗੂ ਹਰਜੋਤ ਕੌਰ ਲੋਹਟੀਆ, ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਰਾਮ ਸਿੰਘ ਨੂਰਪੁਰੀ,ਸੀ ਪੀ ਆਈ ਐਮ ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਸਿੰਘ ਦੌਲਤਪੁਰ, ਸੀ ਪੀ ਆਈ ਤਹਿਸੀਲ ਦੇ ਸਕੱਤਰ ਪਰਮਿੰਦਰ ਮੇਨਕਾ ਬਲਾਚੌਰ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਅੰਤਿਮ ਸੰਸਕਾਰ ਮੌਕੇ ਕਮਲਜੀਤ ਬੰਗਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਅਵਤਾਰ ਕਲੇਰ, ਗੁਰਮੀਤ ਰਾਮ, ਗੋਗੀ ਸੰਧਵਾਂ,ਜਨਕ ਰਾਜ ਪੰਚ, ਕੁਲਵਿੰਦਰ ਕੁਮਾਰ ਪੰਚ, ਅਵਤਾਰ ਸਿੰਘ ਨੰਬਰਦਾਰ, ਪ੍ਰਿੰਸੀਪਲ ਰੋਸ਼ਨ ਲਾਲ ਸਰਹਾਲਾ ਰਾਣੂਆ,ਚੇਤਨਦੀਪ, ਸੁਰਜੀਤ ਰਾਮ, ਹੰਸ ਰਾਜ ਆਦਿ ਹਾਜ਼ਰ ਸਨ।




CMYK

31-July-PAGE-4.qxd 7/30/2025 11:05 PM Page 1

ਨਵਾਂ ਜ਼ਮਾਨਾ
ਵੀਰਵਾਰ, 31 ਜੁਲਾਈ 2025

# ਕਿੱਥੇ ਗਿਆ ਕਾਲਾ ਧਨ ?

*ਨਰਿੰਦਰ ਮੋਦੀ ਨੇ ਪਹਿਲੀ ਵਾਰ ਸੱਤਾ ਵਿੱਚ ਆਉਣ ਤੋਂ ਪਹਿਲਾਂ ਚੋਣ ਪ੍ਰਚਾਰ ਦੌਰਾਨ ਵਾਅਦਾ ਕੀਤਾ ਸੀ ਕਿ ਉਹ ਸਵਿਸ ਬੈਂਕਾਂ ਵਿੱਚ ਜਮ੍ਹਾਂ ਭਾਰਤੀਆਂ ਦਾ ਕਾਲਾ ਧਨ ਲਿਆ ਕੇ ਹਰ ਭਾਰਤੀ ਦੇ ਖਾਤੇ ਵਿੱਚ 15-15 ਲੱਖ ਰੁਪਏ ਪਾ ਦੇਣਗੇ। ਲੋਕ ਅਜੇ ਤੱਕ 15 ਲੱਖ ਉਡੀਕ ਰਹੇ ਹਨ। ਸੰਸਦ ਵਿੱਚ ਅਕਸਰ ਮੈਂਬਰ ਇਹ ਸਵਾਲ ਉਠਾਉਂਦੇ ਰਹਿੰਦੇ ਹਨ। ਹੁਣ ਵਿੱਤ ਰਾਜ ਮੰਤਰੀ ਪੰਕਜ ਚੌਧਰੀ ਨੇ ਰਾਜ ਸਭਾ ਵਿੱਚ ਸੀ ਪੀ ਆਈ (ਐੱਮ) ਦੇ ਮੈਂਬਰ ਡਾ. ਜੌਹਨ ਬ੍ਰਿਟਸ ਦੇ ਸਵਾਲ ਦੇ ਜਵਾਬ ਵਿੱਚ ਦੱਸਿਆ ਹੈ ਕਿ ਸਵਿਸ ਨੈਸ਼ਨਲ ਬੈਂਕ ਦੇ ਅੰਕੜਿਆਂ 'ਤੇ ਅਧਾਰਤ ਕੁਝ ਮੀਡੀਆ ਰਿਪੋਰਟਾਂ ਵਿੱਚ ਦੱਸਿਆ ਗਿਆ ਹੈ ਕਿ 2024 ਵਿੱਚ ਸਵਿਸ ਬੈਂਕਾਂ ਵਿੱਚ ਭਾਰਤੀਆਂ ਦੀ ਰਕਮ ਪਿਛਲੇ ਸਾਲ ਦੀ ਤੁਲਨਾ ਵਿੱਚ ਵਧੀ ਹੈ। ਮੀਡੀਆ ਰਿਪੋਰਟਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਦੁਨੀਆ ਭਰ ਵਿੱਚ ਸਥਿਤ ਸਵਿਸ ਬੈਂਕਾਂ ਦੀਆਂ ਬਰਾਂਚਾਂ ਵਿੱਚ ਜਮ੍ਹਾਂ ਇਸ ਰਕਮ ਵਿੱਚ ਬੈਂਕਾਂ ਦੀਆਂ ਦੇਣਦਾਰੀਆਂ ਵੀ ਸ਼ਾਮਲ ਹਨ। ਇਸ ਲਈ ਸਾਰੀ ਰਕਮ ਨੂੰ ਜਮ੍ਹਾਂ ਰਕਮ ਨਹੀਂ ਮੰਨ ਲੈਣਾ ਚਾਹੀਦਾ। ਮੰਤਰੀ ਦਾ ਕਹਿਣਾ ਸੀ ਕਿ ਇਸ ਕਰਕੇ ਸਾਰੀ ਰਕਮ ਨੂੰ ਕਾਲਾ ਧਨ ਨਹੀਂ ਮੰਨਿਆ ਜਾ ਸਕਦਾ।*

*ਮੰਤਰੀ ਨੇ ਇਹ ਵੀ ਇੰਕਸ਼ਾਫ ਕੀਤਾ ਹੈ ਕਿ ਕਾਲਾ ਧਨ ਰੋਕੂ ਐਕਟ (ਬੀ ਐੱਮ ਏ) 2015 ਲਾਗੂ ਹੋਣ ਦੇ ਬਾਅਦ 31 ਮਾਰਚ 2025 ਤੱਕ ਵਿਦੇਸ਼ੀ ਬੈਂਕਾਂ ਵਿੱਚ ਜਮ੍ਹਾਂ ਰਕਮ 'ਤੇ 13395 ਕਰੋੜ ਰੁਪਏ ਟੈਕਸ ਤੇ ਜੁਰਮਾਨਾ ਵਸੂਲਿਆ ਜਾਣਾ ਸੀ, ਪਰ 338 ਕਰੋੜ ਰੁਪਏ ਹੀ ਵਸੂਲ ਹੋ ਪਾਏ। ਇਸ ਸੰਬੰਧ ਵਿੱਚ 163 ਸ਼ਿਕਾਇਤਾਂ ਦਰਜ ਕਰਾਈਆਂ ਗਈਆਂ ਹਨ, ਜਿਨ੍ਹਾਂ ਦਾ ਨਿਬੇੜਾ ਹੋਣਾ ਹੈ।*

*ਵਿਦੇਸ਼ੀ ਬੈਂਕਾਂ ਵਿੱਚ ਜਮ੍ਹਾਂ ਕਾਲੇ ਧਨ ਦਾ ਰੌਲਾ ਪਾ ਕੇ ਜਿਹੜੀ ਭਾਜਪਾ ਸੱਤਾ ਵਿੱਚ ਆਈ ਸੀ, ਉਸ ਵੱਲੋਂ ਇਸ ਮੋਰਚੇ 'ਤੇ ਕੀਤੀਆਂ ਗਈਆਂ ਕੋਸ਼ਿਸ਼ਾਂ ਦਾ ਪਤਾ 338 ਕਰੋੜ ਰੁਪਏ ਦੀ ਵਸੂਲੀ ਤੋਂ ਲੱਗ ਜਾਂਦਾ ਹੈ। ਮੋਦੀ ਦੇ ਵਾਅਦੇ ਮੁਤਾਬਕ ਤਾਂ ਇਸ ਹਿਸਾਬ ਨਾਲ ਹਰ ਭਾਰਤੀ ਦੇ ਖਾਤੇ ਵਿੱਚ ਢਾਈ-ਢਾਈ ਰੁਪਏ ਹੀ ਜਮ੍ਹਾਂ ਹੋਣਗੇ। ਕਾਰਪੋਰੇਟੀਆਂ ਤੇ ਸੱਤਾਧਾਰੀਆਂ ਦਾ ਗੱਠਜੋੜ ਇਹੀ ਨਤੀਜਾ ਕੱਢਦਾ ਹੈ। ਆਮ ਭਾਰਤੀ ਦੇ ਪੱਲੇ ਮੋਦੀ ਭਾਵੇਂ ਕੁਝ ਨਾ ਪਾਉਣ, ਪਰ ਜ਼ਮੀਨ ਤੇ ਜੰਗਲ ਕਾਰਪੋਰੇਟੀਆਂ ਦੇ ਹਵਾਲੇ ਕਰਕੇ ਉਨ੍ਹਾਂ ਦੀਆਂ ਤਿਜੌਰੀਆਂ ਕਾਫੀ ਭਰ ਦਿੱਤੀਆਂ ਹਨ। ਸਵਿਸ ਬੈਂਕਾਂ ਵਿੱਚ ਪੈਸੇ ਇਹੀ ਕਾਰਪੋਰੇਟੀ ਜਮ੍ਹਾਂ ਕਰਾਉਂਦੇ ਹਨ। 15 ਲੱਖ ਰੁਪਏ ਦੀ ਉਡੀਕ ਕਰਨ ਵਾਲਿਆਂ ਨੂੰ ਸਮਝ ਪੈ ਜਾਣੀ ਚਾਹੀਦੀ ਹੈ ਕਿ ਲਾਰਿਆਂ ਤੇ ਹਕੀਕਤ ਵਿੱਚ ਕਿੰਨਾ ਫਰਕ ਹੁੰਦਾ ਹੈ।*

## ਸ਼ਹੀਦੀ ਦਿਨ 'ਤੇ ਵਿਸ਼ੇਸ਼

# ਮਹਾਨ ਇਨਕਲਾਬੀ ਸ਼ਹੀਦ ਊਧਮ ਸਿੰਘ

**ਐਡਵੋਕੇਟ ਕੁਲਦੀਪ ਚੰਦ ਦੋਭੇਟਾ**

ਸ਼ਹੀਦ ਊਧਮ ਸਿੰਘ ਦੇ ਪਿਛੋਕੜ ਬਾਰੇ ਮੁਕੰਮਲ ਜਾਣਕਾਰੀ ਨਹੀਂ ਮਿਲਦੀ । ਵੱਖ-ਵੱਖ ਭਾਈਚਾਰਿਆਂ ਦੇ ਲੋਕ ਸ਼ਹੀਦ ਊਧਮ ਸਿੰਘ ਨੂੰ ਆਪਣੇ-ਆਪਣੇ ਭਾਈਚਾਰੇ ਨਾਲ ਜੋੜਨ ਦਾ ਉਪਰਾਲਾ ਕਰਦੇ ਰਹੇ ਹਨ, ਜਦੋਂ ਕਿ ਉਸ ਨੇ ਤਾਂ ਕਤਲ ਕੇਸ ਸਮੇਂ ਅਦਾਲਤ ਵਿੱਚ ਵੀ ਆਪਣਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਰੱਖਿਆ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ 1899 ਨੂੰ ਉਸ ਸਮੇਂ ਦੀ ਪਟਿਆਲਾ ਰਿਆਸਤ ਦੇ ਪਿੰਡ ਸ਼ਾਹਪੁਰ, ਜੋ ਕਿ ਹੁਣ ਸੁਨਾਮ ਸ਼ਹਿਰ ਦਾ ਇੱਕ ਹਿੱਸਾ ਹੈ, ਵਿਖੇ ਇੱਕ ਦਲਿਤ ਪਰਵਾਰ ਵਿੱਚ ਪਿਤਾ ਚੂਹੜ ਰਾਮ ਅਤੇ ਮਾਤਾ ਨਾਰਾਇਣੀ, ਜਿਨ੍ਹਾ ਦੇ ਨਾਂਅ ਅੰਮ੍ਰਿਤ ਛਕਣ ਤੋਂ ਬਾਅਦ ਟਹਿਲ ਸਿੰਘ ਅਤੇ ਹਰਨਾਮ ਕੌਰ ਰੱਖੇ ਗਏ ਸਨ, ਦੇ ਘਰ ਹੋਇਆ। ਆਪ ਦਾ ਬਚਪਨ ਦਾ ਨਾਂਅ ਸ਼ੇਰ ਸਿੰਘ ਅਤੇ ਵੱਡੇ ਭਰਾ ਦਾ ਨਾਂਅ ਸਾਧੂ ਸਿੰਘ ਸੀ। ਆਪ ਦੇ ਪਿਤਾ ਰੇਲਵੇ ਫਾਟਕ 'ਤੇ ਚੌਂਕੀਦਾਰ ਦੀ ਨੌਕਰੀ ਕਰਦੇ ਸਨ। ਤਿੰਨ ਸਾਲ ਦੀ ਉਮਰ ਵਿੱਚ ਹੀ ਸਾਲ 1901 ਵਿੱਚ ਆਪ ਦੇ ਸਿਰ ਤੋਂ ਮਾਂ ਦਾ ਸਾਇਆ ਉੱਠ ਗਿਆ। ਸਾਲ 1907 ਵਿੱਚ ਆਪ ਦੇ ਪਿਤਾ ਦੀਵਾਲੀ ਵੇਖਣ ਆਪਣੇ ਦੋਵੇਂ ਬੱਚਿਆਂ ਨੂੰ ਨਾਲ ਲੈ ਕੇ ਅੰਮ੍ਰਿਤਸਰ ਲਈ ਚੱਲ ਪਏ। ਰਸਤੇ ਵਿੱਚ ਪਿਤਾ ਨੂੰ ਖਤਰਨਾਕ ਬੁਖਾਰ ਹੋ ਗਿਆ ਭਾਈ ਛਾਂਗਾ ਸਿੰਘ ਦਾ ਕੀਰਤਨੀ ਜਥਾ ਉਥੇ ਪਹੁੰਚ ਗਿਆ। ਉਸ ਜਥੇ ਵਿੱਚ ਸ਼ਾਮਲ ਭਾਈ ਚੈਂਚਲ ਸਿੰਘ ਨੇ ਉਨ੍ਹਾ ਨੂੰ ਇਲਾਜ ਲਈ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ, ਜਿੱਥੇ ਅਗਲੇ ਦਿਨ ਪਿਤਾ ਦੀ ਮੌਤ ਹੋ ਗਈ ਅਤੇ ਦੋਵੇਂ ਭਰਾ ਅਨਾਥ ਹੋ ਗਏ। ਉਸ ਸਮੇਂ ਊਧਮ ਸਿੰਘ ਦੀ ਉਮਰ ਲੱਗਭੱਗ 8 ਸਾਲ ਅਤੇ ਵੱਡੇ ਭਰਾ ਸਾਧੂ ਸਿੰਘ ਦੀ ਉਮਰ ਲੱਗਭੱਗ 10 ਸਾਲ ਸੀ। ਇਸ ਤੋਂ ਬਾਅਦ ਦੋਹਾਂ ਭਰਾਵਾਂ ਨੂੰ ਭਾਈ ਚੈਂਚਲ ਸਿੰਘ ਨੇ ਸੈਂਟਰਲ ਯਤੀਮਖਾਨੇ ਪੁਤਲੀਘਰ ਅੰਮ੍ਰਿਤਸਰ ਵਿੱਚ ਦਾਖਲ ਕਰਵਾ ਦਿੱਤਾ, ਜਿੱਥੇ 1913 ਵਿੱਚ ਵੱਡੇ ਭਰਾ ਸਾਧੂ ਸਿੰਘ ਦੀ ਨਿਮੋਨੀਏ ਕਾਰਨ ਮੌਤ ਹੋ ਗਈ ਅਤੇ ਆਪ ਬਿਲਕੁੱਲ ਇਕੱਲੇ ਰਹਿ ਗਏ।

ਸਾਲ 1917 ਵਿੱਚ ਆਪ ਨੇ ਦਸਵੀਂ ਪਾਸ ਕਰ ਲਈ ਅਤੇ ਉਸ ਤੋਂ ਬਾਅਦ ਆਪ ਦਾ ਮਾਮਾ ਜੀਵਾ ਆਪ ਨੂੰ ਸੁਨਾਮ ਲੈ ਗਿਆ ਤੇ ਖੇਤੀ ਦੇ ਕੰਮ ਵਿੱਚ ਲਾ ਦਿੱਤਾ, ਪਰ ਊਧਮ ਸਿੰਘ ਸੁਨਾਮ ਛੱਡ ਕੇ ਫਿਰ ਅੰਮ੍ਰਿਤਸਰ ਯਤੀਮਖਾਨੇ ਪਹੁੰਚ ਗਿਆ। ਉਸ ਸਮੇਂ ਪਹਿਲਾ ਸੰਸਾਰ ਯੁੱਧ ਚੱਲ ਰਿਹਾ ਸੀ ਅਤੇ ਉਹ ਫ਼ੌਜ ਵਿੱਚ ਭਰਤੀ ਹੋ ਗਿਆ ਤੇ ਮੁੰਬਈ ਤੋਂ ਬਸਰਾ ਪਹੁੰਚ ਗਿਆ, ਪ੍ਰੰਤੂ 06 ਮਹੀਨੇ ਪਿੱਛੋਂ ਹੀ ਅੰਮ੍ਰਿਤਸਰ ਵਾਪਸ ਆ ਗਿਆ। 13 ਅਪ੍ਰੈਲ 1919 ਨੂੰ ਵਾਪਰੇ ਜਲ੍ਹਿਆਂਵਾਲੇ ਬਾਗ ਦੇ ਸਾਕੇ ਸਮੇਂ ਆਪ ਅੰਮ੍ਰਿਤਸਰ ਚੀਫ ਖਾਲਸਾ ਦੀਵਾਨ ਦੇ ਯਤੀਮਖਾਨੇ ਵਿੱਚ ਹੀ ਸੀ ਅਤੇ ਜਲਸੇ ਵਿੱਚ ਸ਼ਾਮਲ ਲੋਕਾਂ ਨੂੰ ਪਾਣੀ ਪਿਲਾਉਣ ਵਾਲੇ ਵਲੰਟੀਅਰਾਂ ਵਿੱਚ ਸ਼ਾਮਿਲ ਸੀ । ਜਦੋਂ ਜਨਰਲ ਡਾਇਰ ਨੇ ਗੋਲੀਆਂ ਚਲਾ ਕੇ ਕਹਿਰ ਵਰਤਾਇਆ ਤਾਂ ਬਾਅਦ ਵਿੱਚ ਮ੍ਰਿਤਕਾਂ ਦੀਆਂ ਲਾਸ਼ਾਂ ਲੱਭਣ ਵਿੱਚ ਵੀ ਸਹਾਇਤਾ ਕਰਦਾ ਰਿਹਾ। 30 ਮਈ 1919 ਨੂੰ ਇਸ ਗੋਲੀ ਕਾਂਡ ਦਾ ਹੁਕਮ ਦੇਣ ਵਾਲੇ ਲੈਫਟੀਨੈਂਟ ਗਵਰਨਰ ਸਰ ਮਾਇਕਲ ਉਡਵਾਇਰ ਨੂੰ ਲੰਡਨ ਵਾਪਸ ਬੁਲਾ ਲਿਆ ਗਿਆ ਅਤੇ ਪੰਜਾਬ ਵਿੱਚ ਨਿਭਾਈਆਂ ਸੇਵਾਵਾਂ ਬਦਲੇ 20 ਹਜ਼ਾਰ ਪੌਂਡ ਇਨਾਮ ਵਜੋਂ ਦਿੱਤੇ ਗਏ, ਜਿਸ ਕਾਰਨ ਊਧਮ ਸਿੰਘ ਦਾ ਗੁੱਸਾ ਹੋਰ ਵਧ ਗਿਆ ਅਤੇ ਬਦਲਾ ਲੈਣ ਦੀ ਚੰਗਿਆੜੀ ਅੱਗ ਦਾ ਭਾਂਬੜ ਬਣ ਗਈ। ਅਗਲੇ 21 ਸਾਲ ਉਸ ਨੇ ਬਦਲਾ ਪੂਰਾ ਕਰਨ ਲਈ ਹੀ ਲਾਏ। ਉਸ ਨੇ ਯਤੀਮਖਾਨਾ ਛੱਡ ਕੇ ਚਾਰਹਾਟ ਦੀਆਂ ਪਹਾੜੀਆਂ 'ਤੇ ਜਾ ਕੇ 40 ਰੁਪਏ ਮਹੀਨੇ 'ਤੇ 8 ਨੰਬਰੀ ਕੰਪਨੀ ਵਿੱਚ ਨੌਕਰੀ ਕੀਤੀ। ਅਫਰੀਕਾ ਦੇ ਦੇਸ਼ ਯੁਗਾਂਡਾ ਵਿੱਚ ਰੇਲਵੇ ਵਰਕਸ਼ਾਪ ਵਿੱਚ ਨੌਕਰੀ ਕੀਤੀ ਅਤੇ ਦੋ ਸਾਲ ਬਾਦ ਅੰਮ੍ਰਿਤਸਰ ਆ ਗਿਆ ਅਤੇ ਫਿਰ ਲੰਡਨ, ਮੈਕਸੀਕੋ ਆਦਿ ਹੁੰਦਾ ਹੋਇਆ ਯੂ ਐਸ ਏ ਚਲਾ ਗਿਆ। ਉਹ ਮੈਕਸੀਕੋ ਤੋਂ 2 ਫਰਵਰੀ 1922 ਨੂੰ ਕੈਲੀਫੋਰਨੀਆਂ ਪਹੁੰਚਿਆ, ਜਿੱਥੇ ਗਦਰੀ ਦੇਸ਼ ਭਗਤਾਂ ਨਾਲ ਸੰਪਰਕ ਹੋਇਆ। ਨਿਊਯਾਰਕ ਰਹਿਣ ਸਮੇਂ ਫਰਾਂਸ, ਬੈਲਜੀਅਮ, ਜਰਮਨੀ, ਹੰਗਰੀ, ਸਵਿਟਜ਼ਰਲੈਂਡ ਤੇ ਇਟਲੀ ਦੀ ਯਾਤਰਾ ਕੀਤੀ ਤੇ ਫਿਰ ਅਮਰੀਕਾ ਚਲਾ ਗਿਆ। ਉਥੇ ਉਹ ਆਸਟਰੇਲੀਆ ਜਾਣ ਵਾਲੇ ਜਹਾਜ਼ ਵਿੱਚ ਚੜ੍ਹ ਕੇ ਕਲਕੱਤਾ ਜਾ ਉਤਰਿਆ ਤੇ ਉਥੋਂ ਪੰਜਾਬ ਪਹੁੰਚਿਆ ਅਤੇ ਅੰਮ੍ਰਿਤਸਰ ਵਿੱਚ ਰਹਿਣ ਲੱਗ ਪਿਆ। ਉਸ ਦਾ ਮਕਾਨ ਦੇਸ ਭਗਤ ਕ੍ਰਾਂਤੀਕਾਰੀਆਂ ਦਾ ਟਿਕਾਣਾ ਬਣ ਗਿਆ। 30 ਅਗਸਤ 1927 ਨੂੰ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਸ ਕੋਲੋਂ ਹਥਿਆਰ, ਗੋਲਾ-ਬਾਰੂਦ ਅਤੇ ਗ਼ਦਰ ਪਾਰਟੀ ਦੇ ਪਾਬੰਦੀਸ਼ੁਦਾ ਅਖ਼ਬਾਰ ਦੀਆਂ ਕਾਪੀਆਂ ਜ਼ਬਤ ਕੀਤੀਆਂ ਗਈਆਂ, ਜਿਸ ਕਾਰਨ ਉਸ ਨੂੰ ਪੰਜ ਸਾਲ ਦੀ ਕੈਦ ਹੋਈ। ਉਹ 4 ਸਾਲ 01 ਮਹੀਨਾ 20 ਦਿਨ ਜੇਲ੍ਹ ਵਿੱਚ ਰਹਿ ਕੇ 20 ਅਕਤੂਬਰ 1931 ਨੂੰ ਰਿਹਾ ਹੋਇਆ। ਇਸ ਦੌਰਾਨ ਹੀ 1929 ਵਿੱਚ ਭਗਤ ਸਿੰਘ ਨਾਲ ਮੁਲਾਕਾਤ ਹੋਈ, ਜਿਸ ਨੇ ਉਸ ਵੇਲੇ ਅੰਗਰੇਜ਼ ਸਰਕਾਰ ਵਿਰੁੱਧ ਕੇਂਦਰੀ ਜੇਲ੍ਹ ਲਾਹੌਰ ਵਿੱਚ ਭੁੱਖ ਹੜਤਾਲ ਰੱਖੀ ਹੋਈ ਸੀ। ਜਦੋਂ 23 ਮਾਰਚ 1931 ਨੂੰ ਭਗਤ ਸਿੰਘ ਨੂੰ ਫਾਂਸੀ ਦਿੱਤੀ ਗਈ ਤਾਂ ਉਹ ਵੀ ਜੇਲ੍ਹ ਵਿੱਚ ਹੀ ਸੀ। ਉਹ ਇਨਕਲਾਬੀ ਰਾਜਨੀਤੀ ਵਿੱਚ ਸ਼ਾਮਲ ਸੀ ਅਤੇ ਸ਼ਹੀਦ ਭਗਤ ਸਿੰਘ ਤੋਂ ਪ੍ਰਭਾਵਤ ਸੀ। ਸਾਲ 1931 ਵਿੱਚ ਆਪਣੀ ਸਜ਼ਾ ਪੂਰੀ ਕਰਕੇ ਉਹ ਸੁਨਾਮ ਜਾ ਕੇ ਰਹਿਣ ਲੱਗਾ, ਜਿੱਥੇ ਪੁਲਸ ਦੁਆਰਾ ਤੰਗ-ਪ੍ਰੇਸ਼ਾਨ ਕੀਤਾ ਜਾਣ ਲੱਗਾ ਅਤੇ ਦੁਬਾਰਾ ਅੰਮ੍ਰਿਤਸਰ ਆ ਕੇ ਰਹਿਣ ਲੱਗਾ, ਜਿੱਥੇ ਉਸ ਨੇ ਪੇਂਟਰ ਦੀ ਦੁਕਾਨ ਖੋਲ੍ਹੀ ਅਤੇ ਦੁਕਾਨ ਦਾ ਨਾਂਅ 'ਰਾਮ ਮੁਹੰਮਦ ਸਿੰਘ ਆਜ਼ਾਦ' ਰੱਖਿਆ, ਜੋ ਉਸ ਦੀ ਧਰਮ-ਨਿਰਪੱਖ ਅਤੇ ਅਗਾਂਹਵਧੂ ਸੋਚ ਦਾ ਪ੍ਰਤੀਕ ਸੀ। 1934 ਵਿੱਚ ਲੰਡਨ ਪਹੁੰਚ ਗਿਆ। ਲੰਡਨ ਪੁੱਜ ਕੇ



ਇੰਜੀਨੀਅਰਿੰਗ ਦਾ ਕੋਰਸ ਕਰਕੇ ਉੱਥੇ ਹੀ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਉਹ ਹਿੰਦੋਸਤਾਨੀ ਮਜ਼ਦੂਰਾਂ ਦੀ ਇੰਗਲੈਂਡ ਵਿਚ ਪਹਿਲੀ ਜਥੇਬੰਦੀ ਦਾ ਪਿਤਾਮਾ ਸੀ। ਉਥੇ ਉਸ ਨੇ ਇੱਕ ਕਾਰ ਅਤੇ ਰਿਵਾਲਵਰ ਖਰੀਦੇ ਅਤੇ ਕਿਤਾਬ ਨੂੰ ਕੱਟ ਕੇ ਉਸ ਵਿੱਚ ਰਿਵਾਲਵਰ ਲੁਕਾ ਲਿਆ। ਆਖਰਕਾਰ 13 ਮਾਰਚ 1940 ਨੂੰ ਉਹ ਦਿਨ ਆ ਗਿਆ, ਜਿਸ ਦੀ ਉਹ ਉਡੀਕ ਕਰ ਰਿਹਾ ਸੀ। ਸ਼ਾਮ ਦੇ ਲੱਗਭੱਗ 4.30 ਵਜੇ ਈਸਟ ਐਸੋਸੀਏਸ਼ਨ ਅਤੇ ਸੈਂਟਰਲ ਏਸ਼ੀਅਨ ਸੁਸਾਇਟੀ ਦੀ 10 ਕੈਕਸਟਨ ਹਾਲ ਲੰਡਨ ਵਿਖੇ ਮੀਟਿੰਗ ਹੋ ਰਹੀ ਸੀ, ਜਿਸ ਵਿੱਚ ਉਹ ਭੇਸ ਬਦਲ ਕੇ ਆਪਣੇ ਨਾਲ ਰਿਵਾਲਵਰ ਲਿਜਾਣ ਵਿੱਚ ਸਫਲ ਹੋਇਆ। ਇਸ ਮੀਟਿੰਗ ਵਿੱਚ ਸਰ ਮਾਇਕਲ ਉਡਵਾਇਰ ਸਾਬਕਾ ਲੈਫਟੀਨੈਂਟ ਗਵਰਨਰ ਪੰਜਾਬ, ਲਾਰਡ ਜੈਟਲੈਂਡ, ਲਾਰਡ ਲਮਿੰਗਟਨ ਅਤੇ ਹੋਰ ਕਈ ਅੰਗਰੇਜ਼ ਅਫਸਰ ਅਤੇ ਅਧਿਕਾਰੀ ਹਾਜ਼ਰ ਸਨ। ਜਦੋਂ ਸਰ ਮਾਈਕਲ ਉਡਵਾਇਰ ਜੋ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੌਰਾਨ ਪੰਜਾਬ ਦਾ ਗਵਰਨਰ ਸੀ, ਮੀਟਿੰਗ ਨੂੰ ਸੰਬੋਧਨ ਕਰਨ ਲੱਗਾ ਤਾਂ ਉਸ ਨੇ ਆਪਣੇ ਰਿਵਾਲਵਰ ਵਿਚਲੀਆਂ ਛੇ ਗੋਲੀਆਂ ਉਸ ਦੇ ਮਾਰੀਆਂ ਅਤੇ ਸਰ ਮਾਈਕਲ ਉਡਵਾਇਰ ਜ਼ਮੀਨ 'ਤੇ ਡਿੱਗ ਪਿਆ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਲਾਰਡ ਜੈਟਲੈਂਡ, ਜੋ ਕਿ ਭਾਰਤ ਦਾ ਸੈਕਟਰੀ ਸੀ, ਗੋਲੀਆਂ ਲੱਗਣ ਨਾਲ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਇਸ ਤੋਂ ਬਾਅਦ ਊਧਮ ਸਿੰਘ ਮੌਕੇ 'ਤੇ ਹੀ ਗ੍ਰਿਫਤਾਰ ਹੋ ਗਿਆ ਅਤੇ ਕਿਹਾ ਕਿ ਉਸ ਨੇ ਆਪਣਾ ਫਰਜ਼ ਨਿਭਾਇਆ ਹੈ, ਜਿਸ ਲਈ ਉਸ ਨੂੰ ਲੱਗਭੱਗ 20 ਸਾਲ 11 ਮਹੀਨੇ ਤੱਕ ਉਡੀਕ ਕਰਨੀ ਪਈ। ਜਦੋਂ ਉਸ ਕੋਲੋਂ ਉਸ ਦਾ ਨਾਂਅ ਪੁੱਛਿਆ ਗਿਆ ਤਾਂ ਉਸ ਨੇ ਆਪਣਾ ਨਾਂਅ 'ਰਾਮ ਮੁਹੰਮਦ ਸਿੰਘ ਆਜ਼ਾਦ' ਦੱਸਿਆ। ਇਸ ਘਟਨਾ ਨੂੰ ਵਿਸ਼ਵ ਪੱਧਰ ਦੀਆਂ ਅਖਬਾਰਾਂ ਵਿੱਚ ਪ੍ਰਕਾਸ਼ਤ ਕੀਤਾ ਗਿਆ। ਲੰਡਨ ਤੋਂ ਪ੍ਰਕਾਸ਼ਤ ਅਖਬਾਰ 'ਦੀ ਟਾਈਮਜ਼ ਆਫ ਲੰਡਨ' ਵਿੱਚ ਊਧਮ ਸਿੰਘ ਨੂੰ 'ਆਜ਼ਾਦੀ ਦਾ ਲੜਾਕਾ' ਅਤੇ ਉਸ ਦੇ ਕਾਰਨਾਮੇ ਨੂੰ 'ਗੁਲਾਮ ਭਾਰਤੀਆਂ ਦੇ ਦੱਬੇ ਗੁੱਸੇ ਦਾ ਇਜ਼ਹਾਰ' ਕਿਹਾ ਗਿਆ। ਉਸ ਨੂੰ 01 ਅਪ੍ਰੈਲ 1940 ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਮਾਈਕਲ ਉਡਵਾਇਰ ਦੇ ਕਤਲ ਲਈ ਦੋਸ਼ੀ ਠਹਿਰਾਇਆ ਗਿਆ। ਜੇਲ੍ਹ ਵਿੱਚ ਮੁਕੱਦਮੇ ਦੀ ਉਡੀਕ ਵਿੱਚ ਉਸ ਨੇ ਭੁੱਖ ਹੜਤਾਲ ਕੀਤੀ, ਜੋ ਕਿ ਜੇਲ੍ਹ ਅਧਿਕਾਰੀਆਂ ਦੁਆਰਾ ਜ਼ਬਰਦਸਤੀ ਖਾਣਾ ਖੁਆਏ ਜਾਣ ਤੋਂ ਬਾਅਦ 42ਵੇਂ ਦਿਨ ਤੋੜ ਦਿੱਤੀ ਗਈ। 04 ਜੂਨ 1940 ਨੂੰ ਸੈਂਟਰਲ ਕ੍ਰਿਮੀਨਲ ਕੋਰਟ ਓਲਡ ਬੈਲੇ ਵਿੱਚ ਜਸਟਿਸ ਐਟਕਨਸਨ ਦੇ ਸਾਹਮਣੇ ਉਸ ਨੇ ਆਪਣੇ ਜੁਰਮ ਦਾ ਇਕਬਾਲ ਕੀਤਾ ਅਤੇ ਉਸ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਗਈ। ਅੱਜ ਦੇ ਦਿਨ 31 ਜੁਲਾਈ 1940 ਨੂੰ ਊਧਮ ਸਿੰਘ ਨੂੰ ਪੈਟੋਨਵਿਲੇ ਜੇਲ੍ਹ ਲੰਡਨ ਵਿੱਚ ਫਾਂਸੀ ਦੇ ਦਿੱਤੀ ਗਈ ਅਤੇ ਉਸ ਦੀ ਮ੍ਰਿਤਕ ਦੇਹ ਨੂੰ ਜ਼ੇਲ੍ਹ ਦੇ ਅੰਦਰ ਹੀ ਦਬਾ ਦਿੱਤਾ ਗਿਆ। ਪੰਜਾਬ ਦੇ ਸਵਰਗੀ ਮੁੱਖ ਮੰਤਰੀ ਗਿਆਨੀ ਜੇਲ ਸਿੰਘ ਦੇ ਯਤਨਾਂ ਸਦਕਾ 31 ਜੁਲਾਈ 1974 ਨੂੰ ਇੰਗਲੈਂਡ ਨੇ ਊਧਮ ਸਿੰਘ ਦੀਆਂ ਅਸਥੀਆਂ ਭਾਰਤ ਨੂੰ ਸੌਂਪੀਆਂ ਅਤੇ ਇਹ ਅਸਥੀਆਂ ਪੰਜਾਬ ਵਿੱਚ ਲਿਆ ਕੇ ਪਿੰਡ ਸੁਨਾਮ ਵਿੱਚ ਪੂਰੇ ਸਨਮਾਨ ਨਾਲ ਸੰਸਕਾਰ ਕੀਤਾ ਗਿਆ। ਉਸ ਦੀਆਂ ਅਸਥੀਆਂ ਨੂੰ ਸਤਲੁਜ ਦਰਿਆ ਵਿੱਚ ਵਹਾਇਆ ਗਿਆ ਅਤੇ ਕੁਝ ਅਸਥੀਆਂ ਜਲ੍ਹਿਆਂਵਾਲਾ ਬਾਗ ਵਿੱਚ ਇੱਕ ਸੀਲਬੰਦ ਕਲਸ਼ ਵਿੱਚ ਰੱਖੀਆਂ ਗਈਆਂ ਹਨ। ਸਰਕਾਰ ਵੱਲੋਂ ਸ਼ਹੀਦ ਊਧਮ ਸਿੰਘ ਦੀ ਯਾਦ ਵਿੱਚ ਉਨ੍ਹਾ ਦੇ ਨਾਂਅ 'ਤੇ ਕਈ ਨਗਰ, ਹਸਪਤਾਲ, ਲਾਇਬਰੇਰੀ ਅਤੇ ਵਿੱਦਿਅਕ ਅਦਾਰੇ ਬਣਾਏ ਗਏ ਹਨ। ਆਪ ਦੇ ਜੱਦੀ ਸ਼ਹਿਰ ਸੁਨਾਮ ਦਾ ਸਰਕਾਰੀ ਨਾਂਅ ਬਦਲ ਕੇ 'ਸੁਨਾਮ ਊਧਮ ਸਿੰਘ ਵਾਲਾ' ਰੱਖਿਆ ਗਿਆ ਹੈ ਅਤੇ ਘਰ ਨੂੰ ਅਜਾਇਬ ਘਰ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ, ਜਿਸ ਵਿੱਚ ਆਪ ਨਾਲ ਸਬੰਧਤ ਵਸਤੂਆਂ ਪ੍ਰਦਰਸ਼ਤ ਕੀਤੀਆਂ ਗਈਆਂ ਹਨ। ਆਪ ਨੂੰ ਸਮਰਪਿਤ ਇੱਕ ਚੈਰਿਟੀ ਸੰਸਥਾ ਬਰਮਿੰਘਮ ਵਿੱਚ ਕੰਮ ਕਰਦੀ ਹੈ। ਡਾਕ ਵਿਭਾਗ ਵਲੋਂ ਆਪ ਦੇ ਨਾਂਅ 'ਤੇ ਡਾਕ ਟਿਕਟ ਜਾਰੀ ਕੀਤਾ ਗਿਆ ਹੈ। ਹਰ ਸਾਲ 31 ਜੁਲਾਈ ਨੂੰ ਸਰਕਾਰਾਂ ਅਤੇ ਵੱਖ-ਵੱਖ ਸੰਸਥਾਵਾਂ ਵੱਲੋਂ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਹੈ। ਆਪ ਦੀ ਕੁਰਬਾਨੀ ਉੱਤੇ ਸਾਰੇ ਦੇਸ਼ਵਾਸੀ ਮਾਣ ਮਹਿਸੂਸ ਕਰਦੇ ਹਨ ਅਤੇ ਆਪ ਦੀ ਕੁਰਬਾਨੀ ਲੋਕਾਂ ਨੂੰ ਦੇਸ਼ ਪਿਆਰ ਅਤੇ ਦੇਸ਼ ਲਈ ਕੁਰਬਾਨ ਹੋਣ ਦੀ ਸਦਾ ਹੀ ਪ੍ਰੇਰਨਾ ਦਿੰਦੀ ਰਹੇਗੀ।

**# ਸੰਪਰਕ : 94175-63054**

# ਸ਼ਾਦੀ ਰਜਿਸਟ੍ਰੇਸ਼ਨ ਕਰਾਉਣੀ ਹੋਈ ਸੌਖੀ

**ਮੇਜਰ ਸਿੰਘ ਨਾਭਾ**


ਬੱਚਿਆਂ ਲਈ ਜੋ ਵੀ ਅਸੀਂ ਕਰ ਸਕਦੇ ਹਾਂ, ਉਹ ਕਰ ਦੇਣਾ ਚਾਹੀਦਾ ਹੈ, ਕਿਉਂ ਕਿ ਪਤਾ ਨਹੀਂ ਕਿਸ ਸਮੇਂ ਕੋਈ ਬਣਾਇਆ ਦਸਤਾਵੇਜ਼ ਕਦੋਂ ਕੰਮ ਆ ਜਾਵੇ । ਮੇਰੇ ਗੁਆਂਢ ਵਿੱਚ ਰਹਿੰਦੇ ਮੇਰੇ ਦੋਸਤ ਸੁਖਚੈਨ ਸਿੰਘ ਢੀਂਡਸਾ ਨੇ ਬੇਟੀ ਦੇ ਵਿਆਹ ਦੀ ਰਜਿਸਟ੍ਰੇਸ਼ਨ ਕਰਾਉਣ ਲਈ ਮੈਨੂੰ ਗਵਾਹੀ ਪਾਉਣ ਬਾਰੇ ਫੋਨ 'ਤੇ ਦੱਸਿਆ ਅਤੇ ਆਧਾਰ ਕਾਰਡ ਦੀ ਕਾਪੀ ਭੇਜਣ ਲਈ ਕਿਹਾ। ਮੈਂ ਆਧਾਰ ਕਾਰਡ ਦੀ ਕਾਪੀ ਵਟਸਐੱਪ 'ਤੇ ਭੇਜ ਦਿੱਤੀ ।

ਉਸ ਨੇ ਕੇਫੈ ਤੋਂ ਫਾਈਲ ਤਿਆਰ ਕਰਵਾ ਕੇ ਸੋਮਵਾਰ ਸਵੇਰੇ 11ਵਜੇ ਦਾ ਸਮਾਂ ਲੈ ਲਿਆ ਹੋਇਆ ਸੀ । ਵਿਆਹ ਦੀ ਰਜਿਸਟ੍ਰੇਸ਼ਨ ਦਾ ਕੰਮ ਉਸ ਦੇ ਘਰ ਹੀ ਹੋਣਾ ਸੀ । ਦੋਸਤ ਨੇ ਦੱਸਿਆ ਕਿ ਹੁਣ ਤਾਂ ਘਰ ਹੀ ਆਨ ਲਾਈਨ ਮੈਰਿਜ ਰਜਿਸਟ੍ਰੇਸ਼ਨ ਹੋ ਜਾਂਦੀ ਹੈ। ਉਨ੍ਹਾਂ ਨੂੰ ਵੀ ਅਸਲ ਸਥਿਤੀ ਦਾ ਪੂਰਾ ਪਤਾ ਨਹੀਂ ਸੀ, ਇਸ ਕਰਕੇ ਉਨ੍ਹਾਂ ਕੈਫੇ ਰਾਹੀਂ ਇਹ ਕੰਮ ਕਰਾਉਣ ਨੂੰ ਠੀਕ ਸਮਝਿਆ। ਮੈਂ ਉਨ੍ਹਾਂ ਦੇ ਘਰ ਜਾ ਸਾਰਾ ਪ੍ਰੋਸੈਸ ਸਮਝ ਲਿਆ, ਪਰ ਮੈਨੂੰ ਅਸਲ ਗੱਲ ਦਾ ਅਜੇ ਪਤਾ ਨਹੀਂ ਸੀ ਕਿ ਨਾਲ ਆਇਆ ਲੜਕਾ ਸ਼ਾਇਦ ਉਸ ਕੈਫੇ ਵਾਲੇ ਦੀ ਮਦਦ ਲਈ ਆਇਆ ਹੋਵੇ। ਬਾਅਦ 'ਚ ਪਤਾ ਲੱਗਾ ਕਿ ਉਹ ਤਾਂ ਦੋਸਤ ਵੱਲੋਂ ਅਪਾਇੰਟਮੈਂਟ ਲੈਣ ਕਾਰਨ ਸਰਕਾਰ ਦੀ ਈ-ਡੋਰ ਸਰਵਿਸ ਤਹਿਤ ਸੁਵਿਧਾ ਕੇਂਦਰ ਵਲੋਂ ਆਇਆ ਸੀ। ਮੈਨੂੰ ਵੀ ਇਹ ਕੰਮ ਸੌਖਾ ਲੱਗਿਆ। ਮੈਂ ਵੀ ਬੇਟੀ ਦੇ ਵਿਆਹ ਦੀ ਰਜਿਸਟ੍ਰੇਸ਼ਨ ਕਰਾਉਣ ਦਾ ਮਨ ਬਣਾ ਲਿਆ । ਮੈਨੂੰ ਪਹਿਲਾਂ ਇਹ ਕੰਮ ਗੁੰਝਲਦਾਰ ਲੱਗਦਾ ਸੀ। ਮੇਰੀ ਬੇਟੀ ਨੇ ਵੀ ਮੈਨੂੰ ਇੱਕ ਵਾਰ ਉਨ੍ਹਾ ਦੇ ਵਿਆਹ ਦੀ ਰਜਿਸਟ੍ਰੇਸ਼ਨ ਕਰਾਉਣ ਦੀ ਗੱਲ ਕੀਤੀ ਸੀ, ਪਰ ਤਹਿਸੀਲ ਜਾ ਕੇ ਗਵਾਹਾਂ ਆਦਿ ਅਤੇ 300 ਕਿ:ਮੀ: ਤੋਂ ਲੜਕੇ ਅਤੇ ਉਸ ਦੇ ਮਾਪਿਆਂ ਦਾ ਆਉਣ ਦੇ ਪ੍ਰੋਗਰਾਮ ਨੂੰ ਅੰਤਮ ਛੂਹ ਨਾ ਦੇ ਸਕੇ । ਸਮਾਂ ਲੰਘਦਾ ਗਿਆ । ਵਿਆਹ ਨੂੰ ਤਿੰਨ ਸਾਲ ਤੋਂ ਉੱਪਰ ਹੋ ਗਏ , ਹੁਣ ਵਾਧੂ ਪੈਨਲਟੀ ਵੀ ਲੱਗਣੀ ਸੀ। ਤਹਿਸੀਲ 'ਚੋਂ ਜਾ ਕੇ ਫਾਈਲ ਬਣਵਾਉਣ ਦੀ ਘੌਲ ਹੀ ਰਹੀ, ਥੋੜ੍ਹੇ ਦਿਨਾਂ ਬਾਅਦ ਮੈਂ ਕੈਫੇ ਵਾਲੇ ਲੜਕੇ ਤੋਂ ਲੋੜੀਂਦੇ ਦਸਤਾਵੇਜ਼ ਪੁੱਛ ਕੇ ਉਸ ਨੂੰ ਫਾਈਲ ਤਿਆਰ ਕਰਨ ਲਈ ਕਹਿ ਦਿੱਤਾ। ਸਾਰੇ ਡਾਕੂਮੈਂਟਸ ਮੈਂ ਉਸ ਨੂੰ ਭੇਜ ਦਿੱਤੇ ਤੇ ਉਸ ਨੇ ਪੀ ਡੀ ਐਫ ਫਾਈਲ ਬਣਾ ਮੈਨੂੰ ਭੇਜ ਦਿੱਤੀ ਅਤੇ ਹਲਫੀਆ ਬਿਆਨ ਟਾਈਪ ਕਰਕੇ ਦੇ ਦਿੱਤਾ । ਮੈਂ ਲੇਟ ਫੀਸ ਸਮੇਤ ਬਣਦੇ 3500 ਰੁਪਏ ਦੇ ਅਸ਼ਟਾਮ ਖਰੀਦ ਲਏ ਅਤੇ ਇੱਕ 50 ਰੁਪਏ ਦਾ ਅਸ਼ਟਾਮ ਲੈ ਲਿਆ । ਮੇਰੇ ਮਨ 'ਚ ਸੀ ਕਿ ਕੈਫੇ ਵਾਲਾ ਵੱਧ ਤੋਂ ਵੱਧ ਹਜ਼ਾਰ ਰੁਪਏ ਲੈ ਲਵੇਗਾ, ਪਰ ਜਦ ਉਸ ਨੇ ਮੈਨੂੰ ਕਿਹਾ 'ਫੀਸ ਦਾ ਪਤਾ ਤੁਹਾਨੂੰ' ਮੈਂ ਨਾਂਹ 'ਚ ਜਵਾਬ ਦੇ ਦਿੱਤਾ । ਉਸ ਨੇ ਦੱਸਿਆ ਕਿ ਬਾਰਾਂ ਹਜ਼ਾਰ ਹੈ, ਜਿਸ 'ਚੋਂ ਅਸ਼ਟਾਮਾਂ ਦੇ ਪੈਸੇ ਘਟਾ ਲੈਣਾ। ਇਸ ਤਰ੍ਹਾਂ ਬਾਕੀ ਛੇ ਹਜ਼ਾਰ ਦੇ ਕਰੀਬ ਦੇਣਾ ਬਣਦਾ ਸੀ । ਮੈਨੂੰ ਕੁਝ ਜ਼ਿਆਦਾ ਲੱਗਿਆ। ਮੈਂ ਆਪਣੇ ਦੋਸਤ ਅਮਰੀਕ ਸਿੰਘ, ਜਿਸ ਦਾ ਭਰਾ ਇਹੋ ਕੰਮ ਕਰਦਾ ਹੈ, ਉਸ ਨੂੰ ਫਾਈਲ ਤਿਆਰ ਕਰਨ ਦੇ ਜੋ ਪੈਸੇ ਲੱਗਦੇ ਨੇ ,ਪਤਾ ਕਰਕੇ ਦੱਸਣ ਲਈ ਕਿਹਾ ਤਾਂ ਉਸ ਨੇ ਪਤਾ ਕਰ ਲਗਭਗ ਹਜ਼ਾਰ ਰੁਪਏ ਦਾ ਕੰਮ ਦੱਸਿਆ । ਬਾਕੀ ਮੈਂ ਸਾਈਟ 'ਤੇ ਸਰਚ ਮਾਰ ਕੇ ਫੀਸਾਂ ਬਾਰੇ ਜਾਣ ਗਿਆ ਸੀ । ਅਚਾਨਕ ਇਸ ਮਾਮਲੇ 'ਚ ਮੇਰਾ ਇੱਕ ਲੈਕਚਰਾਰ ਦੋਸਤ, ਜਿਸ ਨੇ ਉਸੇ ਕੈਫੇ ਤੋਂ ਆਪਣੀ ਬੇਟੀ ਦੇ ਵਿਆਹ ਦੀ ਰਜਿਸਟ੍ਰੇਸ਼ਨ ਕਰਵਾਈ ਸੀ, ਉਹ ਮਿਲ ਗਿਆ ਤਾਂ ਉਸ ਨੇ ਮੈਨੂੰ ਸਾਰੀ ਕਹਾਣੀ ਦੱਸ ਦਿਤੀ ਕਿ ਉਹ ਤਾਂ ਫਸ ਹੀ ਗਿਆ ਸੀ, ਤੁਸੀਂ ਸਿੱਧੇ 1076 ਨੰਬਰ ਤੋਂ ਫੋਨ ਕਰਕੇ ਅਪਾਇੰਟਮੈਂਟ ਲੈ ਲਵੋ, ਆਪਣੇ ਆਪ ਹੀ ਸਵਿਧਾ ਕੇਂਦਰ ਤੋਂ ਕਰਮਚਾਰੀ ਘਰ ਆ ਕੇ ਰਜਿਸਟ੍ਰੇਸ਼ਨ ਕਰ ਜਾਵੇਗਾ। ਫਿਰ ਮੈਨੂੰ ਪਤਾ ਲੱਗਾ ਕਿ ਉਹ ਲੜਕਾ ਤਾਂ ਦੋਸਤ ਵੱਲੋਂ ਅਪਾਇੰਟਮੈਂਟ ਲੈਣ ਕਾਰਨ ਸਰਕਾਰ ਦੀ ਈ-ਡੋਰ ਸਰਵਿਸ ਤਹਿਤ ਸੁਵਿਧਾ ਕੇਂਦਰ ਵੱਲੋਂ ਆਇਆ ਸੀ । ਮੇਰੇ ਮਨ ਨੂੰ ਗੱਲ ਜਚ ਗਈ, ਮੈਂ ਕੈਫੇ ਵਾਲੇ ਲੜਕੇ ਨੂੰ ਉਸ ਦੀ ਟਾਈਪ ਕੀਤੇ ਕੰਮ ਦੇ ਪੈਸੇ ਪੁੱਛ ਕੇ ਉਸ ਪੇਮੈਂਟ ਕਰ ਦਿੱਤੀ । ਮੈਂ ਬੱਚਿਆਂ ਨਾਲ ਮਸ਼ਵਰਾ ਕਰ ਕੇ ਰਜਿਸਟ੍ਰੇਸ਼ਨ ਦਾ ਦਿਨ ਮੁਕੱਰਰ ਕਰ 1076 ਨੰਬਰ 'ਤੇ ਡਾਇਲ ਕਰ ਅਪਾਇੰਟਮੈਂਟ ਲੈ ਲਈ । ਫੋਨ 'ਤੇ ਗੱਲ ਕਰ ਰਹੀ ਲੜਕੀ ਨੇ ਸਾਰਾ ਕੁਝ ਜਿਵੇਂ ਲੋੜੀਂਦੇ ਡਾਕੂਮੈਂਟਸ ਤਿਆਰ ਰੱਖਣ, ਬਣਦੀ ਪ੍ਰੋਸੈਸਿੰਗ ਫੀਸ 1450 ਰੁ: ਅਤੇ ਅਪਰੇਟਰ ਦੀ 50 ਰੁ: ਫੀਸ ਅਤੇ ਸਟੈਂਪ ਪੇਪਰ ਫੀਸ 3500 ਰੁ: ਦੇ ਲੇਟ ਫੀਸ ਸਮੇਤ ਅਸ਼ਟਾਮ ਦੇ ਰੂਪ 'ਚ ਲੈਣ ਬਾਰੇ ਸਮਝਾ ਦਿੱਤਾ। ਵਿਆਹ ਤੋਂ ਤਿੰਨ ਮਹੀਨੇ ਦੇ ਅੰਦਰ 1500 ਰੁਪਏ ਹੀ ਫੀਸ ਲੱਗਦੀ ਹੈ । ਲੇਟ ਰਜਿਸਟ੍ਰੇਸ਼ਨ ਕਰਾਉਣ ਵਾਲਿਆਂ ਨੂੰ 50 ਰੁ: ਦਾ ਹਲਫੀਆ ਬਿਆਨ ਨੋਟਰੀ ਤੋਂ ਤਸਦੀਕ ਕਰਾ ਕੇ ਦੇਣਾ ਹੁੰਦਾ ਹੈ, ਜਿਸ 'ਚ ਲੇਟ ਰਜਿਸਟ੍ਰੇਸ਼ਨ ਕਰਾਉਣ ਦਾ ਕਾਰਨ ਦੱਸਣਾ ਹੁੰਦਾ ਹੈ । ਇਹੀ ਕੁੱਲ ਖਰਚਾ ਹੋਣਾ ਹੁੰਦਾ ਹੈ । ਮੈਂ ਤਾਂ ਅਰਜ਼ੀ ਫਾਰਮ ਟਾਈਪ ਕਰਵਾ ਲਿਆ, ਕਿਉਂ ਕਿ ਪਤਾ ਨਹੀਂ ਸੀ, ਪਰ ਇਹ ਸਰਕਾਰੀ ਸਾਈਟ ਤੋਂ ਡਾਊਨਲੋਡ ਕਰ ਕੇ ਆਪਣੇ ਹੱਥ ਨਾਲ ਭਰ ਸਕਦੇ ਹਾਂ ।

ਜੇ ਕੁਝ ਪਤਾ ਨਹੀਂ ਚਲਦਾ ਤਾਂ ਸੰਬੰਧਤ ਕਰਮਚਾਰੀ ਆਪ ਹੀ ਭਰ ਲਵੇਗਾ। ਲੜਕੇ ਵੱਲੋਂ ਮਾਂ ਬਾਪ 'ਚੋਂ ਇੱਕ, ਉਨ੍ਹਾਂ ਵੱਲੋਂ ਇੱਕ ਗਵਾਹ, ਇਸੇ ਤਰ੍ਹਾਂ ਲੜਕੀ ਵੱਲੋਂ ਵੀ । ਲੜਕਾ-ਲੜਕੀ ਦੇ ਅਧਾਰ ਕਾਰਡ, ਦਸਵੀਂ ਦੇ ਸਰਟੀਫਿਕੇਟ, ਦੋ-ਦੋ ਫੋਟੋ, ਮਾਂ-ਬਾਪ ਦੋਹਾਂ ਪਾਸਿਆਂ ਦੇ ਆਧਾਰ ਕਾਰਡ, ਗਵਾਹਾਂ ਦੇ ਆਧਾਰ ਕਾਰਡ, ਵਿਆਹ ਦੀਆਂ ਚਾਰ ਫੋਟੋਆਂ , ਆਨੰਦ ਕਾਰਜ ਹੋਣ ਦਾ ਗੁਰਦੁਆਰਾ ਸਾਹਿਬ ਵੱਲੋਂ ਸਰਟੀਫਿਕੇਟ ਜਾਂ ਜਿਸ ਧਰਮ ਦੀ ਰੀਤ ਅਨੁਸਾਰ ਵਿਆਹ ਹੋਇਆ, ਉਥੋਂ ਜਾਰੀ ਸਰਟੀਫਿਕੇਟ ਤਿਆਰ ਹੋਣੇ ਚਾਹੀਦੇ ਹਨ । ਦੂਸਰੇ ਪਾਸੇ ਦੇ ਗਵਾਹ ਦੀ ਥਾਂ ਕੋਈ ਵੀ ਸਰਕਾਰੀ ਮੁਲਾਜ਼ਮ ਗਵਾਹੀ ਦੇ ਸਕਦਾ ਹੈ, ਜਿਸ ਦਾ ਆਧਾਰ ਕਾਰਡ ਅਤੇ ਸ਼ਨਾਖਤੀ ਕਾਰਡ ਹੋਣਾ ਚਾਹੀਦਾ ਹੈ । ਕੰਮ ਘਰ ਹੀ ਹੋਣ ਨਾਲ ਮਨ ਨੂੰ ਖੁਸ਼ੀ ਤਾਂ ਹੁੰਦੀ ਹੀ ਹੈ, ਪੈਸੇ ਦੀ ਬਚਤ ਹੋ ਗਈ । ਬੇਟੀ ਦਾ ਮੈਰਿਜ ਸਰਟੀਫੀਕੇਟ ਨੌਵੇਂ ਦਿਨ ਇਸ਼ੂ ਹੋ ਗਿਆ। ਬੇਟੀ ਨੂੰ ਵਿਭਾਗ ਵਲੋਂ ਭੇਜੇ ਲਿੰਕ ਤੋਂ ਉਸ ਨੇ ਸਰਟੀਫੀਕੇਟ ਡਾਊਨਲੋਡ ਕਰ ਮੈਨੂੰ ਭੇਜਿਆ ਤਾਂ ਦੇਖ ਕੇ ਮਨ ਨੂੰ ਬਹੁਤ ਖੁਸ਼ੀ ਹੋਈ। ਇਸ ਨਾਲ ਸਰਕਾਰ ਦੀ ਆਮਦਨ ਵੀ ਵਧੇਗੀ । ਸੋ ਸਾਨੂੰ ਇਨ੍ਹਾਂ ਵੈੱਬਸਾਈਟ 'ਤੇ ਪਾਈਆਂ 401 ਡੋਰ ਸਟੈਂਪ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ ।

**# ਸੰਪਰਕ : 94635-53962**

# ਕਾਂਵੜੀਏ ਅਤੇ ਮਜ਼ਦੂਰ ਜਮਾਤ



ਵਿਸ਼ਵਾ ਮਿੱਤਰ

ਜਦੋਂ ਦੀ ਭਾਜਪਾ ਸੱਤਾ ਵਿਚ ਆਈ ਹੈ, ਕਾਂਵੜ ਯਾਤਰਾਵਾਂ ਪਹਿਲਾਂ ਨਾਲੋਂ ਕਾਫੀ ਜ਼ੋਰ-ਸ਼ੋਰ ਨਾਲ ਸ਼ੁਰੂ ਹੋ ਗਈਆਂ ਹਨ । ਇਸ ਸਾਲ ਤਾਂ ਕਾਂਵੜ ਯਾਤਰਾ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਲੱਖਾਂ ਦੀ ਸੰਖਿਆ ਵਿਚ ਕਾਂਵੜ ਯਾਤਰੀਆਂ ਨੇ ਹਰਿਦਵਾਰ ਤੋਂ ਆਪਣੇ ਕਾਂਵੜ , ਮਤਲਬ ਕਿ ਇਹਨਾਂ 'ਚ ਲੱਗੇ ਘੜੇ-ਨੁਮਾਂ ਬਰਤਨ ਗੰਗਾ ਜਲ ਨਾਲ ਭਰ ਲਏ ਅਤੇ ਆਪਣੇ-ਆਪਣੇ ਸ਼ਹਿਰਾਂ, ਕਸਬਿਆਂ, ਪਿੰਡਾਂ ਵੱਲ ਤੁਰ ਪਏ, ਤਾਂ ਕਿ ਗੰਗਾ ਜਲ ਸ਼ਿਵਲੀਆਂ 'ਤੇ ਚੜ੍ਹਾਇਆ ਜਾ ਸਕੇ। ਕੁਝ ਹਿੰਦੂ ਪਰਵਾਰ ਆਪਣੇ ਘਰਾਂ 'ਚ ਰੱਖਣ ਲਈ ਗੰਗਾ ਜਲ ਕਾਂਵੜੀਆਂ ਕੋਲੋਂ ਲੈ ਲੈਂਦੇ ਹਨ, ਜਿਸ ਨੂੰ ਪਵਿੱਤਰ ਮੰਨਿਆ ਜਾਂਦਾ ਹੈ ਅਤੇ ਬੰਦੇ ਦੇ ਆਖ਼ਰੀ ਸਾਹਾਂ ਵੇਲੇ ਉਸ ਦੇ ਮੂੰਹ ਵਿਚ ਪਾ ਦਿੱਤਾ ਜਾਂਦਾ ਹੈ।

ਅੱਜ ਤੋਂ ਵੀਹ-ਪੱਚੀ ਸਾਲ ਪਹਿਲਾਂ ਕਾਂਵੜ ਯਾਤਰਾ ਦੇ ਦਿਨਾਂ ਵਿਚ ਅਸੀਂ ਵੇਖਦੇ ਸੀ ਕਿ ਕਾਂਵੜੀਆਂ ਦੀਆਂ ਭੀੜਾਂ ਨਹੀਂ ਹੁੰਦੀਆਂ ਸਨ ਅਤੇ ਇੱਕ ਕਾਂਵੜ ਯਾਤਰੀ ਦੇ ਪਿੱਛੇ ਆਉਂਦਾ ਦੂਜਾ ਕਾਂਵੜ ਯਾਤਰੀ ਲਗਭੱਗ ਸੌ ਮੀਟਰ ਪਿੱਛੇ ਹੁੰਦਾ ਸੀ। ਉਸ ਤੋਂ ਵੀ ਪਹਿਲਾਂ ਕੁਝ ਸਾਧੂ ਸੰਨਿਆਸੀ ਗੰਗਾ ਤੋਂ ਜਲ ਲੈ ਕੇ ਆਉਂਦੇ ਸਨ ਤੇ ਸ਼ਿਵਲੀਆਂ 'ਤੇ ਚੜ੍ਹਾਉਂਦੇ ਸਨ। ਆਮ ਲੋਕ ਜਦੋਂ ਹਰਿਦੁਆਰ ਜਾਂ ਗੰਗਾ ਦੇ ਹੋਰ ਕਿਸੇ ਤੀਰਥ ਸਥਾਨ 'ਤੇ ਜਾਂਦੇ ਜਾਂ ਕਿਸੇ ਦੀਆਂ ਅਸਥੀਆਂ ਪ੍ਰਵਾਹ ਕਰਨ ਜਾਂਦੇ ਸਨ ਤਾਂ ਆਉਂਦੀ ਵਾਰ ਗੰਗਾ ਜਲ ਦੀਆਂ ਦੋ-ਤਿੰਨ ਬੋਤਲਾਂ ਭਰ ਲਿਆਉਂਦੇ ਸਨ, ਕੁਝ ਆਪਣੇ ਕੋਲ ਰੱਖ ਲੈਂਦੇ ਸਨ ਅਤੇ ਕੁਝ ਗੁਆਂਢੀਆਂ ਵਿਚ ਵਰਤਾ ਦੇਂਦੇ ਸਨ। ਸਰਕਾਰੀ ਪ੍ਰੋਤਸਾਹਨ ਨਾਲ ਕਾਂਵੜ ਯਾਤਰਾਵਾਂ ਹਰ ਸਾਲ ਵਧਦੀਆਂ ਹੀ ਜਾ ਰਹੀਆਂ ਹਨ ਅਤੇ ਇਸ ਸਾਲ ਸਰਕਾਰੀ ਤੌਰ 'ਤੇ ਹੈਲੀਕਾਪਟਰ ਨਾਲ ਕਾਂਵੜ ਯਾਤਰੀਆਂ 'ਤੇ ਫੁੱਲਾਂ ਦੀ ਵਰਖਾ ਕੀਤੀ ਗਈ। ਭਾਜਪਾ ਸਰਕਾਰਾਂ ਅਨੁਸਾਰ ਕਾਂਵੜ ਯਾਤਰਾ ਬੜੀ ਧਾਰਮਿਕ ਸ਼ਰਧਾ ਵਾਲੀ ਅਤੇ ਪਵਿੱਤਰ ਹੁੰਦੀ ਹੈ, ਪਰ ਨੋਟ ਕਰਨ ਵਾਲੀ ਗਲ ਇਹ ਹੈ ਇਸ ਯਾਤਰਾ ਵਿਚ ਜ਼ਿਆਦਾਤਰ ਨੌਜਵਾਨ ਅਨਪੜ੍ਹ ਜਾਂ ਘੱਟ ਪੜ੍ਹੇ-ਲਿਖੇ ਅਤੇ ਬੇਰੁਜ਼ਗਾਰ ਹੁੰਦੇ ਹਨ। ਜੇਕਰ ਭਾਜਪਾ ਸਰਕਾਰ ਅਨੁਸਾਰ ਇਹ ਯਾਤਰਾ ਬੜੀ ਧਾਰਮਿਕ ਅਤੇ ਪਵਿੱਤਰ ਹੁੰਦੀ ਹੈ ਤਾਂ ਇਸ ਯਾਤਰਾ 'ਚ ਕਿਸੇ ਵੀ ਸਿਆਸੀ ਨੇਤਾ ਦੀ ਔਲਾਦ ਜਾਂ ਰਿਸ਼ਤੇਦਾਰ ਭਾਗ ਕਿਉਂ ਨਹੀਂ ਲੈਂਦੇ , ਇਸ ਵਿਚ ਡਾਕਟਰ, ਪ੍ਰੋਫੈਸਰ ਜਾਂ ਇੰਜੀਨੀਅਰ ਕਿਉਂ ਨਹੀਂ ਹੁੰਦੇ ?

ਕਾਂਵੜ ਯਾਤਰੀ ਐਨੇ ਭੂਤਰ ਗਏ ਕਿ ਉਨ੍ਹਾਂ ਕਿਸੇ ਕਾਨੂੰਨ, ਕਿਸੇ ਇਖਲਾਕ ਜਾਂ ਪੁਲਸ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਇਸ ਸਭ ਕੁਝ ਪਿੱਛੇ ਸਰਕਾਰ ਦਾ ਪੂਰਾ ਸੁਰੱਖਿਆ ਤੰਤਰ ਸੀ। ਕਾਂਵੜੀਆਂ ਨੇ ਰਸਤੇ 'ਚ ਆਉਂਦੇ ਕਿਸੇ ਨਾ ਕਿਸੇ ਵਾਹਨ ਚਾਲਕ, ਰੇਹੜੀ ਜਾਂ ਦੁਕਾਨਦਾਰ ਨਾਲ ਖਾਹਮਖਾਹ ਤਕਰਾਰ ਪੈਦਾ ਕੀਤਾ, ਝਗੜਾ ਕੀਤਾ, ਕੁੱਟਮਾਰ ਕੀਤੀ ਅਤੇ ਤੋੜ-ਫੋੜ ਕੀਤੀ। ਮੋਦੀ ਨਗਰ ਵਿਚ ਇੱਕ ਨਿੱਜੀ ਕਾਰ ਜ਼ਰਾ ਜਿੰਨੀ ਕਿਸੇ ਕਾਂਵੜ ਨਾਲ ਥੋੜ੍ਹੀ ਜਿਹੀ ਛੂਹ ਗਈ ਤਾਂ ਕਾਰ ਦੀ ਭੰਨ ਤੋੜ ਕੀਤੀ ਗਈ ਅਤੇ ਉਸ ਦੇ ਮਾਲਕ ਨੂੰ ਬਾਹਰ ਖਿੱਚ ਕੇ ਕੁੱਟਿਆ ਅਤੇ ਉਸ ਦੇ ਕੱਪੜੇ ਪਾੜ ਦਿੱਤੇ। ਇਹ ਸਾਰਾ ਕੁਝ ਪੁਲਸ ਦੀ ਮੌਜੂਦਗੀ ਵਿਚ ਹੋਇਆ। ਵੈਸੇ ਕਾਂਵੜੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਦੀ ਵੀ ਇੱਕ ਗੱਡੀ ਦੇ ਸ਼ੀਸ਼ੇ ਭੰਨੇ।

ਯੋਗੀ ਜੀ ਵਲੋਂ ਸੁਪਰੀਮ ਕੋਰਟ ਦੀ ਪ੍ਰਵਾਹ ਨਾ ਕਰਦੇ ਹੋਏ ਸਖਤ ਹੁਕਮ ਦਿੱਤੇ ਗਏ ਸਨ ਕਿ ਹਰ ਹੋਟਲ-ਢਾਬੇ ਦੇ ਬਾਹਰ ਮਾਲਕ ਦਾ ਨਾਂਅ ਲਿਖਿਆ ਹੋਵੇ ਤਾਂ ਕਿ ਪਤਾ ਲੱਗ ਸਕੇ ਕਿ ਕਿਹੜਾ ਮਾਲਕ ਮੁਸਲਮਾਨ ਹੈ ਅਤੇ ਕਾਂਵੜੀਏ ਉਥੋਂ ਖਾਣਾ ਨਾ ਖਾਣ। ਸਭ ਨੇ ਆਪਣੇ ਨਾਂਅ ਆਪਣੇ ਹੋਟਲ ਜਾਂ ਢਾਬੇ ਦੇ ਬਾਹਰ ਲਿਖ ਦਿੱਤੇ। ਇੱਕ ਹੋਟਲ ਮਾਲਕ ਹਿੰਦੂ ਸੀ, ਉਸ ਦੇ ਸਾਰੇ ਕਰਮਚਾਰੀ ਹਿੰਦੂ ਸਨ,ਪਰ ਇੱਕ ਕਰਮਚਾਰੀ ਮੁਸਲਮਾਨ ਸੀ ਅਤੇ ਉਸ ਕਰਮਚਾਰੀ ਨੇ ਆਪ ਹੀ ਉੱਥੋਂ ਕੰਮ ਛੱਡ ਦਿੱਤਾ, ਤਾਂ ਕਿ ਹੋਟਲ ਦਾ ਨੁਕਸਾਨ ਨਾ ਹੋਵੇ। ਕਾਂਵੜੀਆਂ ਨੇ ਇੱਕ ਹੋਰ ਢਾਬੇ ਤੋਂ ਖਾਣਾ ਖਾਧਾ ਅਤੇ ਜਦੋਂ ਬਿੱਲ ਚੁਕਾਉਣ ਦਾ ਸਮਾਂ ਆਇਆ ਤਾਂ ਇਹ ਕਹਿ ਕੇ ਝਗੜਾ ਅਤੇ ਤੋੜ-ਫੋੜ ਕੀਤੀ ਕਿ ਇਸ ਨੇ ਸਾਡੇ ਖਾਣੇ ਵਿਚ ਪਿਆਜ਼ ਅਤੇ ਲਸਣ ਪਾਇਆ ਹੈ ਅਤੇ ਉਸ ਦਾ ਢਾਬਾ ਪੂਰੀ ਤਰਾਂ ਤੋੜ ਦਿੱਤਾ। ਢਾਬੇ ਦੇ ਮਾਲਕ ਦੀ ਪਤਨੀ ਨੇ ਕਿਹਾ ਕਿ ਮੇਰਾ ਪਤੀ ਕਾਂਵੜੀਆਂ ਦੇ ਪੈਰੀਂ ਵੀ ਪਿਆ, ਪਰ ਫੇਰ ਵੀ ਉਸ ਨੂੰ ਕੁੱਟਿਆ ਗਿਆ ਅਤੇ ਉਸ ਦੇ ਸਾਰੇ ਪੈਸੇ ਖੋਹ ਕੇ ਲੈ ਗਏ । ਢਾਬੇ 'ਤੇ ਕੰਮ ਕਰਨ ਵਾਲੇ ਕਾਮੇ ਵੀ ਕੁੱਟੇ। ਇੱਕ ਫੌਜੀ ਨੂੰ ਮਿਰਜ਼ਾਪੁਰ ਰੇਲਵੇ ਸਟੇਸ਼ਨ 'ਤੇ ਇਸ ਲਈ ਮੁੱਕੇ ਅਤੇ ਲੱਤਾਂ ਮਾਰ-ਮਾਰ ਕੇ ਕੁੱਟਿਆ ਕਿ ਉਸ ਨਾਲ ਥੋੜ੍ਹੀ ਬਹਿਸ ਹੋ ਗਈ ਸੀ। ਕਾਂਵੜ ਯਾਤਰੀਆਂ ਲਈ ਸੜਕ ਦਾ ਇੱਕ ਪਾਸਾ ਰਖਿਆ ਗਿਆ ਸੀ, ਪਰ ਉਹ ਨਿਯਮਾਂ ਦੀ ਪ੍ਰਵਾਹ ਨਾ ਕਰਦੇ ਹੋਏ ਸੜਕਾਂ ਦੇ ਦੋਵੇਂ ਪਾਸੇ ਚਲਣ ਲੱਗ ਪਏ।

ਪੱਛਮੀ ਉੱਤਰ ਪ੍ਰਦੇਸ਼ ਦੇ ਸਿਵਈਆਂ ਟੋਲ ਪਲਾਜ਼ਾ ( ਮੇਰਠ) ਦੇ ਜਨਰਲ ਮੈਨੇਜਰ ਪ੍ਰਦੀਪ ਚੌਧਰੀ ਨੇ ਟਾਈਮਜ਼ ਆਫ ਇੰਡੀਆ ਨੂੰ ਦੱਸਿਆ ਕਿ ਕਾਂਵੜੀਆਂ ਵੱਲੋਂ ਪਲਾਜ਼ਾ ਦੀਆਂ ਚਾਰੇ ਲੇਨਜ਼ ਉੱਤੇ ਚੱਲਣ ਕਾਰਨ ਆਮ ਬੱਸਾਂ ਅਤੇ ਕਾਰਾਂ ਇਥੋਂ ਨਹੀਂ ਜਾ ਸਕੀਆਂ। ਇਸ ਲਈ ਸਾਨੂੰ ਹਰ ਰੋਜ਼ ਹੋਣ ਵਾਲੀ ਤੀਹ ਤੋਂ ਪੈਂਤੀ ਲੱਖ ਰੁਪਏ ਦੀ ਆਮਦਨ ਕਾਂਵੜ ਯਾਤਰਾਵਾਂ ਦੇ ਦਿਨਾਂ 'ਚ ਨਹੀਂ ਹੋਈ ਅਤੇ ਕੁੱਲ ਘਾਟਾ ਲਗਭੱਗ ਦੋ ਕਰੋੜ ਦਾ ਹੋਇਆ ਹੈ। ਉੱਤਰਾਖੰਡ ਦੇ ਟਰਾਂਸਪੋਰਟ ਵਿਭਾਗ ਦੇ ਰਿਜਨਲ ਮੈਨੇਜਰ ਵਿਸ਼ਾਲ ਚੰਦਰ ਨੇ ਦੱਸਿਆ ਕਿ ਕਾਂਵੜ ਯਾਤਰਾ ਕਾਰਨ ਸਾਰੀਆਂ ਸੜਕਾਂ ਤੇ ਬੱਸਾਂ ਨਾ ਚਲਣ ਕਾਰਣ ਕਾਰਪੋਰੇਸ਼ਨ ਨੂੰ ਇੱਕ ਕਰੋੜ ਰੁਪਏ ਦਾ ਘਾਟਾ ਪਿਆ ਹੈ। ਉੱਤਰਾਖੰਡ ਦੇ ਟੋਲ ਪਲਾਜ਼ੇ ਦੇ ਘਾਟੇ ਦੀ ਖਬਰ ਅਜੇ ਨਹੀਂ ਆਈ, ਸ਼ਾਇਦ ਆਏ ਵੀ ਨਾ। ਇਸ ਤੋਂ ਇਲਾਵਾ ਪ੍ਰਾਈਵੇਟ ਟਰੱਕ ਅਪਰੇਟਰਾਂ ਨੂੰ, ਟੈਕਸੀਆਂ ਨੂੰ ਤਿੰਨ ਪਹੀਆ ਵਾਹਨਾਂ ਨੂੰ ਉੱਤਰ ਪ੍ਰਦੇਸ਼ ਜਾਂ ਉੱਤਰਾਖੰਡ ਵਿਚ ਕਿੰਨਾ ਘਾਟਾ ਪਿਆ, ਉਸ ਬਾਰੇ ਕੋਈ ਸੰਗਠਿਤ ਅਦਾਰਾ ਨਾ ਹੋਣ ਕਾਰਣ ਕੋਈ ਖਬਰ ਨਹੀਂ ਆਈ। ਕਾਂਵੜ ਯਾਤਰਾਵਾਂ ਦੇ ਦਿਨਾਂ ਵਿਚ ਸਕੂਲ, ਕਾਲਜ ਤਾਂ ਸਰਕਾਰੀ ਆਦੇਸ਼ਾਂ ਅਨੁਸਾਰ ਬੰਦ ਹੀ ਰਹੇ।

ਜੇਕਰ ਅਧਿਆਪਕ ਜਾਂ ਪ੍ਰੋਫੈਸਰ ਆਪਣੀਆਂ ਜਾਇਜ਼ ਮੰਗਾਂ ਲਈ ਜਾਂ ਰੁਕੀਆਂ ਤਨਖਾਹਾਂ ਲਈ ਹੜਤਾਲ ਕਰਨ ਤਾਂ ਗੋਦੀ ਮੀਡੀਆ 'ਤੇ ਰੌਲਾ ਪਾਇਆ ਜਾਂਦਾ ਹੈ ਕਿ ਇਹ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਕਰ ਰਹੇ ਹਨ, ਪਰ ਹੁਣ ਗੋਦੀ ਮੀਡੀਆ ਬਿਲਕੁਲ ਨਹੀਂ ਬੋਲ ਰਿਹਾ ਕਿ ਸਰਕਾਰ ਦੇ ਕੁਪਰਬੰਧ ਕਾਰਨ ਕਾਂਵੜ ਯਾਤਰਾ ਦੇ ਦਿਨਾਂ ਵਿਚ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ। ਜੇਕਰ ਟਰਾਂਸਪੋਰਟ ਕਰਮਚਾਰੀ ਇੱਕ ਦਿਨ ਵੀ ਹੜਤਾਲ 'ਤੇ ਚਲੇ ਜਾਣ ਤਾਂ ਸਰਕਾਰੀ ਤੌਰ 'ਤੇ ਬੜਾ ਰੌਲਾ ਹੁੰਦਾ ਹੈ ਕਿ ਐਨੇ ਕਰੋੜ ਰੁਪਏ ਦਾ ਨੁਕਸਾਨ ਹੋ ਗਿਆ ਅਤੇ ਆਉਣ ਜਾਣ ਵਾਲੇ ਲੋਕਾਂ ਨੂੰ ਪ੍ਰੇਸ਼ਾਨੀ ਹੋਈ, ਪਰ ਹੁਣ ਗੋਦੀ ਮੀਡੀਆ ਟਰਾਂਸਪੋਰਟ ਪੰਜ ਦਿਨ ਠੱਪ ਰਹਿਣ 'ਤੇ ਚੁੱਪ ਹੈ।

ਪ੍ਰਿਵੈਂਸਨ ਆਫ ਡੈਮੇਜ ਟੂ ਪ੍ਰਾਪਰਟੀ ਐਕਟ 1984 ਅਨੁਸਾਰ ਕਿਸੇ ਵੀ ਬਿਲਡਿੰਗ, ਟਰਾਂਸਪੋਰਟ, ਬਿਜਲੀ ਜਾਂ ਜਲ ਸਪਲਾਈ ਨੂੰ ਨੁਕਸਾਨ ਪੁਚਾਉਣ 'ਤੇ ਪੰਜ ਸਾਲ ਦੀ ਕੈਦ ਅਤੇ ਜੁਰਮਾਨਾ ਹੋ ਸਕਦਾ ਹੈ। ਇੰਡੀਅਨ ਪੈਨਲ ਕੋਡ ਸੈਕਸ਼ਨ 425 ( ਮਿਸਚੀਫ ਮਤਲਬ ਸ਼ਰਾਰਤ ) ਅਨੁਸਾਰ ਸਰਕਾਰੀ ਜਾਂ ਜਨਤਾ ਦੀ ਜਾਇਦਾਦ ਨੂੰ ਨੁਕਸਾਨ ਪੁਚਾਉਣ 'ਤੇ ਕੋਰਟ ਦੀ ਮਰਜ਼ੀ ਅਨੁਸਾਰ ਜੇਲ੍ਹ ਅਤੇ ਜੁਰਮਾਨਾ ਹੋ ਸਕਦਾ ਹੈ। ਕਾਂਵੜੀਆਂ ਨੇ ਕਿੰਨੀਆਂ ਕਾਰਾਂ ਤੋੜੀਆਂ, ਬੱਸਾਂ ਤੋੜੀਆਂ, ਕਿੰਨੇ ਹੋਟਲ ਜਾਂ ਢਾਬੇ ਤੋੜੇ, ਇੱਕ ਮੋਬਾਈਲ ਫੋਨਾਂ ਦੀ ਦੁਕਾਨ ਵੀ ਤੋੜੀ, ਕਿੰਨੇ ਲੋਕਾਂ ਨੂੰ ਕੁੱਟਿਆ, ਇਹਨਾਂ ਕਾਰਨ ਕਿੰਨਾ ਨੁਕਸਾਨ ਟੋਲ ਪਲਾਜ਼ਿਆਂ ਨੂੰ ਹੋਇਆ ਅਤੇ ਕਿੰਨਾ ਟਰਾਂਸਪੋਰਟ ਵਿਭਾਗ ਨੂੰ ਹੋਇਆ, ਇਹਨਾਂ ਨੁਕਸਾਨਾਂ ਜਾਂ ਮਾਰਕੁਟਾਈ ਦੇ ਜ਼ਿੰਮੇਵਾਰ, ਕਿਉਂਕਿ ਸਰਕਾਰ ਦੀ ਛਤਰਛਾਇਆ ਹੇਠ ਸਨ, ਇਸ ਲਈ ਇਹਨਾਂ ਨੂੰ ਨਾ ਜੇਲ੍ਹ ਹੋਵੇਗੀ ਅਤੇ ਨਾ ਜੁਰਮਾਨਾ ਹੋਏਗਾ, ਉਲਟਾ ਪੁਲਸ ਅਧਿਕਾਰੀ ਇਹਨਾਂ ਨੂੰ ਗਰਮੀ ਤੋਂ ਰਾਹਤ ਦੇਣ ਲਈ ਪੱਖਾ ਝਲਦੇ ਰਹੇ ਅਤੇ ਥਕਾਵਟ ਉਤਾਰਨ ਲਈ ਇਹਨਾਂ ਦੇ ਪੈਰ ਘੁਟਦੇ ਰਹੇ। ਇਸ ਤੋਂ ਉਲਟ ਜੇਕਰ ਇਹੋ ਭੰਨ-ਤੋੜ ਜਾਂ ਟਰਾਂਸਪੋਰਟ ਰੋਕਣ ਦਾ ਕੰਮ ਮਜ਼ਦੂਰਾਂ, ਮੁਲਾਜ਼ਮਾਂ ਨੇ ਕੀਤਾ ਹੁੰਦਾ ਤਾਂ ਇਹ ਸਜ਼ਾ ਦੇਣ ਵਾਲੇ ਕਾਨੂੰਨ ਲਾਗੂ ਹੋ ਜਾਣੇ ਸਨ। ਬੁਲਡੋਜ਼ਰ ਬਾਬਾ ਨੇ ਪੂਰੀ ਹਰਕਤ ਵਿਚ ਆ ਜਾਣਾ ਸੀ ਅਤੇ ਇਸ ਤੋਂ ਇਲਾਵਾ ਐਸਮਾ ਜਾਂ ਯੂ ਏ ਪੀ ਏ ਲਾਗੂ ਹੋ ਸਕਦਾ ਸੀ।

**# ਸੰਪਰਕ : 94176-32228**

31 July Page 5.qxd 7/30/2025 10:50 PM Page 1



# ਲੈਂਡ ਪੂਲਿੰਗ ਪਾਲਸੀ ਦੇ ਵਿਰੋਧ 'ਚ ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਮੋਗਾ ਵੱਲੋਂ ਸੈਂਕੜੇ ਟਰੈਕਟਰਾਂ ਨਾਲ ਕੀਤਾ ਮਾਰਚ

**ਮੋਗਾ (ਇਕਬਾਲ ਸਿੰਘ ਖਹਿਰਾ)**- ਲੈਂਡ ਪੂਲਿੰਗ ਪਾਲਸੀ ਦੇ ਵਿਰੋਧ ਵਿੱਚ ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਮੋਗਾ ਵਲੋਂ ਸੈਂਕੜੇ ਟਰੈਕਟਰਾਂ ਨਾਲ ਟਰੈਕਟਰ ਮਾਰਚ ਕੀਤਾ ਗਿਆ, ਜਿਸ ਵਿੱਚ ਮੋਟਰਸਾਈਕਲ ਤੇ ਗੱਡੀਆਂ ਲੈ ਕੇ ਵੀ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਜਾਣਕਾਰੀ ਦਿੰਦਿਆਂ ਬੀ ਕੇ ਯੂ ਉਗਰਾਹਾਂ ਦੇ ਬਲੌਰ ਸਿੰਘ ਘੱਲ ਕਲਾਂ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਜਸਮੇਲ ਸਿੰਘ ਰਾਜਿਆਣਾ, ਕੁਲ ਹਿੰਦ ਕਿਸਾਨ ਸਭਾ ਦੇ ਸੂਬਾ ਆਗੂ ਸੂਰਤ ਸਿੰਘ, ਨਿਰਮਲ ਸਿੰਘ ਮਾਣੂੰਕੇ ਕਾਦੀਆਂ ਨੇ ਆਖਿਆ ਕਿ ਜੋ ਪੰਜਾਬ ਸਰਕਾਰ ਕਿਸਾਨਾਂ ਦੀਆਂ ਜ਼ਮੀਨਾਂ ਖੋਹ ਕੇ ਅਰਬਨ ਸਟੇਟ ਬਣਾਉਣ ਜਾ ਰਹੀ ਹੈ, ਉਸ ਦੇ ਵਿਰੋਧ ਵਿੱਚ ਸੰਯੁਕਤ ਮੋਰਚੇ ਦੇ ਸੱਦੇ ਤਹਿਤ ਬੁੱਘੀਪੁਰਾ ਤੋਂ ਰਵਾਨਾ ਹੋ ਕੇ ਵਾਇਆ ਤਲਵੰਡੀ ਭਗੇਰੀਆਂ, ਰੌਲੀ, ਸਮਾਧ ਖੇੜਾ, ਚੁਗਾਵਾਂ ਵਿੱਚ ਦੀ ਹੁੰਦਾ ਹੋਇਆ ਬੁੱਘੀਪੁਰਾ ਚੌਕ ਵਿੱਚ ਸਮਾਪਤ ਹੋਇਆ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਨੇ ਆਖਿਆ ਕਿ ਜਿਵੇਂ ਪਹਿਲਾਂ ਬੀ.ਜੇ.ਪੀ ਦੀ ਕੇਂਦਰ ਸਰਕਾਰ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਤਿੰਨ ਕਾਲੇ ਕਾਨੂੰਨ ਲਿਆਂਦੇ ਗਏ ਸਨ, ਬਿਲਕੁਲ ਉਸੇ ਨੀਤੀ ਤਹਿਤ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਦੀ ਕਠਪੁਤਲੀ ਬਣ ਕੇ ਲੈਂਡ ਪੂਲਿੰਗ ਪਾਲਸੀ ਲੈ ਕੇ ਆਂਦੀ ਹੈ,ਜੋ ਕਿਸਾਨਾਂ ਦੀ 65000 ਏਕੜ ਦੇ ਕਰੀਬ ਜ਼ਮੀਨ ਹੜੱਪਣ ਦੀ



ਨੀਤੀ ਲਿਆਂਦੀ ਗਈ ਹੈ, ਜਿਸ ਨੂੰ ਅਖ਼ਬਾਰਾਂ ਵਿੱਚ ਐਕਵਾਇਰ ਵੀ ਕਰ ਦਿੱਤਾ ਗਿਆ ਹੈ। ਇਸ ਪਾਲਸੀ ਤਹਿਤ ਜਦ ਐਕਵਾਇਰ ਜ਼ਮੀਨ ਖਸਰਾ ਨੰਬਰ ਸਮੇਤ ਅਖ਼ਬਾਰ, ਨਿਊਜ਼ ਪੇਪਰਾਂ ਵਿੱਚ ਦਰਜ ਹੋ ਜਾਵੇ ਤਾਂ ਕਿਸਾਨ ਆਪਣੀ ਜ਼ਮੀਨ ਉੱਪਰ ਨਾ ਤਾਂ ਲਿਮਟ ਬਣਾ ਸਕਦਾ, ਨਾ ਲੋਨ ਵਗੈਰਾ ਕਰਵਾ ਸਕਦਾ, ਅਤੇ ਨਾ ਹੀ ਕਿਸਾਨ ਜ਼ਮੀਨ ਵੇਚ ਸਕਦਾ ਹੈ। ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਆਗੂ ਸੂਰਤ ਸਿੰਘ ਨੇ ਆਖਿਆ ਕਿ ਅਸੀਂ ਸੰਯੁਕਤ ਕਿਸਾਨ ਮੋਰਚੇ ਦੇ ਬੈਨਰ ਹੇਠ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਲੈਂਡ ਪੂਲਿੰਗ ਪਾਲਸੀ ਨੂੰ ਵਾਪਸ ਲੈਣ ਲਈ ਮਜਬੂਰ ਕਰ ਦੇਵਾਂਗੇ। ਬੀ ਕੇ ਯੂ ਉਗਰਾਹਾਂ ਦੇ ਜ਼ਿਲ੍ਹਾ ਵਿੱਤ ਸਕੱਤਰ ਬਲੌਰ ਸਿੰਘ ਘੱਲ ਕਲਾਂ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ ਨੇ ਵੀ ਕਿਹਾ ਕਿ ਲੈਂਡ ਪੂਲਿੰਗ ਪਾਲਸੀ ਨੂੰ ਮੁੱਢੋਂ ਹੀ ਰੱਦ ਕਰਵਾਉਣ ਲਈ ਅੱਜ ਦਾ ਟਰੈਕਟਰ ਮਾਰਚ ਕੀਤਾ ਗਿਆ ਹੈ, ਸੰਘਰਸ਼ ਵਿੱਢਣ ਦੀ ਤਿਆਰੀ ਸ਼ੁਰੂ ਹੋ ਗਈ ਹੈ, 24 ਅਗਸਤ ਨੂੰ ਜਿਸ ਇਲਾਕੇ ਦੀ ਜ਼ਿਆਦਾ ਜ਼ਮੀਨ ਇਸ ਨੀਤੀ ਤਹਿਤ ਐਕਵਾਇਰ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਸ ਇਲਾਕੇ ਮੁੱਲਾਂਪੁਰ - ਦਾਖਾ ਵਿੱਚ ਸੰਯੁਕਤ ਮੋਰਚੇ ਵਲੋਂ ਵੱਡੀ ਪੱਧਰ ਰੈਲੀ 'ਤੇ ਕਿਸਾਨ ਮਹਾਂਪੰਚਾਇਤ ਕੀਤੀ ਜਾਵੇਗੀ, ਜਿਸ ਦੀ ਤਿਆਰੀ ਲਈ ਵੱਡੀ ਪੱਧਰ ਤੇ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਆਖਿਆ ਕਿ ਪੰਜਾਬ ਸਰਕਾਰ ਇਸ ਲੈਂਡ ਪੂਲਿੰਗ ਪਾਲਸੀ ਨੂੰ ਵਾਪਸ ਲਵੇ, ਨਹੀਂ ਤਾਂ ਵੱਡੇ ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹੇ, ਅਸੀਂ ਆਉਣ ਵਾਲੇ ਸਮੇਂ ਵਿੱਚ ਆਮ ਆਦਮੀ ਪਾਰਟੀ ਦੇ ਕਿਸੇ ਵੀ ਮੰਤਰੀ, ਐਮ ਐਲ ਏ ਨੂੰ ਪਿੰਡਾਂ ਵਿੱਚ ਵੜਨ ਨਹੀਂ ਦੇਵਾਂਗੇ। ਅੱਜ ਦੇ ਟਰੈਕਟਰ ਮਾਰਚ ਵਿੱਚ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਤੇ ਜ਼ਿਲ੍ਹਾ ਸਕੱਤਰ ਚਮਕੌਰ ਸਿੰਘ ਰੋਡੇ ਖੁਰਦ, ਨਿਰਮਲ ਸਿੰਘ ਮਾਣੂੰਕੇ ਬੀ.ਕੇ.ਯੂ ਕਾਦੀਆਂ, ਬਲਰਾਜ ਸਿੰਘ ਸਕੱਤਰ ਕੌਮੀ ਕਿਸਾਨ ਯੂਨੀਅਨ, ਸੁਖਵਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਬੀਕੇਯੂ ਰਾਜੇਵਾਲ, ਇਕਬਾਲ ਸਿੰਘ ਸਿੰਘਾਂਵਾਲਾ, ਗੁਰਦੇਵ ਸਿੰਘ ਉਗਰਾਹਾਂ, ਕੁਲਜੀਤ ਸਿੰਘ ਪੰਡੋਰੀ, ਔਰਤ ਵਿੰਗ ਦੇ ਛਿੰਦਰਪਾਲ ਕੌਰ ਕੇਕੇਯੂ, ਦਲਜੀਤ ਸਿੰਘ ਤੋਤੇਵਾਲ, ਜਸਵਿੰਦਰ ਸਿੰਘ, ਬਲਦੇਵ ਸਿੰਘ ਰਾਜੇਵਾਲ, ਬਲਕਰਨ ਸਿੰਘ, ਲਖਵਿੰਦਰ ਸਿੰਘ ਬੀਕੇਯੂ ਲੱਖੋਵਾਲ, ਸਾਧੂ ਸਿੰਘ, ਜਸਵੰਤ ਸਿੰਘ ਕਾਦੀਆਂ, ਜਗਵਿੰਦਰ ਕੌਰ, ਸਵਰਨਜੀਤ ਕੌਰ,ਆਦਿ ਕਿਸਾਨ ਹਾਜ਼ਰ ਹੋਏ।

# ਪਦਮ ਭੂਸ਼ਣ ਪਰਵਾਰ ਦਾ ਭੂਸ਼ਣ ਡਾ. ਹਰਿੰਦਰਜੀਤ ਸਿੰਘ ਕਲੇਰ

ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਦਿਲ ਦੇ ਰੋਗਾਂ ਦੇ ਮਾਹਰ ਪਦਮ ਭੂਸ਼ਣ ਨਾਲ ਸਨਮਾਨਤ ਵੱਡੇ ਭਰਾ ਡਾ. ਤਰਲੋਚਨ ਸਿੰਘ ਕਲੇਰ ਅਤੇ ਪਦਮ ਭੂਸ਼ਣ ਭਾਬੀ ਡਾ. ਨੀਲਮ ਕਲੇਰ ਦੇ ਪਰਵਾਰ ਦਾ ਭੂਸ਼ਣ ਸਥਾਨਕ ਮਾਲਵਾ ਕਾਲਜ ਦੇ ਪੰਜਾਬੀ ਵਿਭਾਗ ਦਾ ਮੁਖੀ ਅਤੇ ਐਸੋਸੀਏਟ ਪ੍ਰੋਫੈਸਰ ਡਾ. ਹਰਿੰਦਰਜੀਤ ਸਿੰਘ ਕਲੇਰ ਆਪਣੀ 33 ਸਾਲਾਂ ਦੀ ਸ਼ਾਨਮੱਤਾ ਕਾਲਜ ਨੌਕਰੀ ਮੁਕੰਮਲ ਕਰਨ ਉਪਰੰਤ ਅੱਜ ਸੇਵਾ ਮੁਕਤ ਹੋ ਰਹੇ ਹਨ। ਡਾ. ਹਰਿੰਦਰਜੀਤ ਸਿੰਘ ਕਲੇਰ ਸਮਰਾਲਾ ਇਲਾਕੇ ਦੇ ਉਹ ਅਧਿਆਪਕ ਹਨ ਜਿਨ੍ਹਾਂ ਦੇ ਹਿੱਸੇ ਵਿਚ ਅਧਿਆਪਨ ਖੇਤਰ ਵਿਚ ਮਾਣ ਕਰਨ ਯੋਗ ਉਪਲੱਬਧੀਆਂ ਦਰਜ ਹਨ। ਉਹਨਾਂ ਦਾ ਆਪਣੇ ਵਿਦਿਆਰਥੀਆਂ ਨੂੰ ਪੜ੍ਹਾਉਣ ਦਾ ਤਰੀਕਾ ਲੀਕ ਤੋਂ ਹਟ ਕੇ ਰਿਹਾ ਹੈ। ਉਹਨਾਂ ਕੋਲ ਆਪਣੇ ਵਿਦਿਆਰਥੀਆਂ ਨੂੰ ਧੁਰ ਅੰਦਰ ਤੱਕ ਸਮਝਣ ਦੀ ਬੇਮਿਸਾਲ ਸਮਝ-ਬੂਝ ਹੈ। ਕਾਰ ਵਿਹਾਰ ਵਿੱਚ ਮਿਠਬੋਲੜੇ, ਸੁਭਾਅ ਦੇ ਅਤੀ ਸੰਵੇਦਨਸ਼ੀਲ ਅਤੇ ਜਜ਼ਬਾਤੀ, ਪਰ ਰਿਸ਼ਤਿਆਂ ਪ੍ਰਤੀ ਪੂਰੀ ਤਰ੍ਹਾਂ ਸੰਜੀਦਾ ਅਤੇ ਇਮਾਨਦਾਰ। ਉਹਨਾਂ ਦਾ ਵਿਦਿਆਰਥੀਆਂ ਨੂੰ ਪੜ੍ਹਾਉਣ ਦਾ ਤਰੀਕਾ ਬਹੁਤ ਦਿਲਚਸਪ। ਜਿਸ ਕਾਰਨ ਵਿਦਿਆਰਥੀ ਉਹਨਾਂ ਦੀ ਕਲਾਸ ਅਟੈਂਡ ਕਰਕੇ ਹਮੇਸ਼ਾ ਅਨੰਦਿਤ ਮਹਿਸੂਸ ਕਰਦੇ ਸਨ। ਇਸੇ ਲਈ ਵਿਦਿਆਰਥੀਆਂ ਦੇ ਮਨਾਂ ਵਿੱਚ ਡਾ. ਕਲੇਰ ਲਈ ਅਥਾਹ ਸਤਿਕਾਰ ਰਿਹਾ ਹੈ। ਉਹ ਵਾਤਾਵਰਣ ਪ੍ਰੇਮੀ, ਹਮੇਸ਼ਾ ਗਰੀਬਾਂ ਦੀ ਮਦਦ ਲਈ ਤੱਤਪਰ ਰਹਿੰਦੇ ਹਨ। ਉਹਨਾਂ ਪਿੰਡਾਂ ਦੇ ਬੱਚਿਆਂ ਲਈ ਮੁਫ਼ਤ ਪੜ੍ਹਾਈ, ਉਹਨਾਂ ਨੂੰ ਸਿਹਤ ਅਤੇ ਪੰਜਾਬੀ ਸੱਭਿਆਚਾਰ ਪ੍ਰਤੀ ਜਾਗਰੂਕ ਕਰਦੇ ਹਨ। ਕਾਲਜ ਸਰਵਿਸ ਦੌਰਾਨ ਉਹਨਾਂ ਬਹੁਤ ਸਾਰੀਆਂ ਗਰੀਬ ਪਰਵਾਰਾਂ ਦੀਆਂ ਵਿਦਿਆਰਥਣਾਂ ਦੀ ਪੁਸਤਕਾਂ ਅਤੇ ਫੀਸਾਂ ਭਰਨ ਵਿਚ ਆਰਥਕ ਸਹਾਇਤਾ ਕੀਤੀ। ਉਹ ਮਾਲਵਾ ਕਾਲਜ ਦੇ ਕੁਝ ਸਮੇਂ ਲਈ ਕਾਰਜਕਾਰੀ ਪ੍ਰਿੰਸੀਪਲ ਵੀ ਰਹੇ। ਉਹ ਦੱਸਦੇ ਹਨ ਕਿ ਉਹਨਾਂ ਕਦੇ ਅਸੂਲਾਂ ਨਾਲ ਸਮਝੌਤਾ ਨਹੀਂ ਕੀਤਾ। ਕਾਲਜ ਪ੍ਰਬੰਧਕੀ ਕਮੇਟੀ ਵਿਚ ਸਟਾਫ ਦੇ ਨੁਮਾਇੰਦੇ ਵਜੋਂ ਵੀ ਉਹਨਾਂ ਸਫਲਤਾਪੂਰਬਕ ਜ਼ਿੰਮੇਦਾਰੀ ਨਿਭਾਈ। ਡਾ. ਕਲੇਰ ਨੇ ਸੈਂਕੜੇ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਦੀ ਅਮੀਰ ਵਿਰਾਸਤ ਨਾਲ ਜੋੜਿਆ। ਉਹਨਾਂ ਬੀ.ਏ ਪੰਜਾਬੀ (ਆਨਰਜ਼), ਐਮ.ਏ ਪੰਜਾਬੀ, ਐਮ ਏ ਫਿਲਾਸਫੀ ਅਤੇ ਕਰਮਜੀਤ ਸਿੰਘ ਕੁੱਸਾ ਦੇ ਨਾਵਲਾਂ 'ਤੇ ਪੀ.ਐਚ.ਡੀ ਕੀਤੀ। ਡਾ.ਕਲੇਰ ਦੀ ਲਿਖਤ ਕਿਤਾਬ 'ਰਾਤ ਦੇ ਰਾਹੀ ਹਾਸ਼ੀਏ ਦਾ ਸਮਾਜ' ਪੰਜਾਬੀ ਸਾਹਿਤ ਨੂੰ ਹੋਰ ਵੀ ਅਮੀਰ ਕਰਦੀ ਹੈ। ਡਾ. ਕਲੇਰ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸੈਨੇਟਰ ਅਤੇ ਮੈਂਬਰ ਫੈਕਲਟੀ ਆਫ ਭਾਸ਼ਾ ਹੋਣ ਦਾ ਮਾਣ ਵੀ ਹਾਸਿਲ ਹੈ। ਡਾ. ਕਲੇਰ ਨੇ ਅੰਤਰਰਾਸ਼ਟਰੀ ਸੈਮੀਨਾਰ ਵਿੱਚ ਕਈ ਵਾਰ ਹਾਜ਼ਰੀ ਲਵਾ ਕੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਹੈ। ਡਾ. ਕਲੇਰ ਸਾਹਿਤ ਦੀ ਨਾਮਵਰ ਸੰਸਥਾ 'ਲੇਖਕ ਮੰਚ ਸਮਰਾਲਾ' ਦੇ ਮੀਤ ਪ੍ਰਧਾਨ ਹਨ। ਇਸ ਲਈ ਲੇਖਕ ਮੰਚ ਦੇ ਸਾਰੇ ਮੈਂਬਰਾਂ ਵੱਲੋਂ ਡਾ. ਹਰਿੰਦਰਜੀਤ ਸਿੰਘ ਕਲੇਰ ਨੂੰ ਲੰਬੀ ਅਤੇ ਖੁਸ਼ਹਾਲ ਜ਼ਿੰਦਗੀ ਦੀਆਂ ਬਹੁਤ ਬਹੁਤ ਸ਼ੁੱਭਕਾਮਨਾਵਾਂ।



**ਸੁਰਜੀਤ ਸਿੰਘ ਪੱਤਰਕਾਰ**
**ਸਮਰਾਲਾ।**

# ਲੈਂਡ ਪੂਲਿੰਗ ਨੀਤੀ ਖਿਲਾਫ਼ ਕਿਸਾਨਾਂ ਦਾ ਟ੍ਰੈਕਟਰ ਮਾਰਚ

**ਸਮਰਾਲਾ (ਸੁਰਜੀਤ ਸਿੰਘ)** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਦੇ ਖਿਲਾਫ ਸਮੁੱਚੇ ਪੰਜਾਬ ਵਿੱਚ ਕਿਸਾਨਾਂ ਨੇ ਟ੍ਰੈਕਟਰ ਮਾਰਚ ਕਰਕੇ ਆਪਣੇ ਰੋਸ ਦਾ ਮੁਜ਼ਾਹਰਾ ਕੀਤਾ, ਜਿਸਦੇ ਤਹਿਤ ਐਸਕੇਐਮ ਦੇ ਝੰਡੇ ਹੇਠ ਵੱਖ-ਵੱਖ ਕਿਸਾਨ ਯੂਨੀਅਨਾਂ ਨੇ ਇਕੱਠੇ ਹੋ ਕੇ ਹਜ਼ਾਰਾਂ ਦੀ ਤਾਦਾਦ ਵਿਚ ਕਿਸਾਨਾਂ ਨੇ ਆਪੋ ਆਪਣੇ ਟਰੈਕਟਰਾਂ ਤੇ ਰੋਸ ਮੁਜ਼ਾਹਰਾ ਕੀਤਾ।ਟਰੈਕਟਰ ਮਾਰਚ ਪਿੰਡ ਬਲਿਓਂ, ਜਿਸਦੀ ਜ਼ਮੀਨ ਪ੍ਰਸਤਾਵਤ ਤੌਰ 'ਤੇ ਐਕਵਾਇਰ ਕੀਤੀ ਜਾਣੀ ਹੈ, ਤੋਂ ਸ਼ੁਰੂ ਹੋ ਕੇ ਮੁੱਖ ਬਾਜ਼ਾਰਾਂ ਵਿਚੋਂ ਹੁੰਦਾ ਹੋਇਆ ਐਸਡੀਐਮ ਦਫਤਰ ਪੁੱਜਿਆ, ਜਿੱਥੇ ਕਿਸਾਨ ਨੁਮਾਇੰਦਿਆਂ ਨੇ ਸਰਕਾਰ ਨੂੰ ਕਿਸਾਨਾਂ ਦੀ ਜ਼ਮੀਨ ਐਕਵਾਇਰ ਨਾ ਕਰਨ ਤੇ ਨੋਟੀਫਿਕੇਸ਼ਨ ਵਾਪਿਸ ਲੈਣ ਦੀ ਅਪੀਲ ਕੀਤੀ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਕੌਮੀ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਨੇ ਬਿਨਾ ਸੋਚੇ ਸਮਝੇ, ਬਿਨਾ ਕੋਈ ਸਰਵੇ ਕਰਵਾਏ ਅਤੇ ਬਿਨਾ ਮਾਹਿਰਾਂ ਦੀ ਰਾਏ ਲਏ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ, ਜਿਸ ਦੇ ਨਾਲ ਪੰਜਾਬ ਦੇ 116 ਪਿੰਡਾਂ ਦੀ 65533 ਏਕੜ ਜ਼ਮੀਨ ਐਕਵਾਇਰ ਕੀਤੀ ਜਾਣੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦੀ ਇਸ ਨਾਸਮਝੀ ਨਾਲ ਪੰਜਾਬ ਦੇ 20 ਹਜ਼ਾਰ ਕਿਸਾਨ ਪਰਿਵਾਰਾਂ, ਮਜ਼ਦੂਰਾਂ ਅਤੇ ਹੋਰ ਲੋਕਾਂ ਦਾ ਉਜਾੜਾ ਹੋਵੇਗਾ। ਰਾਜੇਵਾਲ ਨੇ ਕਿਹਾ ਕਿ ਸਰਕਾਰ ਦੀ ਇਸ ਪਾਲਿਸੀ ਨੇ ਲੁਧਿਆਣਾ ਦੇ ਕਰੀਬ 40 ਪਿੰਡਾਂ ਨੂੰ ਤਬਾਹ ਕਰ ਦੇਣਾ ਹੈ।ਕਿਸਾਨ ਆਗੂ ਨੇ ਦੋਸ਼ ਲਾਇਆ ਕਿ ਕਿਸਾਨਾਂ ਵਿਰੁੱਧ ਇਹ ਬਹੁਤ ਵੱਡੀ ਸਾਜ਼ਿਸ਼ ਹੈ।ਇਸ ਦੇ ਨਾਲ ਕਿਸਾਨਾਂ ਦਾ ਘਾਣ ਤੇ ਵੱਡੇ ਬਿਲਡਰਜ਼ ਤੇ ਕਾਰਪੋਰੇਟ ਘਰਾਣਿਆਂ ਨੂੰ ਇੱਕ ਲੱਖ ਕਰੋੜ ਦਾ ਲਾਭ ਹੋਵੇਗਾ।ਉਨ੍ਹਾਂ ਕਿਹਾ ਕਿ ਚਾਲੀ ਸਾਲ ਬੀਤ ਜਾਣ ਤੇ ਮੋਹਾਲੀ ਵਿਕਸਤ ਨਹੀਂ ਹੋ ਸਕਿਆ ਅਤੇ ਨਾ ਹੀ ਚੰਡੀਗੜ੍ਹ ਅਤੇ ਨਵਾਂ ਚੰਡੀਗੜ੍ਹ ਹੀ ਵਿਕਸਤ ਹੋਏ ਹਨ। ਉਹਨਾਂ ਕਿਹਾ ਕਿ ਜ਼ਮੀਨ ਐਕਵਾਇਰ ਕਰਨ ਲਈ 655 ਕਰੋੜ ਦਾ ਠੇਕਾ ਬਣਦਾ ਹੈ।ਪੰਜਾਬ ਸਰਕਾਰ ਨੇ ਇਸ ਮੰਤਵ ਲਈ ਬਜਟ ਵਿਚ ਕੋਈ ਪ੍ਰਾਵਧਾਨ ਨਹੀਂ ਰੱਖਿਆ। ਰਾਜੇਵਾਲ ਨੇ ਕਿਹਾ ਕਿ ਜ਼ਿਲ੍ਹਾ ਲੁਧਿਆਣਾ ਦੇ ਸਮਰਾਲਾ ਤੋਂ ਇਲਾਵਾ ਕੂੰਮਕਲਾਂ, ਦਾਖਾ, ਜੋਧਾਂ ਅਤੇ ਜਗਰਾਓਂ ਵਿਚ ਵੀ ਸਰਕਾਰ ਵੱਲੋਂ ਜਬਰੀ ਜ਼ਮੀਨ ਐਕਵਾਇਰ ਦੇ ਵਿਰੋਧ ਵਿੱਚ ਟਰੈਕਟਰ ਮਾਰਚ ਕੀਤਾ ਗਿਆ।



# ਜ਼ਿਲ੍ਹਾ ਪੱਧਰੀ ਅਦਾਲਤ 11 ਨੂੰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਨੂੰ ਸੁਣਨ ਤੇ ਨਿਪਟਾਰਾ ਕਰਨ ਲਈ ਇੱਕ ਵਿਸ਼ੇਸ਼ ਪੈਨਸ਼ਨ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ।ਪੈਨਸ਼ਨ ਅਦਾਲਤ ਕਾਰਜ ਲਈ ਜ਼ਿਲ੍ਹਾ ਮਾਲ ਅਫ਼ਸਰ, ਨਵਦੀਪ ਸਿੰਘ ਨੋਡਲ ਅਫ਼ਸਰ ਵਜੋਂ ਨਿਯੁਕਤ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਇਹ ਪੈਨਸ਼ਨ ਅਦਾਲਤ 11 ਅਗਸਤ ਨੂੰ ਸਵੇਰੇ 11 ਵਜੇ ਤੋਂ ਦੁਪਿਹਰ 3 ਵਜੇ ਕਮੇਟੀ ਹਾਲ, ਬਲਾਕ, ਧਰਾਤਲ ਮੰਜਲ, ਮਿਨੀ ਸਕੱਤਰੇਤ , ਪਟਿਆਲਾ ਵਿਖੇ ਲਗਾਈ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਮੌਕੇ ਪੈਨਸ਼ਨਰਾਂ ਦੀਆਂ ਸਾਰੀਆਂ ਸ਼ਿਕਾਇਤਾਂ ਨੂੰ ਸੁਣਿਆ ਜਾਵੇਗਾ ਤੇ ਜਲਦੀ ਹੀ ਨਿਪਟਾਰਾ ਵੀ ਕੀਤਾ ਜਾਵੇਗਾ । ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਨੇ ਨਿਰਦੇਸ਼ ਦਿੱਤੇ ਕਿ ਸਬੰਧਤ ਵਿਭਾਗ ਆਪਣੇ-ਆਪਣੇ ਪ੍ਰਤੀਨਿਧੀਆਂ ਨੂੰ ਨਿਸ਼ਚਿਤ ਮਿਤੀ 'ਤੇ ਪੈਨਸ਼ਨ ਅਦਾਲਤ ਵਿੱਚ ਭੇਜਣ ਤਾਂ ਜੁ ਸਮੇਂ ਸਿਰ ਹੱਲ ਕੀਤਾ ਜਾ ਸਕੇ।

# ਯੂ ਜੀ ਸੀ ਨੈੱਟ ਪ੍ਰੀਖਿਆ ਪਾਸ ਕਰਨ ਵਾਲੀਆਂ ਲੜਕੀਆਂ ਨੂੰ ਕੀਤਾ ਸਨਮਾਨਤ

**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ)** ਐਸ.ਸੀ.ਬੀ.ਸੀ ਅਧਿਆਪਕ ਯੂਨੀਅਨ ਜ਼ਿਲ੍ਹਾ ਇਕਾਈ ਮਾਨਸਾ ਦੇ ਪ੍ਰਧਾਨ ਵਿਜੈ ਕੁਮਾਰ ਦੀ ਅਗਵਾਈ ਹੇਠ ਸ਼ਹਿਰ ਦੀਆਂ ਵਸਨੀਕ ਤਿੰਨ ਸਕੀਆਂ ਭੈਣਾਂ ਰਿੰਪੀ ਕੌਰ, ਬੇਅੰਤ ਕੌਰ ਅਤੇ ਹਰਦੀਪ ਕੌਰ ਜਿਨ੍ਹਾਂ ਨੇ ਯੂ ਜੀ ਸੀ.ਦੀ ਪ੍ਰੀਖਿਆ ਪਹਿਲੀ ਵਾਰ ਹੀ ਚੰਗੇ ਅੰਕ ਪ੍ਰਾਪਤ ਕਰਕੇ ਪਾਸ ਕਰਕੇ ਇਲਾਕੇ ਤੇ ਮਾਤਾ-ਪਿਤਾ ਦਾ ਨਾਂਅ ਰੌਸ਼ਨ ਕੀਤਾ ਹੈ। ਇਨ੍ਹਾਂ ਤਿੰਨ ਲੜਕੀਆਂ ਦੀ ਹੌਸਲਾ ਅਫ਼ਜ਼ਾਈ ਕਰਨ ਲਈ ਐਸ.ਸੀ.ਬੀ.ਸੀ ਅਧਿਆਪਕ ਯੂਨੀਅਨ ਵੱਲੋਂ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦੀ ਤਸਵੀਰ ਤੇ 10 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਦੇ ਕੇ ਸਨਮਾਨਤ ਕਰਦਿਆਂ ਤਿੰਨਾਂ ਲੜਕੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈਆਂ ਵੀ ਦਿੱਤੀਆਂ। ਜ਼ਿਲ੍ਹਾ ਪ੍ਰਧਾਨ ਵਿਜੇ ਕੁਮਾਰ ਨੇ ਦੱਸਿਆ ਕਿ ਯੂਨੀਅਨ ਵੱਲੋਂ ਇਸ ਤਰ੍ਹਾਂ ਦੇ ਨੇਕ ਕਾਰਜ ਪਹਿਲਾਂ ਵੀ ਕੀਤੇ ਜਾਂਦੇ ਹਨ ਅਤੇ ਭਵਿੱਖ 'ਚ ਵੀ ਕੀਤੇ ਜਾਂਦੇ ਰਹਿਣਗੇ। ਉਨ੍ਹਾਂ ਕਿਹਾ ਕਿ ਲੜਕੀਆਂ ਨੂੰ ਕਿਸੇ ਪ੍ਰਕਾਰ ਦੀ ਆਰਥਿਕ ਤੰਗੀ ਨਹੀਂ ਆਉਣ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਇਨ੍ਹਾਂ ਲੜਕੀਆਂ ਨੇ ਸਿਰਫ ਇੱਕ ਬੱਲਬ ਦੀ ਰੌਸ਼ਨੀ ਵਿੱਚ ਹੀ ਸਾਰੀ ਪੜ੍ਹਾਈ ਬਿਨਾਂ ਕਿਸੇ ਟਿਊਸ਼ਨ ਤੋਂ ਹੀ ਪੂਰੀ ਕੀਤੀ ਹੈ। ਲੜਕੀਆਂ ਦੇ ਪਿਤਾ ਬਿੱਕਰ ਸਿੰਘ ਨੇ ਦੱਸਿਆ ਕਿ ਮੈਂ ਆਪਣੇ ਗ੍ਰੰਥੀ ਦੇ ਕਿੱਤੇ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਰ ਰਿਹਾ ਹਾਂ ਇਸੇ ਲਈ ਪ੍ਰਮਾਤਮਾ ਨੇ ਮਿਹਨਤੀ ਔਲਾਦ ਬਖਸ਼ੀ ਹੈ, ਮੈਂ ਆਪਣੀਆਂ ਲੜਕੀਆਂ ਨੂੰ ਕਦੇ ਵੀ ਮੁੰਡਿਆਂ ਤੋਂ ਘੱਟ ਨਹੀਂ ਸਮਝਿਆ।



# ਮਾਤਾ ਗੰਗਾ ਖਾਲਸਾ ਕਾਲਜ 'ਚ ਐਕਸਟੈਂਸ਼ਨ ਲੈਕਚਰ ਕਰਵਾਇਆ



**ਦੋਰਾਹਾ (ਹਰਮਿੰਦਰ ਸੇਠ)**- ਮਾਤਾ ਗੰਗਾ ਖ਼ਾਲਸਾ ਕਾਲਜ ਮੰਜੀ ਸਾਹਿਬ ਕੋਟਾਂ ( ਪ੍ਰਬੰਧ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਦੀ ਯੋਗ ਅਗਵਾਈ ਹੇਠ ਕੰਪਿਊਟਰ ਵਿਭਾਗ ਵੱਲੋਂ ਐਕਸਟੈਂਸ਼ਨ ਲੈਕਚਰ ਕਰਵਾਇਆ ਗਿਆ ਜਿਸ ਵਿੱਚ ਕਾਲਜੀਏਟ ਸਕੂਲ ਦੇ 55 ਵਿਦਿਆਰਥੀਆਂ ਦੁਆਰਾ ਸ਼ਮੂਲੀਅਤ ਕੀਤੀ ਗਈ । ਇਸ ਲੈਕਚਰ ਵਿੱਚ ਕੰਪਿਊਟਰ ਵਿਭਾਗ ਦੇ ਲੈਕਚਰਾਰ ਗੁਰਪ੍ਰੀਤ ਕੌਰ ਦੁਆਰਾ ਵਿਦਿਆਰਥੀਆਂ ਨੂੰ ਵਰਡ ਪ੍ਰੈੱਸ , ਏ. ਆਈ. , ਏ. ਆਈ. ਟੂਲਜ਼, ਚੈਟ ਜੀ. ਪੀ.ਟੀ. ਆਦਿ ਬਾਰੇ ਜਾਣਕਾਰੀ ਦਿੰਦਿਆਂ ਆਧੁਨਿਕ ਸਮੇਂ ਵਿੱਚ ਇਸ ਦੀ ਵਰਤੋਂ, ਇਸ ਦੇ ਲਾਭ ਅਤੇ ਹਾਨੀਆਂ ਬਾਰੇ ਦੱਸਿਆ । ਇਸ ਲੈਕਚਰ ਦਾ ਉਦੇਸ਼ ਵੈੱਬ ਡਿਜ਼ਾਈਨਿੰਗ ਵਿੱਚ ਏ. ਆਈ. ਵਰਦਦੇ ਹੋਏ ਕਿਸੇ ਵੀ ਪ੍ਰੋਜੈਕਟ ਵਿੱਚ ਵਿਦਿਆਰਥੀਆਂ ਦੀ ਕੁਸ਼ਲਤਾ ਅਤੇ ਗੁਣਵੱਤਾ ਨੂੰ ਉਜਾਗਰ ਕਰਕੇ ਗਿਆਨ ਵਿੱਚ ਵਾਧਾ ਕਰਨਾ ਸੀ । ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਅਜਿਹੀ ਤਕਨਾਲੋਜੀ ਨੂੰ ਸਹੀ ਢੰਗ ਨਾਲ ਵਰਤ ਕੇ ਨਵੇਂ-ਨਵੇਂ ਰੁਜ਼ਗਾਰਾਂ ਨੂੰ ਚੁਣਨ ,ਆਪਣੀ ਪ੍ਰਤਿਭਾ ਨੂੰ ਨਿਖਾਰਨ ਅਤੇ ਇਸ ਨੂੰ ਆਪਣੀ ਆਮਦਨ ਦਾ ਜ਼ਰੀਆ ਬਣਾਉਣ ਲਈ ਪ੍ਰੇਰਿਤ ਕੀਤਾ।

# ਡਾਇਰੈਕਟਰ ਆਯੁਰਵੈਦਿਕ ਤੇ ਹੋਮਿਓਪੈਥਿਕ ਵਿਭਾਗ ਵੱਲੋਂ ਆਯੁਸ਼ ਕੈਂਪ

**ਮਾਨਸਾ (ਆਤਮਾ ਸਿੰਘ ਪਮਾਰ)** ਰਾਜ ਦੇ ਲੋਕਾਂ ਨੂੰ ਵਧੀਆ ਸਿਹਤ ਪ੍ਰਦਾਨ ਕਰਨ ਲਈ ਸਿਹਤ ਵਿਭਾਗ ਵੱਲੋਂ ਡਾਇਰੈਕਟਰ ਆਯੁਰਵੈਦਿਕ ਅਤੇ ਹੋਮਿਓਪੈਥਿਕ ਵਿਭਾਗ ਅਧੀਨ ਸਾਂਝੇ ਤੌਰ 'ਤੇ ਰਾਜ ਪੱਧਰੀ ਆਯੁਸ਼ ਕੈਂਪ ਲਾਏ ਜਾ ਰਹੇ ਹਨ।ਇਸੇ ਲੜੀ ਤਹਿਤ ਜ਼ਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਅਫ਼ਸਰ ਡਾਕਟਰ ਨਮਿਤਾ ਗਰਗ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਹੋਮਿਓਪੈਥਿਕ ਅਫ਼ਸਰ ਡਾ. ਰਾਜੀਵ ਦੇ ਸਹਿਯੋਗ ਨਾਲ ਆਯੁਰਵੈਦਿਕ ਡਿਸਪੈਂਸਰੀ ਬੱਪੀਆਣਾ (ਮਾਨਸਾ) ਵਿਖੇ ਵਿਸ਼ਾਲ ਆਯੁਸ਼ ਕੈਂਪ ਦਾ ਆਯੋਜਨ ਕੀਤਾ ਗਿਆ। ਆਯੁਰਵੈਦਿਕ ਮੈਡੀਕਲ ਅਫਸਰ ਸੀਮਾ ਗੋਇਲ ਤੇ ਡਾਕਟਰ ਗੁਰਪ੍ਰੀਤ ਕੌਰ ਨੇ ਲੋਕਾਂ ਨੂੰ ਆਯੁਰਵੈਦਿਕ ਪ੍ਰਣਾਲੀ ਬਾਰੇ ਦੱਸਿਆ ਕਿ ਸਿਹਤ ਦੀ ਤੰਦਰੁਸਤੀ ਲਈ ਸੰਤੁਲਿਤ ਖੁਰਾਕ ਦੇ ਨਾਲ-ਨਾਲ ਯੋਗ ਆਸਣਾਂ ਨੂੰ ਤਰਜ਼ੀਹ ਦਿੰਦੇ ਹੋਏ ਜੀਵਨ 'ਚ ਸ਼ਾਮਲ ਕਰਨਾ ਚਾਹੀਦਾ ਹੈ।ਉਨ੍ਹਾਂ ਦੱਸਿਆ ਕਿ ਇਸ ਸਾਂਝੇ ਆਯੁਸ਼ ਕੈਂਪ ਦੌਰਾਨ 215 ਮਰੀਜ਼ਾਂ ਦੀ ਜਾਂਚ ਕਰਕੇ ਆਯੁਰਵੈਦਿਕ ਦਵਾਈਆਂ ਤੇ 137 ਮਰੀਜ਼ਾਂ ਨੂੰ ਹੋਮਿਓਪੈਥਿਕ ਦਵਾਈਆਂ ਵੰਡੀਆਂ ਗਈਆਂ।




# ਠੁੱਲੀਵਾਲ 'ਚ ਸੜਕ ਦੀ ਮਾੜੀ ਹਾਲਤ ਕਾਰਨ ਲੋਕ ਖੱਜਲ-ਖੁਆਰ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)** ਪਿੰਡ ਭੱਦਲਵੱਢ, ਹਮੀਦੀ, ਠੁੱਲੀਵਾਲ ਤੇ ਮਨਾਲ, ਚੀਮਾ ਰਾਹੀ ਮਲੇਰਕੋਟਲਾ ਨੂੰ ਜੋੜਨ ਵਾਲੀ ਸੜਕ ਦੀ ਖਸਤਾ ਹਾਲਤ ਵਿਚ ਹੋਣ ਕਰਕੇ ਹਰ ਰੋਜ਼ ਹਾਦਸਿਆਂ ਦਾ ਕਾਰਨ ਬਣ ਰਹੀ ਹੈ।ਪਿੰਡ ਠੁੱਲੀਵਾਲ ਦੇ ਲੋਕਾਂ ਨੇ ਅੱਕ ਕੇ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਸੜਕ ਦਾ ਤੁਰੰਤ ਨਵੇਂ ਸਿਰੇ ਤੋਂ ਨਿਰਮਾਣ ਕਰਾਉਣ ਦੀ ਮੰਗ ਕੀਤੀ।ਨੰਬਰਦਾਰ ਕਰਮਜੀਤ ਸਿੰਘ, ਮੋਹਨ ਸਿੰਘ, ਸੁਖਵਿੰਦਰ ਸਿੰਘ ਭੋਲਾ, ਡਾ. ਸੁਖਵਿੰਦਰ ਸਿੰਘ, ਤਾਰਾ ਸਿੰਘ ਬਾਠ, ਹਾਕਮ ਸਿੰਘ, ਸੰਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਸ ਸੜਕ ਉੱਪਰ ਗੁਰਦੁਆਰਾ ਸਾਹਿਬ, ਮਸਜਿਦ, ਅਨਾਜ ਮੰਡੀ ਅਤੇ ਹਸਪਤਾਲ ਹਨ, ਜਿੱਥੇ ਆਉਣ ਜਾਣ ਵਾਲੇ ਲੋਕਾਂ ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਠੁੱਲੀਵਾਲ ਦੀ ਅਨਾਜ ਮੰਡੀ ਦੇ ਸਾਹਮਣੇ ਸੜਕ ਨੀਵੀਂ ਹੋਣ ਕਰਕੇ ਬਰਸਾਤ 'ਚ ਪਾਣੀ ਭਰਨ ਕਾਰਨ ਛੱਪੜ ਦਾ ਰੂਪ ਧਾਰਨ ਕਰ ਜਾਂਦੀ ਹੈ। ਇਸ ਸੜਕ ਦੀ ਖਸਤਾ ਹਾਲਤ ਬਾਰੇ ਅਨੇਕਾਂ ਵਾਰੀ ਸਬੰਧਤ ਅਧਿਕਾਰੀਆਂ ਨੂੰ ਜਾਣੂ ਕਰਾਇਆ ਗਿਆ ਹੈ, ਪਰ ਅਫਸੋਸ ਕਿ ਕਿਸੇ ਨੇ ਵੀ ਧਿਆਨ ਦੀ ਲੋੜ ਨਹੀਂ ਸਮਝੀ।ਪਿੰਡ ਵਾਸੀਆਂ ਨੇ ਚੇਤਾਵਨੀ ਸੁਰ ਵਿੱਚ ਕਿਹਾ ਕਿ ਜੇਕਰ ਇਸ ਖਸਤਾ ਹਾਲਤ ਸੜਕ ਦਾ ਨਵੇਂ ਸਿਰੇ ਨਿਰਮਾਣ ਤੁਰੰਤ ਸ਼ੁਰੂ ਨਾ ਕੀਤਾ ਗਿਆ ਤਾਂ ਪਿੰਡ ਵਾਸੀਆਂ ਵਲੋਂ ਭਵਿੱਖ 'ਚ ਇਲਾਕੇ ਦੇ ਲੋਕਾਂ ਨੂੰ ਨਾਲ ਲੈ ਕੇ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

# ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)** ਐਮ.ਡੀ.ਪਬਲਿਕ ਹਾਈ ਸਕੂਲ ਵਿਖੇ ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਨੂੰ ਪ੍ਰਣਾਮ ਕਰਦੇ ਹੋਏ ਸਕੂਲ ਦੇ ਪ੍ਰਿੰਸੀਪਲ ਸਾਹਿਬਾਨ ਸਸ਼ਾਂਕ ਪਾਠਕ ਤੇ ਸਕੂਲ ਦਾ ਸਮੂਹ ਸਟਾਫ਼ ਨੀਲਮ, ਵੀਰਪਾਲ ਕੌਰ, ਮਨਪ੍ਰੀਤ ਕੌਰ, ਜਸਪ੍ਰੀਤ ਕੌਰ, ਹਰਦੀਪ ਕੌਰ, ਸਨਮਦੀਪ ਕੌਰ, ਕੁਲਵਿੰਦਰ ਕੌਰ, ਸਾਈਨੀ, ਸਰਿਤਾ ਤੇ ਟੀਪੀ ਅਧਿਆਪਕ ਕਮਲਪ੍ਰੀਤ ਕੌਰ, ਯਾਦਵਿੰਦਰ ਕੌਰ, ਪ੍ਰਿਅੰਕਾ, ਅਨੂੰ, ਲਵਲੀਸ਼ ਸਿੰਗਲਾ ਅਤੇ ਮਹਿਕ ਸ਼ਾਮਲ ਹੋਏ। ਸਕੂਲ ਦੇ ਵਿਦਿਆਰਥੀਆਂ ਨੂੰ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਬਾਰੇ ਨੂੰ ਜਾਣੂ ਕਰਾਇਆ।ਉਨ੍ਹਾਂ ਦੀ ਸ਼ਹੀਦੀ ਦੀ ਮਹੱਤਤਾ ਦੱਸੀ ਤੇ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਸ਼ਹੀਦ ਊਧਮ ਸਿੰਘ ਜੀ ਦੇ ਜੱਦੀ ਘਰ ਲਿਜਾਇਆ ਗਿਆ ਤੇ ਸ਼ਹੀਦ ਊਧਮ ਸਿੰਘ ਕਾਲਜ ਵਿੱਚ ਉਨ੍ਹਾਂ ਦੀਆਂ ਅਸਥੀਆਂ ਨੂੰ ਬੱਚਿਆਂ ਵੱਲੋਂ ਫੁੱਲ ਭੇਟ ਕੀਤੇ ਗਏ, ਉੱਥੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸ਼ਹੀਦੀ ਬਾਰੇ ਜਾਣੂ ਕਰਾਇਆ ਅਤੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਜੀ ਨੇ ਜਲਿਆਂਵਾਲੇ ਬਾਗ ਵਿੱਚ 13 ਅਪ੍ਰੈਲ 1919 ਨੂੰ ਹੋਏ ਹੱਤਿਆਕਾਂਡ ਦਾ ਬਦਲਾ 21 ਸਾਲਾਂ ਬਾਅਦ ਲੰਡਨ ਜਾ ਕੇ ਲਿਆ ਅਤੇ ਫਾਂਸੀ ਦਾ ਫੰਦਾ ਚੁੰਮਿਆ।



# ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾ. ਤੇਜਿੰਦਰ ਕੌਰ ਸਨਮਾਨਤ



**ਸ੍ਰੀ ਮੁਕਤਸਰ ਸਾਹਿਬ (ਸ਼ੁਮਿੰਦਰਪਾਲ/ਪੂਜਾ)**- ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਮੈਨੂੰ ਇਹ ਐਲਾਨ ਕਰਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਸਾਨੂੰ ਸਮਾਜਿਕ ਭਲਾਈ ਸਭਾ ਅਤੇ ਵਿਕਾਸ ਮਿਸ਼ਨ, ਸ੍ਰੀ ਮੁਕਤਸਰ ਸਾਹਿਬ ਵਲੋਂ ਸਿੱਖਿਆ ਦੇ ਖੇਤਰ, ਸਮਾਜਿਕ ਸੇਵਾ ਅਤੇ ਵਾਤਾਵਰਣ ਸੰਭਾਲ ਵਿਚ ਯੋਗਦਾਨ ਲਈ ਸਨਮਾਨਤ ਕੀਤਾ ਗਿਆ ਹੈ। ਇਹ ਸਨਮਾਨ ਸ਼ਹਿਰੀ ਪਾਰਕਾਂ, ਚੌਂਕਾਂ ਦੀ ਸੁੰਦਰਤਾ ਅਤੇ ਸਾਫ਼-ਸਫਾਈ ਨੂੰ ਬਣਾਈ ਰੱਖਣ, ਵਿਦਿਆਰਥੀਆਂ ਨੂੰ ਗੁਣਵੱਤਾ ਪੂਰਨ ਸਿੱਖਿਆ ਮੁਹੱਈਆ ਕਰਵਾਉਣ, ਅਤੇ ਸਮਾਜਿਕ ਭਲਾਈ ਲਈ ਨਿਰੰਤਰ ਸੇਵਾ ਦੇ ਕਾਰਜਾਂ ਲਈ ਮਿਲਿਆ ਹੈ। ਅਸੀਂ ਹਮੇਸ਼ਾ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਸਿੱਖਿਆ ਸਿਰਫ਼ ਪਾਠਕ੍ਰਮ ਤੱਕ ਸੀਮਿਤ ਨਾ ਰਹੇ, ਬਲਕਿ ਵਿਦਿਆਰਥੀਆਂ ਨੂੰ ਇਕ ਜ਼ਿੰਮੇਵਾਰ, ਸਮਰਪਿਤ ਅਤੇ ਜਾਗਰੂਕ ਨਾਗਰਿਕ ਬਣਾਏ।ਮੈਂ ਸਮਾਜਿਕ ਭਲਾਈ ਸਭਾ ਮੁਕਤਸਰ ਵਿਕਾਸ ਮਿਸ਼ਨ, ਉਹਨਾਂ ਦੇ ਮੁਖੀ ਜਗਦੀਸ਼ ਰਾਏ ਢੋਸੀਵਾਲ ਅਤੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਸਾਡੀ ਸਮਾਜਿਕ ਜ਼ਿੰਮੇਵਾਰੀ ਨੂੰ ਸਵੀਕਾਰਿਆ ਅਤੇ ਸਨਮਾਨ ਦਿੱਤਾ।

# ਕੈਂਬਰਿਜ ਕਾਨਵੈਂਟ ਸਕੂਲ 'ਚ ਕੀਤਾ ਵਿਗਿਆਨ ਪ੍ਰਦਰਸ਼ਨੀ

**ਕੋਟ ਈਸੇ ਖਾਂ (ਅਰੋੜਾ)** ਕੈਂਬਰਿਜ ਕਾਨਵੈਂਟ ਸਕੂਲ ਵਿਖੇ ਵਿਸ਼ਾਲ ਵਿਗਿਆਨ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਦੀ ਵਿਗਿਆਨਕ ਉਤਸੁਕਤਾ ਅਤੇ ਸਿਰਜਣਾਤਮਕਤਾ ਨੂੰ ਪ੍ਰਦਰਸ਼ਿਤ ਕੀਤਾ ਗਿਆ।ਪ੍ਰਦਰਸ਼ਨੀ ਦਾ ਉਦੇਸ਼ ਨਵੀਨਤਾ ਨੂੰ ਉਤਸ਼ਾਹਤ ਕਰਨਾ ਅਤੇ ਨੌਜਵਾਨ ਸਿਖਿਆਰਥੀਆਂ ਵਿੱਚ ਵਿਗਿਆਨਕ ਸੁਭਾਅ ਨੂੰ ਉਤਸ਼ਾਹਤ ਕਰਨਾ ਸੀ।ਸਮਾਗਮ ਨੂੰ ਮੁੱਖ ਮਹਿਮਾਨਾਂ ਨੇ ਸੰਬੋਧਿਤ ਕੀਤਾ, ਜਿਨ੍ਹਾਂ ਵਿੱਚ ਸੁਖਜਿੰਦਰ ਸਿੰਘ, ਸੀਨੀਅਰ ਵਿਗਿਆਨ ਅਧਿਆਪਕ, ਜਨੇਰ ਜਸਪ੍ਰੀਤ ਸਿੰਘ, ਪ੍ਰਿੰਸੀਪਲ, ਬੀਆਈਐਸ ਕਾਲਜ, ਸ੍ਰੀ ਕਪਿਲ ਸਿੰਗਲਾ, ਐੱਚ.ਓ.ਡੀ, ਬੀਆਈਐਸ ਕਾਲਜ, ਅਮਰਿੰਦਰ ਸਿੰਘ, ਐੱਚ ਓ ਡੀ, ਡਾ. ਸੁਨੀਲ ਨਾਗਪਾਲ, ਮਲੋਟ, ਸ਼ਾਮਿਲ ਹੋਏ. ਮਹਿਮਾਨ ਵਿਦਿਆਰਥੀਆਂ ਦੁਆਰਾ ਤਿਆਰ ਕੀਤੇ ਗਏ ਨਵੀਨਤਾਕਾਰੀ ਕਾਰਜਸ਼ੀਲ ਮਾਡਲਾਂ, ਖੋਜ-ਅਧਾਰਤ ਪ੍ਰੋਜੈਕਟਾਂ ਤੇ ਇੰਟਰਐਕਟਿਵ ਪ੍ਰਯੋਗਾਂ ਦੀ ਵਿਭਿੰਨਤਾ ਤੋਂ ਬਹੁਤ ਪ੍ਰਭਾਵਤ ਹੋਏ।ਉਨ੍ਹਾਂ ਭਾਗੀਦਾਰਾਂ ਦੁਆਰਾ ਪ੍ਰਦਰਸ਼ਤ ਰਚਨਾਤਮਕਤਾ, ਗਿਆਨ ਤੇ ਪੇਸ਼ਕਾਰੀ ਹੁਨਰ ਦੀ ਸ਼ਲਾਘਾ ਕੀਤੀ।



# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਡੀ ਸੀ ਦਫਤਰ ਅੱਗੇ 6 ਨੂੰ ਧਰਨੇ ਦਾ ਐਲਾਨ

**ਨਾਭਾ (ਵਰਿੰਦਰ ਵਰਮਾ)**- ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਇੱਕ ਮੀਟਿੰਗ ਕਰਕੇ ਪਿੰਡ ਮੰਡੌਰ ਵਿੱਚ ਚੱਲ ਰਹੇ ਜ਼ਮੀਨੀ ਵਿਵਾਦ ਅਤੇ ਹੋਰ ਪਿੰਡਾਂ ਦੇ ਲੰਬਿਤ ਮਸਲਿਆਂ 'ਤੇ ਵਿਚਾਰ-ਚਰਚਾ ਕੀਤੀ। ਮੀਟਿੰਗ ਵਿੱਚ ਪ੍ਰਸ਼ਾਸਨ ਵੱਲੋਂ ਧਾਰੀ ਚੁੱਪ ਅਤੇ ਦਲਿਤ ਭਾਈਚਾਰੇ ਦੇ ਹਿੱਸੇ ਦੀਆਂ ਪੰਚਾਇਤੀ ਜ਼ਮੀਨਾਂ 'ਤੇ ਕਬਜ਼ੇ ਦੀਆਂ ਕੋਸ਼ਿਸ਼ਾਂ ਦੇ ਮੁੱਦੇ ਨੂੰ ਗੰਭੀਰਤਾ ਨਾਲ ਉਠਾਇਆ ਗਿਆ। ਕਮੇਟੀ ਦੇ ਜਨਰਲ ਸਕੱਤਰ ਗੁਰਵਿੰਦਰ ਬੌੜਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਮੰਡੌਰ ਵਿੱਚ ਗਲਤ ਬੋਲੀ ਦੇ ਮਸਲੇ 'ਤੇ ਪ੍ਰਸ਼ਾਸਨ ਪੂਰੀ ਤਰ੍ਹਾਂ ਚੁੱਪ ਹੈ। ਉਨ੍ਹਾਂ ਕਿਹਾ ਕਿ ਪਿੰਡ ਦੇ ਕੁਝ ਜ਼ਿਮੀਦਾਰ ਭਾਈਚਾਰੇ ਦੇ ਲੋਕ ਦਲਿਤਾਂ ਦੀ ਜ਼ਮੀਨ 'ਤੇ ਨਾਜਾਇਜ ਕਬਜ਼ਾ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਕਰ ਰਹੇ ਹਨ ਅਤੇ ਨਿੱਤ ਦਿਹਾੜੇ ਝਗੜੇ ਦੀਆਂ ਸਾਜਸ਼ਾਂ ਰਚੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੇ ਨਾ ਤਾਂ ਗਲਤ ਬੋਲੀ ਨੂੰ ਰੱਦ ਕੀਤਾ ਹੈ ਅਤੇ ਨਾ ਹੀ ਦਲਿਤ ਆਗੂਆਂ 'ਤੇ ਹਮਲਾ ਕਰਨ ਵਾਲੇ ਦੋਸ਼ੀਆਂ, ਜਿਨ੍ਹਾਂ ਖਿਲਾਫ ਐਸ.ਸੀ./ਐਸ.ਟੀ. ਐਕਟ ਅਧੀਨ ਕੇਸ ਦਰਜ ਹੋਇਆ ਹੈ, ਨੂੰ ਛੇ ਮਹੀਨਿਆਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਗ੍ਰਿਫਤਾਰ ਕੀਤਾ ਗਿਆ। ਬਲਾਕ ਮੀਤ ਪ੍ਰਧਾਨ ਮਨੀ ਮੱਲੇਵਾਲ ਨੇ ਕਿਹਾ ਕਿ ਪਿੰਡ ਮੰਡੌਰ ਦੇ ਮਸਲੇ ਨੂੰ ਪ੍ਰਸ਼ਾਸਨ ਜਾਣਬੁੱਝ ਕੇ ਲਟਕਾ ਰਿਹਾ ਹੈ। ਇਸ ਤੋਂ ਇਲਾਵਾ ਹੋਰ ਪਿੰਡਾਂ ਦੇ ਮਸਲਿਆਂ ਸਬੰਧੀ ਡੀ.ਸੀ. ਵੱਲੋਂ ਜਾਰੀ ਲਿਖਤੀ ਹੁਕਮਾਂ ਦੀ ਪਾਲਣਾ ਵੀ ਸਥਾਨਕ ਪ੍ਰਸ਼ਾਸਨ ਵੱਲੋਂ ਨਹੀਂ ਕੀਤੀ ਜਾ ਰਹੀ। ਇਨ੍ਹਾਂ ਮੁੱਦਿਆਂ ਨੂੰ ਲੈ ਕੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ 6 ਅਗਸਤ ਨੂੰ ਡੀ.ਸੀ. ਦਫਤਰ ਪਟਿਆਲਾ ਅੱਗੇ ਧਰਨਾ ਦੇਣ ਦਾ ਫੈਸਲਾ ਕੀਤਾ ਹੈ। ਇਸ ਮੌਕੇ ਕਮੇਟੀ ਦੇ ਆਗੂ ਜਸਪਾਲ ਸਿੰਘ, ਜਗਰੂਪ ਸਿੰਘ, ਲਖਵੀਰ ਸਿੰਘ, ਅਤੇ ਹੋਰ ਮੈਂਬਰ ਵੀ ਹਾਜ਼ਰ ਸਨ।



# ਸਕੂਲੀ ਬੱਚਿਆਂ ਨੂੰ ਵੰਡੀ ਗਈ ਸਟੇਸ਼ਨਰੀ

**ਨਾਭਾ (ਵਰਿੰਦਰ ਵਰਮਾ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਕਕਰਾਲਾ ਵਿਖੇ ਤੇ ਸਰਕਾਰੀ ਮਿਡਲ ਸਕੂਲ ਪਿੰਡ ਲੁਬਾਣਾ ਕਰਮੂ ਵਿਖੇ ਵਿਦਿਆਰਥੀਆਂ ਦੀ ਸਹੂਲਤ ਲਈ ਸਟੇਸ਼ਨਰੀ ਦਿੱਤੀ ਗਈ।ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਨੇ ਕਿਹਾ ਕਿ ਦਾਨੀ ਸੱਜਣਾਂ ਤੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਸਟੇਸ਼ਨਰੀ ਦਿੱਤੀ ਗਈ।ਉਨ੍ਹਾਂ ਸਹਿਯੋਗੀ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਉਮੀਦ ਕੀਤੀ ਗਈ ਕਿ ਇਸ ਤਰ੍ਹਾਂ ਹੀ ਇਹ ਸੰਸਥਾ ਜ਼ਰੂਰਤਮੰਦ ਲੋਕਾਂ ਦੀ ਸੇਵਾ ਕਰਦੀ ਰਹੇ ਅਤੇ ਏਨੇ ਘੱਟ ਸਮੇਂ ਵਿੱਚ ਸਮਾਜ ਸੇਵੀ ਲੋਕ ਮਦਦ ਲਈ ਅੱਗੇ ਆਉਂਦੇ ਰਹਿਣ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਲੋੜਵੰਦ ਨੂੰ ਕਿਸੇ ਪ੍ਰਕਾਰ ਦੀ ਕੋਈ ਜ਼ਰੂਰਤ ਹੁੰਦੀ ਹੈ ਤਾਂ ਉਹ ਸਾਡੇ ਨਾਲ ਸੰਪਰਕ ਕਰ ਸਕਦੇ ਹਨ।ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੈਡਮ ਸਨੇਹ ਲਤਾ, ਸੁਖਵਿੰਦਰ ਜੀਤ ਸਿੰਘ, ਤਰਲੋਕ ਚੰਦ, ਰਾਜੇਸ਼ ਕੁਮਾਰ ਗੁਪਤਾ, ਬਲਵਿੰਦਰ ਸਿੰਘ ਅਤੇ ਸਰਕਾਰੀ ਮਿਡਲ ਸਕੂਲ ਪ੍ਰਿੰਸੀਪਲ ਮੈਡਮ ਅਨੁਪਮਾ ਮਹਿਤਾ, ਅਨੂੰ ਚੋਪੜਾ ਅਤੇ ਇੰਚਾਰਜ ਮੈਡਮ ਹਰਜਿੰਦਰ ਕੌਰ ਆਦਿ ਨੇ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਦੇ ਅਹੁਦੇਦਾਰ ਵਿਕਾਸ ਮਿੱਤਲ, ਅੰਕੁਰ ਸਿੰਗਲਾ, ਰਵਿੰਦਰ ਸਿੰਘ, ਸੁਨੀਲ ਗੁਪਤਾ, ਅਤੁਲ ਬਾਂਸਲ (ਐਡਵੋਕੇਟ), ਦੀਪਕ ਕੁਮਾਰ, ਵਰੁਣ ਸਿੰਗਲਾ, ਵਿਨੋਦ ਕੁਮਾਰ, ਬਲਦੇਵ ਕੁਮਾਰ, ਸਾਹਿਲ ਗੁਪਤਾ ਆਦਿ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਕੋਲ ਸਟੇਸ਼ਨਰੀ ਨਾ ਹੋਣ ਕਾਰਨ ਬਹੁਤ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਸੀ, ਜਿਸ ਨੂੰ ਵੇਖਦੇ ਹੋਏ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਵੱਲੋਂ ਬੱਚਿਆਂ ਨੂੰ ਸਟੇਸ਼ਨਰੀ ਦਿੱਤੀ ਗਈ ਹੈ।



# ਪਤੀ ਨੇ ਨਸ਼ੇ 'ਚ ਕੱਟ ਦਿੱਤੇ ਪਤਨੀ ਦੇ ਵਾਲ

## ● ਦੋ ਬੱਚਿਆਂ ਸਮੇਤ ਕੱਢਿਆ ਘਰੋਂ ਬਾਹਰ

**ਬਠਿੰਡਾ (ਪਰਵਿੰਦਰ ਜੀਤ ਸਿੰਘ)** ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੰਜਾਬ ਸਰਕਾਰ ਤੇ ਪੁਲਿਸ ਨਸ਼ਿਆਂ ਨੂੰ ਖਤਮ ਕਰਨ ਦੇ ਦਾਅਵੇ ਕਰਦੇ ਨਹੀਂ ਥੱਕਦੀ, ਪਰ ਦੂਜੇ ਪਾਸੇ ਨਸ਼ੇ ਦੇ ਆਦੀ ਵਿਅਕਤੀ ਆਪਣੇ ਪਰਵਾਰਕ ਮੈਂਬਰਾਂ ਨੂੰ ਕੁੱਟਮਾਰ ਕਰਨ ਤੋਂ ਗੁਰੇਜ਼ ਨਹੀਂ ਕਰਦੇ। ਅਜਿਹਾ ਇੱਕ ਮਾਮਲਾ ਪ੍ਰਤਾਪ ਨਗਰ ਵਿੱਚ ਸਾਹਮਣੇ ਆਇਆ ਹੈ, ਜਿੱਥੇ ਪਤੀ ਨੇ ਨਸ਼ੇ ਵਿੱਚ ਟੁੰਨ ਹੋ ਕੇ ਆਪਣੀ ਪਤਨੀ ਦੇ ਵਾਲ ਕੱਟ ਦਿੱਤੇ ਅਤੇ ਨਿੱਕੇ ਨਿੱਕੇ ਬੱਚਿਆਂ ਨਾਲ ਉਸ ਨੂੰ ਘਰੋਂ ਬਾਹਰ ਕੱਢ ਦਿੱਤਾ। ਮੁਹੱਲਾ ਨਿਵਾਸੀਆਂ ਨੇ ਪੀੜਤ ਪਤਨੀ ਤੇ ਬੱਚਿਆਂ ਦੀ ਤਰਸਯੋਗ ਹਾਲਤ ਨੂੰ ਦੇਖਦੇ ਹੋਏ ਇਸਦੀ ਸੂਚਨਾ ਪੁਲਸ ਨੂੰ ਦਿੱਤੀ। ਮੌਕੇ 'ਤੇ ਐਸਐਚਓ ਹਰਜੀਵਨ ਸਿੰਘ ਥਾਣਾ ਕਨਾਲ ਕਲੋਨੀ ਪੁਲਸ ਪਾਰਟੀ ਨਾਲ ਪਹੁੰਚੇ ਤੇ ਉਕਤ ਵਿਅਕਤੀ ਖਿਲਾਫ ਕਾਰਵਾਈ ਕਰਨ ਦੀ ਗੱਲ ਕਹੀ।ਪੀੜਤ ਔਰਤ ਨੇ ਕਿਹਾ ਕਿ ਉਸਦਾ ਪਤੀ ਨਸ਼ੇ ਕਰਨ ਦਾ ਆਤੀ ਹੈ ਤੇ ਉਸਨੇ ਉਸਦੇ ਵਾਲ ਵੀ ਕੱਟ ਦਿੱਤੇ ਤੇ ਬੱਚਿਆਂ ਸਮੇਤ ਉਸ ਨੂੰ ਘਰੋਂ ਬਾਹਰ ਕੱਢ ਦਿੱਤਾ। ਉਨ੍ਹਾਂ ਕਿਹਾ ਕਿ ਨਸ਼ੇ ਵਿੱਚ ਉਸਦਾ ਪਤੀ ਉਸ ਨਾਲ ਕੁੱਟਮਾਰ ਵੀ ਕਰਦਾ ਹੈ ਅਤੇ ਪੈਸੇ ਦੀ ਮੰਗ ਕਰਦਾ ਹੈ। ਐਸਐਚਓ ਹਰਜੀਵਨ ਸਿੰਘ ਨੇ ਦੱਸਿਆ ਕਿ ਉਕਤ ਵਿਅਕਤੀ ਖਿਲਾਫ਼ ਮਾਮਲਾ ਦਰਜ ਕਰਕੇ ਪੁਲਿਸ ਕਾਰਵਾਈ ਆਰੰਭ ਦਿੱਤੀ ਹੈ ਤਾਂ ਜੁ ਮਹਿਲਾ ਅਤੇ ਬੱਚਿਆਂ ਨੂੰ ਘਰ ਵਿੱਚ ਸੁਰੱਖਿਤ ਰੱਖਿਆ ਜਾ ਸਕੇ।



# ਮੌੜ ਪਰਵਾਰ ਨੂੰ ਸਦਮਾ, ਮਾਤਾ ਬਚਨ ਕੌਰ ਦਾ ਦੇਹਾਂਤ

**ਬਾਘਾ ਪੁਰਾਣਾ (ਮਨੀ ਸਿੰਗਲਾ)** ਪਿੰਡ ਮੌੜ ਨੌਂ ਅਬਾਦ ਨਾਲ ਸੰਬੰਧਤ ਸੀਨੀਅਰ ਅਕਾਲੀ ਆਗੂ ਜਥੇਦਾਰ ਹਰਮੇਲ ਸਿੰਘ ਮੌੜ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਦੀ ਮਾਤਾ ਤੇ ਹਲਕੇ ਤੋਂ ਅਜ਼ਾਦ ਚੋਣ ਲੜ ਚੁੱਕੇ ਤੇ ਪਰਮਿੰਦਰ ਸਿੰਘ ਮੌੜ ਸੀਨੀਅਰ ਅਕਾਲੀ ਆਗੂ ਦੀ ਦਾਦੀ ਮਾਤਾ ਬਚਨ ਕੌਰ (104 ਸਾਲ) ਪਤਨੀ ਸਵ: ਜੀਤਾ ਸਿੰਘ, ਜੋ ਬੀਤੇ ਦਿਨ ਆਪਣੇ ਪਰਿਵਾਰ ਨੂੰ ਹੱਸਦਿਆ-ਵੱਸਦਿਆਂ ਛੱਡ ਕੇ ਇਸ ਫਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਕੇ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਮਾਤਾ ਬਚਨ ਕੌਰ ਦਾ ਪਿੰਡ ਮੌੜ ਨੌਂ ਅਬਾਦ ਦੇ ਸ਼ਮਸ਼ਾਨਘਾਟ ਵਿਖੇ ਅੰਤਮ ਸਸਕਾਰ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੀ ਚਿਖਾ ਨੂੰ ਅਗਨੀ ਭੇਟ ਕਰਨ ਦੀ ਰਸਮ ਹਰਮੇਲ ਸਿੰਘ ਮੌੜ, ਪਰਮਿੰਦਰ ਸਿੰਘ ਮੌੜ, ਬਲਜਿੰਦਰ ਸਿੰਘ ਮੌੜ, ਜਸਪਾਲ ਸਿੰਘ ਮੌੜ, ਕਿੰਦਰਬੀਰ ਸਿੰਘ, ਹਰਬੀਰ ਸਿੰਘ ਤੇ ਹੋਰਨਾਂ ਪਰਿਵਾਰਕ ਮੈਂਬਰਾਂ ਵਲੋਂ ਨਿਭਾਈ ਗਈ।ਇਸ ਦੁਖਦਾਈ ਸਮੇਂ ਮੌੜ ਪਰਿਵਾਰ ਨਾਲ ਜਿੱਥੇ ਪਿੰਡ ਦੇ ਹਰੇਕ ਪਰਵਾਰ ਨੇ ਦੁੱਖ ਵੰਡਾਇਆ, ਉੱਥੇ ਸ਼੍ਰੋਮਣੀ ਅਕਾਲੀ ਦਲ ਵਲੋਂ ਪਾਰਟੀ ਦੀ ਕੋਰ ਕਮੇਟੀ ਦੇ ਮੈਂਬਰ ਜਥੇਦਾਰ ਤੀਰਥ ਸਿੰਘ ਮਾਹਲਾ ਆਪਣੀ ਟੀਮ ਵਿਚਲੇ ਸੀਨੀਅਰ ਆਗੂਆਂ ਦੇ ਨਾਲ ਮੌੜ ਪਰਵਾਰ ਦੇ ਗ੍ਰਹਿ ਵਿਖੇ ਪਹੁੰਚੇ। ਇਸ ਮੌਕੇ ਉਨ੍ਹਾਂ ਨੇ ਮਾਤਾ ਬਚਨ ਕੌਰ ਦੀ ਮ੍ਰਿਤਕ ਦੇਹ ਉੱਪਰ ਲੋਈ ਭੇਟ ਕੀਤੀ।ਇਸ ਮੌਕੇ ਰਾਜਸੀ, ਗੈਰ-ਰਾਜਸੀ, ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਦੀਆਂ ਉੱਚ ਸ਼ਖਸ਼ੀਅਤਾਂ ਨੇ ਬਾਘਾ ਪੁਰਾਣਾ ਹਲਕੇ ਤੋਂ ਹੀ ਨਹੀਂ ਪੰਜਾਬ ਦੇ ਕੋਨੇ-ਕੋਨੇ ਤੋਂ ਵੱਡੇ ਪੱਧਰ 'ਤੇ ਸ਼ਮੂਲੀਅਤ ਕਰਕੇ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ।



# ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਨੇ ਸ਼ਬਦ ਲਾਇਬਰੇਰੀ ਦਾ ਕੀਤਾ ਉਦਘਾਟਨ

**ਸਮਰਾਲਾ, ਮਾਛੀਵਾੜਾ (ਸੁਰਜੀਤ ਸਿੰਘ, ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**- ਸਾਹਿਤ ਸਭਾ ਮਾਛੀਵਾੜਾ ਦੀ ਮਾਸਿਕ ਇਕੱਤਰਤਾ ਨਗਰ ਕੌਂਸਲ ਮਾਛੀਵਾੜਾ ਦੁਆਰਾ ਸਥਾਪਿਤ ਸ਼ਬਦ ਲਾਇਬ੍ਰੇਰੀ ਵਿੱਚ ਸਭਾ ਦੇ ਪ੍ਰਧਾਨ ਨਸੀਮ ਦੀ ਪ੍ਰਧਾਨਗੀ ਵਿੱਚ ਹੋਈ। ਇਸ ਲਾਇਬ੍ਰੇਰੀ ਦਾ ਉਦਘਾਟਨ ਨਗਰ ਕੌਂਸਲ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਕੀਤਾ। ਸਾਹਿਤ ਸਭਾ ਦੀ ਇਸ ਪਹਿਲੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਇਸ ਲਾਇਬ੍ਰੇਰੀ ਨੂੰ ਹਰ ਪੱਖੋਂ ਪ੍ਰਫੁੱਲਿਤ ਕਰਨ ਦੀ ਆਪਣੀ ਵਚਨਵੱਧਤਾ ਨੂੰ ਦੁਹਰਾਇਆ। ਇਸ ਮੌਕੇ ਪ੍ਰਧਾਨ ਮੋਹਿਤ ਕੁੰਦਰਾ ਨੂੰ ਸਨਮਾਨਤ ਵੀ ਕੀਤਾ ਗਿਆ । ਰਚਨਾਵਾਂ ਦੇ ਦੌਰ ਵਿੱਚ ਮੋਹਿਤ ਕੁੰਦਰਾ ਨੇ ਆਪਣੀਆਂ ਦੋ ਕਾਵਿ-ਰਚਨਾਵਾਂ ਨਾਲ ਹਾਜ਼ਰੀ ਵੀ ਬਣਾਈ। ਇਸ ਤੋਂ ਬਾਅਦ ਸ਼ਾਇਰ ਨਸੀਮ ਨੇ ਆਪਣੀਆਂ ਦੋ ਗ਼ਜ਼ਲ ਸੁਣਾਈ ਜਿਹੜੀ ਕਿ ਲਾਇਬ੍ਰੇਰੀਆਂ ਨੂੰ ਸਮਰਪਤ ਸੀ। ਇਸ ਉਪਰੰਤ ਕਸ਼ਮੀਰ ਸਿੰਘ ਨੇ ਵਾਰ ਬਾਬਾ ਬੰਦਾ ਸਿੰਘ ਬਹਾਦਰ ਅਤੇ ਨਛੱਤਰ ਸਿੰਘ ਨੇ ਪਿੰਡ ਨੂੰ ਸੰਬੋਧਿਤ ਗੀਤ ਸੁਣਾਇਆ। ਫਿਰ ਨਵਦੀਪ ਸ਼ਰਮਾ ਨੇ ਆਪਣੀ ਕਾਵਿ-ਰਚਨਾ ਮੈਂ ਤੜਪਾਂ ਤੇਰੇ ਇਸ਼ਕ ਨੂੰ ਮੈਨੂੰ ਇਸ਼ਕ ਦੀ ਲੱਗੀ ਥਿਆ ਸੁਣਾਈ । ਇਸ ਤੋਂ ਬਾਅਦ ਸ਼ਾਇਰ ਤਰਨ ਰਾਮਪੁਰ ਨੇ ਗਜ਼ਲ ਦਿਲ ਦੀ ਹਰ ਗੱਲ ਕਹਿ ਗਈ ਕਵਿਤਾ, ਦਿਲ ਮੇਰੇ ਵਿੱਚ ਲਹਿ ਗਈ ਕਵਿਤਾ ਸੁਣਾਈ । ਫਿਰ ਕਵੀ ਐੱਸ ਰਜਿੰਦਰ ਨੇ ਗਜ਼ਲ ਹੋਇਆ ਕੀ ਜੇ ਘਰ ਨਾ ਅਪਣਾ ਭਰਿਆ ਖੁੱਦਾਰੇ ਦਾ ਸੌਦਾ ਤਾਂ ਨੀ ਕਰਿਆ ਅਤੇ ਇਕ ਕਵਿਤਾ ਕੀ ਪੁੱਛਦੀ ਦੇ ਕੀ ਦੱਸਾਂ ਸੁਣਾਈ । ਉਸ ਉਪਰੰਤ ਸ਼ਾਇਰ ਅਮਰਿੰਦਰ ਸੋਹਲ ਨੇ ਗ਼ਜ਼ਲ ਇਹ ਸ਼ਰਾਰਤਾਂ ਕੀ ਹਵਾ ਦੇ ਬੁੱਲ੍ਹੇ ਦੇਖੋ ਕਰ ਗਏ, ਸਾਡੇ ਘਰ ਦੇ ਵਿਹੜੇ ਵਿੱਚ ਅੱਗਾਂ ਹੀ ਅੱਗਾਂ ਧਰ ਗਏ ਸੁਣਾਈ । ਫਿਰ ਸ਼ਾਇਰ ਬਲਜਿੰਦਰ ਸਿੰਘ ਨੇ ਗਜ਼ਲ 'ਰੁਲ ਰਹੇ ਨੇ ਜੋ ਵਿਚਾਰੇ ਕਿਸ ਲਈ ਨੇ, ਧਰਤ ਤੇ ਰੱਬਾ ਉਤਾਰੇ ਕਿਸ ਲਈ ਨੇ' ਸੁਣਾਈ। ਇਸ ਤੋਂ ਬਾਅਦ ਸ਼ਾਇਰ ਨਿਰੰਜਨ ਸੂਖਮ ਨੇ ਆਪਣੀ ਗਜ਼ਲ ਤਾਂਘ ਦਿਲ ਵਿੱਚ ਮਨ 'ਚ ਜਦ ਨਿਸ਼ਚਾ ਜਿਹਾ ਕਰ ਹੋ ਗਿਆ, ਮਰਹਲਾ ਹੋਵੇ ਕੋਈ ਵੀ ਸਹਿਜ ਹੀ ਸਰ ਹੋ ਗਿਆ ਸੁਣਾਈ । ਪੜ੍ਹੀਆਂ ਗਈਆਂ ਸਾਰੀਆਂ ਰਚਨਾਵਾਂ 'ਤੇ ਉਸਾਰੂ ਬਹਿਸ ਵਿੱਚ ਗੁਰਭਗਤ ਸਿੰਘ, ਅਵਤਾਰ ਸਿੰਘ ਉਟਾਲਾਂ, ਰਘਬੀਰ ਸਿੰਘ ਭਰਤ, ਸੁਮੇਲ ਨਸੀਮ, ਸੁਖਜੀਤ ਸਿੰਘ, ਰਾਮ ਸਿੰਘ ਕਾਲੜਾ ਅਤੇ ਜਸਵਿੰਦਰ ਸਚਦੇਵਾਂ ਨੇ ਭਾਗ ਲਿਆ। ਜਸਵਿੰਦਰ ਸਚਦੇਵਾ ਅਤੇ ਸ਼ਾਇਰ ਮਲਕੀਤ ਸਿੰਘ ਨੇ ਵੀ ਗ਼ਜ਼ਲ ਸੁਣਾਈ । ਅੰਤ ਵਿੱਚ ਸਾਹਿਤਕਾਰ ਰਘਬੀਰ ਸਿੰਘ ਭਰਤ, ਪ੍ਰਧਾਨ ਨਸੀਮ ਅਤੇ ਜਨਰਲ ਸਕੱਤਰ ਨਿਰੰਜਨ ਸੂਖਮ ਨੇ ਸਭਾ ਨੂੰ ਸੰਬੋਧਨ ਕਰਦਿਆਂ ਆਏ ਸਾਹਿਤਕਾਰਾਂ ਦੇ ਨਾਲ ਨਾਲ ਪ੍ਰਧਾਨ ਮੋਹਿਤ ਕੁੰਦਰਾ ਦਾ ਉਚੇਚਾ ਧੰਨਵਾਦ ਕੀਤਾ। ਇਕੱਤਰਤਾ ਦਾ ਸੰਚਾਲਨ ਜਨਰਲ ਸਕੱਤਰ ਨਿਰੰਜਨ ਸੂਖਮ ਕੀਤਾ।



# ਕ੍ਰਿਕਟ ਅੰਡਰ-17 ਤੇ ਬਾਸਕਿਟਬਾਲ ਅੰਡਰ-19 ਨੇ ਜ਼ੋਨਲ ਮੁਕਾਬਲਿਆਂ 'ਚ ਪਹਿਲੀ ਪੁਜ਼ੀਸ਼ਨ ਲਈ

**ਜਗਰਾਉਂ (ਅਮਿਤ ਖੰਨਾ)** ਐੱਮ.ਐੱਲ.ਡੀ. ਸੀਨੀ: ਸੈਕੰ: ਸਕੂਲ, ਤਲਵੰਡੀ ਕਲਾਂ ਦੀ ਕ੍ਰਿਕਟ ਟੀਮ ਅੰਡਰ-17 ਨੇ ਜ਼ੋਨਲ ਟੂਰਨਾਮੈਂਟ ਦੇ ਫਾਈਨਲ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਵਿਖਾਉਂਦੇ ਹੋਏ ਹਾਰਵੈਸਟ ਅਕੈਡਮੀ ਕੁਲਾਰ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕ੍ਰਿਕਟ ਦਾ ਜ਼ੋਨਲ ਟੂਰਨਾਮੈਂਟ ਸਰਕਾਰੀ ਹਾਈ ਸਕੂਲ ਰਤਨਾ ਵਿਖੇ ਹੋਇਆ। ਟੀਮ 'ਚ ਪਰਮਿੰਦਰ ਸਿੰਘ, ਪ੍ਰਭਦੀਪ ਸਿੰਘ, ਕਰਨਵੀਰ ਸਿੰਘ, ਹਰਮਨਪ੍ਰੀਤ ਸਿੰਘ, ਇੰਦਰਜੀਤ ਸਿੰਘ, ਗੁਰਵੀਰ ਸਿੰਘ, ਹਰਨੂਰ ਸਿੰਘ, ਮਨਜਿੰਦਰ ਸਿੰਘ, ਦਿਲਪ੍ਰੀਤ ਸਿੰਘ, ਮਨਵੀਰ ਸਿੰਘ, ਜਸਕਮਲ ਸਿੰਘ, ਡਵਦੀਪ ਸਿੰਘ, ਹਰਵੀਰ ਸਿੰਘ, ਈਸਵਰਪਾਲ ਸਿੰਘ, ਬਲਜੀਤ ਸਿੰਘ, ਜਸਨਦੀਪ ਸਿੰਘ ਅਮਨਿੰਦਰ ਸਿੰਘ ਖਿਡਾਰੀਆਂ ਨੇ ਭਾਗ ਲਿਆ ਤੇ ਸਕੂਲ ਦੇ ਪੰਜ ਖਿਡਾਰੀ ਪਰਮਿੰਦਰ ਸਿੰਘ +1 ਸਾਇੰਸ, ਪ੍ਰਭਦੀਪ ਸਿੰਘ +1 ਆਰਟਸ, ਕਰਨਵੀਰ ਸਿੰਘ +1 ਆਰਟਸ, ਦਿਲਪ੍ਰੀਤ ਸਿੰਘ +1 ਆਰਟਸ, ਗੁਰਵੀਰ ਸਿੰਘ +1 ਕਾਮਰਸ ਜ਼ਿਲ੍ਹਾ ਟੀਮ ਲਈ ਚੁਣੇ ਗਏ। ਇਸੇ ਤਰ੍ਹਾਂ ਹੀ ਬਾਸਕਿਟਬਾਲ ਅੰਡਰ-19 ਟੀਮ ਨੇ ਵੀ ਜ਼ੋਨਲ ਟੂਰਨਾਮੈਂਟ ਦੇ ਫਾਈਨਲ ਵਿੱਚ ਪੀਸ ਪਬਲਿਕ ਸਕੂਲ ਮੁੱਲਾਂਪੁਰ ਨੂੰ ਹਰਾ ਕੇ ਪਹਿਲਾ ਸਥਨ ਪ੍ਰਾਪਤ ਕੀਤਾ। ਬਾਸਕਿਟਬਾਲ ਦਾ ਜ਼ੋਨਲ ਟੂਰਨਾਮੈਂਟ ਸਰਕਾਰੀ ਸੀਨੀ: ਸੈਕੰ: ਸਕੂਲ ਦਾਖਾ ਵਿਖੇ ਹੋਇਆ। ਟੀਮ ਵਿੱਚ ਰਾਜਕਰਨ ਸਿੰਘ, ਜੋਬਨਜੋਤ ਸਿੰਘ, ਕਰਨਜੋਤ ਸਿੰਘ, ਹਰਜੋਤ ਸਿੰਘ, ਦਿਲਪ੍ਰੀਤ ਸਿੰਘ, ਜਸਕੀਰਤ ਸਿੰਘ, ਹਰਮੀਤ ਸਿੰਘ, ਅਕਾਸ਼ ਸਾਹੂ, ਸੁਰਵੀਰ ਸਿੰਘ ਖਿਡਾਰੀਆਂ ਨੇ ਭਾਗ ਲਿਆ ਤੇ ਸਕੂਲ ਦੇ ਛੇ ਖਿਡਾਰੀ ਰਾਜਕਰਨ ਸਿੰਘ, ਜੋਬਨਜੋਤ ਸਿੰਘ, ਕਰਨਜੋਤ ਸਿੰਘ, ਹਰਜੋਤ ਸਿੰਘ, ਦਿਲਪ੍ਰੀਤ ਸਿੰਘ, ਜਸਕੀਰਤ ਸਿੰਘ ਜ਼ਿਲ੍ਹਾ ਟੀਮ ਲਈ ਚੁਣੇ ਗਏ। ਲੁਧਿਆਣਾ ਸਹੋਦਿਆ ਵੈਸਟ ਵੱਲੋਂ ਕਰਾਏ ਗਏ ਸਬਦ ਗਾਇਣ ਮੁਕਾਬਲੇ ਵਿੱਚ ਮਹੰਤ ਲਛਮਣ ਦਾਸ ਸੀਨੀ: ਸੈਕੰ: ਸਕੂਲ, ਤਲਵੰਡੀ ਕਲਾਂ ਦੇ ਸ਼ਬਦ ਗਾਇਣ ਜੱਥੇ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਹ ਮੁਕਾਬਲੇ ਜੀ. ਐੱਚ. ਜੀ ਅਕੈਡਮੀ ਕੋਠੇ ਬੱਗੂ ਵਿਖੇ ਹੋਏ। ਪ੍ਰਿੰਸੀਪਲ ਬਲਦੇਵ ਬਾਵਾ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਜੱਥੇ ਵਿੱਚ ਵਿਦਿਅਰਥਣਾਂ ਸੁਖਮਨਦੀਪ ਕੌਰ, ਸਿਮਰਨਜੋਤ ਕੌਰ, ਲਵਲੀਨ ਕੌਰ, ਕਰੁਣਾ ਸਹਿਜਪਾਲ, ਹਰਲੀਨ ਕੌਰ, ਦਿਲਪ੍ਰੀਤ ਕੌਰ ਤੇ ਵਿਦਿਆਰਥੀ ਗੁਰਪ੍ਰੀਤ ਸਿੰਘ ਸ਼ਾਮਲ ਸਨ।



# ਨੌਜਵਾਨਾਂ ਨੇ ਤ੍ਰਿਵੈਣੀ ਲਗਾਈ



**ਭੀਖੀ (ਗੁਰਿੰਦਰ ਸਿੰਘ ਔਲਖ)**- ਸਥਾਨਕ ਹੈਲਪਿੰਗ ਹੈਂਡਜ਼ ਹਿਊਮਨਟੀ ਵੈਲਫੇਅਰ ਸੋਸਾਇਟੀ ਵੱਲੋਂ ਘੁੱਲੂ ਪੱਤੀ ਚੌਕ ਵਿੱਚ ਤ੍ਰਿਵੈਣੀ ਲਗਾ ਕੇ ਬੂਟੇ ਲਾਉਣ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਸੋਸਾਇਟੀ ਦੇ ਪ੍ਰਧਾਨ ਦਵਿੰਦਰ ਸਿੰਘ ਨੇ ਕਿਹਾ ਕਿ ਸੋਸਾਇਟੀ ਵੱਲੋਂ ਸਾਂਝੀਆਂ ਥਾਵਾਂ 'ਤੇ ਛਾਂਦਾਰ ਬੂਟੇ ਲਾਏ ਜਾਣਗੇ ਤੇ ਤ੍ਰਿਵੈਣੀਆਂ ਲਗਾ ਕੇ ਵਾਤਾਵਰਣ ਨੂੰ ਸ਼ੁੱਧ ਰੱਖਣ ਦਾ ਸੱਦਾ ਦਿੱਤਾ ਜਾਵੇਗਾ। ਇਸ ਮੌਕੇ ਸੋਸਾਇਟੀ ਦੇ ਨੌਜਵਾਨਾਂ ਨੇ ਚੌਕ ਵਿੱਚ ਤ੍ਰਿਵੈਣੀ ਲਗਾ ਕੇ ਉਸ ਦੀ ਸਾਂਭ ਸੰਭਾਲ ਲਈ ਜਾਲੀ ਲਗਾ ਕੇ ਵਾੜ ਵੀ ਕੀਤੀ ਗਈ। ਇਸ ਮੌਕੇ ਅਸ਼ਵਨੀ ਕੁਮਾਰ ਬਾਵਾ, ਬਲਜਿੰਦਰ ਸਿੰਘ ਔਲਖ, ਕਾਮਲ ਬਾਵਾ, ਬਲਜੀਤ ਸਿੰਘ, ਸੁਭਾਸ਼ ਕੁਮਾਰ, ਪ੍ਰਗਟ ਸਿੰਘ ਔਲਖ ਤੇ ਟੋਨੀ ਸਿੰਘ ਆਦਿ ਹਾਜ਼ਰ ਸਨ।

# ਖੰਨਾ 'ਚ ਹੋਏ ਦਰਦਨਾਕ ਸੜਕ ਹਾਦਸੇ 'ਚ ਡਾਕਟਰ ਕੁੜੀ ਦੀ ਮੌਤ

**ਖੰਨਾ (ਸੁਖਵਿੰਦਰ ਸਿੰਘ ਭਾਦਲਾ)**- ਖੰਨਾ ਵਿਖੇ ਹੋਏ ਇਕ ਭਿਆਨਕ ਸੜਕ ਹਾਦਸੇ 'ਚ 26 ਸਾਲਾ ਨੌਜਵਾਨ ਮਹਿਲਾ ਡਾਕਟਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੀ ਪਹਿਚਾਣ ਲਵਨੀਸ਼ ਕੌਰ ਚੌਹਾਨ ਵਾਸੀ ਫ਼ਿਰੋਜ਼ਪੁਰ ਵਜੋਂ ਹੋਈ ਹੈ। ਇਹ ਮਹਿਲਾ ਡਾਕਟਰ ਇਸ ਮੌਕੇ ਖੰਨਾ 'ਚ ਇਕ ਕਿਰਾਏ ਦੇ ਮਕਾਨ 'ਚ ਰਹਿ ਰਹੀ ਸੀ ਅਤੇ ਖੰਨਾ ਦੇ ਇੱਕ ਨਿੱਜੀ ਹਸਪਤਾਲ 'ਚ ਡਿਊਟੀ ਕਰ ਰਹੀ ਸੀ।ਦੱਸਿਆ ਜਾ ਰਿਹਾ ਹੈ ਕਿ ਡਾ. ਲਵਨੀਸ਼ ਕੌਰ ਚੌਹਾਨ ਆਪਣੀ ਰਾਤ ਦੀ ਡਿਊਟੀ ਖਤਮ ਕਰਕੇ ਘਰ ਵਾਪਸ ਜਾ ਰਹੀ ਸੀ। ਜਦ ਉਹ ਨੈਸ਼ਨਲ ਹਾਈਵੇ 'ਤੇ ਸੜਕ ਪਾਰ ਕਰ ਰਹੀ ਸੀ ਤਾਂ ਇੱਕ ਤੇਜ਼ ਰਫ਼ਤਾਰ ਕਾਰ ਨੇ ਉਨ੍ਹਾਂ ਨੂੰ ਜ਼ੋਰਦਾਰ ਟੱਕਰ ਮਾਰੀ। ਟੱਕਰ ਇੰਨੀ ਭਿਆਨਕ ਸੀ ਕਿ ਉਹ ਕਈ ਫੁੱਟ ਦੂਰ ਜਾ ਡਿੱਗੀ ਅਤੇ ਥਾਂ 'ਤੇ ਹੀ ਉਸ ਦੀ ਮੌਤ ਹੋ ਗਈ।ਮੌਕੇ 'ਤੇ ਹਾਜ਼ਰ ਪਤਵੰਤੇ ਰਾਜਨ, ਸ਼ਿਬੂ ਅਤੇ ਰਾਜਿੰਦਰ ਸਿੰਘ ਨੇ ਦੱਸਿਆ ਕਿ ਡਾਕਟਰ ਲਵਨੀਸ਼ ਕੌਰ ਚੌਹਾਨ ਪਿੰਡ ਭੱਟੀਆਂ ਵੱਲ ਨੂੰ ਜਾ ਰਹੀ ਸੀ ਤੇ ਜਿਵੇਂ ਹੀ ਉਹ ਸੜਕ ਪਾਰ ਕਰ ਰਹੀ ਸੀ, ਇੱਕ ਤੇਜ਼ ਰਫ਼ਤਾਰ ਸਵਿਫਟ ਡਿਜ਼ਾਇਰ ਕਾਰ ਨੇ ਉਹਨੂੰ ਟੱਕਰ ਮਾਰ ਦਿੱਤੀ।ਮੌਕੇ 'ਤੇ ਪਹੁੰਚੇ ਡਾਕਟਰ ਦੇ ਜਾਣਕਾਰ ਗੁਰਦੀਪ ਸਿੰਘ ਨੇ ਮ੍ਰਿਤ ਲੜਕੀ ਦੇ ਪਰਵਾਰ ਵਾਲਿਆਂ ਨੂੰ ਦੱਸਿਆ, ਜੋ ਫ਼ਿਰੋਜ਼ਪੁਰ ਦੇ ਨਿਵਾਸੀ ਹਨ। ਜਦ ਉਹ ਮੌਕੇ 'ਤੇ ਪਹੁੰਚੇ ਤਾਂ ਡਾ. ਲਵਨੀਸ਼ ਚੌਹਾਨ ਦੀ ਮੌਤ ਹੋ ਚੁੱਕੀ ਸੀ। ਐਸ ਐਸ ਐਫ ਟੀਮ ਦੇ ਏ ਐਸ ਆਈ ਸੁਖਦੇਵ ਸਿੰਘ ਨੇ ਦੱਸਿਆ ਕਿ ਹਾਦਸੇ ਦੀ ਸੂਚਨਾ ਮਿਲਦੇ ਹੀ ਉਹ ਮੌਕੇ 'ਤੇ ਪਹੁੰਚ ਗਏ, ਕਾਰ ਨੂੰ ਕਾਬੂ ਕਰ ਲਿਆ ਗਿਆ ਹੈ। ਮ੍ਰਿਤਕ ਦੀ ਲਾਸ਼ ਨੂੰ ਖੰਨਾ ਦੇ ਸਿਵਲ ਹਸਪਤਾਲ ਦੀ ਮੋਰਚਰੀ 'ਚ ਰਖਵਾਇਆ ਗਿਆ ਹੈ।ਸਿਵਲ ਹਸਪਤਾਲ ਦੇ ਡਾ. ਨਵਦੀਪ ਜੱਸਲ ਨੇ ਵੀ ਪੁਸ਼ਟੀ ਕੀਤੀ ਕਿ ਡਾਕਟਰ ਲਵਨੀਸ਼ ਕੌਰ ਨੂੰ ਹਸਪਤਾਲ ਲਿਆਇਆ ਗਿਆ ਸੀ, ਪਰ ਉਸ ਦੀ ਮੌਕੇ 'ਤੇ ਹੀ ਮੌਤ ਹੋ ਚੁੱਕੀ ਸੀ। ਪੁਲਿਸ ਵੱਲੋਂ ਮਿਤ੍ਰਕ ਦੇ ਪਰਿਵਾਰ ਦੇ ਖੰਨਾ ਆਉਣ 'ਤੇ ਕਾਰਵਾਈ ਕੀਤੀ ਜਾਵੇਗੀ।




# ਰਣਜੀਤ ਆਈ ਹਸਪਤਾਲ ਦੀ ਤੀਜੀ ਵਰ੍ਹੇਗੰਢ 'ਤੇ ਹੋਇਆ ਧਾਰਮਿਕ ਸਮਾਗਮ

**ਸੰਗਰੂਰ (ਪ੍ਰਵੀਨ ਸਿੰਘ)** ਰਣਜੀਤ ਆਈ ਹਸਪਤਾਲ ਵੱਲੋਂ ਹਸਪਤਾਲ ਦੇ ਤਿੰਨ ਸਾਲ ਪੂਰਾ ਹੋਣ 'ਤੇ ਗੁਰੂ ਸਾਹਿਬ ਦੇ ਸ਼ੁਕਰਾਨੇ ਵਜੋਂ ਵਰ੍ਹੇਗੰਢ ਮੌਕੇ ਧਾਰਮਿਕ ਸਮਾਗਮ ਹਰਜੀਤ ਸਿੰਘ ਅਰੋੜਾ ਪ੍ਰਬੰਧਕ ਪਿੰਗਲਵਾੜਾ ਸ਼ਾਖਾ ਸੰਗਰੂਰ, ਡਾਕਟਰ ਇੰਦਰਮਨਜੋਤ ਸਿੰਘ, ਡਾਕਟਰ ਇੰਦਰਜੋਤ ਕੌਰ, ਤਾਰਨ ਸਿੰਘ ਤੇ ਸੁਸਾਇਟੀ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਦੀ ਦੇਖ ਰੇਖ ਹੇਠ ਆਯੋਜਤ ਕੀਤਾ ਗਿਆ। ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਸੰਗਰੂਰ ਵੱਲੋਂ ਧਾਰਮਿਕ ਸਮਾਗਮ ਸੁਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਭੱਟੀ, ਅਮਰਿੰਦਰ ਸਿੰਘ ਮੌਖਾ, ਗੁਰਪ੍ਰੀਤ ਸਿੰਘ ਤੇ ਜਗਜੀਤ ਸਿੰਘ ਸਰਨਾ ਦੀ ਅਗਵਾਈ ਵਿਚ ਕੀਤਾ ਗਿਆ। ਸਮਾਗਮ ਦੀ ਆਰੰਭਤਾ ਸੰਗਤੀ ਰੂਪ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਕੀਤੀ ਗਈ।ਉਪਰੰਤ ਚਰਨਜੀਤ ਪਾਲ ਸਿੰਘ ਚੰਨੀ, ਭਾਈ ਸੁਰਿੰਦਰ ਪਾਲ ਸਿੰਘ ਸਿਦਕੀ, ਗੁਰਮੀਤ ਸਿੰਘ ਸਾਹਨੀ ਤੋਂ ਇਲਾਵਾ ਭਾਈ ਗੁਰਪ੍ਰੀਤ ਸਿੰਘ ਗੁਰਦੁਆਰਾ ਸਾਹਿਬ ਜੋਤੀਸਰ ਦੇ ਜਥੇ ਨੇ ਰਸਭਿੰਨਾ ਕੀਰਤਨ ਕੀਤਾ ਅਤੇ ਗੁਰਮਤਿ ਵਿਚਾਰਾਂ ਦੀ ਸਾਂਝ ਕੀਤੀ। ਡਾ. ਐਚ ਐਸ ਬਾਲੀ ਸਾਬਕਾ ਡਾਇਰੈਕਟਰ ਸਿਹਤ ਵਿਭਾਗ, ਡਾ. ਵਿਨੋਦ ਐਸ ਐਮ ਓ, ਡਾ. ਜਗਮੋਹਨ, ਡਾ. ਅਮਿਤ ਸਿੰਗਲਾ ਡਾ ਵੈਭਵ ਮਿੱਤਲ, ਡਾ. ਪਰਮਜੀਤ ਸਿੰਘ, ਡਾ. ਕੇ ਜੀ ਸਿੰਗਲਾ, ਡਾ. ਐਚ ਐਸ ਮਠਾੜੂ, ਡਾ. ਬਾਜਵਾ, ਡਾ. ਕਿਰਨਜੋਤ ਕੌਰ ਬਾਲੀ, ਡਾ. ਜਸਵਿੰਦਰ ਕੌਰ ਰੇਖੀ, ਡਾ. ਅਮਨਪ੍ਰੀਤ ਕੌਰ, ਪਿੰਗਲਵਾੜਾ ਸੰਗਰੂਰ ਦੇ ਮਾਸਟਰ ਸਤਪਾਲ ਸ਼ਰਮਾ, ਜਰਨੈਲ ਸਿੰਘ ਦੇ ਨਾਲ ਸਰਬਜੀਤ ਸਿੰਘ ਰੇਖੀ ਚੇਅਰਮੈਨ ਸਹਾਰਾ ਫਾਊਂਡੇਸ਼ਨ, ਡਾ. ਸੁਮਿੰਦਰ ਸਿੰਘ, ਮਹਿੰਦਰ ਪਾਲ ਸਿੰਘ ਪਾਹਵਾ ਰਿਟਾਇਰਡ ਜੱਜ, ਨਰਿੰਦਰ ਪਾਲ ਸਿੰਘ ਸਾਹਨੀ ਐਡਵੋਕੇਟ, ਹਰਦੀਪ ਸਿੰਘ ਸਾਹਨੀ ਸਾਇਕਲ ਸਟੋਰ, ਪ੍ਰੀਤਇੰਦਰ ਕੌਰ, ਰੁਪਿੰਦਰ ਕੌਰ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸ਼ੁਭ ਇਛਾਵਾਂ ਦਿੱਤੀਆਂ। ਡਾ. ਇੰਦਰਜੋਤ ਕੌਰ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਦਿਆਂ ਹਸਪਤਾਲ ਬਾਰੇ ਦੱਸਿਆ ਕਿ ਸਾਡੇ ਕੋਲ ਸਾਰੀਆਂ ਆਧੁਨਿਕ ਮਸ਼ੀਨਾਂ ਹਨ, ਜਿਸ ਕਰਕੇ ਮਰੀਜ਼ਾਂ ਨੂੰ ਹੁਣ ਜਾਣ ਦੀ ਲੋੜ ਨਹੀਂ ਤੇ ਸਾਰਾ ਇਲਾਜ ਇੱਕ ਛੱਤ ਥੱਲੇ ਹੀ ਕੀਤਾ ਜਾਂਦਾ ਹੈ। ਇਸ ਹਸਪਤਾਲ ਵਿੱਚ ਨਵਜੰਮੇ ਬੱਚੇ ਦੀਆਂ ਅੱਖਾਂ ਚੈੱਕ ਕਰਨ ਦਾ ਵੀ ਖਾਸ ਪ੍ਰਬੰਧ ਹੈ।ਕਾਲਾ ਮੋਤੀਆ ਲਈ ਸ਼ੂਗਰ ਕਾਰਨ ਖਰਾਬ ਹੋਇਆ ਪਰਦਾ ਆਦਿ ਦਾ ਇਲਾਜ ਕੀਤਾ ਜਾਂਦਾ ਹੈ। ਚਰਨਜੀਤ ਪਾਲ ਸਿੰਘ ਸਕੱਤਰ ਨੇ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਡਾਕਟਰ ਇੰਦਰਜੀਤ ਕੌਰ ਦੇ ਇਸ ਪ੍ਰਵਾਰ ਵੱਲੋਂ ਸਿਹਤ ਖੇਤਰ ਵਿੱਚ ਦਿੱਤੀਆਂ ਜਾ ਰਹੀਆਂ ਲੋੜੀਂਦੀਆਂ ਸਹੂਲਤਾਂ ਦਾ ਜ਼ਿਕਰ ਕੀਤਾ ਤੇ ਸਮਾਜਿਕ ਖੇਤਰ ਵਿੱਚ ਕੀਤੀਆਂ ਜਾ ਰਹੀਆਂ ਸੇਵਾਵਾਂ ਦਾ ਜ਼ਿਕਰ ਕੀਤਾ। ਸੁਸਾਇਟੀ ਵੱਲੋਂ ਹਰਜੀਤ ਸਿੰਘ ਅਰੋੜਾ , ਡਾਕਟਰ ਇੰਦਰਜੋਤ ਕੌਰ, ਅਤੇ ਪ੍ਰਵਾਰ ਦਾ ਸਨਮਾਨ ਹਰਭਜਨ ਸਿੰਘ ਭੱਟੀ, ਸੁਰਿੰਦਰ ਪਾਲ ਸਿੰਘ ਸਿਦਕੀ ਆਦਿ ਨੇ ਕੀਤਾ।ਸਮਾਗਮ ਲਈ ਈਮਾਨਪ੍ਰੀਤ ਸਿੰਘ, ਗੁਰਕੰਵਲ ਸਿੰਘ, ਹਰਪ੍ਰੀਤ ਸਿੰਘ ਪ੍ਰੀਤ , ਜਸਵੀਰ ਸਿੰਘ ਪਿੰਕਾ, ਅਵਤਾਰ ਸਿੰਘ ਤੇ ਹਸਪਤਾਲ ਸਟਾਫ ਨੇ ਵੱਖ-ਵੱਖ ਸੇਵਾਵਾਂ ਨਿਭਾਈਆਂ।



# ਗੈਰੀ ਬੜਿੰਗ ਵੱਲੋਂ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਦਾ ਸੱਦਾ

**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)** ਪੰਜਾਬ ਸਰਕਾਰ ਵੱਲੋਂ ਜੋਸ਼ੋ-ਖਰੋਸ਼ ਨਾਲ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਵਿਧਾਨ ਸਭਾ ਹਲਕਾ ਅਮਲੋਹ ਤੋਂ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਮੰਡੀ ਗੋਬਿੰਦਗੜ੍ਹ ਦੇ ਵਾਰਡ ਨੰਬਰ 28 ਵਿਖੇ ਜਨਤਕ ਸਭਾ ਦੌਰਾਨ ਭਰਵੇ ਇਕੱਠ ਨੂੰ ਸੰਬੋਧਨ ਕੀਤਾ।ਉਨ੍ਹਾਂ ਕਿਹਾ ਕਿ ਇਹ ਮਹਿਜ਼ ਇੱਕ ਸਭਾ ਨਹੀਂ, ਬਲਕਿ ਉਮੀਦ ਦੀ ਲਹਿਰ ਹੈ ਜਿਸ ਦਾ ਹਰ ਇੱਕ ਕਦਮ, ਨਸ਼ਾ ਮੁਕਤ ਤੇ ਖੁਸ਼ਹਾਲ ਪੰਜਾਬ ਵੱਲ ਜਾਂਦਾ ਹੈ।ਉਨ੍ਹਾਂ ਕਿਹਾ ਕਿ ਵਿਲੇਜ ਡਿਫੈਂਸ ਕਮੇਟੀਆਂ ਤੇ ਵਾਰਡ ਡਿਫੈਂਸ ਕਮੇਟੀਆਂ ਨੂੰ ਆਪਣੀ ਚੌਕਸੀ ਹੋਰ ਵਧਾਉਣ ਦੀ ਲੋੜ ਹੈ, ਜਿਸ ਨਾਲ ਨਸ਼ਿਆਂ ਜਿਹੀ ਸਮਾਜਿਕ ਬੁਰਾਈ ਦਾ ਮੁਕੰਮਲ ਖਾਤਮਾ ਯਕੀਨੀ ਬਣਾਇਆ ਜਾ ਸਕੇ। ਵਿਧਾਇਕ ਗੈਰੀ ਬੜਿੰਗ ਨੇ ਕਿਹਾ ਕਿ ਨਸ਼ੇ ਦੀ ਬਿਮਾਰੀ ਨਾਲ ਪੀੜਤ ਵਿਅਕਤੀਆਂ ਨੂੰ ਇਲਾਜ ਸੁਵਿਧਾਵਾਂ ਪ੍ਰਦਾਨ ਕਰਨ ਲਈ ਸਰਕਾਰ ਨੇ ਸਰਵੋਤਮ ਪ੍ਰਬੰਧ ਕੀਤੇ ਹਨ ਤੇ ਬਤੌਰ ਨਾਗਰਿਕ ਆਪਣਾ ਸਭ ਦਾ ਫ਼ਰਜ਼ ਬਣਦਾ ਹੈ ਕਿ ਅਜਿਹੇ ਪੀੜਤਾਂ ਦੀ ਮਦਦ ਲਈ ਅੱਗੇ ਆਈਏ ਤੇ ਉਨ੍ਹਾਂ ਨੂੰ ਸਰਕਾਰੀ ਨਸ਼ਾ ਮੁਕਤੀ ਕੇਂਦਰ ਵਿਚ ਦਾਖਲ ਕਰਾਉਣ ਲਈ ਮਨੋਬਲ ਉੱਚਾ ਚੁੱਕੀਏ। ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਕਿਹਾ ਕਿ ਨਸ਼ਿਆਂ ਜਿਹੀ ਮਾਰੂ ਸਮਾਜਿਕ ਬੁਰਾਈ ਵਿਰੁੱਧ ਆਪਣੇ ਸਾਰਿਆਂ ਦੇ ਇੱਕਜੁੱਟ ਹੋਣ ਦੀ ਲੋੜ ਹੈ ਤਾਂ ਜੁ ਭਵਿੱਖ ਵਿੱਚ ਕਿਸੇ ਵੀ ਪਰਵਾਰ ਨੂੰ ਨਸ਼ਿਆਂ ਕਾਰਨ ਆਪਣੇ ਪਿਆਰੇ ਨੂੰ ਗਵਾਉਣ ਦਾ ਦਰਦ ਨਾ ਝੱਲਣਾ ਪਵੇ।ਉਨ੍ਹਾਂ ਕਿਹਾ ਕਿ ਨਸ਼ੀਲੇ ਪਦਾਰਥਾਂ ਦੇ ਵਪਾਰ ਵਿੱਚ ਸ਼ਾਮਲ ਲੋਕਾਂ ਵਿਰੁੱਧ ਪੰਜਾਬ ਸਰਕਾਰ ਸਖਤ ਕਾਰਵਾਈ ਕਰ ਰਹੀ ਹੈ ਤੇ ਹਰੇਕ ਨਾਗਰਿਕ ਨੂੰ ਵਧ-ਚੜ੍ਹ ਕੇ ਨਸ਼ਿਆਂ ਖਿਲਾਫ ਚਲਾਈ ਜਾ ਰਹੀ ਇਸ ਜੰਗ ਦਾ ਸਰਗਰਮ ਹਿੱਸਾ ਬਣਨਾ ਚਾਹੀਦਾ ਹੈ।



# ਸਿਵਲ ਹਸਪਤਾਲ ਦੀ ਵਿਵਸਥਾ ਸੁਧਾਰਨ ਲਈ ਵਾਅਦੇ ਕਾਗ਼ਜ਼ੀ ਸਾਬਤ ਹੋਏ : ਸ਼ਰਮਾ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)** ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਜਗਦੀਸ਼ ਸ਼ਰਮਾ ਤੇ ਜਨਰਲ ਸਕੱਤਰ ਸਰਬਜੀਤ ਸਿੰਘ ਰਾਜੋਮਾਜਰਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਹਲਕਾ ਧੂਰੀ ਵਿੱਚ ਸਥਿਤ ਸਿਵਲ ਹਸਪਤਾਲ, ਜੋ ਪੰਜਾਬ ਸਰਕਾਰ ਵੱਲੋਂ 50 ਬੈੱਡਾਂ ਵਾਲਾ ਹਸਪਤਾਲ ਪ੍ਰਵਾਨ ਕੀਤਾ ਗਿਆ ਹੈ। ਲੰਮੇ ਸਮੇਂ ਤੋਂ ਬੁਨਿਆਦੀ ਸਹੂਲਤਾਂ ਤੇ ਮਾਹਿਰ ਡਾਕਟਰਾਂ ਦੀ ਘਾਟ ਕਾਰਨ ਹਾਲਾਤਾਂ ਦੀ ਮਾਰ ਸਹਿ ਰਿਹਾ ਹੈ।ਭਾਵੇਂ ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਨੇ ਲਗਭਗ ਇੱਕ ਸਾਲ ਪਹਿਲਾਂ ਇਥੇ ਦੌਰਾ ਕਰਕੇ ਮਰੀਜ਼ਾਂ ਨਾਲ ਰਾਬਤਾ ਕੀਤਾ ਸੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੀ ਜਾਣਕਾਰੀ ਲਈ ਸੀ। ਇਸ ਦੌਰਾਨ ਮੰਤਰੀ ਵੱਲੋਂ ਡਾਕਟਰਾਂ ਦੀ ਘਾਟ ਪੂਰੀ ਕਰਨ, ਦਵਾਈਆਂ ਮੁਹੱਈਆ ਕਰਾਉਣ ਅਤੇ ਸਫਾਈ ਵਿਵਸਥਾ ਨੂੰ ਸੁਧਾਰਨ ਦੀ ਵਚਨਬੱਧਤਾ ਜਤਾਈ ਗਈ ਸੀ, ਪਰ ਅੱਜ ਤੱਕ ਇਹ ਸਾਰੇ ਵਾਅਦੇ ਸਿਰਫ ਕਾਗਜ਼ੀ ਹੀ ਸਾਬਤ ਹੋਏ ਹਨ। ਉਨ੍ਹਾਂ ਦੱਸਿਆ ਕਿ ਹਸਪਤਾਲ ਵਿਚ ਈ.ਐਨ.ਟੀ, ਬੱਚਿਆਂ ਦੇ ਮਾਹਿਰ, ਅੱਖਾਂ, ਚਮੜੀ, ਸਰਜਰੀ ਤੇ ਅਲਟਰਾਸਾਊਂਡ ਵਰਗੇ ਵਿਭਾਗਾਂ ਲਈ ਕੋਈ ਮਾਹਿਰ ਡਾਕਟਰ ਨਹੀਂ ਹਨ।ਬਦਕਿਸਮਤੀ ਨਾਲ ਮੰਤਰੀ ਦੇ ਦੌਰੇ ਤੋਂ ਬਾਅਦ ਵੀ ਨਾ ਸਿਰਫ਼ ਘਾਟ ਪੂਰੀ ਨਹੀਂ ਹੋਈ, ਸਗੋਂ ਕੁਝ ਮਾਹਿਰ ਡਾਕਟਰ ਆਪਣੀਆਂ ਬਦਲੀਆਂ ਕਰਾ ਕੇ ਹਸਪਤਾਲ ਛੱਡ ਚੁੱਕੇ ਹਨ।ਉਨ੍ਹਾਂ ਕਿਹਾ ਕਿ ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਦੁਪਹਿਰ 2 ਵਜੇ ਤੋਂ ਬਾਅਦ ਹਸਪਤਾਲ ਵਿੱਚ ਕੋਈ ਵੀ ਡਾਕਟਰ ਹਾਜ਼ਰ ਨਹੀਂ ਹੁੰਦਾ, ਜਿਸ ਕਰਕੇ ਮਰੀਜ਼ ਮਜਬੂਰੀ ਵਸ਼ ਪ੍ਰਾਈਵੇਟ ਹਸਪਤਾਲਾਂ ਦੀ ਪਨਾਹ ਲੈਣ ਲਈ ਮਜਬੂਰ ਹੋ ਜਾਂਦੇ ਹਨ।



# ਜ਼ੋਨ ਤਲਵੰਡੀ ਸਾਬੋ ਦੀਆਂ ਸਕੂਲੀ ਖੇਡਾਂ, ਦੂਜੇ ਦਿਨ ਹੋਏ ਦਿਲਚਸਪ ਮੁਕਾਬਲੇ

**ਤਲਵੰਡੀ ਸਾਬੋ (ਜਗਦੀਪ ਗਿੱਲ)**- ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਮਮਤਾ ਖੁਰਾਣਾ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਜਸਵੀਰ ਸਿੰਘ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਤਲਵੰਡੀ ਸਾਬੋ ਜ਼ੋਨ ਦੀਆਂ ਗਰਮ ਰੁੱਤ ਖੇਡਾਂ ਵਿੱਚ ਦਿਲਚਸਪ ਮੁਕਾਬਲੇ ਹੋ ਰਹੇ ਹਨ।ਦੂਸਰੇ ਦਿਨ ਦਾ ਉਦਘਾਟਨ ਸਰਦੂਲ ਸਿੰਘ ਸਰਪੰਚ ਰਾਮਸਰਾ ਅਤੇ ਜ਼ੋਨਲ ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਮੁੱਖ ਅਧਿਆਪਕ ਅਵਤਾਰ ਸਿੰਘ ਲਾਲੇਆਣਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਸਰਾ ਵਿਖੇ ਹੈਂਡਬਾਲ ਗਰਾਊਂਡ ਵਿੱਚ ਕੀਤਾ ਗਿਆ। ਅੱਜ ਦੀ ਪ੍ਰਧਾਨਗੀ ਸਕੂਲ ਇੰਚਾਰਜ ਸ੍ਰੀ ਸਰਿਤਾ ਕੁਮਾਰੀ ਵੱਲੋਂ ਕੀਤੀ ਗਈ।ਮੁਕਾਬਲਿਆਂ ਸਬੰਧੀ ਜਾਣਕਾਰੀ ਦਿੰਦਿਆਂ ਗੁਰਜੰਟ ਸਿੰਘ ਚੱਠੇਵਾਲਾ ਜ਼ੋਨਲ ਸਕੱਤਰ ਨੇ ਦੱਸਿਆ ਕਿ ਖੋ ਖੋ ਅੰਡਰ 14 ਕੁੜੀਆਂ ਵਿੱਚ ਸਰਕਾਰੀ ਹਾਈ ਸਕੂਲ ਚੱਠੇਵਾਲਾ ਨੇ ਪਹਿਲਾ, ਸਰਕਾਰੀ ਹਾਈ ਸਕੂਲ ਮਲਕਾਣਾ ਨੇ ਦੂਜਾ, ਫਰੀ ਸਟਾਈਲ ਕੁਸ਼ਤੀਆਂ ਅੰਡਰ 14 ਕੁੜੀਆਂ ਵਿੱਚ ਸਰਕਾਰੀ ਹਾਈ ਸਕੂਲ ਬੰਗੀ ਰੱਘੂ ਨੇ ਪਹਿਲਾ, ਸਰਕਾਰੀ ਹਾਈ ਸਕੂਲ ਨਥੇਹਾ ਨੇ ਦੂਜਾ, ਅੰਡਰ 17 ਕੁੜੀਆਂ ਵਿੱਚ ਸਰਕਾਰੀ ਹਾਈ ਸਕੂਲ ਬੰਗੀ ਰੱਘੂ ਨੇ ਪਹਿਲਾ, ਸਕੂਲ ਆਫ ਐਮੀਨੈਂਸ ਨੇ ਦੂਜਾ ਸਥਾਨ, ਅੰਡਰ 14 ਲੜਕੇ ਵਿੱਚ ਸਰਕਾਰੀ ਹਾਈ ਸਕੂਲ ਬੰਗੀ ਰੱਘੂ ਨੇ ਪਹਿਲਾ, ਸਰਕਾਰੀ ਹਾਈ ਸਕੂਲ ਨਥੇਹਾ ਨੇ ਦੂਜਾ, ਚੈਸ ਅੰਡਰ 14 ਕੁੜੀਆਂ ਵਿੱਚ ਡੀ ਏ ਵੀ ਪਬਲਿਕ ਸਕੂਲ ਰਾਮਾ ਮੰਡੀ ਨੇ ਪਹਿਲਾ, ਸਟਾਰ ਪਲੱਸ ਸਕੂਲ ਨੇ ਦੂਜਾ, ਅੰਡਰ 17 ਵਿੱਚ ਦਸਮੇਸ਼ ਪਬਲਿਕ ਸਕੂਲ ਨੇ ਪਹਿਲਾ, ਸਰਕਾਰੀ ਹਾਈ ਸਕੂਲ ਜੱਜਲ ਨੇ ਦੂਜਾ, ਟੇਬਲ ਟੈਨਿਸ ਅੰਡਰ 14 ਮੁੰਡੇ ਵਿੱਚ ਸਰਕਾਰੀ ਹਾਈ ਸਕੂਲ ਲਾਲੇਆਣਾ ਨੇ ਪਹਿਲਾ, ਸੁਦੇਸ਼ ਵਾਟਿਕਾ ਸਕੂਲ ਭਾਗੀਵਾਂਦਰ ਨੇ ਦੂਜਾ, ਮਿਲੇਨੀਅਮ ਸਕੂਲ ਨੇ ਪਹਿਲਾ, ਸਰਕਾਰੀ ਹਾਈ ਸਕੂਲ ਲਾਲੇਆਣਾ ਨੇ ਦੂਜਾ, ਕ੍ਰਿਕੇਟ ਅੰਡਰ 14 ਕੁੜੀਆਂ ਵਿੱਚ ਸਟਾਰ ਪਲੱਸ ਸਕੂਲ ਰਾਮਾਂਮੰਡੀ ਨੇ ਪਹਿਲਾ, ਸੇਂਟ ਜੇਵੀਅਰ ਸਕੂਲ ਜੱਜਲ ਨੇ ਦੂਜਾ, ਅੰਡਰ 17 ਕੁੜੀਆਂ ਵਿੱਚ ਸਟਾਰ ਪਲੱਸ ਸਕੂਲ ਰਾਮਾਂਮੰਡੀ ਨੇ ਪਹਿਲਾ, ਦਿ ਮਿਲੇਨੀਅਮ ਸਕੂਲ ਨੇ ਦੂਜਾ, ਅੰਡਰ 19 ਕੁੜੀਆਂ ਵਿੱਚ ਸਟਾਰ ਪਲੱਸ ਸਕੂਲ ਰਾਮਾਂਮੰਡੀ ਨੇ ਪਹਿਲਾ, ਡੀ ਏ ਵੀ ਪਬਲਿਕ ਸਕੂਲ ਰਾਮਾਂਮੰਡੀ ਨੇ ਦੂਜਾ,ਹੈਂਡਬਾਲ ਅੰਡਰ 14 ਕੁੜੀਆਂ ਵਿੱਚ ਮਾਲਵਾ ਪਬਲਿਕ ਸਕੂਲ ਨੰਗਲਾ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਸਰਾ ਨੇ ਦੂਜਾ, ਅੰਡਰ 17 ਕੁੜੀਆਂ ਵਿੱਚ ਮਾਲਵਾ ਪਬਲਿਕ ਸਕੂਲ ਨੰਗਲਾ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਸਰਾ ਨੇ ਦੂਜਾ, ਅੰਡਰ 19 ਕੁੜੀਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਸਰਾ ਨੇ ਪਹਿਲਾ, ਅੰਡਰ 19 ਮੁੰਡੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਸਰਾ ਨੇ ਪਹਿਲਾ, ਮਾਲਵਾ ਪਬਲਿਕ ਸਕੂਲ ਨੰਗਲਾ ਨੇ ਦੂਜਾ, ਅੰਡਰ 17 ਮੁੰਡੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਸਰਾ ਨੇ ਪਹਿਲਾ, ਮਾਲਵਾ ਪਬਲਿਕ ਸਕੂਲ ਨੰਗਲਾ ਨੇ ਦੂਜਾ, ਅੰਡਰ 14 ਮੁੰਡੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਸਰਾ ਨੇ ਪਹਿਲਾ, ਮਾਲਵਾ ਪਬਲਿਕ ਸਕੂਲ ਨੰਗਲਾ ਨੇ ਦੂਜਾ, ਫੁੱਟਬਾਲ ਅੰਡਰ 14 ਕੁੜੀਆਂ ਵਿੱਚ ਅਕਾਲ ਅਕੈਡਮੀ ਦਮਦਮਾ ਸਾਹਿਬ ਨੇ ਪਹਿਲਾ, ਅਕਾਲ ਅਕੈਡਮੀ ਬਾਘਾ ਨੇ ਦੂਜਾ, ਅੰਡਰ 17 ਕੁੜੀਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟਬਖਤੂ ਨੇ ਪਹਿਲਾ, ਅਕਾਲ ਅਕੈਡਮੀ ਜਗਾ ਰਾਮਤੀਰਥ ਨੇ ਦੂਜਾ, ਅੰਡਰ 19 ਕੁੜੀਆਂ ਵਿੱਚ ਅਕਾਲ ਅਕੈਡਮੀ ਬਾਘਾ ਨੇ ਪਹਿਲਾ, ਅਕਾਲ ਅਕੈਡਮੀ ਜਗਾ ਰਾਮਤੀਰਥ ਨੇ ਦੂਜਾ ਸਥਾਨ,ਕਬੱਡੀ ਅੰਡਰ 14 ਕੁੜੀਆਂ ਵਿੱਚ ਗੁਰੂ ਹਰਗੋਬਿੰਦ ਸਿੰਘ ਸਕੂਲ ਲਹਿਰੀ ਨੇ ਪਹਿਲਾ, ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਜੋਗੇਵਾਲ ਨੇ ਦੂਜਾ ਸਥਾਨ ਪ੍ਰਾਪਤ ਕੀਤਾ।



# ਬੈਡਮਿੰਟਨ ਮੁਕਾਬਲੇ 'ਚ ਐੱਸ ਆਰ ਐੱਸ ਵਿੱਦਿਆਪੀਠ ਦੀਆਂ ਵਿਦਿਆਰਥਣਾਂ ਨੇ ਕੀਤਾ ਪਹਿਲਾ ਸਥਾਨ ਹਾਸਲ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**- 69ਵੀਆਂ ਜ਼ੋਨਲ ਖੇਡਾਂ ਵਿੱਚ 28 ਜੁਲਾਈ ਨੂੰ ਪਬਲਿਕ ਕਾਲਜ ਸਮਾਣਾ ਵਿਖੇ ਅੰਡਰ-19 ਕੁੜੀਆਂ ਦਾ ਬੈਡਮਿੰਟਨ ਖੇਡ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਕਈ ਸਕੂਲਾਂ ਨੇ ਭਾਗ ਲਿਆ। ਇਸ ਖੇਡ ਮੁਕਾਬਲੇ ਵਿੱਚ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੀਆਂ ਹੋਣਹਾਰ ਵਿਦਿਆਰਥਣਾਂ ਗੁਰਨੂਰ ਕੌਰ, ਜਸ਼ਨਦੀਪ ਕੌਰ, ਖੁਸ਼ਦੀਪ ਕੌਰ, ਨਵਜੋਤ ਕੌਰ ਅਤੇ ਅਵਨੀਤ ਕੌਰ ਨੇ ਵੀ ਬੜੇ ਉਤਸ਼ਾਹ ਅਤੇ ਜੋਸ਼ ਨਾਲ ਭਾਗ ਲਿਆ। ਮੁਕਾਬਲੇ ਦੌਰਾਨ ਵਿਦਿਆਰਥਣਾਂ ਨੇ ਪਹਿਲਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਤਾ- ਪਿਤਾ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ 'ਤੇ ਸਕੂਲ ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ ਅਤੇ ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਸਾਰੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ।

# ਲੈਂਡ ਪੂਲਿੰਗ ਪਾਲਿਸੀ ਦੇ ਵਿਰੋਧ 'ਚ ਬੀ ਕੇ ਯੂ ਕ੍ਰਾਂਤੀਕਾਰੀ ਨੇ ਕੀਤਾ ਟਰੈਕਟਰ ਮਾਰਚ

**ਮੋਗਾ (ਇਕਬਾਲ ਸਿੰਘ ਖਹਿਰਾ)**- ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਬਲਾਕ ਸਕੱਤਰ ਅਮਨਾ ਵੈਰੋਕੇ ਨੇ ਦੱਸਿਆ ਕਿ ਐਸ.ਕੇ.ਐਮ ਦੇ ਸੱਦੇ ਦੀ ਹਮਾਇਤ ਉਤੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੂਬਾ ਮੀਤ ਪ੍ਰਧਾਨ ਗੁਰਦੀਪ ਸਿੰਘ ਵੈਰੋਕੇ ਦੀ ਅਗਵਾਈ ਵਿੱਚ ਬਲਾਕ ਦੇ ਪਿੰਡਾਂ ਵਿੱਚ ਟਰੈਕਟਰ ਮਾਰਚ ਕੱਢਿਆ ਗਿਆ। ਅਲੱਗ ਅਲੱਗ ਥਾਵਾਂ 'ਤੇ ਹੋਈਆਂ ਰੈਲੀਆਂ ਨੂੰ ਹਰਜਿੰਦਰ ਸਿੰਘ ਰੋਡੇ, ਹਰਦੀਪ ਸਿੰਘ ਵੈਰੋਕੇ, ਸੁਖਜੀਤ ਸਿੰਘ ਬਾਘਾਪੁਰਾਣਾ ਅਤੇ ਸੁਰਜੀਤ ਸਿੰਘ ਕੋਟਲਾ ਨੇ ਸੰਬੋਧਨ ਕੀਤਾ।ਆਗੂਆਂ ਨੇ ਕਿਹਾ ਕਿ ਪਹਿਲਾਂ ਭਾਰਤ ਮਾਲਾ ਪ੍ਰੋਜੈਕਟ ਲਈ ਪੰਜਾਬ ਦੇ ਕਿਸਾਨਾਂ ਦੀ ਇੱਕ ਲੱਖ ਏਕੜ ਦੇ ਕਰੀਬ ਜ਼ਮੀਨ ਧੱਕੇ ਨਾਲ ਖੋਹ ਲਈ ਹੈ। ਹੁਣ ਸਾਮਰਾਜੀ ਸੰਸਥਾਵਾਂ ਤੇ ਦਿਸ਼ਾ ਨਿਰਦੇਸ਼ਾਂ ਤੇ ਲੈਂਡ ਪੂਲਿੰਗ ਪਾਲਸੀ ਰਾਹੀਂ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਖੋਹਣ ਲਈ ਭਗਵੰਤ ਮਾਨ ਸਰਕਾਰ ਪੱਬਾਂ ਭਾਰ ਹੋਈ ਫਿਰਦੀ ਹੈ।ਲੁਧਿਆਣਾ ਜ਼ਿਲ੍ਹੇ ਦੇ 32 ਪਿੰਡਾਂ ਦੀ 24,311 ਏਕੜ ਜ਼ਮੀਨ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। 27 ਜ਼ਿਲ੍ਹਿਆਂ ਵਿੱਚ ਅੱਡੋ ਅੱਡ ਨਾਮਾਂ 'ਤੇ ਅਰਬਨ ਅਰਬਨ ਸਟੇਟ ਬਣਾ ਕੇ 12304 ਏਕੜ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਸਾਡੇ ਮੋਗੇ ਜ਼ਿਲ੍ਹੇ ਦੇ ਪੰਜ ਪਿੰਡ- ਚੁਗਾਵਾਂ, ਖੋੜਾ ਸਵਾੜ, ਤਲਵੰਡੀ ਭੰਗੇਰੀਆਂ, ਰੌਲੀ ਅਤੇ ਬੁੱਗੀਪੁਰਾ ਦੀ 542 ਏਕੜ ਜ਼ਮੀਨ ਵੀ ਖੋਣ ਦੀਆਂ ਤਿਆਰੀਆਂ ਕਰ ਲਈਆਂ ਹਨ।ਇਹ ਜ਼ਮੀਨਾਂ ਦੇਸ਼ ਵਿਦੇਸ਼ੀ ਕਾਰਪੋਰੇਟਾਂ ਕੰਪਨੀਆਂ ਤੇ ਕਾਰੋਬਾਰਾਂ ਨੂੰ ਵਧਾਉਣ ਦੇ ਲਈ ਖੋਹੀਆਂ ਜਾ ਰਹੀਆਂ ਹਨ।ਕਿਸਾਨ ਜਿਹੜੇ ਖੇਤੀ ਕਰਕੇ ਆਪਣੇ ਟੱਬਰ ਪਾਲ ਰਹੇ ਹਨ ਸਰਕਾਰ ਨੇ ਅਜਿਹਾ ਕਰਕੇ ਉਹ ਵੀ ਰੋਲ ਦੇਣੇ ਹਨ। ਸਾਡੇ ਸਰਕਾਰੀ ਖਜ਼ਾਨੇ ਦੀ ਆਮਦਨ ਵੀ ਘਟ ਜਾਣੀ ਹੈ। ਜ਼ਮੀਨ ਦਾ ਮਾਲੀਆ, ਸਾਡੇ ਚੌਲਾਂ ਦਾ ਸਰਕਾਰ, ਵਿਦੇਸ਼ਾਂ ਵਿਚ ਵੇਚ ਕੇ ਕਮਾਇਆ ਧਨ ਅਤੇ ਫ਼ਸਲ ਵੇਚਣ 'ਤੇ 2% ਪੇਂਡੂ ਵਿਕਾਸ ਫੰਡ ਜੋ ਮੰਡੀਆਂ ਅਤੇ ਪੇਂਡੂ ਸੜਕਾਂ 'ਤੇ ਖਰਚਿਆਂ ਜਾਂਦਾ ਹੈ, ਘਟਣ ਕਰਕੇ ਆਮਦਨ 'ਤੇ ਵੱਡੀ ਸੱਟ ਵੱਜਣੀ ਹੈ। ਸਮੁੱਚੀਆਂ ਕਿਸਾਨ ਜਥੇਬੰਦੀਆਂ ਨੇ ਇਸ ਮੁੱਦੇ 'ਤੇ ਜੱਦੋ ਜਹਿਦ ਕਰਨ ਦਾ ਰਾਹ ਅਖਤਿਆਰ ਕਰ ਲਿਆ ਹੈ।ਇਹ ਟਰੈਕਟਰ ਮਾਰਚ ਰੋਡੇ, ਵੈਰੋਕੇ, ਬਾਘਾਪੁਰਾਣਾ, ਲਧਾਈਕੇ,ਕੋਟਲਾ, ਛੋਟਾ ਮਾਹਲਾ ਤੋਂ ਚੱਲਕੇ ਬਾਘਾਪੁਰਾਣਾ ਸ਼ਹਿਰ ਵਿਚ ਸਾਰੇ ਪਿੰਡਾਂ ਨੇ ਇਕੱਠੇ ਹੋ ਕੇ ਕੱਢਿਆ।ਆਗੂਆਂ ਚਿਤਾਵਨੀ ਦਿੱਤੀ ਕਿ ਜੇਕਰ ਲੈਂਡ ਪੂਲਿੰਗ ਪਾਲਸੀ ਵਾਪਸ ਨਾ ਲਈ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ।



# ਕਿਸਾਨਾਂ ਨੂੰ ਸਾਲਾਂ ਬਾਅਦ ਮਿਲਿਆ ਮੋਟਰਾਂ ਬੰਦ ਕਰਕੇ ਝੋਨਾ ਲਾਉਣ ਦਾ ਮੌਕਾ : ਨੂਰ ਔਲਖ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)** ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਹਰ ਖੇਤ ਤੱਕ ਨਹਿਰੀ ਪਾਣੀ ਪੁਚਾਉਣ ਦੇ ਸੁਪਨੇ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਯੂਥ ਵਿੰਗ ਦੇ ਸੂਬਾਈ ਆਗੂ ਪਰਮਿੰਦਰ ਸਿੰਘ ਨੂਰ ਔਲਖ ਨੇ ਕੀਤਾ।ਉਨ੍ਹਾਂ ਕਿਹਾ ਕਿ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਵਾਸਤੇ ਪੰਜਾਬ ਸਰਕਾਰ ਵੱਲੋਂ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ ਤੇ ਇਸ ਉਦੇਸ਼ ਦੀ ਪੂਰਤੀ ਹਿੱਤ ਸੂਬੇ ਨਹਿਰੀ ਖਾਲਿਆਂ ਨੂੰ ਪੱਕੇ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ।ਉਨ੍ਹਾ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਨਹਿਰਾਂ ਦੀਆਂ ਟੇਲਾਂ ਤੱਕ ਸਿੰਚਾਈ ਲਈ ਸਮੇਂ ਸਿਰ ਤੇ ਪੂਰਾ ਪਾਣੀ ਮੁਹੱਈਆ ਕਰਾਉਣ ਨਾਲ ਕਿਸਾਨਾਂ ਵਿੱਚ ਖੁਸ਼ੀ ਪਾ ਜਾ ਰਹੀ ਹੈ ਤੇ ਕਿਸਾਨਾਂ ਨੇ ਪੰਜਾਬ ਸਰਕਾਰ ਦੇ ਉਪਰਾਲੇ ਦੀ ਭਰਵੀਂ ਸ਼ਲਾਘਾ ਕੀਤੀ ਹੈ।ਉਨ੍ਹਾਂ ਦੱਸਿਆ ਕਿ ਝੋਨੇ ਲਾਉਣ ਲਈ ਕਿਸਾਨਾਂ ਨੂੰ ਨਿਰਵਿਘਨ ਬਿਜਲੀ ਦੀ ਸਪਲਾਈ ਮੁਹੱਈਆ ਕਰਾਈ ਗਈ ਹੈ ਤੇ ਕਿਸਾਨਾਂ ਨੂੰ ਮੋਟਰਾਂ ਬੰਦ ਕਰਕੇ ਝੋਨਾ ਲਾਉਣਾ ਪਿਆ ਹੈ। ਉਨ੍ਹਾਂ ਕਿਹਾ ਕਿ ਕਈ ਦਹਾਕਿਆਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਦੀ ਮੰਗ ਤੇ ਨਹਿਰਾਂ ਰਾਹੀਂ ਖੇਤਾਂ ਵਿਚ ਪਾਣੀ ਪੁੱਜਦਾ ਕਰਾਇਆ ਹੈ ਅਤੇ ਨਹਿਰਾਂ ਵਿਚ ਪੂਰਾ ਪਾਣੀ ਦਿੱਤਾ ਜਾ ਰਿਹਾ ਹੈ, ਜਿਸ ਨਾਲ ਕਿਸਾਨਾਂ ਨੂੰ ਮੁੱਖ ਫਸਲਾਂ ਤੋ ਇਲਾਵਾ ਵੱਖ ਵੱਖ ਫਸਲਾਂ ਲਈ ਵੀ ਪਾਣੀ ਮਿਲ ਸਕਿਆ ਹੈ।


**YES BANK** ਰਜਿਸਟਰਡ ਅਤੇ ਕਾਰਪੋਰੇਟ ਦਫ਼ਤਰ : ਯੈੱਸ ਬੈਂਕ ਹਾਊਸ, ਆਫ ਵੈਸਟਰਨ ਐਕਸਪ੍ਰੈੱਸ ਹਾਈਵੇਅ, ਸਾਂਤਾਕਰੂਜ਼, ਈਸਟ, ਮੁੰਬਈ-400055 ਸੀ ਆਈ ਐੱਨ : L65190MH2003PLC143249, Email : communications@yesbank.in website : www.yesbank.in

**ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ**

ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰਾਂ, ਸਹਿ-ਕਰਜ਼ਦਾਰਾਂ, ਗਰੰਟਰਾਂ ਅਤੇ ਰਹਿਣਕਾਰਾਂ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਸਕਿਉਰਟ ਕ੍ਰੈਡਿਟਰ ਨੂੰ ਰਹਿਣ/ਚਾਰਜਡ ਹੇਠਾਂ ਦਰਸਾਈ ਅਚੱਲ ਜਾਇਦਾਦ, ਜਿਸ ਦਾ ਯੈੱਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ, ਜੋ ਕਿ ਸਕਿਉਰਟਡ ਕ੍ਰੈਡਿਟਰ ਹੈ, ਦੀ ਹੇਠਾਂ ਦਰਸਾਏ ਕਰਜ਼ਦਾਰਾਂ, ਸਹਿ-ਕਰਜ਼ਦਾਰਾਂ, ਗਰੰਟਰਾਂ ਅਤੇ ਰਹਿਣਕਾਰਾਂ ਕੋਲੋਂ ਸਕਿਉਰਡ ਕ੍ਰੈਡਿਟਰ ਦੇ ਹੇਠਾਂ ਦਰਸਾਏ ਬਕਾਏ ਤੇ ਇਕਰਾਰਨਾਮੇ ਦੀ ਦਰ 'ਤੇ ਭਵਿੱਖੀ ਵਿਆਜ ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ" "ਜਿਵੇਂ ਹੈ ਜੋ ਹੈ" ਅਤੇ "ਉਥੇ ਜੋ ਵੀ ਹੈ" ਦੇ ਅਧਾਰ 'ਤੇ ਵਿਕਰੀ 22 ਅਗਸਤ 2025 ਨੂੰ ਕੀਤੀ ਜਾਵੇਗੀ।

| ਲੜੀ ਨੰ. | ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ, ਗਰੰਟਰ ਦਾ ਨਾਂਅ | ਡਿਮਾਂਡ ਨੋਟਿਸ ਰਕਮ | ਰਾਖਵੀਂ ਕੀਮਤ ਤੇ ਈ ਐੱਮ ਡੀ (ਰੁ. 'ਚ) |
|---|---|---|---|
| 1. | (1) ਮੈਸ : ਪ੍ਰੇਮ ਐੱਚ ਪੀ ਮੋਟਰਜ ਰਾਹੀਂ ਇਸ ਦੇ ਭਾਈਵਾਲਾਂ (2) ਸ੍ਰੀਮਤੀ ਲਲਿਤਾ ਰਾਣੀ (ਸਵ: ਸ੍ਰੀ ਵਨੀਤ ਕੁਮਾਰ ਸਚਦੇਵਾ ਦੀ ਐੱਲ ਆਰ) ਸੁਨੀਤਾ ਸਚਦੇਵਾ, ਵਨਿਕਾ ਸਚਦੇਵਾ, ਅਯੁਸ਼ ਸਚਦੇਵਾ, (3) ਸ੍ਰੀਮਤੀ ਮਿਨਾਕਸ਼ੀ ਸੈਣੀ, (4) ਵੈਭਵ ਬਾਂਸਲ | 12 ਸਤੰਬਰ 2023 ਨੂੰ ਬਕਾਇਆ ਰੁ. 71,97,441.26 (ਇਕੱਤਰ ਲੱਖ ਸਤਾਨਵੇਂ ਹਜ਼ਾਰ ਚਾਰ ਸੌ ਇਕਤਾਲੀ ਰੁਪਏ ਅਤੇ ਛੱਬੀ ਪੈਸੇ ਕੇਵਲ) | ਰੁ. 83,14,000/- ਰੁ. 8,31,400/- |
| | ਜਾਇਦਾਦ ਦਾ ਵੇਰਵਾ : ਰਿਹਾਇਸ਼ੀ ਜਾਇਦਾਦ, ਪਲਾਟ ਰਕਬਾ 11 ਮਰਲੇ 1 ਸਰਸਾਈ 17 ਵਰਗ ਫੁੱਟ 'ਤੇ ਨਿਰਮਤ, ਅਮਨਦੀਪ ਐਵੇਨਿਊ, ਟੀਚਰ ਕਾਲੋਨੀ, ਮੋਗਾ ਮਹਿਲਾ ਸਿੰਘ-II, ਮੋਗਾ, ਖੇਵਟ ਨੰ. 1374, 1343/1, 1693, 1215, 2404, 2823, 2368 ਖਤੌਨੀ ਨੰ. 1641, 1594, 1595, 331, 2820, 2034, 1436, 4230 ਖਸਰਾ ਨੰ. 29//2, 8/1, 3, 24//22, 23/1, 23/2, 29//9, 24//23/3 ਜਮ੍ਹਾਂਬੰਦੀ ਸਾਲ 1997-1998, ਮੋਗਾ ਮਹਿਲਾ ਸਿੰਘ-II ਹਦਬਸਤ ਨੰ. 23, ਤਹਿਸੀਲ ਤੇ ਜ਼ਿਲ੍ਹਾ ਮੋਗਾ | | |
| 2. | (1) ਮੈਸ : ਸਾਬਾ ਕੈਮੀਕਲ ਤੇ ਟ੍ਰੇਡਿੰਗ ਕੰਪਨੀ, ਰਾਹੀਂ ਇਸ ਦੇ ਮਾਲਕ ਸ੍ਰੀ ਰਾਹੁਲ ਸ਼ਰਮਾ, (ਕਰਜ਼ਦਾਰ) (2) ਸ੍ਰੀ ਰਾਹੁਲ ਸ਼ਰਮਾ (ਸਹਿ-ਕਰਜ਼ਦਾਰ) (3) ਸ੍ਰੀਮਤੀ ਸਿਮਰਨ ਸ਼ਰਮਾ (ਸਹਿ-ਕਰਜ਼ਦਾਰ ਅਤੇ ਰਹਿਣਕਾਰ) | 31 ਅਕਤੂਬਰ 2022 ਨੂੰ ਬਕਾਇਆ ਰੁ. 3,217,930.86 (ਬੱਤੀ ਲੱਖ ਸਤਾਰਾਂ ਹਜ਼ਾਰ ਨੌਂ ਸੌ ਤੀਹ ਰੁਪਏ ਅਤੇ ਛਿਆਸੀ ਪੈਸੇ ਕੇਵਲ) | ਰੁ. 27,80,000/- ਰੁ. 2,78,000/- |
| | ਜਾਇਦਾਦ ਦਾ ਵੇਰਵਾ : ਦੁਕਾਨ ਨੰ. 1, ਸ਼ਰਮਾ ਮਾਰਕਿਟ, ਸ਼ਿਵ ਨਗਰ, ਸੋਡਲ ਰੋਡ, ਨੇੜੇ ਇੰਡਸਟ੍ਰੀਅਲ ਏਰੀਆ ਜਲੰਧਰ, ਖਸਰਾ ਨੰ. 29732/14594, 29733/14594 ਰਕਬਾ 170 ਵਰਗ ਫੁੱਟ ਲੱਗਭੱਗ, ਜਲੰਧਰ-144004 ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਹੋਰ, ਪੱਛਮ : ਸੜਕ, ਉੱਤਰ : ਸੜਕ, ਦੱਖਣ : ਰਾਹੁਲ ਸ਼ਰਮਾ, ਛੱਤ ਤੋਂ ਬਗੈਰ। | | |
| 3. | (1) ਮੈਸ : ਸ੍ਰੀ ਜੈਦੇਵ ਪੁੱਤਰ ਰਕੇਸ਼ ਕੁਮਾਰ (2) ਸ੍ਰੀਮਤੀ ਸਪਨਾ ਰਾਣੀ | 23 ਮਈ 2023 ਨੂੰ ਬਕਾਇਆ ਰੁ. 32,37,280.70 (ਬੱਤੀ ਲੱਖ ਸੈਂਤੀ ਹਜ਼ਾਰ ਦੋ ਸੌ ਅੱਸੀ ਰੁਪਏ ਅਤੇ ਸੱਤਰ ਪੈਸੇ ਕੇਵਲ) | ਰੁ. 32,00,000/- ਰੁ. 3,20,000/- |
| | ਜਾਇਦਾਦ ਦਾ ਵੇਰਵਾ : ਜਾਇਦਾਦ ਰਕਬਾ 0 ਕੇ-5 ਮਰਲਾ, ਪਿੰਡ ਬਜਵਾੜਾ, ਹੁਸ਼ਿਆਰਪੁਰ, ਖੱਤਾ ਨੰ. 1866/1997, ਖਸਰਾ ਨੰ. 14//10 (8-0), 14//11 (8-0), 14//20 (5-9) ਜਮ੍ਹਾਂਬੰਦੀ ਸਾਲ 2015-16, ਹਦਬਸਤ ਨੰ. 355, ਪਿੰਡ ਬਜਵਾੜਾ, ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸੰਬੰਧਤ ਸਭ ਕੁੱਝ। | | |
| 4. | (1) ਮੈਸ : ਰੂਬਲ ਐਂਬਰਾਇਡਰੀ ਰਾਹੀਂ ਇਸ ਦੇ ਮਾਲਕ ਜਸਵਿੰਦਰ ਸਿੰਘ (2) ਸ੍ਰੀ ਜਸਵਿੰਦਰ ਸਿੰਘ (3) ਸ੍ਰੀਮਤੀ ਹਰਪ੍ਰੀਤ ਕੌਰ, (4) ਸ੍ਰੀ ਹੁਸਨਪ੍ਰੀਤ ਸਿੰਘ | 16 ਮਈ 2023 ਨੂੰ ਬਕਾਇਆ ਰੁ. 39, 77,374.19 (ਉਨਤਾਲੀ ਲੱਖ ਸਤੱਤਰ ਤਿੰਨ ਸੌ ਚੁਹੱਤਰ ਰੁਪਏ ਅਤੇ ਉਨੀ ਪੈਸੇ ਕੇਵਲ) | ਰੁ. 36,60,000/- ਰੁ. 3,66,000/- |
| | ਜਾਇਦਾਦ ਦਾ ਵੇਰਵਾ : ਪਲਾਟ ਐੱਮ ਸੀ ਨੰ. ਬੀ-31-1136/131/246 (ਸਾਲ 2019-2020 ਦੇ ਲਈ ਫਾਰਮ ਟੀ ਐੱਸ-1 ਅਨੁਸਾਰ) ਜਾਇਦਾਦ ਰਕਬਾ 150 ਵਰਗ ਗਜ਼, ਖਸਰਾ ਨੰ. 3, ਖੱਤਾ ਨੰ. 26/34, ਸਫਾ ਨੰ. 40, ਜਮ੍ਹਾਂਬੰਦੀ ਸਾਲ 2004-2005, (ਖੱਤਾ ਨੰ. 32/36, ਸਫਾ ਨੰ. 49, ਜਮ੍ਹਾਂਬੰਦੀ ਸਾਲ 2009-2010) ਪਿੰਡ ਮੁਡੀਆਂ ਕਲਾਂ ਹਦਬਸਤ ਨੰ. 179, ਅਬਾਦੀ ਗੋਬਿੰਦ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ | | |
| 5. | (1) ਮੈਸ : ਪ੍ਰਿੰਸ ਇੰਟਰਪ੍ਰਾਈਜਜ ਰਾਹੀਂ ਇਸ ਦੇ ਮਾਲਕ ਸ੍ਰੀ ਪ੍ਰਿੰਸ ਰਾਜ ਗੁਲਾਟੀ (2) ਸ੍ਰੀ ਪ੍ਰਿੰਸ ਰਾਜ ਗੁਲਾਟੀ (3) ਸ੍ਰੀਮਤੀ ਰੀਨਾ | 30-12-2022 ਨੂੰ ਬਕਾਇਆ ਰੁ. 3,100,215.14 (ਇਕੱਤੀ ਲੱਖ ਦੋ ਸੌ ਪੰਦਰਾਂ ਰੁਪਏ ਅਤੇ ਚੌਦਾਂ ਪੈਸੇ ਕੇਵਲ) | ਰੁ. 24,10,000/- ਰੁ. 2,41,000/- |
| | ਜਾਇਦਾਦ ਦਾ ਵੇਰਵਾ : ਨੰ. ਐੱਨ ਏ 98 (ਬੀ.ਐੱਕਸ.13) ਰਕਬਾ 150 ਵਰਗ ਫੁੱਟ, ਖਸਰਾ ਨੰ. 22782/10737, ਕਿਸ਼ਨਪੁਰਾ, ਜਲੰਧਰ-144004, ਹੱਦਾਂ : ਪੂਰਬ : ਐੱਨ ਏ 98 ਦਾ ਬਾਕੀ ਹਿੱਸਾ, ਪੱਛਮ : ਸੜਕ, ਉੱਤਰ : ਗਲੀ, ਦੱਖਣ : ਬਾਕੀ ਹਿੱਸਾ | | |

ਈ-ਨਿਲਾਮੀ ਦੀ ਮਿਤੀ ਤੇ ਸਮਾਂ : 22 ਅਗਸਤ 2025, ਸਵੇਰੇ 11.00 ਵਜੇ ਤੋਂ ਸ਼ਾਮ ਦੇ 2.00 ਵਜੇ ਤੱਕ ਹਰੇਕ 5 ਮਿੰਟਾਂ ਦੇ ਵਾਧਿਆਂ ਨਾਲ
ਬੋਲੀ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ : 21 ਅਗਸਤ 2025 ਸ਼ਾਮ ਦੇ 3.00 ਵਜੇ ਤੱਕ
ਜਾਇਦਾਦ ਦੇ ਨਿਰੀਖਣ ਲਈ ਮਿਤੀ ਤੇ ਸਮਾਂ : 18 ਅਗਸਤ 2025, ਸਵੇਰੇ 11.00 ਵਜੇ ਤੋਂ ਬਾਅਦ ਦੁਪਹਿਰ 2.00 ਵਜੇ ਤੱਕ

ਵਿਕਰੀ ਦੀਆਂ ਸ਼ਰਤਾਂ ਅਤੇ ਨਿਯਮਾਂ ਦੇ ਵੇਰਵਾ ਲਈ ਕ੍ਰਿਪਾ ਕਰਕੇ https://www.yesbank.in/about-us/media/auction-property ਸਕਿਉਰਟ ਕ੍ਰੈਡਿਟਰ ਦੀ ਵੈਬਸਾਈਟ www.yesbank.in or https://sarfaesi.auctiontiger.net. ਦਾ ਹਵਾਲਾ ਲਿਆ ਜਾਵੇ।
ਟੈਂਡਰ ਦਸਤਾਵੇਜ/ਈ-ਬੋਲੀ ਕੈਟਾਲਾਗ ਪ੍ਰਾਪਤ ਕਰਨ 'ਚ ਮੁਸ਼ਕਲ ਜਾਂ ਅੱਚਲ ਜਾਇਦਾਦਾਂ/ਸਕਿਉਰਡ ਐੱਸਟਸ ਦੇ ਨਿਰੀਖਣ ਅਤੇ ਪੁੱਛਗਿੱਛ ਲਈ ਕ੍ਰਿਪਾ ਕਰਕੇ ਯੈੱਸ ਬੈਂਕ ਲਿਮਟਿਡ ਦੇ ਸੰਬੰਧਤ ਅਧਿਕਾਰੀਆਂ ਸ੍ਰੀ ਅਮਿਤ ਸ਼ਰਮਾ 99964-67419 ਜਾਂ ਈ ਮੇਲ Amit.Sharma62@yesbank.in ਅਤੇ ਸ੍ਰੀ ਅਮਨਦੀਪ ਸਿੰਘ ਨੂੰ +919711154546 ਜਾਂ ਈ-ਮੇਲ amandeep.singh28@yesbank.in ਵੈੱਬ ਪੋਰਟਲ ਪਤਾ- https://sarfaesi.auctiontiger.net, ਬੋਲੀ ਸਮਰਥਨ ਨੰ. +919265562821/18 ਅਤੇ 9978591888, 079-68136880/68136837, ਈ-ਮੇਲ support@auctiontiger.net ਅਤੇ ramprasad@auctiontiger.net ਨਾਲ ਸੰਪਰਕ ਕੀਤਾ ਜਾਵੇ।

**ਕਰਜ਼ਦਾਰਾਂ/ਗਰੰਟਰਾਂ ਨੂੰ ਵਿਕਰੀ ਨੋਟਿਸ**

ਉਪਰੋਕਤ ਨੂੰ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ ਰੂਲਜ਼, 2002 ਦੇ ਰੂਲ 9 (1) ਦੇ ਨੋਟਿਸ ਵਜੋਂ ਲਿਆ ਜਾਵੇ।

ਮਿਤੀ : 23 ਜੁਲਾਈ 2025, ਸਥਾਨ : ਪੰਜਾਬ ਸਹੀ/- ਅਧਿਕਾਰਤ ਅਫਸਰ


# ਮੁਲਾਜ਼ਮਾਂ ਤੇ ਪੈਨਸ਼ਨਰਾਂ 'ਚ ਪੰਜਾਬ ਸਰਕਾਰ ਪ੍ਰਤੀ ਭਾਰੀ ਰੋਸ

- 5 ਤੋਂ ਫੂਕੇ ਜਾਣਗੇ ਵਿੱਤ ਮੰਤਰੀ ਦੇ ਪੁਤਲੇ

**ਕੋਟਕਪੂਰਾ (ਰਛਪਾਲ ਭੁੱਲਰ)** ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਬਣੀ ਕੈਬਨਿਟ ਸਬ ਕਮੇਟੀ ਵੱਲੋਂ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੀ ਲੀਡਰਸ਼ਿਪ ਨਾਲ ਨਿਸ਼ਚਿਤ ਕੀਤੀਆਂ ਗਈਆਂ ਕਈ ਮੀਟਿੰਗਾਂ ਵਾਰ-ਵਾਰ ਮੁਲਤਵੀ ਹੋਣ ਦੇ ਰੋਸ ਵਜੋਂ 5 ਅਗਸਤ ਤੋਂ 12 ਅਗਸਤ ਤੱਕ ਪੰਜਾਬ ਦੇ ਸਾਰੇ ਬਲਾਕਾਂ, ਤਹਿਸੀਲਾਂ ਤੇ ਜ਼ਿਲ੍ਹਿਆਂ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਰੋਸ ਪ੍ਰਦਰਸ਼ਨ ਕਰਨ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਦੇ ਪੁਤਲੇ ਫੂਕਣ ਦਾ ਐਕਸ਼ਨ ਪ੍ਰੋਗਰਾਮ ਉਲੀਕਿਆ ਗਿਆ ਹੈ।ਇਨ੍ਹਾਂ ਐਕਸ਼ਨਾਂ ਦੀਆਂ ਤਿਆਰੀਆਂ ਲਈ 1 ਅਗਸਤ ਨੂੰ ਦੁਪਹਿਰ 2-30 ਵਜੇ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੀਆਂ ਜ਼ਿਲ੍ਹਾ ਕਮੇਟੀਆਂ ਵੱਲੋਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਸਬੰਧ ਵਿੱਚ ਜ਼ਿਲ੍ਹੇ ਦੇ ਆਗੂ ਪ੍ਰੇਮ ਚਾਵਲਾ, ਇੰਦਰਜੀਤ ਸਿੰਘ ਖੀਵਾ, ਜਤਿੰਦਰ ਕੁਮਾਰ, ਜਸਮੇਲ ਸਿੰਘ ਜੱਸੀ, ਹਰਜਿੰਦਰ ਸਿੰਘ ਧਾਲੀਵਾਲ ਸੇਵਾਮੁਕਤ ਡੀ ਐਸ ਪੀ, ਸੁਖਵਿੰਦਰ ਸਿੰਘ ਸੁੱਖੀ ਗਗਨ ਪਾਹਵਾ, ਅਸ਼ੋਕ ਕੌਸ਼ਲ, ਵੀਰਇੰਦਰਜੀਤ ਸਿੰਘ ਪੁਰੀ, ਕੁਲਵੰਤ ਸਿੰਘ ਚਾਨੀ, ਚੰਦ ਸਿੰਘ ਡੋਡ, ਚਿਤਰੰਜਨ ਗਾਬਾ, ਬਲਵਿੰਦਰ ਰਾਮ ਸ਼ਰਮਾ, ਹਰਪਾਲ ਸਿੰਘ ਮਚਾਕੀ, ਸਿਮਰਜੀਤ ਸਿੰਘ ਬਰਾੜ, ਸੁਖਦਰਸ਼ਨ ਸਿੰਘ ਫਰੀਦਕੋਟ, ਜਗਤਾਰ ਸਿੰਘ ਗਿੱਲ, ਹਰਪ੍ਰੀਤ ਸਿੰਘ ਟੀ ਐਸ ਯੂ, ਗੁਰਪ੍ਰੀਤ ਸਿੰਘ ਔਲਖ, ਇਕਬਾਲ ਸਿੰਘ ਢੁੱਡੀ ਅਤੇ ਬਲਕਾਰ ਸਿੰਘ ਸਹੋਤਾ ਨੇ ਦੱਸਿਆ ਹੈ ਕਿ ਜ਼ਿਲ੍ਹੇ ਦੇ ਸਮੂਹ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਇੱਕ ਸਾਂਝੀ ਮੀਟਿੰਗ 1 ਜੁਲਾਈ ਨੂੰ ਦੁਪਹਿਰ 2-30 ਵਜੇ ਪੈਨਸ਼ਨਰ ਭਵਨ ਨੇੜੇ ਖਜ਼ਾਨਾ ਦਫਤਰ ਵਿਖੇ ਰੱਖੀ ਗਈ ਹੈ।

# ਟਰਾਂਸਪੋਰਟ ਮੰਤਰੀ ਤੇ ਟਰੈਕਟਰ ਡੀਲਰਾਂ ਨਾਲ ਮੀਟਿੰਗ 2 ਨੂੰ ਲੁਧਿਆਣਾ 'ਚ

**ਲੁਧਿਆਣਾ (ਰਾਜ ਸਿੰਗਲਾ)**- ਭਾਰਤ ਦਾ ਖੇਤੀ ਪ੍ਰਧਾਨ ਸੂਬਾ ਪੰਜਾਬ ਖੇਤੀ ਮਸ਼ੀਨੀ ਟਰੈਕਟਰ ਦੀ ਰਜਿਸਟਰੇਸ਼ਨ ਨੂੰ ਲੈ ਕੇ ਦੁਵਿਧਾ ਵਿੱਚ ਹੈ, ਟਰਾਂਸਪੋਰਟ ਵਿਭਾਗ ਦੀਆਂ ਹਦਾਇਤਾਂ ਨੂੰ ਦੇਖਦਿਆਂ ਟਰੈਕਟਰ ਡੀਲਰ ਕਾਫੀ ਦੁਵਿਧਾ ਵਿੱਚ ਉਲਝ ਗਏ ਹਨ।ਇਸ ਟਰਾਂਸਪੋਰਟ ਨੀਤੀ ਦੇ ਪ੍ਰਬੰਧਾਂ ਵਿੱਚ ਸੁਧਾਰ ਲਿਆਉਣ ਲਈ ਪੰਜਾਬ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਪੱਬਾਂ ਭਾਰ ਹੈ। ਪੰਜਾਬ ਭਰ ਦੇ ਟਰੈਕਟਰ ਡੀਲਰ ਐਸੋਸੀਏਸ਼ਨ ਵੱਲੋਂ ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਟਰੈਕਟਰ ਰਜਿਸਟਰੇਸ਼ਨ ਵਿੱਚ ਆ ਰਹੀਆਂ ਪਰੇਸ਼ਾਨੀਆਂ ਦੇ ਹੱਲ ਲਈ ਦੋ ਅਗਸਤ ਨੂੰ ਲੁਧਿਆਣਾ ਦੇ ਮਲਹੋਤਰਾ ਪੈਲੇਸ ਜਲੰਧਰ ਰੋਡ ਉੱਤੇ ਇੱਕ ਮੀਟਿੰਗ ਰੱਖੀ ਗਈ ਹੈ। ਇਸ ਮੀਟਿੰਗ ਵਿੱਚ ਪੰਜਾਬ ਰਾਜ ਇੰਡਸਟਰੀ ਕਾਰਪੋਰੇਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਕੁਦਨੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਪੰਜਾਬ ਟਰੈਕਟਰ ਡੀਲਰ ਐਸੋਸੀਏਸ਼ਨ ਦੇ ਪ੍ਰਧਾਨ ਯਸ ਗੋਇਲ ਅਤੇ ਜਸਵਿੰਦਰ ਸਿੰਘ ਕਾਕੜਾ ਨੇ ਦੱਸਿਆ ਕਿ ਮੀਟਿੰਗ ਅੰਦਰ ਪੰਜਾਬ ਟਰੈਕਟਰ ਡੀਲਰਾਂ ਨੂੰ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ।



# ਬਾਹਰੀ ਡਿਵੈਲਪਰਾਂ ਨੂੰ ਫ਼ਾਇਦਾ ਦੇਵੇਗੀ ਲੈਂਡ ਪੂਲਿੰਗ ਨੀਤੀ : ਹਰਦੀਪ ਦੌਲਤਪੁਰ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)** ਆਮ ਆਦਮੀ ਪਾਰਟੀ ਸਰਕਾਰ ਦੀ ਨਵੀਂ ਲੈਂਡ ਪੂਲਿੰਗ ਨੀਤੀ 'ਤੇ ਟਿੱਪਣੀ ਕਰਦਿਆਂ ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਤੇ ਹਲਕਾ ਧੂਰੀ ਤੋਂ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਕਿਹਾ ਕਿ ਪੰਜਾਬ ਦੇ ਸ਼ਹਿਰੀ ਇਲਾਕਿਆਂ ਵਿੱਚ 65,000 ਏਕੜ ਤੋਂ ਵੱਧ ਜ਼ਮੀਨ ਹਾਸਲ ਕਰਨ ਦੀ ਯੋਜਨਾ ਨੂੰ ਲੈ ਕੇ ਗੰਭੀਰ ਚਿੰਤਾ ਜਤਾਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਇੱਕ ਘੜੀ ਹੋਈ ਤੇ ਬਿਨਾਂ ਯੋਜਨਾ ਬਣਾਏ ਸਕੀਮ ਨੂੰ ਲਾਗੂ ਕਰ ਰਹੀ ਹੈ, ਜੋ ਹਜ਼ਾਰਾਂ ਪਿੰਡਾਂ ਦੇ ਪਰਵਾਰਾਂ ਦੀ ਰੋਜ਼ੀ-ਰੋਟੀ ਨੂੰ ਖ਼ਤਰੇ 'ਚ ਪਾ ਰਹੀ ਹੈ, ਜਦਕਿ ਇਸ ਤੋਂ ਫ਼ਾਇਦਾ ਬਾਹਰੀ ਰੀਅਲ ਅਸਟੇਟ ਡਿਵੈਲਪਰਾਂ ਨੂੰ ਹੋਵੇਗਾ, ਨਾ ਕਿ ਪੰਜਾਬ ਦੇ ਸਥਾਨਕ ਉਦਯੋਗਪਤੀਆਂ ਨੂੰ। ਉਨ੍ਹਾਂ ਕਿਹਾ ਕਿ ਇੰਨੀ ਵੱਡੀ ਮਾਤਰਾ 'ਚ ਜ਼ਮੀਨ ਹਾਸਲ ਕਰਨ ਦੀ ਲੋੜ 'ਤੇ ਸਵਾਲ ਚੁੱਕਦੇ ਹੋਏ ਕਿਹਾ ਕਿ ਪਿਛਲੇ 1966 'ਚ ਪੰਜਾਬ ਦੇ ਪੁਨਰਗਠਨ ਤੋਂ ਲੈ ਕੇ ਅੱਜ ਤੱਕ ਸਿਰਫ਼ 25,000 ਏਕੜ ਦੇ ਕਰੀਬ ਜ਼ਮੀਨ ਹੀ ਸ਼ਹਿਰੀ ਇਸਤੇਮਾਲ ਲਈ ਵਿਕਸਤ ਕੀਤੀ ਗਈ ਹੈ।ਫਿਰ 65,333 ਏਕੜ ਦੀ ਲੋੜ ਕਿੱਥੋਂ ਪੈ ਗਈ? ਇਹ ਨੀਤੀ ਪੰਜਾਬ ਰਾਜ ਦੀ ਅਸਲ ਜ਼ਮੀਨੀ ਹਕੀਕਤ ਤੋਂ ਪੂਰੀ ਤਰ੍ਹਾਂ ਵੱਖਰੀ ਦਿਸਦੀ ਹੈ। ਉਨ੍ਹਾਂ ਕਿਹਾ ਕਿ ਨੀਤੀ ਦੇ ਤਹਿਤ ਜ਼ਮੀਨ ਖੋਹ ਰਹੇ ਲੋਕਾਂ ਲਈ ਨਾ ਤਾਂ ਕਿਸੇ ਵਿਸ਼ਵਾਸਯੋਗ ਮੁਆਵਜ਼ੇ ਦੀ ਗਾਰੰਟੀ ਦਿੱਤੀ ਗਈ ਹੈ ਤੇ ਨਾ ਹੀ ਉਨ੍ਹਾਂ ਲਈ ਭਰਨਪੋਸ਼ੀ ਭੱਤੇ ਦਾ ਕੋਈ ਢਾਂਚਾ ਹੈ।ਉਨ੍ਹਾਂ ਕਿਹਾ ਕਿ ਕੀ ਕੋਈ ਗਾਰੰਟੀ ਹੈ ਕਿ ਜਿਨ੍ਹਾਂ ਲੋਕਾਂ ਦੀ ਆਬਾਈ ਜ਼ਮੀਨ ਖੋਹ ਲਈ ਜਾਵੇਗੀ, ਉਨ੍ਹਾਂ ਨੂੰ ਭੱਤਾ ਮਿਲੇਗਾ?




**YES BANK** ਰਜਿਸਟਰਡ ਦਫ਼ਤਰ : ਯੈੱਸ ਬੈਂਕ ਹਾਊਸ, ਆਫ ਵੈੱਸਟਰਨ ਐਕਸਪ੍ਰੈੱਸ ਹਾਈਵੇ, ਸਾਂਤਾਕਰੂਜ਼ (ਈਸਟ), ਮੁੰਬਈ-400055
ਨਾਲ ਹੀ : ਐੱਸ ਸੀ ਓ ਨੰ. 129-130, ਦੂਸਰੀ ਮੰਜ਼ਲ, ਸੈਕਟਰ-9-ਸੀ, ਮਧਿਆ ਮਾਰਗ, ਚੰਡੀਗੜ੍ਹ-160009
ਨਾਲ ਹੀ : B-XX2427-927, ਪਹਿਲੀ ਮੰਜ਼ਲ, ਗੋਬਿੰਦ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ-141001

**[(ਰੂਲ-8 (1)] ਕਬਜ਼ਾ ਨੋਟਿਸ**

ਜਦੋਂਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ ਨੂੰ ਹੇਠਾਂ ਦਿੱਤੇ ਖਾਤਿਆਂ 'ਚ ਹੇਠਾਂ ਵਰਣਿਤ ਰਕਮ ਅਤੇ ਇਸ ਉਪਰ ਵਿਆਜ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਅਤੇ ਗਰੰਟਰ ਪੂਰੀ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਵਿਰੁੱਧ ਦਰਸਾਈ ਮਿਤੀ 'ਤੇ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਹਨਾਂ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ, ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਹੇਠ ਦਰਸਾਈ ਬਕਾਇਆ ਰਕਮ ਅਤੇ ਇਸ ਉੱਪਰ ਵਿਆਜ ਸਮੇਤ ਯੈੱਸ ਬੈਂਕ ਲਿਮ: ਦੀ ਵਸੂਲੀ ਹੇਠ ਹੋਵੇਗੀ। ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਐੱਨ ਪੀ ਏ ਖਾਤੇ ਦਾ ਨਾਂਅ | 13 (2) ਨੋਟਿਸ ਮਿਤੀ / ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|
| (1) ਮੈਸ: ਰੋਇਲ ਟਰੇਡਰਜ਼ (ਕਰਜ਼ਦਾਰ) (ਰਾਹੀਂ ਇਸ ਦੇ ਭਾਈਵਾਲਾਂ) ਦੁਕਾਨ ਨੰ. 1195/6-7, ਕਣਕ ਮੰਡੀ, ਅੰਮ੍ਰਿਤਸਰ, ਪੰਜਾਬ-143001 (2) ਰਸ਼ਮੀ ਅਰੋੜਾ (ਗਰੰਟਰ/ਰਹਿਣਕਾਰ) ਪਤਨੀ ਸ੍ਰੀ ਕਪਿਲ ਅਰੋੜਾ, ਮਕਾਨ ਨੰ. 70, ਨਿਊ ਰੂਪ ਨਗਰ, ਭਗਤਾਂ ਵਾਲਾ, ਅੰਮ੍ਰਿਤਸਰ, ਪੰਜਾਬ-143001 (3) ਪ੍ਰਤਿਭਾ ਅਰੋੜਾ (ਗਰੰਟਰ/ਰਹਿਣਕਾਰ) ਪਤਨੀ ਵਿਮਲ ਅਰੋੜਾ, ਮਕਾਨ ਨੰ. 70, ਨਿਊ ਰੂਪ ਨਗਰ, ਭਗਤਾਂ ਵਾਲਾ, ਅੰਮ੍ਰਿਤਸਰ, ਪੰਜਾਬ-143001 (4) ਕਪਿਲ ਅਰੋੜਾ (ਗਰੰਟਰ/ਰਹਿਣਕਾਰ) ਪੁੱਤਰ ਵਿਮਲ ਅਰੋੜਾ, ਮਕਾਨ ਨੰ. 70, ਨਿਊ ਰੂਪ ਨਗਰ, ਭਗਤਾਂ ਵਾਲਾ, ਅੰਮ੍ਰਿਤਸਰ, ਪੰਜਾਬ-143001, ਨਾਲ ਹੀ : 70 ਪੀਰ ਸ਼ਾਹ ਰੋਡ, ਨਿਊ ਰੂਪ ਨਗਰ, ਅੰਮ੍ਰਿਤਸਰ, ਪੰਜਾਬ-143001 | 31 ਅਗਸਤ 2023 / 28 ਜੁਲਾਈ-2025 | ਆਈ ਐੱਨ ਆਰ ਰੁਪਏ 2,05,29,937.91/- (ਦੋ ਕਰੋੜ ਪੰਜ ਲੱਖ ਉਨੱਤੀ ਹਜ਼ਾਰ ਨੌਂ ਸੈਂਤੀ ਰੁਪਏ ਅਤੇ ਇਕਾਨਵੇਂ ਪੈਸੇ ਕੇਵਲ) 22.08.2023 ਨੂੰ ਬਕਾਇਆ |

ਰਹਿਣ ਕੀਤੀ ਜਾਇਦਾਦ ਦਾ ਵੇਰਵਾ : (1) ਮਕਾਨ ਪ੍ਰਾਈਵੇਟ ਨੰ. 70 ਮਿਨ, ਕੁੱਲ ਖੇਤਰ ਰਕਬਾ 131 ਵਰਗ ਗਜ਼, ਖਸਰਾ ਨੰ. 1363// (2-15), 1364//(0-5), 1365// (0-7) ਅਤੇ 1366// (0-4) ਸਾਰੇ ਮਿਨ, ਖੇਵਟ ਖਤੌਨੀ ਨੰ. 176/372, 177/373 ਅਤੇ 178/372 ਹਦਬਸਤ ਨੰ. 387, ਜਮ੍ਹਾਂਬੰਦੀ ਸਾਲ 2015-16, ਵਾਕਿਆ ਰਕਬਾ ਅੰਮ੍ਰਿਤਸਰ ਅਰਬਨ ਸਰਕਲ ਨੰ. 107, ਅਬਾਦੀ ਕੋਟ ਗੰਗਾ ਸਿੰਘ, ਨਿਊ ਰੂਪ ਨਗਰ, ਅੰਦਰੂਨ ਮਿਊਂਸਪਲ ਕਾਰਪੋਰੇਸ਼ਨ ਹੱਦਾਂ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ। ਹੱਦਾਂ : ਪੂਰਬ : ਗਲੀ 15.0 ਫੁੱਟ ਚੌੜੀ//45.0 ਫੁੱਟ, ਪੱਛਮ : ਮਕਾਨ ਨੰ. 69/48.06, ਦੱਖਣ : ਰਸਤਾ 30.0 ਫੁੱਟ ਚੌੜਾ 27.00 ਫੁੱਟ, ਉੱਤਰ : ਹੋਰਨਾਂ ਦਾ ਖਾਲੀ ਪਲਾਟ//23.06 ਫੁੱਟ।
(2) ਮਕਾਨ ਖਾਨਾ ਸ਼ੁਮਾਰੀ ਨੰ. 1189 ਐੱਮ ਸੀ ਏ, 198 ਮਿਨ ਅਤੇ ਮੌਜੂਦਾ ਨੰ. 357/6 , ਕੁੱਲ ਖੇਤਰ 59.43 ਵਰਗ ਗਜ਼, ਵਾਕਿਆ ਰਕਬਾ ਅੰਮ੍ਰਿਤਸਰ ਅਰਬਨ, ਕਟੜਾ ਮਿਤ ਸਿੰਘ ਅੰਦਰੂਨ ਮਿਊਂਸਪਲ ਕਾਰਪੋਰੇਸ਼ਨ ਹੱਦਾਂ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ। ਹੱਦਾਂ : ਪੂਰਬ : ਮੇਨ ਬਜ਼ਾਰ ਚੌਕ, ਪੱਛਮ : ਹੋਰਨਾਂ ਦੀ ਜਾਇਦਾਦ, ਦੱਖਣ : ਦੁਕਾਨ ਨੰ. 06, ਆਸ਼ਿਆਨਾ ਅਸਟੇਟ, ਉੱਤਰ : ਬ੍ਰਿਜ ਲਾਲ ਆਟਾ ਦੁਕਾਨ ਨੰ. 08
(3) ਮਕਾਨ ਪ੍ਰਾਈਵੇਟ ਨੰ. 7, ਖਾਨਾ ਸ਼ੁਮਾਰੀ ਨੰ. 1195/6-7, ਕੁੱਲ ਖੇਤਰ 50 ਵਰਗ ਗਜ਼ ਅਤੇ 5 ਵਰਗ ਫੁੱਟ, ਵਾਕਿਆ ਰਕਬਾ ਅੰਮ੍ਰਿਤਸਰ ਅਰਬਨ ਅਬਾਦੀ ਕਣਕ ਮੰਡੀ, ਚੌਕ ਛੱਤੀ ਖੂਹੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ। ਹੱਦਾਂ : ਪੂਰਬ : ਦੁਕਾਨ, ਪੱਛਮ : ਬਿਨੈਕਾਰ ਦੀ ਦੁਕਾਨ, ਬ੍ਰਿਜ ਲਾਲ ਆਟਾ ਦੁਕਾਨ, ਉੱਤਰ : ਹੋਰਨਾਂ ਦੀ ਜਾਇਦਾਦ, ਦੱਖਣ : ਮੇਨ ਬਜ਼ਾਰ ਕਣਕ ਮੰਡੀ
ਰਹਿਣਕਾਰ : ਕਪਿਲ ਅਰੋੜਾ, ਰਸ਼ਮੀ ਅਰੋੜਾ ਅਤੇ ਸ੍ਰੀਮਤੀ ਪ੍ਰਤਿਭਾ

| ਐੱਨ ਪੀ ਏ ਖਾਤੇ ਦਾ ਨਾਂਅ | 13 (2) ਨੋਟਿਸ ਮਿਤੀ / ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|
| (1) ਮੈਸ: ਰੋਇਲ ਟਰੇਡਰਜ਼ (ਕਰਜ਼ਦਾਰ) (ਰਾਹੀਂ ਇਸ ਦੇ ਭਾਈਵਾਲਾਂ) ਦੁਕਾਨ ਨੰ. 1195/6-7, ਕਣਕ ਮੰਡੀ, ਅੰਮ੍ਰਿਤਸਰ, ਪੰਜਾਬ-143001 (2) ਰਸ਼ਮੀ ਅਰੋੜਾ (ਗਰੰਟਰ/ਰਹਿਣਕਾਰ) ਪਤਨੀ ਸ੍ਰੀ ਕਪਿਲ ਅਰੋੜਾ, ਮਕਾਨ ਨੰ. 70, ਨਿਊ ਰੂਪ ਨਗਰ, ਭਗਤਾਂ ਵਾਲਾ, ਅੰਮ੍ਰਿਤਸਰ, ਪੰਜਾਬ-143001 (3) ਪ੍ਰਤਿਭਾ ਅਰੋੜਾ (ਗਰੰਟਰ/ਰਹਿਣਕਾਰ) ਪਤਨੀ ਵਿਮਲ ਅਰੋੜਾ, ਮਕਾਨ ਨੰ. 70, ਨਿਊ ਰੂਪ ਨਗਰ, ਭਗਤਾਂ ਵਾਲਾ, ਅੰਮ੍ਰਿਤਸਰ, ਪੰਜਾਬ-143001 (4) ਕਪਿਲ ਅਰੋੜਾ (ਗਰੰਟਰ/ਰਹਿਣਕਾਰ) ਪੁੱਤਰ ਵਿਮਲ ਅਰੋੜਾ, ਮਕਾਨ ਨੰ. 70, ਨਿਊ ਰੂਪ ਨਗਰ, ਭਗਤਾਂ ਵਾਲਾ, ਅੰਮ੍ਰਿਤਸਰ, ਪੰਜਾਬ-143001, ਨਾਲ ਹੀ : 70 ਪੀਰ ਸ਼ਾਹ ਰੋਡ, ਨਿਊ ਰੂਪ ਨਗਰ, ਅੰਮ੍ਰਿਤਸਰ, ਪੰਜਾਬ-143001 | 31 ਅਗਸਤ 2023 / 29 ਜੁਲਾਈ-2025 | ਆਈ ਐੱਨ ਆਰ ਰੁਪਏ 2,05,29,937.91/- (ਦੋ ਕਰੋੜ ਪੰਜ ਲੱਖ ਉਨੱਤੀ ਹਜ਼ਾਰ ਨੌਂ ਸੈਂਤੀ ਰੁਪਏ ਅਤੇ ਇਕਾਨਵੇਂ ਪੈਸੇ ਕੇਵਲ) 22.08.2023 ਨੂੰ ਬਕਾਇਆ |

ਰਹਿਣ ਕੀਤੀ ਜਾਇਦਾਦ ਦਾ ਵੇਰਵਾ : (1) ਮਕਾਨ ਪ੍ਰਾਈਵੇਟ ਨੰ. 70 ਮਿਨ, ਕੁੱਲ ਖੇਤਰ ਰਕਬਾ 131 ਵਰਗ ਗਜ਼, ਖਸਰਾ ਨੰ. 1363// (2-15), 1364//(0-5), 1365// (0-7) ਅਤੇ 1366// (0-4) ਸਾਰੇ ਮਿਨ, ਖੇਵਟ ਖਤੌਨੀ ਨੰ. 176/372, 177/373 ਅਤੇ 178/372 ਹਦਬਸਤ ਨੰ. 387, ਜਮ੍ਹਾਂਬੰਦੀ ਸਾਲ 2015-16, ਵਾਕਿਆ ਰਕਬਾ ਅੰਮ੍ਰਿਤਸਰ ਅਰਬਨ ਸਰਕਲ ਨੰ. 107, ਅਬਾਦੀ ਕੋਟ ਗੰਗਾ ਸਿੰਘ, ਨਿਊ ਰੂਪ ਨਗਰ, ਅੰਦਰੂਨ ਮਿਊਂਸਪਲ ਕਾਰਪੋਰੇਸ਼ਨ ਹੱਦਾਂ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ। ਹੱਦਾਂ : ਪੂਰਬ : ਗਲੀ 15.0 ਫੁੱਟ ਚੌੜੀ//45.0 ਫੁੱਟ, ਪੱਛਮ : ਮਕਾਨ ਨੰ. 69/48.06, ਦੱਖਣ : ਰਸਤਾ 30.0 ਫੁੱਟ ਚੌੜਾ 27.00 ਫੁੱਟ, ਉੱਤਰ : ਹੋਰਨਾਂ ਦਾ ਖਾਲੀ ਪਲਾਟ//23.06 ਫੁੱਟ।
(2) ਮਕਾਨ ਖਾਨਾ ਸ਼ੁਮਾਰੀ ਨੰ. 1189 ਐੱਮ ਸੀ ਏ, 198 ਮਿਨ ਅਤੇ ਮੌਜੂਦਾ ਨੰ. 357/6 , ਕੁੱਲ ਖੇਤਰ 59.43 ਵਰਗ ਗਜ਼, ਵਾਕਿਆ ਰਕਬਾ ਅੰਮ੍ਰਿਤਸਰ ਅਰਬਨ, ਕਟੜਾ ਮਿਤ ਸਿੰਘ ਅੰਦਰੂਨ ਮਿਊਂਸਪਲ ਕਾਰਪੋਰੇਸ਼ਨ ਹੱਦਾਂ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ। ਹੱਦਾਂ : ਪੂਰਬ : ਮੇਨ ਬਜ਼ਾਰ ਚੌਕ, ਪੱਛਮ : ਹੋਰਨਾਂ ਦੀ ਜਾਇਦਾਦ, ਦੱਖਣ : ਦੁਕਾਨ ਨੰ. 06, ਆਸ਼ਿਆਨਾ ਅਸਟੇਟ, ਉੱਤਰ : ਬ੍ਰਿਜ ਲਾਲ ਆਟਾ ਦੁਕਾਨ ਨੰ. 08
(3) ਮਕਾਨ ਪ੍ਰਾਈਵੇਟ ਨੰ. 7, ਖਾਨਾ ਸ਼ੁਮਾਰੀ ਨੰ. 1195/6-7, ਕੁੱਲ ਖੇਤਰ 50 ਵਰਗ ਗਜ਼ ਅਤੇ 5 ਵਰਗ ਫੁੱਟ, ਵਾਕਿਆ ਰਕਬਾ ਅੰਮ੍ਰਿਤਸਰ ਅਰਬਨ ਅਬਾਦੀ ਕਣਕ ਮੰਡੀ, ਚੌਕ ਛੱਤੀ ਖੂਹੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ। ਹੱਦਾਂ : ਪੂਰਬ : ਦੁਕਾਨ, ਪੱਛਮ : ਬਿਨੈਕਾਰ ਦੀ ਦੁਕਾਨ, ਬ੍ਰਿਜ ਲਾਲ ਆਟਾ ਦੁਕਾਨ, ਉੱਤਰ : ਹੋਰਨਾਂ ਦੀ ਜਾਇਦਾਦ, ਦੱਖਣ : ਮੇਨ ਬਜ਼ਾਰ ਕਣਕ ਮੰਡੀ
ਰਹਿਣਕਾਰ : ਕਪਿਲ ਅਰੋੜਾ, ਰਸ਼ਮੀ ਅਰੋੜਾ ਅਤੇ ਸ੍ਰੀਮਤੀ ਪ੍ਰਤਿਭਾ

ਮਿਤੀ : 28 ਜੁਲਾਈ 2025, ਸਥਾਨ : ਅੰਮ੍ਰਿਤਸਰ ਵਾਸਤੇ ਯੈੱਸ ਬੈਂਕ ਲਿਮਟਿਡ, ਸ੍ਰੀ ਅਮਿਤ ਸ਼ਰਮਾ, ਅਧਿਕਾਰਤ ਅਫਸਰ


# ਹਸਪਤਾਲ ਸਰਕਾਰੀ, ਨਾ ਕੋਈ ਡਾਕਟਰ, ਨਾ ਕੋਈ ਇਲਾਜ

**ਬਠਿੰਡਾ ਮੌੜ ਮੰਡੀ (ਪਰਵਿੰਦਰ ਜੀਤ ਸਿੰਘ)**- ਪਿਛਲੇ ਲੰਮੇ ਸਮੇਂ ਤੋਂ ਡਾਕਟਰਾਂ ਦੀ ਘਾਟ ਕਾਰਨ ਸਥਾਨਕ ਸਿਵਲ ਹਸਪਤਾਲ ਅੰਦਰ ਮਰੀਜ਼ਾਂ ਦਾ ਸਹੀ ਢੰਗ ਨਾਲ ਇਲਾਜ ਨਾ ਹੋਣ ਕਾਰਨ ਮੰਡੀ ਨਿਵਾਸੀ ਅਤੇ ਆਲੇ ਦੁਆਲੇ ਦੇ ਪਿੰਡਾਂ ਦੇ ਲੋਕਾਂ ਅੰਦਰ ਨਿਰਾਸ਼ਤਾ ਪਾਈ ਜਾ ਰਹੀ ਹੈ। ਕਿਉਂਕਿ ਹਸਪਤਾਲ ਅੰਦਰ ਨਾ ਤਾਂ ਪੂਰਾ ਸਟਾਫ ਹੈ ਅਤੇ ਨਾ ਹੀ ਪੂਰਾ ਸਾਜ਼ੋ ਸਮਾਨ ਹੈ।ਇਥੋਂ ਤੱਕ ਕੇ ਸਰਕਾਰੀ ਹਸਪਤਾਲ ਦੀ ਸਫਾਈ ਕਰਨ ਲਈ ਸੇਵਾਦਾਰਾਂ ਦੀਆਂ 4 ਅਸਾਮੀਆਂ ਹਨ ਪਰੰਤੂ ਸਫਾਈ ਕਰਨ ਲਈ ਇੱਕ ਵੀ ਸਫਾਈ ਸੇਵਕ ਮੌਜੂਦ ਨਹੀਂ। ਜਿਸ ਹਸਪਤਾਲ ਅੰਦਰ ਸਹੀ ਢੰਗ ਨਾਲ ਸਫਾਈ ਨਹੀਂ ਹੋ ਰਹੀ ਉਸ ਹਸਪਤਾਲ ਵਿੱਚ ਮਰੀਜ਼ ਦੇ ਇਲਾਜ ਦੀ ਕੀ ਆਸ ਰੱਖੀ ਜਾ ਸਕਦੀ ਹੈ।ਹਸਪਤਾਲ ਦੀ ਸਫਾਈ ਦਾ ਕੰਮ ਹੋਰ ਮੁਲਾਜ਼ਮਾਂ ਤੋਂ ਕਰਵਾਇਆ ਜਾ ਰਹਾ ਹੈ। ਹਸਪਤਾਲ ਦੇ ਬੈਡਾਂ ਉੱਪਰ ਮਣ ਮਣ ਪੱਕੀ ਮਿੱਟੀ ਚੜ੍ਹੀ ਹੋਈ ਹੈ, ਕਮਰਿਆਂ ਅੰਦਰ ਸਫਾਈ ਦੇ ਬੁਰੇ ਹਾਲ ਹਨ। ਹਸਪਤਾਲ ਦਾ ਪਿਛਲਾ ਪਾਸਾ ਮੀਂਹ ਨਾਲ ਡਿੱਗ ਚੁੱਕਿਆ ਹੈ। ਜਿਸ ਕਮਰੇ ਚ ਐਸ ਐਮ ਓ ਮਰੀਜ਼ ਦੇਖਦੇ ਹਨ ਉਸ ਕਮਰੇ ਦੀ ਵੀ ਹਾਲਤ ਖਸਤਾ ਹੈ। ਉਂਝ ਕਹਿਣ ਨੂੰ ਇਹ ਸਰਕਾਰੀ ਹਸਪਤਾਲ ਹੈ ਪਰ ਇਸ ਦੀ ਹਾਲਤ ਡਿਸਪੈਂਸਰੀ ਤੋਂ ਵੀ ਮਾੜੀ ਹੈ।। ਹਸਪਤਾਲ ਅੰਦਰ ਮੈਡੀਕਲ ਅਫਸਰਾਂ ਦੀਆਂ ਪੰਜ ਅਸਾਮੀਆਂ ਹਨ। ਜਿਸ ਵਿੱਚੋਂ ਚਾਰ ਅਸਾਮੀਆਂ ਪਿਛਲੇ ਲੰਮੇ ਸਮੇਂ ਤੋਂ ਖਾਲੀ ਹਨ। ਫਾਰਮੇਸੀ ਅਫਸਰਾਂ ਦੀਆਂ ਤਿੰਨ ਅਸਾਮੀਆਂ ਹਨ ਜਿਸ ਵਿੱਚੋਂ ਦੋ ਅਸਾਮੀਆਂ ਵੀ ਪਿਛਲੇ ਲੰਬੇ ਸਮੇਂ ਤੋਂ ਖਾਲੀ ਹਨ।ਸਟਾਫ਼ ਨਰਸ ਐਨ ਐਚ ਐਮ ਦੀਆਂ 5 ਪੋਸਟਾਂ ਵਿੱਚੋ 2 ਖਾਲੀ ਹਨ।ਹਸਪਤਾਲ ਅੰਦਰ ਡਾਕਟਰ ਨਾ ਹੋਣ ਕਰਕੇ ਮਰੀਜ਼ਾਂ ਨੂੰ ਮਹਿੰਗੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਕਰਾਉਣਾ ਪੈਂਦਾ ਹੈ। ਜਦਕਿ ਕਲਾਸ ਫੋਰ ਦੀਆਂ 14 ਅਸਾਮੀਆਂ ਹਨ ਜਿਨਾਂ ਵਿੱਚੋਂ ਸੱਤ ਅਸਾਮੀਆਂ ਵੀ ਪਿਛਲੇ ਲੰਬੇ ਸਮੇਂ ਤੋਂ ਖਾਲੀ ਪਈਆਂ ਹਨ। ਹਸਪਤਾਲ ਅੰਦਰ ਕੁੱਲ 45 ਅਸਾਮੀਆਂ ਹਨ ਜਿਨਾਂ ਵਿੱਚੋਂ 20 ਅਸਾਮੀਆਂ ਪਿਛਲੇ ਲੰਬੇ ਸਮੇਂ ਤੋਂ ਖਾਲੀ ਹਨ। ਡਾਕਟਰਾਂ ਦੇ ਰਹਿਣ ਲਈ ਕੋਈ ਚੰਗੇ ਕੁਆਰਟਰ ਨਹੀਂ। ਕੁਆਰਟਰਾਂ ਦੀ ਕਦੇ ਰਿਪੇਅਰ ਨਹੀਂ ਹੋਈ, ਕਦੇ ਵੀ ਡਿੱਗ ਸਕਦੇ ਹਨ। ਜ਼ਿਆਦਾਤਰ ਇਹਨਾਂ ਕੁਆਰਟਰਾ ਵਿੱਚ ਦਰਜਾ ਚਾਰ ਕਰਮਚਾਰੀ ਹੀ ਰਹਿ ਰਹੇ ਹਨ।ਮੌਜੂਦਾ ਸਟਾਫ ਨੇ ਦੱਸਿਆ ਕਿ ਸਰਜਨ ਡਾਕਟਰ ਦੇ ਨਾ ਹੋਣ ਕਾਰਨ ਪਿਛਲੇ ਸੱਤ ਅੱਠ ਸਾਲਾਂ ਤੋਂ ਕੋਈ ਵੀ ਆਪਰੇਸ਼ਨ ਇਸ ਹਸਪਤਾਲ ਅੰਦਰ ਨਹੀਂ ਹੋਇਆ। ਮਰੀਜ਼ਾਂ ਦੀ ਗਿਣਤੀ ਘਟਣ ਕਰਕੇ ਕਈ ਮੈਡੀਕਲ ਸਟੋਰ ਮਾਲਕਾ ਨੇ ਮੈਡੀਕਲ ਸਟੋਰ ਬੰਦ ਕਰਕੇ ਹੋਰ ਕੰਮ ਕਰਨ ਲੱਗ ਪਏ ਹਨ। ਬਰਸਾਤ ਦੇ ਦਿਨਾਂ ਚ ਹਸਪਤਾਲ ਮੀਂਹ ਦੇ ਪਾਣੀ ਨਾਲ ਭਰ ਜਾਂਦਾ ਹੈ। ਕੋਈ ਸਮਾਂ ਸੀ ਜਦ ਮੌੜ ਦਾ ਹਸਪਤਾਲ ਬਠਿੰਡਾ ਮਾਨਸਾ ਜ਼ਿਲ੍ਹੇ 'ਚੋਂ ਪਹਿਲੇ ਨੰਬਰ 'ਤੇ ਸੀ। ਹਸਪਤਾਲ ਅੰਦਰ ਡਾਕਟਰਾਂ ਦੀ ਪੱਕੇ ਤੌਰ 'ਤੇ ਨਿਯੁਕਤੀ ਕਰਨ ਲਈ ਪਿਛਲੀਆਂ ਕਾਂਗਰਸ ਤੇ ਅਕਾਲੀ ਭਾਜਪਾ ਸਰਕਾਰਾਂ ਵੀ ਨਾ ਕਾਮਯਾਬ ਸਾਬਿਤ ਹੋਇਆ ਹਨ। ਲੋਕਾਂ ਨੂੰ ਆਮ ਆਦਮੀ ਦੀ ਸਰਕਾਰ ਤੋਂ ਵੀ ਇਹੀ ਆਸਾਂ ਸਨ ਕੇ ਮੌੜ ਦੇ ਹਸਪਤਾਲ ਅੰਦਰ ਪੱਕੇ ਤੌਰ 'ਤੇ ਡਾਕਟਰ ਆਉਣਗੇ।ਪਰ ਇਹ ਸਰਕਾਰ ਵੀ ਦੂਜੀਆਂ ਸਰਕਾਰਾਂ ਵਾਂਗ ਫਲਾਪ ਸਾਬਿਤ ਹੋਈ ਹੈ।




# ਬੀ ਕੇ ਯੂ ਸਿੱਧੂਪੁਰ ਵੱਲੋਂ ਲੈਂਡ ਪੂਲਿੰਗ ਐਕਟ ਵਿਰੁੱਧ ਰੈਲੀ 7 ਨੂੰ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)**- ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਵਲੋਂ ਸੂਬਾ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਵਿਰੁੱਧ 'ਜ਼ਮੀਨ ਬਚਾਓ' ਰੈਲੀ 7 ਅਗਸਤ ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਜੋਧਾਂ ਦੀ ਦਾਣਾ ਮੰਡੀ ਵਿਖੇ ਰੱਖੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਲਾਕ ਸਰਪ੍ਰਸਤ ਕੁਲਦੀਪ ਸੇਖੋਂ, ਬਲਾਕ ਪ੍ਰੈੱਸ ਸਕੱਤਰ ਰਵਿੰਦਰ ਨਾਗਰਾ, ਸਾਬਕਾ ਸਰਪੰਚ ਨਾਹਰ ਸਿੰਘ, ਜਸਮੇਰ ਢਿੱਲੋਂ, ਕਰਮਜੀਤ ਭਮਾ ਅਤੇ ਕਸ਼ਮੀਰ ਸਿੰਘ ਨੂਰਪੁਰ ਨੇ ਦੱਸਿਆ ਕਿ ਯੂਨੀਅਨ ਦੇ ਬਲਾਕ ਆਗੂ ਪਿੰਡ-ਪਿੰਡ ਜਾ ਕੇ ਕਿਸਾਨਾਂ ਨਾਲ ਮੀਟਿੰਗਾਂ ਕਰ ਲੋਕਾਂ ਨੂੰ ਆਪਣੇ ਆਉਣ ਵਾਲੇ ਭਵਿੱਖ ਸਰਕਾਰਾਂ ਕਿਵੇਂ ਨਵੀਆਂ ਨੀਤੀਆਂ ਲਿਆ ਕੇ ਧੁੰਦਲਾਂ ਕਰ ਰਹੀਆਂ ਹਨ ਬਾਰੇ ਜਾਗਰੂਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਨੇ ਵਿਸ਼ਵਾਸ ਦਿਵਾਇਆ ਕੇ ਉਹ ਵੱਡੇ ਕਾਫਲੇ ਲੈ ਕੇ ਸਰਕਾਰ ਦਾ ਵਿਰੋਧ ਕਰਨ ਲਈ ਰੈਲੀ ਵਿਚ ਪਹੁੰਚਣਗੇ ਤਾਂ ਜੋ ਸਰਕਾਰ ਇਸ ਲੋਕ ਮਾਰੂ ਨੀਤੀ ਨੂੰ ਵਾਪਸ ਲੈਣ ਲਈ ਮਜਬੂਰ ਹੋ ਸਕੇ। ਉਨ੍ਹਾਂ ਦੱਸਿਆ ਕਿ ਕਈ ਪਿੰਡਾਂ ਵਿਚ ਸਰਕਾਰ ਦੇ ਨੁਮਾਇੰਦਿਆਂ ਨੂੰ ਪਿੰਡਾਂ ਵਿਚ ਵੜਨ 'ਤੇ ਪਾਬੰਦੀ ਦੇ ਬੋਰਡ ਅਤੇ ਗ੍ਰਾਮ ਸਭਾ 'ਚ ਮਤੇ ਵੀ ਪਾਏ ਜਾ ਰਹੇ ਹਨ।

31-July-PAGE-7.qxd 7/30/2025 11:09 PM Page 1



# ਫਤਿਹ ਗਰੁੱਪ ਦੇ 2 ਮੈਂਬਰ ਗ੍ਰਿਫ਼ਤਾਰ

ਜਲੰਧਰ ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ, ਇਕਬਾਲ ਸਿੰਘ ਉੱਪਲ)- ਪੰਜਾਬ ਸਰਕਾਰ ਵੱਲੋਂ ਅਪਰਾਧੀ ਤੱਤਾਂ 'ਤੇ ਨਕੇਲ ਕੱਸਣ ਲਈ ਸ਼ੁਰੂ ਕੀਤੀ ਗਈ ਵਿਸ਼ੇਸ਼ ਮੁਹਿੰਮ ਤਹਿਤ ਕਮਿਸ਼ਨਰੇਟ ਪੁਲਸ



ਜਲੰਧਰ ਦੀ ਸੀ.ਆਈ.ਏ. ਟੀਮ ਨੇ ਬਦਨਾਮ 'ਫਤਿਹ ਗਰੁੱਪ' ਦੇ ਦੋ ਸਰਗਰਮ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਇਸ ਕਾਰਵਾਈ ਦੌਰਾਨ ਪੁਲਸ ਵੱਲੋਂ 5 ਗੈਰ-ਕਾਨੂੰਨੀ ਪਿਸਤੌਲ, 10 ਜ਼ਿੰਦਾ ਰੌਂਦ ਅਤੇ 50 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਮੁਕੱਦਮਾ ਨੰਬਰ 82 ਮਿਤੀ 09.07.2025 ਅਧੀਨ ਧਾਰਾ 25 (1)2, 54, 59 ਆਰਮਜ਼ ਐਕਟ ਅਤੇ ਵਾਧਾ ਜੁਰਮ 21 ਐਨ.ਡੀ.ਪੀ.ਐਸ. ਐਕਟ ਤਹਿਤ ਥਾਣਾ ਡਵੀਜ਼ਨ ਨੰਬਰ 2, ਜਲੰਧਰ ਵਿੱਚ ਦਰਜ ਕੀਤਾ ਗਿਆ ਸੀ। ਜਾਂਚ ਦੌਰਾਨ ਪੁਲਸ ਵੱਲੋਂ ਦੋ ਮੁਲਜ਼ਮਾਂ ਕਰਨਪ੍ਰੀਤ ਸਿੰਘ ਉਰਫ਼ ਗਿਆਨੀ ਉਰਫ਼ ਫਤਿਹ ਵਾਸੀ ਬੈਂਕ ਇਨਕਲੇਵ, ਖੁਰਲਾ ਕਿੰਗਰਾ, ਕੁੱਕੀ ਢਾਬ ਚੌਕ, ਥਾਣਾ ਡਵੀਜ਼ਨ ਨੰਬਰ 7 ਜਲੰਧਰ ਅਤੇ ਅਮਨ ਉਰਫ਼ ਅਮਨਾ ਵਾਸੀ ਬਾਬਾ ਕਾਹਨ ਦਾਸ ਨਗਰ, ਥਾਣਾ ਬਸਤੀ ਬਾਵਾ ਖੇਲ ਜਲੰਧਰ ਨੂੰ 27 ਜੁਲਾਈ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ 4 ਗੈਰ-ਕਾਨੂੰਨੀ ਪਿਸਤੌਲ (.32 ਬੋਰ) ਸਮੇਤ 8 ਜ਼ਿੰਦਾ ਰੌਂਦ, 1 ਗੈਰ-ਕਾਨੂੰਨੀ ਪਿਸਤੌਲ (.45 ਬੋਰ) ਸਮੇਤ 2 ਜ਼ਿੰਦਾ ਰੌਂਦ ਅਤੇ 50 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕਰਨਪ੍ਰੀਤ ਸਿੰਘ ਉਰਫ਼ ਫਤਿਹ ਖ਼ਿਲਾਫ਼ 16 ਮੁਕੱਦਮੇ ਦਰਜ ਹਨ, ਜਦਕਿ ਅਮਨ ਉਰਫ਼ ਅਮਨਾ ਵਿਰੁੱਧ 11 ਮੁਕੱਦਮੇ ਦਰਜ ਹਨ। ਦੋਵੇਂ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਲਿਆ ਗਿਆ ਅਤੇ ਹੋਰ ਪੁੱਛਗਿੱਛ ਜਾਰੀ ਹੈ।

# ਜੀਵਨ 'ਚ ਸਿੱਖਣ ਲਈ ਸਦਾ ਤਿਆਰ ਰਹਿਣਾ ਚਾਹੀਦੈ : ਇੰਜੀ. ਮੋਰੋਂ



ਬੰਗਾ (ਅਵਤਾਰ ਕਲੇਰ)

ਵਿਵੇਕ ਵਿਕਾਸ ਲਹਿਰ ਪੰਜਾਬ, ਮੁੱਖ ਦਫਤਰ ਬੰਗਾ,ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਘਰ-ਘਰ ਕਿਤਾਬਾਂ ਪਹੁੰਚਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਵੱਖ-ਵੱਖ ਪਿੰਡਾਂ ਵਿੱਚ ਹੋ ਰਹੇ ਸਮਾਗਮਾਂ ਦੌਰਾਨ ਅਤੇ ਸਕੂਲਾਂ ਵਿੱਚ ਜਾ ਕੇ ਸਾਹਿਤਕ,ਗਿਆਨ,ਵਿਗਿਆਨ ਨਾਲ ਸੰਬੰਧਿਤ, ਮੁਫਤ ਕਿਤਾਬਾਂ ਵੰਡੀਆਂ ਜਾ ਰਹੀਆਂ ਹਨ। ਇਸ ਲੜੀ ਤਹਿਤ ਪਿੰਡ ਨੂਰਪੁਰ ਵਿਖੇ ਇੱਕ ਸਮਾਗਮ ਆਯੋਜਿਤ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਇੰਜੀ.ਜਸਵੀਰ ਸਿੰਘ ਮੋਰੋਂ, ਗੁਰਪਾਲ ਸਿੰਘ ਪੁਆਰੀ ਬੀ.ਪੀ.ਈ.ਓ. ਦਲਵੀਰ ਮਾਹੀ ਬੇਗੋਵਾਲ, ਅਮਰ ਕਟਾਰੀਆ, ਵਿਜੇ ਸੋਡੀਆਂ ਹਾਜ਼ਰ ਸਨ। ਸੰਬੋਧਨ ਕਰਦਿਆਂ ਇੰਜੀ ਮੋਰੋਂ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਤੋਂ ਸਾਨੂੰ ਕਿਤਾਬਾਂ ਪੜ੍ਹਨ ਦੀ ਪ੍ਰੇਰਨਾ ਲੈਣੀ ਚਾਹੀਦੀ ਹੈ। ਜੀਵਨ ਵਿੱਚ ਸਾਨੂੰ ਸਦਾ ਸਿੱਖਣ ਲਈ ਤਿਆਰ ਰਹਿਣਾ ਚਾਹੀਦਾ ਹੈ। ਡਿਜੀਟਲ ਯੁੱਗ ਵਿੱਚ ਬਹੁਤ ਤੇਜ਼ੀ ਨਾਲ ਤਬਦੀਲੀਆਂ ਹੋ ਰਹੀਆਂ ਹਨ। ਉਹਨਾਂ ਦੇ ਹਾਣ ਦਾ ਬਣਨ ਲਈ ਖੁਦ ਨੂੰ ਅਪਡੇਟ ਕਰਨਾ ਜ਼ਰੂਰੀ ਹੈ। ਜਿਸ ਲਈ ਕਿਤਾਬਾਂ ਆਪਣਾ ਰੋਲ ਅਦਾ ਕਰਨ ਲਈ ਤਿਆਰ ਹਨ। ਗੁਰਪਾਲ ਸਿੰਘ ਪੁਆਰੀ ਅਤੇ ਦਲਵੀਰ ਮਾਹੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਿਸੇ ਵਰਤਾਰੇ ਬਾਰੇ ਸਹੀ ਨਜ਼ਰੀਆ ਬਣਾਉਣ ਵਿੱਚ ਕਿਤਾਬਾਂ ਵੱਡੀ ਭੂਮਿਕਾ ਅਦਾ ਕਰਦੀਆਂ ਹਨ। ਜੋ ਕੁੱਝ ਵੀ ਪੜ੍ਹਿਆ ਜਾਵੇ,ਉਸ ਨੂੰ ਵਿਚਾਰਿਆ ਜਾਵੇ ਅਤੇ ਵਿਚਾਰ ਕਰਕੇ ਪ੍ਰਾਪਤ ਕੀਤੀ ਸਿੱਖਿਆ ਨੂੰ ਆਪਣੇ ਜੀਵਨ ਵਿੱਚ ਲਾਗੂ ਕੀਤਾ ਜਾਵੇ। ਉਹਨਾਂ ਕਿਹਾ ਕਿ ਡਰ ਅਗਿਆਨ ਦਾ ਦੂਜਾ ਨਾਂਅ ਹੈ।ਪੜ੍ਹਾਈ ਤੋਂ ਸਿੱਖਿਆ ਪ੍ਰਾਪਤ ਕਰਨ ਨਾਲ ਹਰ ਤਰ੍ਹਾਂ ਦੇ ਵਹਿਮ ਭਰਮ ਤੋਂ ਵਿਅਕਤੀ ਮੁਕਤ ਹੋ ਜਾਂਦਾ ਹੈ। ਇਸ ਮੌਕੇ ਚੇਅਰਮੈਨ ਬਲਵੀਰ ਕੌਰ, ਹਰਵਿੰਦਰ ਕੌਰ, ਬਲਵਿੰਦਰ ਕੌਰ, ਕੁਮਾਰੀ ਗੁਰਜੀਤ ਕੌਰ, ਕੁਮਾਰੀ ਅਨਮੋਲ, ਵਿਪਨ ਕੁਮਾਰ ਆਦਿ ਨੇ ਵੀ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਅਮਰ ਕਟਾਰੀਆ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਵਿਵੇਕ ਵਿਕਾਸ ਲਹਿਰ ਬੰਗਾ ਵੱਲੋਂ ਸ਼ੁਰੂ ਕੀਤੀ ਗਈ ਮੁਫਤ ਕਿਤਾਬਾਂ ਵੰਡਣ ਦੀ ਇਸ ਨਵੀਂ ਪਿਰਤ ਦੀ ਸ਼ਲਾਘਾ ਕੀਤੀ ਅਤੇ ਸਟੇਜ ਕਾਰਵਾਈ ਵੀ ਉਹਨਾਂ ਵਲੋਂ ਬਾਖੂਬੀ ਨਿਭਾਈ ਗਈ। ਸਮੂਹ ਵਿਦਿਆਰਥੀਆਂ ਅਤੇ ਆਏ ਮਹਿਮਾਨਾਂ ਨੂੰ ਪੁਸਤਕਾਂ ਦੀ ਵੰਡ ਕਰਕੇ ਸਮਾਗਮ ਸਮਾਪਤ ਕੀਤਾ ਗਿਆ।

# ਨੈਸ਼ਨਲ ਹਾਈਵੇਜ਼ ਦੇ ਬਣਨ ਸਮੇਂ ਆਉਣ ਵਾਲੀਆਂ ਸਮੱਸਿਆਵਾਂ ਨੂੰ ਲੈ ਕੇ ਦਿੱਤਾ ਮੰਗ ਪੱਤਰ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਕੀਰਤਪੁਰ ਸਾਹਿਬ ਤੋਂ ਮਹਿਤਪੁਰ ਤੱਕ ਬਣਨ ਵਾਲੇ ਨੈਸ਼ਨਲ ਹਾਈਵੇ ਦੇ ਰੋਡ ਤੇ ਆਉਣ ਵਾਲੀਆਂ ਮੁਸ਼ਕਿਲਾਂ ਸਬੰਧੀ ਇੱਕ ਮੰਗ ਪੱਤਰ ਅੱਜ ਸਥਾਨਕ ਉਪ ਮੰਡਲ ਮਜਿਸਟਰੇਟ ਨੂੰ ਦਿੱਤਾ ਗਿਆ। ਜਿਸ ਵਿੱਚ ਮੰਗ ਕੀਤੀ ਗਈ ਕਿ ਨੈਸ਼ਨਲ ਹਾਈਵੇ ਦੀ ਉਸਾਰੀ ਸਮੇਂ ਆਬਾਦੀ ਵਾਲੇ ਖੇਤਰਾਂ ਵਿੱਚ ਸਰਵਿਸ ਰੋਡ ਬਣਾਏ ਜਾਣ ਅਤੇ ਜਿੱਥੇ ਵਿਦਿਅਕ ਅਦਾਰੇ ਸਥਿਤ ਹਨ ਉਹਨਾਂ ਥਾਵਾਂ ਤੇ ਸੜਕ ਦੇ ਥੱਲੇ ਜਾਂ ਉੱਪਰੋਂ ਰਸਤੇ ਬਣਾਏ ਜਾਣ। ਮੰਗ ਪੱਤਰ ਵਿੱਚ ਇਹ ਵੀ ਮੰਗ ਕੀਤੀ ਗਈ ਕਿ ਪਿੰਡ ਢੇਰ ਦੇ ਪਾਸ ਜੋ ਬਰਸਾਤੀ ਪਾਣੀ ਦੀ ਨਿਕਾਸੀ ਲਈ ਸੜਕ ਤੇ ਦੋਵੇਂ ਪਾਸੇ ਦਸਗਰਾਈ ਪੁੱਲ ਅਤੇ ਡੱਬਰੀ ਦੇ ਪੁਲ ਤੱਕ ਨਾਲੇ ਬਣਾਏ ਜਾਣ। ਇਸ ਮੌਕੇ ਤੇ ਕਾਮਰੇਡ ਸੁਰਜੀਤ ਸਿੰਘ ਢੇਰ, ਨਰਿੰਦਰ ਸਿੰਘ ਮਾਵੀ, ਜਗਤਾਰ ਸਿੰਘ ਬਾਬਾ, ਇੰਦਰਜੀਤ ਸਿੰਘ ਫੌਜੀ, ਬਰਜਿੰਦਰ ਸਿੰਘ ਡੋਡ ,ਅਮਰਜੀਤ ਸਿੰਘ, ਡਾਕਟਰ ਰਵਿੰਦਰ ਨਾਥ ਦੀ ਅਗਵਾਈ ਹੇਠ ਉਪ ਮੰਡਲ ਮਜਿਸਟਰੇਟ ਜਸਪ੍ਰੀਤ ਸਿੰਘ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਤੇ ਜਸਪ੍ਰੀਤ ਸਿੰਘ ਨੇ ਡੈਪੂਟੇਸ਼ਨ ਵਿੱਚ ਸ਼ਾਮਿਲ ਮੈਂਬਰਾਂ ਦੀ ਗੱਲ ਨੂੰ ਨੈਸ਼ਨਲ ਹਾਈਵੇ ਦੇ ਸੰਬੰਧਿਤ ਅਫਸਰਾਂ ਨਾਲ ਇੱਕ ਮੀਟਿੰਗ ਆਪਣੇ ਦਫਤਰ ਵਿੱਚ ਕਰਵਾਉਣ ਦੇ ਹੁਕਮ ਜਾਰੀ ਕੀਤੇ। ਉਹਨਾਂ ਨੂੰ ਦੱਸਿਆ ਗਿਆ ਕਿ ਨਜ਼ਦੀਕੀ ਪਿੰਡਾਂ ਦੇ ਜੋ ਮੇਨ ਰੋਡ ਤੇ ਸਕੂਲ ਹਨ ਉਹਨਾਂ ਬੱਚਿਆਂ ਨੂੰ ਸੜਕ ਪਾਰ ਕਰਨ ਦੀ ਬਹੁਤ ਵੱਡੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ।



ਇਸ ਮੁਸ਼ਕਿਲ ਨੂੰ ਦੇਖਦੇ ਹੋਏ ਵਿਦਿਅਕ ਅਦਾਰਿਆਂ ਦੇ ਨੇੜੇ ਸੜਕ ਦੇ ਥੱਲੇ ਜਾਂ ਉੱਪਰੋਂ ਰਸਤੇ ਬਣਾਏ ਜਾਣ। ਕੀਰਤਪੁਰ ਸਾਹਿਬ ਤੋਂ ਲੈ ਕੇ ਮਹਿਤਪੁਰ ਤੱਕ ਬਣਨ ਵਾਲੇ ਇਸ ਨੈਸ਼ਨਲ ਹਾਈਵੇ ਦੇ ਦੋਵੇਂ ਪਾਸੇ ਜਿਹੜੇ ਕਸਬਿਆਂ ਵਿੱਚ ਸਰਵਿਸ ਰੋਡ ਬਣਾਏ ਜਾਣ ਤੇ ਤਾਂ ਜੋ ਸੜਕਾਂ ਦਾ ਫਾਇਦਾ ਆਮ ਲੋਕਾਂ ਨੂੰ ਹੋ ਸਕੇ।ਇਸ ਮੌਕੇ ਤੇ ਆਗੂਆਂ ਨੇ ਇਹ ਵੀ ਕਿਹਾ ਕਿ ਇਸ ਸੜਕ ਤੇ ਟਰੈਫਿਕ ਜਿਆਦਾ ਵਧਣ ਕਰਕੇ ਵਹੀਕਲਾਂ ਦੀ ਰਫਤਾਰ ਵੀ ਬਹੁਤ ਜਿਆਦਾ ਤੇਜ਼ ਹੈ ਤੇ ਇਹਨਾਂ ਦੀ ਰੋਕਥਾਮ ਲਈ ਪੁਲਿਸ ਨੂੰ ਜ਼ਰੂਰੀ ਹਦਾਇਤਾਂ ਕੀਤੀਆਂ ਜਾਣ।

# ਮੋਦੀ ਦੀ ਅਗਵਾਈ ਹੇਠ ਦੇਸ਼ ਤੇਜ਼ੀ ਨਾਲ ਵਿਕਸਤ ਰਾਸ਼ਟਰ ਬਣਨ ਵੱਲ ਵਧਿਆ : ਮੁੱਖ ਮੰਤਰੀ

ਚੰਡੀਗੜ੍ਹ, (ਕ੍ਰਿਸ਼ਨ ਗਰਗ)

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਪਹਿਲੇ ਪ੍ਰਧਾਨ ਮੰਤਰੀ ਹਨ ਜਿਨ੍ਹਾਂ ਦੀ ਅਗਵਾਈ ਹੇਠ ਦੇਸ਼ ਤੇਜ਼ੀ ਗਤੀ ਨਾਲ ਵਿਕਸਿਤ ਰਾਸ਼ਟਰ ਬਣਨ ਦੇ ਵੱਲ ਵੱਧ ਰਿਹਾ ਹੈ। ਕੇਂਦਰ ਸਰਕਾਰ ਨੇ ਦੇਸ਼ ਵਿਚ ਹਰ ਵਰਗ ਲਈ ਨੀਤੀਆਂ ਬਣਾਉਣ ਦੇ ਨਾਲ-ਨਾਲ ਸਭਿਆਚਾਰ ਅਤੇ ਸੰਸਕਾਰਾਂ ਨੂੰ ਸੁਰੱਖਿਅਤ ਕਰਨ ਸਮੇਤ ਹਰ ਖੇਤਰ ਨੂੰ ਮਜ਼ਬੂਤ ਕਰਨ ਦਾ ਕੰਮ ਕੀਤਾ ਹੈ। ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਭਾਰਤ ਦੁਨੀਆ ਵਿੱਚ ਇੱਕ ਵਿਸ਼ਵ ਸ਼ਕਤੀ ਸਪੋਟਸ ਵਜੋਂ ਉਭਰਿਆ ਹੈ। ਦੇਸ਼ ਦੀ ਅਰਥਵਿਵਸਥਾ 11ਵੇਂ ਸਥਾਨ ਤੋਂ ਚੌਥੇ ਸਥਾਨ 'ਤੇ ਪਹੁੰਚ ਗਈ ਹੈ ਅਤੇ ਪਿਛਲੇ 11 ਸਾਲਾਂ ਦੇ ਕਾਰਜਕਾਰਲ ਵਿੱਚ ਲੋਕਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸਹੂਲਤਾਂ ਮਿਲੀਆਂ ਹਨ।ਮੁੱਖ ਮੰਤਰੀ ਬੁੱਧਵਾਰ ਨੂੰ ਜ਼ਿਲ੍ਹਾ ਕੁਰੂਕਸ਼ੇਤਰ ਦੇ ਪਿਹੋਵਾ ਦੇ ਪਿੰਡ ਅਰੁਣਾਏ ਵਿੱਚ ਸ਼੍ਰੀਸੰਗਮੇਸ਼ਵਰ ਮਹਾਦੇਵ ਮੰਦਿਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਤੋਂ ਪਹਿਲਾਂ, ਮੁੱਖ ਮੰਤਰੀ ਨੇ ਸ਼੍ਰੀਸੰਗਮੇਸ਼ਵਰ ਮਹਾਦੇਵ ਮੰਦਿਰ ਵਿੱਚ ਮੰਤਰ ਉਚਾਰਣ ਦੇ ਵਿੱਚ ਜਲਾਭਿਸ਼ੇਕ ਕੀਤਾ ਅਤੇ ਸੂਬਾਵਾਸੀਆਂ ਦੇ ਚੰਗੇ ਸਿਹਤ ਅਤੇ ਸੁਖ ਦੀ ਤਰੱਕੀ ਨੂੰ ਲੈ ਕੇ ਪੂਜਾ ਅਰਚਨਾ ਕੀਤੀ। ਇਸ ਦੇ ਬਾਅਦ ਉਨ੍ਹਾਂ ਨੇ ਮੰਦਿਰ ਦਾ ਅਵਲੋਕਨ ਕੀਤਾ। ਇਸ ਦੌਰਾਨ ਮੁੱਖ ਮੰਤਰੀ ਨੇ ਮੰਦਿਰ ਪਰਿਸਰ ਵਿੱਚ ਪੌਦਾ ਵੀ ਲਗਾਇਆ।ਆਪ੍ਰੇਸ਼ਨ ਸਿੰਦੂਰ ਤੇ ਆਪ੍ਰੇਸ਼ਨ ਮਹਾਦੇਵ 'ਤੇ ਪੁੱਛੇ ਗਏ ਸੁਆਲ ਦਾ ਜਵਾਬ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀਆਂ ਨੇ ਵਾਕਆਊਟ ਲੁੱਟਣ ਲਈ ਸੰਸਦ ਨੂੰ ਰੋਕਣ ਤੇ ਰੁਕਾਵਟ ਪੈਦਾ ਕਰਨ ਦਾ ਯਤਨ ਕੀਤਾ, ਪਰ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਸੈਸ਼ਨ ਦੌਰਾਨ ਸੱਚ ਨੂੰ ਦੇਸ਼ ਦੇ ਸਾਹਮਣੇ ਰੱਖਿਆ ਅਤੇ ਜਿਨ੍ਹਾਂ ਅੱਤਵਾਦੀਆਂ ਨੇ ਨਿਰਦੋਸ਼ ਲੋਕਾਂ ਨੂੰ ਗੋਲੀਆਂ ਦਾ ਸ਼ਿਕਾਰ ਬਣਾਇਆ, ਉਨ੍ਹਾਂ ਅੱਤਵਾਦੀਆਂ ਨੂੰ ਮਿੱਟੀ ਵਿੱਚ ਮਿਲਾਉਣ ਦਾ ਕੰਮ ਕੀਤਾ ਹੈ।ਇਸ ਮੌਕੇ 'ਤੇ ਸਾਬਕਾ ਮੰਤਰੀ ਸੁਭਾਸ਼ ਸੁਧਾ, ਸ੍ਰੀਮਤੀ ਕਮਲੇਸ਼ ਢਾਂਡਾ, ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਕਵਲਜੀਤ ਕੌਰ ਸਮੇਤ ਹੋਰ ਮਾਣਯੋਗ ਵਿਅਕਤੀ ਮੌਜੂਦ ਰਹੇ।

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਮਾਨ, ਕੇਜਰੀਵਾਲ ਤੇ ਚੀਮਾ ਦੇ ਪੁਤਲੇ ਫੂਕੇ

ਜਲੰਧਰ, (ਕੇਸਰ)—ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਲੈਂਡ ਪੂਲਿੰਗ ਸਕੀਮ ਖਿਲਾਫ ਕਿਰਤੀ ਕਿਸਾਨ ਯੂਨੀਅਨ,ਭਾਰਤੀ ਕਿਸਾਨ ਯੂਨੀਅਨ(ਰਾਜੇਵਾਲ), ਬੀਕੇਯੂ (ਲੱਖੋਵਾਲ), ਦੁਆਬਾ ਕਿਸਾਨ ਸੰਘਰਸ਼ ਕਮੇਟੀ, ਬੀਕੇਯੂ ਦੁਆਬਾ, ਬੀਕੇਯੂ ਕਾਦੀਆਂ, ਬੀਕੇਯੂ ਪੰਜਾਬ ਵਲੋਂ ਡੀਸੀ ਦਫਤਰ ਅੱਗੇ ਮੁਜਾਹਰਾ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ, ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਵਿੱਤ ਮੰਤਰੀ ਹਰਪਾਲ ਚੀਮਾ ਦੇ ਪੁਤਲੇ ਸਾੜ ਕੇ ਜ਼ੋਰਦਾਰ ਨਾਅਰੇਬਾਜੀ ਕੀਤੀ ਗਈ। ਇਸ ਤੋਂ ਪਹਿਲਾਂ ਇਹਨਾਂ ਜਥੇਬੰਦੀਆਂ ਦੀ ਅਗਵਾਈ ਹੇਠ ਕਿਸਾਨ ਮਜਦੂਰ ਪਿੰਡ ਕੁੱਕੜ ਪਿੰਡ ਵਿਖੇ ਟਰੈਕਟਰ ਅਤੇ ਹੋਰ ਮੋਟਰਗੱਡੀਆਂ ਲੈ ਕੇ ਇਕੱਠੇ ਹੋਏ, ਜਿੱਥੋਂ ਟਰੈਕਟਰ ਮਾਰਚ ਸ਼ੁਰੂ ਕੀਤਾ ਗਿਆ,ਜੋ ਨੰਗਲ ਕਰਾਰ ਖਾਂ,ਖਜੂਰਲਾ,ਕੇ ਐੱਫ ਸੀ,ਰਾਮਾਂਮੰਡੀ,ਬੀ ਐੱਸ ਐੱਫ ਚੌਂਕ, ਲਾਡੋਵਾਲੀ ਤੋਂ ਹੁੰਦਾ ਹੋਇਆ ਪੁੱਡਾ ਗਰਾਊਂਡ ਡੀਸੀ ਦਫਤਰ ਅੱਗੇ ਸਮਾਪਤ ਹੋਇਆ। ਇਸ ਮਾਰਚ ਵਿੱਚ ਸੈਂਕੜੇ ਟਰੈਕਟਰ ਅਤੇ ਹੋਰ ਮੋਟਰ ਗੱਡੀਆਂ ਦੇ ਕਾਫਲੇ ਸਮੇਤ ਵੱਡੀ ਗਿਣਤੀ ਕਿਸਾਨ ਮਰਦਾਂ ਅਤੇ ਔਰਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਕਿਹਾ ਕਿ ਕਿਸੇ ਵੀ ਕਿਸਾਨ ਦੀ ਲੈਂਡ ਪੂਲਿੰਗ ਸਕੀਮ ਤਹਿਤ ਇੱਕ ਇੰਚ ਜਮੀਨ ਖੋਹਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਟਰੈਕਟਰ ਮਾਰਚ ਨੇ ਹਕੂਮਤ ਦੀਆਂ ਚੂਲਾਂ ਹਿਲਾ ਦਿੱਤੀਆਂ ਹਨ। ਜੇਕਰ ਇਹ ਲੋਕ ਮਾਰੂ ਸਕੀਮ ਸਰਕਾਰ ਨੇ ਵਾਪਸ ਨਾ ਲਈ ਤਾਂ ਅਗਲੇ ਦਿਨਾਂ ਵਿੱਚ ਪੰਜਾਬ ਅੰਦਰ ਵੀ ਦਿੱਲੀ ਵਰਗੇ ਕਿਸਾਨ ਅੰਦੋਲਨ ਦੇ ਦਰਸ਼ਨ ਹੋਣਗੇ ਅਤੇ ਸਰਕਾਰ ਨੂੰ ਲੋਕ ਰੋਹ ਦਾ ਸਾਹਮਣਾ ਕਰਨਾ ਪਵੇਗਾ। ਇਸ ਮੌਕੇ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਤੇ ਬੀਕੇਯੂ ਰਾਜੇਵਾਲ ਦੇ ਮੁਕੇਸ਼ ਚੰਦਰ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਸੰਤੋਖ ਸਿੰਘ ਸੰਧੂ, ਦੁਆਬਾ ਕਿਸਾਨ ਸੰਘਰਸ਼ ਕਮੇਟੀ ਦੇ ਬਲਵਿੰਦਰ ਸਿੰਘ ਮੱਲੀਨੰਗਲ, ਬੀਕੇਯੂ ਦੁਆਬਾ ਸੁਖਬੀਰ ਸਿੰਘ ਕੁੱਕੜ ਪਿੰਡ, ਬੀਕੇਯੂ ਕਾਦੀਆਂ ਦੇ ਅਮਰਜੀਤ ਚੌਲਾਂਗ, ਬੀਕੇਯੂ ਪੰਜਾਬ ਦੇ ਅਮਰਜੀਤ ਸਿੰਘ ਸ਼ੇਰਗਿੱਲ, ਬੀਕੇਯੂ ਲੱਖੋਵਾਲ ਦੇ ਬਲਵਿੰਦਰ ਸਿੰਘ ਬਾਬਾ ਤੋਂ ਇਲਾਵਾ ਪੇਂਡੂ ਮਜਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਕਿਰਤੀ ਕਿਸਾਨ ਯੂਨੀਅਨ ਦੇ ਗੁਰਨਾਮ ਸਿੰਘ ਤੱਗੜ, ਬੀਕੇਯੂ ਰਾਜੇਵਾਲ ਦੇ ਮਨਦੀਪ ਸਿੰਘ ਸਮਰਾ, ਕਿਸਾਨ ਆਗੂ ਤਰਸੇਮ ਸਿੰਘ ਢਿੱਲੋਂ, ਲਖਵੀਰ ਸਿੰਘ ਕੋਟ ਕਲਾਂ, ਅਮਰਦੀਪ ਸਿੰਘ ਨੰਗਲ ਕਰਾਰ ਖਾਂ, ਗੁਰਦੀਪ ਸਿੰਘ ਭੋਗਪੁਰ ਅਤੇ ਮਹਿੰਦਰ ਸਿੰਘ ਤੱਗੜ ਆਦਿ ਨੇ ਸੰਬੋਧਨ ਕੀਤਾ।

# ਡਾਕ ਵਿਭਾਗ ਦੀਆਂ ਸੇਵਾਵਾਂ 2 ਨੂੰ ਰਹਿਣਗੀਆਂ ਬੰਦ

ਫਗਵਾੜਾ, (ਡਾ. ਰਮਨ)- ਡਾਕ ਵਿਭਾਗ ਵਲੋਂ ਨੈਕਸਟ ਜਨਰੇਸ਼ਨ ਏ.ਟੀ.ਪੀ ਐਪਲੀਕੇਸ਼ਨ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ, ਜਿਸ ਤਹਿਤ ਇਸ ਡਿਜੀਟਲ ਪਲੇਟਫਾਰਮ ਵੱਲ ਸੁਚੱਜੀ ਅਤੇ ਸੁਰੱਖਿਅਤ ਤਬਦੀਲੀ ਲਈ 02 ਅਗਸਤ 2025 ਨੂੰ ਡਾਕ ਵਿਭਾਗ ਵਲੋਂ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਨਹੀਂ ਕੀਤਾ ਜਾਵੇਗਾ। ਇਹ ਅਸਥਾਈ ਰੂਪ ਵਿੱਚ ਸੇਵਾਵਾਂ ਨੂੰ ਰੋਕਣ ਦੀ ਕਾਰਵਾਈ ਡਾਟਾ ਮਾਈਗ੍ਰੇਸ਼ਨ, ਸਿਸਟਮ ਵੈਰੀਫਿਕੇਸ਼ਨ ਅਤੇ ਕਨਫਿਗਰੇਸ਼ਨ ਪ੍ਰਕਿਰਿਆਵਾਂ ਨੂੰ ਪੂਰਾ ਕਰਨ ਲਈ ਜ਼ਰੂਰੀ ਹੈ, ਤਾਂ ਜੋ ਨਵਾਂ ਸਿਸਟਮ ਸਫਲਤਾਪੂਰਵਕ ਅਤੇ ਸੁਚੱਜੀ ਤਰ੍ਹਾਂ ਲਾਗੂ ਕੀਤਾ ਜਾ ਸਕੇ। ਇਹ ਨਵਾਂ ਸਿਸਟਮ ਕਪੂਰਥਲਾ ਡਿਵੀਜ਼ਨ ਦੇ ਸਾਰੇ ਡਾਕ ਘਰਾਂ ਵਿੱਚ 4 ਅਗਸਤ 2025 ਨੂੰ ਲਾਗੂ ਕੀਤਾ ਜਾਵੇਗਾ।

# ਮੇਹਰਚੰਦ ਪੋਲੀਟੈਕਨਿਕ ਕਾਲਜ ਦੇ ਫਾਰਮੇਸੀ ਵਿਭਾਗ ਵੱਲੋਂ ਵਰਕਸ਼ਾਪ

ਜਲੰਧਰ (ਸ਼ੈਲੀ ਅਲਬਰਟ)- ਮੇਹਰਚੰਦ ਪੋਲੀਟੈਕਨਿਕ ਕਾਲਜ ਦੇ ਫਾਰਮੇਸੀ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਰਹਿਨੁਮਾਈ ਅਤੇ ਵਿਭਾਗ ਮੁਖੀ ਡਾ. ਸੰਜੇ ਬਾਂਸਲ ਦੇ ਮਾਰਗਦਰਸ਼ਨ ਹੇਠ ਬੇਸਿਕ ਲਾਈਫ ਸਪੋਰਟ (ਬੀ ਐਲ ਐਸ) ਵਰਕਸ਼ਾਪ ਦਾ ਆਯੋਜਨ ਕੀਤਾ



ਗਿਆ। ਇਸ ਵਰਕਸ਼ਾਪ ਵਿੱਚ ਪਿਮਸ ਹਸਪਤਾਲ, ਜਲੰਧਰ ਤੋਂ ਪ੍ਰੋ. ਡਾ. ਅਨੁਰਾਧਾ ਬਾਂਸਲ (ਪ੍ਰੋ. ਪੀਡੀਐਟ੍ਰਿਕਸ), ਬ੍ਰਿਜੇਸ਼ ਪਾਲ ਸਿੰਘ ਅਤੇ ਲਕਸ਼ਮਣ ਗੁਲਾਟੀ ਨੇ ਹਿੱਸਾ ਲਿਆ।ਵਰਕਸ਼ਾਪ ਦੀ ਸ਼ੁਰੂਆਤ ਵਿੱਚ ਡਾ. ਸੰਜੇ ਬਾਂਸਲ ਨੇ ਸਾਰੇ ਮਹਿਮਾਨਾਂ ਦਾ ਸੁਆਗਤ ਕੀਤਾ। ਮੀਨਾ ਬਾਂਸਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਰਡਿਅਕ ਅਰੇਸਟ ਕਾਰਨ ਹੋਣ ਵਾਲੀਆਂ ਬਹੁਤ ਸਾਰੀਆਂ ਮੌਤਾਂ ਤੋਂ ਬਚਿਆ ਜਾ ਸਕਦਾ ਹੈ, ਜੇਕਰ ਸਮੇਂ ਕਾਰਡੀਓ ਪਲਮੋਨੇਰੀ ਰੀਸਸੀਟੇਸ਼ਨ ਦਿੱਤੀ ਜਾਵੇ। ਹਾਰਟ ਅਟੈਕ ਦੌਰਾਨ ਹਰ ਮਿੰਟ ਦੇਰ ਹੋਣ 'ਤੇ ਬਚਣ ਦੀ ਸੰਭਾਵਨਾ 17% ਘਟ ਜਾਂਦੀ ਹੈ।ਡਾ. ਅਨੁਰਾਧਾ ਬਾਂਸਲ ਨੇ ਵੀਡੀਓਜ਼ ਅਤੇ ਪ੍ਰਜ਼ੈਂਟੇਸ਼ਨ ਰਾਹੀਂ ਸੀ ਪੀ ਆਰ ਦੀ ਵਿਧੀ ਸਮਝਾਈ ਅਤੇ ਵਿਦਿਆਰਥੀਆਂ ਨੇ ਡੰਮੀ 'ਤੇ ਇਸ ਦਾ ਅਭਿਆਸ ਵੀ ਕੀਤਾ। ਮੀਨਾ ਬਾਂਸਲ ਨੇ ਮੰਚ ਦਾ ਸੰਚਾਲਨ ਕੀਤਾ। ਅੰਤ ਵਿੱਚ ਡਾ. ਸੰਜੇ ਬਾਂਸਲ ਨੇ ਸਾਰੇ ਮਹਿਮਾਨਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।ਇਸ ਮੌਕੇ ਡਾ. ਅਨੁਰਾਧਾ ਬਾਂਸਲ, ਮੀਨਾ ਬਾਂਸਲ, ਡਾ. ਸਵਿਤਾ ਕੁਮਾਰੀ, ਬ੍ਰਿਜੇਸ਼ ਪਾਲ, ਲਕਸ਼ਮਣ ਗੁਲਾਟੀ, ਮਲਕੀਅਤ ਸਿੰਘ ਅਤੇ ਲਗਭਗ 40 ਵਿਦਿਆਰਥੀ ਮੌਜੂਦ ਸਨ।

# ਪੰਜਾਬੀ ਸਾਹਿਤ ਸਭਾ ਵਲੋਂ 'ਸਾਉਣ ਕਵੀ ਦਰਬਾਰ' ਦਾ ਆਯੋਜਨ



ਡੇਰਾਬੱਸੀ (ਵਿਨੈ ਕੁਮਾਰ ਜੈਨ)

ਪੰਜਾਬੀ ਸਾਹਿਤ ਸਭਾ ਡੇਰਾਬੱਸੀ ਵੱਲੋਂ ਸ਼ਹੀਦ ਜੱਥੇਦਾਰ ਬਖਤਾਵਰ ਸਿੰਘ ਲਾਇਬ੍ਰੇਰੀ ਭੰਖਰਪੁਰ ਵਿਖੇ ਜੁਲਾਈ ਮਹੀਨੇ ਦੀ ਮਾਸਿਕ ਇਕੱਤਰਤਾ ਕੀਤੀ ਗਈ ਅਤੇ ਇਸ ਮੌਕੇ 'ਸਾਉਣ ਕਵੀ ਦਰਬਾਰ' ਦਾ ਆਯੋਜਨ ਵੀ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਕਵੀਆਂ ਵੱਲੋਂ ਪੰਜਾਬੀ ਸੱਭਿਆਚਾਰ ਵਿੱਚ ਵਿਸ਼ੇਸ਼ ਥਾਂ ਰੱਖਦੇ ਸਾਉਣ ਮਹੀਨੇ ਨਾਲ ਸੰਬੰਧਤ ਕਵਿਤਾਵਾਂ ਦਾ ਪਾਠ ਕੀਤਾ ਗਿਆ। ਕਵੀ ਦਰਬਾਰ ਦੀ ਸ਼ੁਰੂਆਤ ਕਰਦੇ ਹੋਏ ਕਰਦੇ ਹੋਏ ਸਭਾ ਦੇ ਪ੍ਰਧਾਨ ਜ਼ੈਲਦਾਰ ਸਿੰਘ ਹੱਸਮੁੱਖ ਨੇ ਆਪਣੇ ਨਵੇਂ ਗੀਤ 'ਸਾਵਣ ਲੰਘਦਾ ਸੀ, ਖਾ ਪੀ ਮੌਜ ਮਨਾ ਕੇ' ਨਾਲ ਕਵੀ ਦਰਬਾਰ ਦੀ ਸ਼ੁਰੂਆਤ ਕੀਤੀ। ਗਿਆਨੀ ਧਰਮ ਸਿੰਘ ਭੰਖਰਪੁਰ ਨੇ ਪੁਰਾਣੇ ਸਮਿਆਂ ਵਿਚਲੇ ਸਾਉਣ ਮਹੀਨੇ ਦੀ ਤੁਲਨਾ ਅੱਜ ਦੇ ਸਾਉਣ ਮਹੀਨੇ ਨਾਲ ਕਰਦੀ ਹੋਈ ਆਪਣੀ ਕਵਿਤਾ 'ਹੁਣ ਕਾਹਦਾ ਸਾਉਣ, ਉਦੋਂ ਸਾਉਣ ਹੁੰਦਾ ਸੀ' ਦਾ ਪਾਠ ਕੀਤਾ। ਲੈਕਚਰਾਰ ਜੈ ਪਾਲ ਨੇ ਭਵਾਨੀ ਪ੍ਰਸਾਦ ਮਿਸ਼ਰ ਦੀ ਹਿੰਦੀ ਕਵਿਤਾ 'ਚਾਰ ਕਊਏ ਚਾਰ ਹਊਏ' ਦਾ ਪੰਜਾਬੀ ਅਨੁਵਾਦ ਸੁਣਾਉਂਦੇ ਹੋਏ ਮੌਜੂਦਾ ਸਮੇਂ ਵਿੱਚ ਹੋ ਰਹੀ ਰਾਜਨੀਤੀ ਤੇ ਤੰਜ ਕਸਿਆ। ਐਡਵੋਕੇਟ ਕੰਵਲਜੀਤ ਸਿੰਘ ਨੇ ਆਪਣੀ ਕਵਿਤਾ 'ਨਜ਼ਾਰੇ ਸੁੱਖ ਦੇ' ਨਾਲ ਬੰਦੇ ਨੂੰ ਨੇਕੀ ਕਰਨ ਦਾ ਸਬਕ ਦਿੰਦੀ ਕਵਿਤਾ ਪੇਸ਼ ਕੀਤੀ। ਨੌਜਵਾਨ ਕਵੀਸ਼ਰ ਗੁਰਦਿੱਤ ਸਿੰਘ ਨੇ ਧਾਰਮਿਕ ਗੀਤ 'ਬੰਦਗੀ' ਸੁਣਾ ਕੇ ਮਾਹੌਲ ਹੋਰ ਖ਼ੁਸ਼ਗਵਾਰ ਬਣਾ ਦਿੱਤਾ। ਉੱਭਰਦੇ ਸ਼ਾਇਰ ਜਸ਼ਨਪ੍ਰੀਤ ਸਿੰਘ ਨੇ ਆਪਣੇ ਸ਼ੇਅਰ ਪੇਸ਼ ਕੀਤੇ। ਸਾਉਣ ਮਹੀਨਾ ਸਾਰਿਆਂ ਲਈ ਹੀ ਸੁਹਾਵਣਾ ਨਹੀਂ ਹੁੰਦਾ, ਕੁਝ ਲੋਕਾਂ ਲਈ ਇਹ ਮੁਸੀਬਤਾਂ ਦਾ ਮਹੀਨਾ ਵੀ ਹੁੰਦਾ ਹੈ, ਇਸੇ ਵਿਚਾਰ ਤੇ ਕੇਂਦਰਿਤ ਹਿੰਦੀ ਕਵਿਤਾ 'ਵਰਖਾ ਦਾ ਅਰਥ' ਦਾ ਪੰਜਾਬੀ ਅਨੁਵਾਦ ਸਭਾ ਦੇ ਜਨਰਲ ਸਕੱਤਰ ਗੁਰਜਿੰਦਰ ਸਿੰਘ ਬੜਾਨਾ ਨੇ ਪੇਸ਼ ਕੀਤਾ। ਇਸ ਮੌਕੇ ਭਾਈ ਸਪਿੰਦਰ ਸਿੰਘ, ਐਡਵੋਕੇਟ ਅਨਮੋਲ ਸਿੰਘ, ਗੁਰਮੀਤ ਸਿੰਘ, ਗੁਰਚਰਨ ਸਿੰਘ ਅਤੇ ਹੋਰ ਸਾਹਿਤ ਪ੍ਰੇਮੀਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# 5 ਤੋਂ 12 ਅਗਸਤ ਤੱਕ ਵਿੱਤ ਮੰਤਰੀ ਤੇ ਮੁੱਖ ਮੰਤਰੀ ਦੇ ਪੁਤਲੇ ਸਾੜੇ ਜਾਣਗੇ : ਸਾਂਝਾ ਫਰੰਟ

ਜਲੰਧਰ (ਰਾਜੇਸ਼ ਥਾਪਾ, ਬਲਵੀਰ ਸਿੰਘ ਸੈਣੀ)- ਪੰਜਾਬ ਸਰਕਾਰ ਦੁਆਰਾ ਪਹਿਲਾਂ ਵਾਂਗ ਹੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਨਾਲ 29 ਜੁਲਾਈ ਨੂੰ ਹੋਣ ਵਾਲੀ ਮੀਟਿੰਗ ਅੱਗੇ ਪਾਉਣ ਕਰਕੇ ਸਾਂਝਾ ਫਰੰਟ ਦੇ ਆਗੂਆਂ ਨੇ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ। ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਆਨਲਾਈਨ ਮੀਟਿੰਗ ਸੁਰਿੰਦਰ ਰਾਮ ਕੁੱਸਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਮੂਹ ਕਨਵੀਨਰਾਂ, ਕੋ-ਕਨਵੀਨਰਾਂ ਅਤੇ ਮੈਂਬਰਾਂ ਨੇ ਪੰਜਾਬ ਸਰਕਾਰ ਦੁਆਰਾ ਮੁਲਾਜ਼ਮਾਂ ਪੈਨਸ਼ਨਰਾਂ ਦੀਆਂ ਲੰਮੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਬਾਰੇ ਵਾਰ ਵਾਰ ਮੀਟਿੰਗਾਂ ਤੋਂ ਭੱਜਣ ਅਤੇ ਸਾਜਸ਼ੀ ਚੁੱਪ ਨੂੰ ਮੁਲਾਜ਼ਮਾਂ ਪੈਨਸ਼ਨਰਾਂ ਨਾਲ ਧੋਖਾ ਕਰਾਰ ਦਿੱਤਾ। ਸਾਂਝਾ ਫਰੰਟ ਦੇ ਆਗੂਆਂ ਸ਼ਤੀਸ਼ ਰਾਣਾ, ਰਣਜੀਤ ਸਿੰਘ ਰਾਣਵਾਂ, ਸੁਖਦੇਵ ਸਿੰਘ ਸੈਣੀ, ਗਗਨ ਦੀਪ ਸਿੰਘ, ਗੁਰਪ੍ਰੀਤ ਸਿੰਘ ਗੰਡੀਵਿੰਡ, ਕਰਮ ਸਿੰਘ ਧਨੋਆ, ਬਾਜ ਸਿੰਘ ਖਹਿਰਾ, ਧਨਵੰਤ ਸਿੰਘ ਭੱਠਲ, ਜਰਮਨਜੀਤ ਸਿੰਘ, ਰਤਨ ਸਿੰਘ ਮਜਾਰੀ, ਬੀ.ਐਸ.ਸੈਣੀ, ਪ੍ਰੇਮ ਚਾਵਲਾ, ਰਾਧੇ ਸ਼ਾਮ, ਜਸਬੀਰ ਸਿੰਘ ਤਲਵਾੜਾ, ਬੋਬਿੰਦਰ ਸਿੰਘ, ਦਿਗਵਿਜੈ ਪਾਲ ਸ਼ਰਮਾ, ਸੁਰਿੰਦਰ ਕੁਮਾਰ ਪੁਆਰੀ, ਕਰਮਜੀਤ ਸਿੰਘ ਬੀਹਲਾ ਸਮੇਤ ਮੀਟਿੰਗ



ਵਿੱਚ ਸ਼ਾਮਲ ਆਗੂਆਂ ਨੇ ਦੱਸਿਆ ਕਿ 29 ਜੁਲਾਈ ਦੀ ਮੀਟਿੰਗ ਤੋਂ ਸਮੁੱਚੇ ਪੰਜਾਬ ਦੇ ਸੱਤ ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਭਾਰੀ ਆਸਾਂ ਸਨ ਪਰ ਮੁਲਾਜ਼ਮਾਂ ਪੈਨਸ਼ਨਰਾਂ ਵਿੱਚ ਸਰਕਾਰ ਵਲੋਂ 20 ਅਗਸਤ ਦੀ ਮੀਟਿੰਗ ਅੱਗੇ ਪਾਉਣ ਕਰਕੇ ਗੁੱਸਾ ਅਤੇ ਰੋਹ ਪਣਪਣਾ ਕੁਦਰਤੀ ਹੈ। ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਨੇ ਇਸ ਆਨਲਾਈਨ ਮੀਟਿੰਗ ਵਿੱਚ ਪੰਜਾਬ ਸਰਕਾਰ ਖ਼ਿਲਾਫ਼ ਸੰਘਰਸ਼ ਦਾ ਐਲਾਨ ਕਰਦਿਆਂ ਸਾਰੇ ਪੰਜਾਬ ਦੇ ਜ਼ਿਲ੍ਹਾ ਹੈੱਡ ਕੁਆਰਟਰਾਂ ਤੇ ਪਹਿਲੀ ਅਗੱਸਤ ਨੂੰ ਸਾਂਝਾ ਫਰੰਟ ਵਿੱਚ ਸ਼ਾਮਲ ਸਾਰੀਆਂ ਜਥੇਬੰਦੀਆਂ ਦੀ ਜਿਲਾ ਪੱਧਰੀ ਮੀਟਿੰਗ 2.30 ਵਜੇ ਕਰਨ ਦਾ ਫੈਸਲਾ ਕੀਤਾ ਹੈ, ਜਿਸ ਵਿੱਚ ਪੰਜਾਬ ਸਰਕਾਰ ਦੇ ਟਰਕਾਊ ਰਵੱਈਏ ਖ਼ਿਲਾਫ਼ 5 ਅਗਸਤ ਤੋਂ 12 ਅਗਸਤ ਤੱਕ ਲਗਾਤਾਰ ਮੁੱਖ ਮੰਤਰੀ ਪੰਜਾਬ ਅਤੇ ਵਿੱਤ ਮੰਤਰੀ ਦੇ ਪੁਤਲੇ ਬਲਾਕ,ਤਹਿਸੀਲ ਅਤੇ ਜਿਲ੍ਹਾ ਪੱਧਰਾਂ 'ਤੇ ਸਾੜ ਕੇ ਆਪਣੇ ਗੁੱਸੇ ਅਤੇ ਰੋਹ ਦਾ ਪ੍ਰਗਟਾਵਾ ਕੀਤਾ ਜਾਵੇਗਾ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਜੇਕਰ ਪੰਜਾਬ ਸਰਕਾਰ ਨੇ 20 ਅਗਸਤ ਤੱਕ ਉਪਰੋਕਤ ਮੰਗਾਂ ਬਾਰੇ ਕੋਈ ਫੈਸਲਾ ਨਾ ਕੀਤਾ ਤਾਂ ਸਾਂਝਾ ਫਰੰਟ ਦੀ ਸੂਬਾ ਪੱਧਰੀ ਮੀਟਿੰਗ ਲੁਧਿਆਣਾ ਦੇ ਈਸੜੂ ਭਵਨ ਵਿਖੇ 23 ਅਗਸਤ ਨੂੰ 11 ਵਜੇ ਕਰਕੇ ਸਰਕਾਰ ਵਿਰੁੱਧ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ ਅਤੇ ਇਸ ਸੰਘਰਸ਼ ਵਿੱਚ ਸਾਂਝਾ ਫਰੰਟ ਤੋਂ ਬਾਹਰ ਰਹਿ ਗਈਆਂ ਮੁਲਾਜ਼ਮ ਪੈਨਸ਼ਨਰ ਜਥੇਬੰਦੀਆਂ ਨੂੰ ਸ਼ਾਮਲ ਕਰਕੇ ਸੰਘਰਸ਼ ਨੂੰ ਹੋਰ ਬਲ ਬਖਸ਼ਿਆ ਜਾਵੇਗਾ।

# ਮਿੱਡ-ਡੇ -ਮੀਲ ਵਰਕਰਾਂ ਦੇ ਖਾਤੇ ਜਬਰੀ ਕੈਨਰਾ ਬੈਂਕ 'ਚ ਖੁਲ੍ਹਵਾਉਣ ਦੀ ਜ਼ੋਰਦਾਰ ਨਿਖੇਧੀ

ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਪੰਜਾਬ ਸਰਕਾਰ ਅਤੇ ਮਿੱਡ-ਡੇ-ਮੀਲ ਸੁਸਾਇਟੀ ਪੰਜਾਬ ਵੱਲੋਂ ਮਿੱਡ-ਡੇ-ਮੀਲ ਵਰਕਰਾਂ ਦੇ ਮਾਣ ਭੱਤੇ ਦੀ ਅਦਾਇਗੀ ਕਰਨ ਲਈ ਨਵੇਂ ਖਾਤੇ ਕੈਨਰਾ ਬੈਂਕ ਵਿੱਚ ਜਬਰਦਸਤੀ ਖੁੱਲ੍ਹਵਾਉਣ ਦੇ ਜਾਰੀ ਹੁਕਮਾਂ ਦੀ ਜ਼ੋਰਦਾਰ ਨਿਖੇਧੀ ਕਰਦੇ ਹੋਏ ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਰੋਪੜ ਦੇ ਆਗੂਆਂ ਕਮਲੇਸ਼ ਕੌਰ ਪ੍ਰਧਾਨ, ਹਰਮੇਸ਼ ਕੌਰ ਜਨਰਲ ਸਕੱਤਰ, ਮਹਿੰਦਰ ਕੌਰ,



ਸੋਮਨਾਥ ਬੰਦਲਹਿੜੀ, ਸਤਵਿੰਦਰ ਕੌਰ ਠਾਣਾ ਪੰਜਾਬ ਸਰਕਾਰ ਅਤੇ ਮਿੱਡ-ਡੇ-ਮੀਲ ਸੁਸਾਇਟੀ ਪੰਜਾਬ ਦੇ ਸੂਬਾਈ ਮੈਨੇਜਰ ਤੋਂ ਜ਼ੋਰਦਾਰ ਮੰਗ ਕੀਤੀ ਕਿ ਮਿੱਡ-ਡੇ-ਮੀਲ ਵਰਕਰਾਂ ਦੇ ਪਿਛਲੇ ਲੰਬੇ ਸਮੇਂ ਤੋਂ ਜਿਹਨਾਂ ਬੈਂਕਾਂ ਵਿੱਚ ਖਾਤੇ ਚੱਲ ਰਹੇ ਹਨ, ਉਹਨਾਂ ਨੂੰ ਹੀ ਭਵਿੱਖ ਵਿੱਚ ਵੀ ਚੱਲਦਾ ਰੱਖਿਆ ਜਾਵੇ ਅਤੇ ਉਹਨਾਂ ਖਾਤਿਆਂ ਵਿੱਚ ਹੀ ਮਿੱਡ-ਡੇ-ਮੀਲ ਵਰਕਰਾਂ ਦਾ ਮਾਣ ਭੱਤਾ ਭੇਜਿਆ ਜਾਵੇ। ਆਗੂਆਂ ਨੇ ਕਿਹਾ ਕਿ ਪਹਿਲਾਂ ਚਲਦੇ ਖਾਤਿਆਂ ਵਾਲੀਆਂ ਬੈਂਕਾਂ ਦੀਆਂ ਸ਼ਾਖਾਵਾਂ ਜਿਆਦਾ ਹੋਣ ਕਾਰਨ ਮਾਣ ਭੱਤਾ ਪ੍ਰਾਪਤ ਕਰਨ ਲਈ ਮਿੱਡ-ਡੇ-ਮੀਲ ਵਰਕਰਾਂ ਨੂੰ ਕੋਈ ਵੀ ਪ੍ਰੇਸ਼ਾਨੀ ਨਹੀਂ ਹੁੰਦੀ ਅਤੇ ਆਸਾਨੀ ਨਾਲ ਬੈਂਕ ਤੱਕ ਪਹੁੰਚ ਹੋ ਜਾਂਦੀ ਹੈ। ਆਗੂਆਂ ਨੇ ਇਹ ਵੀ ਕਿਹਾ ਕਿ ਕੈਨਰਾ ਬੈਂਕ ਦੀਆਂ ਸ਼ਾਖਾਵਾਂ ਬਹੁਤ ਹੀ ਘੱਟ ਹਨ, ਅਤੇ ਜਿਆਦਾ ਦੂਰ-ਦੂਰ ਹਨ,ਜਿਸ ਕਾਰਨ ਵਰਕਰਾਂ ਨੂੰ ਮਾਣ ਭੱਤਾ ਪ੍ਰਾਪਤ ਕਰਨ ਲਈ ਬਹੁਤ ਹੀ ਜ਼ਿਆਦਾ ਪ੍ਰੇਸ਼ਾਨੀ ਅਤੇ ਖ਼ਜਲ ਖੁਆਰ ਹੋਣਾ ਪਵੇਗਾ। ਆਗੂਆਂ ਨੇ ਕਿਹਾ ਕਿ ਜੇ ਪੰਜਾਬ ਸਰਕਾਰ ਅਤੇ ਮਿੱਡ-ਡੇ-ਮੀਲ ਸੁਸਾਇਟੀ ਪੰਜਾਬ ਕੈਨਰਾ ਬੈਂਕ ਨਾਲ ਜ਼ਰੂਰ ਲੈਣ ਦੇਣ ਕਰਨਾ ਚਾਹੁੰਦੀ ਹੈ ਤਾਂ ਉਹ ਕੈਨਰਾ ਬੈਂਕ ਰਾਹੀਂ ਮਿੱਡ-ਡੇ-ਮੀਲ ਵਰਕਰਾਂ ਦਾ ਮਾਣ ਭੱਤਾ ਪਹਿਲੀਆਂ ਬੈਂਕਾਂ ਵਿੱਚ ਚੱਲਦੇ ਖਾਤਿਆਂ ਵਿੱਚ ਹੀ ਪਵਾ ਸਕਦੀ ਹੈ ਤਾਂ ਕਿ ਮਿੱਡ-ਡੇ-ਮੀਲ ਵਰਕਰਾਂ ਦੀ ਹੋਣ ਵਾਲੀ ਖ਼ਜਲ ਖੁਆਰੀ ਨੂੰ ਰੋਕਿਆ ਜਾ ਸਕੇ। ਆਗੂਆਂ ਨੇ ਅੱਗੇ ਕਿਹਾ ਕਿ ਮਿਡ ਡੇ ਮੀਲ ਵਰਕਰਾਂ ਦੀਆਂ ਮੰਗਾਂ ਦੇ ਸਬੰਧ ਵਿੱਚ 16 ਅਗਸਤ ਨੂੰ ਸੰਗਰੂਰ ਵਿਖੇ ਧਰਨਾ ਦਿੱਤਾ ਜਾਵੇਗਾ।

# ਮਾਤਾ ਚਿੰਤਪੁਰਨੀ ਮੇਲੇ ਦੌਰਾਨ 'ਤੇ ਐੱਨ ਜੀ ਓਜ਼ ਤੇ ਸਿਵਲ ਡਿਫੈਂਸ ਵਲੰਟੀਅਰ ਬਾਖ਼ੂਬੀ ਜ਼ਿੰਮੇਵਾਰੀ ਨਿਭਾਅ ਰਹੇ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਵਰ੍ਹਦੇ ਮੀਂਹ ਅਤੇ ਤਪਦੀ ਧੁੱਪ ਵਿਚ ਜਦੋਂ ਆਮ ਲੋਕ ਆਸਰਾ ਅਤੇ ਛਾਂ ਭਾਲਦੇ ਹਨ, ਉਸ ਸਮੇਂ ਕੁਝ ਚਿਹਰੇ ਇਸ ਤਰ੍ਹਾਂ ਦੇ ਵੀ ਹਨ ਜੋ ਕਰਮਯੋਗ ਦੀ ਪਰਿਭਾਸ਼ਾ

**• ਪ੍ਰਸ਼ਾਸਨ ਤੇ ਜਨ ਸਹਿਯੋਗ ਨਾਲ ਕੁਝ ਵੀ ਅਸੰਭਵ ਨਹੀਂ : ਡਿਪਟੀ ਕਮਿਸ਼ਨਰ**

ਨੂੰ ਸਾਰਥਕ ਕਰ ਰਹੇ ਹਨ। ਇਹ ਚਿਹਰੇ ਹਨ, ਹੁਸ਼ਿਆਰਪੁਰ ਦੀਆਂ ਐਨ.ਜੀ.ਓਜ਼ ਅਤੇ ਸਿਵਲ ਡਿਫੈਂਸ ਦੇ ਵਲੰਟੀਅਰਾਂ ਦੇ, ਜੋ ਜ਼ਿਲ੍ਹਾ ਪ੍ਰਸ਼ਾਸਨ ਦੇ 'ਚੜ੍ਹਦਾ ਸੂਰਜ' ਮੁਹਿੰਮ ਤਹਿਤ ਮਾਤਾ ਚਿੰਤਪੁਰਨੀ ਮੇਲੇ ਨੂੰ ਸੁਚਾਰੂ ਅਤੇ ਸਾਫ਼-ਸੁਥਰਾ ਬਣਾਉਣ ਲਈ ਸਮਰਪਿਤ ਭਾਵਨਾ ਨਾਲ ਸੇਵਾ ਕਰ ਰਹੇ ਹਨ। ਜ਼ਿਲ੍ਹਾ ਪ੍ਰਸ਼ਾਸਨ, ਵਿਸ਼ੇਸ਼ ਤੌਰ 'ਤੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਵਿਚ ਇੱਕ ਇਸ ਤਰ੍ਹਾਂ ਦਾ ਮਾਡਲ ਪੇਸ਼ ਕਰ ਰਿਹਾ ਹੈ, ਜਿਸ ਨੂੰ ਦੇਸ਼ ਭਰ ਵਿਚ ਦੁਹਰਾਇਆ ਜਾ ਸਕਦਾ ਹੈ। ਪਹਿਲਾਂ ਜਿਥੇ ਸ਼ਰਧਾਲੂਆਂ ਨੂੰ ਕੂੜੇ ਦੇ ਢੇਰਾਂ ਅਤੇ ਟ੍ਰੈਫਿਕ ਜਾਮ ਆਦਿ ਨਾਲ ਜੂਝਣਾ ਪੈਂਦਾ ਸੀ, ਉਥੇ ਇਸ ਸਾਲ ਦੀ ਤਸਵੀਰ ਇਕਦਮ ਵੱਖਰੀ



ਹੈ। ਲਗਾਤਾਰ ਹੁੰਦੀ ਬਾਰਿਸ਼ ਵਿਚ ਵੀ ਟ੍ਰੈਫਿਕ ਨੂੰ ਸੁਚਾਰੂ ਬਣਾਈ ਰੱਖਣ ਲਈ ਵਲੰਟੀਅਰ 24 ਘੰਟੇ ਸਰਗਰਮ ਹਨ। ਸੰਗਤਾਂ ਦੀ ਆਵਾਜਾਈ ਵਿਚ ਕਿਸੇ ਪ੍ਰਕਾਰ ਦਾ ਵਿਘਨ ਨਾ ਪਵੇ, ਇਸ ਲਈ ਉਹ ਵਿਸ਼ੇਸ਼ ਸਾਵਧਾਨੀ ਨਾਲ ਕੰਮ ਕਰ ਰਹੇ ਹਨ। ਵਲੰਟੀਅਰ ਸਵੇਰੇ-ਸ਼ਾਮ ਸਫ਼ਾਈ ਦੀ ਜ਼ਿੰਮੇਵਾਰੀ ਨਿਭਾਅ ਰਹੇ ਹਨ ਨਾ ਸਿਰਫ ਲੰਗਰਾਂ ਵਿਚ ਬਲਕਿ ਸੜਕਾਂ ਅਤੇ ਆਸ-ਪਾਸ ਦੇ ਹਲਕਿਆਂ ਨੂੰ ਵੀ ਸਾਫ਼ ਰੱਖਣ ਵਿਚ ਮੋਹਰੀ ਭੂਮਿਕਾ ਨਿਭਾਅ ਰਹੇ ਹਨ। ਮੇਲੇ ਵਿਚ ਆਯੋਜਿਤ ਲੰਗਰ ਹੁਣ ਪਲਾਸਟਿਕ ਮੁਕਤ ਹੋ ਗਏ ਹਨ, ਜਿਸ ਨਾਲ ਸ਼ਰਧਾਲੂਆਂ ਨੂੰ ਨਾ ਕੇਵਲ ਵਧੀਆ ਮਾਹੌਲ ਮਹਿਸੂਸ ਹੁੰਦਾ ਹੈ ਬਲਕਿ ਵਾਤਾਵਰਨ ਪ੍ਰਤੀ ਜਾਗਰੂਕਤਾ ਵੀ ਵੱਧਦੀ ਹੈ। ਨਗਰ ਨਿਗਮ ਅਤੇ ਪ੍ਰਦੂਸ਼ਣ ਕੰਟਰੋਲ ਵਿਭਾਗ ਦੇ ਸਹਿਯੋਗ ਨਾਲ ਉਨ੍ਹਾਂ ਲੰਗਰ ਸੁਸਾਇਟੀਆਂ ਨੂੰ ਵਾਤਾਵਰਨ ਅਨੁਕੂਲ ਪਲੇਟਾਂ, ਡੂਨੇ ਅਤੇ ਚਮਚ ਵੀ ਦਿੱਤੇ ਜਾ ਰਹੇ ਹਨ, ਜੋ ਅਣਜਾਣੇ ਵਿਚ ਸਿੰਗਲ ਯੂਜ਼ ਪਲਾਸਟਿਕ ਲੈ ਕੇ ਆ ਗਏ ਸਨ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਇਨ੍ਹਾਂ ਸਾਰੇ ਕਰਮਯੋਗੀਆਂ ਪ੍ਰਤੀ ਧੰਨਵਾਦ ਪ੍ਰਗਟ ਕਰਦੇ ਹੋਏ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਸੇਵਾ ਕਰਨ ਵਾਲੇ ਇਨ੍ਹਾਂ ਕਰਮਯੋਗੀਆਂ ਦਾ ਯੋਗਦਾਨ ਕਦੇ ਭੁਲਾਇਆ ਨਹੀਂ ਜਾ ਸਕਦਾ।

# ਪਰਮਜੀਤ ਸਿੰਘ ਖਾਲਸਾ ਬਾਬਾ ਬੁੱਢਾ ਸਾਹਿਬ ਗ੍ਰੰਥੀ ਸਭਾ ਪੰਜਾਬ ਦੇ ਪ੍ਰਧਾਨ ਨਿਯੁਕਤ

ਅੱਡਾ ਸਰਾਂ (ਜਸਵੀਰ ਕਾਜਲ)- ਦਸੂਹਾ, ਗੜ੍ਹਦੀਵਾਲ ਤੇ ਹੁਸ਼ਿਆਰਪੁਰ ਦੇ ਪਾਠੀ ਸਿੰਘਾਂ ਦੀ ਇੱਕ ਵਿਸ਼ੇਸ਼ ਇਕੱਤਰਤਾ ਹੋਈ ਜਿਸ ਵਿੱਚ ਬਾਬਾ ਬੁੱਢਾ ਸਾਹਿਬ ਗ੍ਰੰਥੀ ਸਭਾ ਪੰਜਾਬ ਦਾ ਗਠਨ ਕੀਤਾ ਗਿਆ। ਸਰਬ ਸੰਮਤੀ ਨਾਲ ਗਠਿਤ ਕੀਤੀ ਗਈ ਸਭਾ ਵਿੱਚ ਜਥੇਦਾਰ ਪਰਮਜੀਤ ਸਿੰਘ ਖਾਲਸਾ ਮੂਨਕਾਂ ਨੂੰ ਪ੍ਰਧਾਨ, ਸ਼ਾਮ ਸਿੰਘ ਮੂਨਕਾਂ ਨੂੰ ਸਰਪ੍ਰਸਤ ਮਨਦੀਪ ਸਿੰਘ ਧੁੱਗਾ



ਕਲਾ ਨੂੰ ਵਾਈਸ ਪ੍ਰਧਾਨ, ਦੌਲਤ ਸਿੰਘ ਮਸੀਤੀ ਨੂੰ ਜਨਰਲ ਸਕੱਤਰ, ਦਿਲਬਾਗ ਸਿੰਘ ਬੋਦਲ ਵੇਰਛਾ ਨੂੰ ਖਜਾਨਚੀ, ਲਖਵਿੰਦਰ ਸਿੰਘ ਲੱਕੀ ਨੂੰ ਮੀਤ ਸਕੱਤਰ ਅਤੇ ਮੋਹਨ ਸਿੰਘ ਸਕਰਾਲਾ ਨੂੰ ਸਹਾਇਕ ਖਜਾਨਚੀ ਨਿਯੁਕਤ ਕੀਤਾ ਗਿਆ। ਇਸ ਮੀਟਿੰਗ ਦੌਰਾਨ ਗ੍ਰੰਥੀ ਸਭਾ ਦੇ ਮੈਂਬਰਾਂ ਵੱਲੋਂ ਨਵ ਨਿਯੁਕਤ ਪ੍ਰਧਾਨ ਜਥੇਦਾਰ ਪਰਮਜੀਤ ਸਿੰਘ ਖਾਲਸਾ ਅਤੇ ਹੋਰਨਾਂ ਅਹੁਦੇਦਾਰਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਨਵ ਨਿਯੁਕਤ ਪ੍ਰਧਾਨ ਪਰਮਜੀਤ ਸਿੰਘ ਖਾਲਸਾ ਨੇ ਸਮੂਹ ਗ੍ਰੰਥੀ ਸਿੰਘਾ ਦਾ ਧੰਨਵਾਦ ਕਰਦੇ ਹੋਏ ਦੱਸਿਆ ਕਿ ਗਠਿਤ ਕੀਤੀ ਗਈ ਬਾਬਾ ਬੁੱਢਾ ਸਾਹਿਬ ਗ੍ਰੰਥੀ ਸਭਾ ਪੰਜਾਬ ਜਿੱਥੇ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਬਾਣੀ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਵਿੱਚ ਆਪਣਾ ਯੋਗਦਾਨ ਪਾਵੇਗੀ ਉੱਥੇ ਹੀ ਪਾਠੀ ਤੇ ਗ੍ਰੰਥੀ ਸਿੰਘਾਂ ਦੇ ਮਾਣ , ਮਰਿਆਦਾ ਤੇ ਸਤਿਕਾਰ ਨੂੰ ਬਰਕਰਾਰ ਰੱਖਣ ਲਈ ਵੀ ਯਤਨਸ਼ੀਲ ਰਹੇਗੀ। ਉਹਨਾਂ ਹੋਰ ਦੱਸਿਆ ਕਿ ਪਾਠੀ ਸਿੰਘਾਂ ਨੂੰ ਦਰਪੇਸ਼ ਆਉਂਦੀਆਂ ਮੁਸ਼ਕਲਾਂ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਵਿਸ਼ੇਸ਼ ਤੌਰ ਤੇ ਮੁਲਾਕਾਤ ਕੀਤੀ ਜਾਵੇਗੀ। ਇਸ ਮੌਕੇ ਦਿਲਬਾਗ ਸਿੰਘ ਬੋਦਲ, ਬਾਬਾ ਸੋਹਨ ਸਿੰਘ ਬੇਰਛਾ, ਲਖਵਿੰਦਰ ਸਿੰਘ ਬੋਦਲ, ਗਗਨਦੀਪ ਸਿੰਘ ਗੜਦੀਵਾਲ, ਪ੍ਰਭਜੋਤ ਸਿੰਘ ਮੂਨਕਾਂ, ਗਿਆਨੀ ਜਸਵਿੰਦਰ ਸਿੰਘ ਮਾਡਲ ਟਾਊਨ , ਬਾਬਾ ਚਰਨਜੀਤ ਸਿੰਘ ਲੱਕ ਮੂਨਕਾ, ਬੀਰ ਸਿੰਘ , ਦੀਦਾਰ ਸਿੰਘ, ਸੁਖਪ੍ਰੀਤ ਸਿੰਘ ਮੂਨਕਾਂ, ਸੁਰਜੀਤ ਸਿੰਘ ਟਾਂਡਾ, ਹਰਭਜਨ ਸਿੰਘ ਟਾਂਡਾ, ਜਸਵਿੰਦਰ ਸਿੰਘ ਜਾਜਾ ,ਹਰਬੰਸ ਸਿੰਘ ,ਲਖਵੀਰ ਸਿੰਘ, ਖੁੱਡਾ, ਭਜਨ ਸਿੰਘ ਘੋਗਰਾ, ਜਥੇਦਾਰ ਜਸਵਿੰਦਰ ਸਿੰਘ ਮਸੀਤੀ , ਜਸਵਿੰਦਰ ਸਿੰਘ ਮਸੀਤੀ ਚੱਕੀ ਵਾਲੇ, ਨਿਰਮਲ ਸਿੰਘ ਚੌਟਾਲਾ, ਸਰਵਣ ਸਿੰਘ ਕਠਾਰ, ਰਣਧੀਰ ਸਿੰਘ ਜਲੰਧਰ ਵੀ ਹਾਜ਼ਰ ਸਨ।

# ਤਲਵਾੜ ਜੋੜੇ ਨੇ ਅੰਗ ਦਾਨ ਦਾ ਪ੍ਰਣ ਲਿਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਇਹ ਸਰੀਰ ਨਾਸ਼ਵਾਨ ਹੈ, ਜੇਕਰ ਇਸ ਨੂੰ ਮਨੁੱਖਤਾ ਦੀ ਸੇਵਾ ਵਿੱਚ ਵਰਤਿਆ ਜਾਵੇ, ਤਾਂ ਇਸ ਤੋਂ ਵੱਡਾ ਕੋਈ ਕੰਮ ਨਹੀਂ ਹੈ। ਇਹ ਸੋਚ ਕੇ ਮੈਂ ਅਤੇ ਮੇਰੀ ਪਤਨੀ ਨੀਤੀ ਤਲਵਾੜ ਨੇ ਆਪਣੇ ਸਰੀਰ ਮਰਨ ਉਪਰੰਤ ਦਾਨ ਕਰਨ ਦਾ ਫੈਸਲਾ ਕੀਤਾ ਹੈ। ਉਪਰੋਕਤ ਸ਼ਬਦ ਸੰਜੀਵ ਤਲਵਾੜ ਨੇ ਸਮਾਜ ਸੇਵਕ ਤਲਵਾੜ ਜੋੜੇ ਵੱਲੋਂ ਇਕ ਸਮਾਰੋਹ ਨੂੰ ਸੰਬੋਧਨ



ਕਰਦਿਆਂ ਕਹੇ।ਤਲਵਾੜ ਨੇ ਕਿਹਾ ਕਿ ਬਹੁਤ ਸਾਰੀਆਂ ਜ਼ਿੰਦਗੀਆਂ ਇਸ ਲਈ ਖਤਮ ਹੋ ਜਾਂਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਸਹੀ ਅੰਗ ਸਮੇਂ ਸਿਰ ਉਪਲਬਧ ਨਹੀਂ ਹੁੰਦੇ, ਇਸ ਲਈ ਅਸੀਂ ਇਹ ਵੀ ਫੈਸਲਾ ਲਿਆ ਹੈ ਕਿ ਜੇਕਰ ਕਿਸੇ ਕਾਰਨ ਕਰਕੇ ਸਾਨੂੰ ਦਿਲ ਦਾ ਦੌਰਾ ਪੈਂਦਾ ਹੈ, ਤਾਂ ਸਾਡੇ ਅੰਗ ਲੋੜਵੰਦ ਲੋਕਾਂ ਨੂੰ ਦਾਨ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਉਨ੍ਹਾਂ ਦੀ ਜਾਨ ਬਚਾਈ ਜਾ ਸਕੇ। ਤਲਵਾੜ ਨੇ ਕਿਹਾ ਕਿ ਸਾਡੇ ਪਰਵਾਰਕ ਮੈਂਬਰ ਸਾਡੀ ਇਸ ਪ੍ਰਣ ਪ੍ਰਤੀ ਵਚਨਬੱਧ ਰਹਿਣਗੇ ਅਤੇ ਇਹ ਸਾਰੀ ਪ੍ਰਕਿਰਿਆ ਰੋਟਰੀ ਆਈ ਬੈਂਕ ਅਤੇ ਕਾਰਨੇਲ ਟ੍ਰਾਂਸਪਲਾਂਟ ਸੋਸਾਇਟੀ ਦੁਆਰਾ ਪੂਰੀ ਕੀਤੀ ਜਾਵੇਗੀ।ਇਸ ਮੌਕੇ ਨਾਰਾਇਣ ਨਗਰ ਸੇਵਾ ਸਮਿਤੀ ਦੀ ਚੇਅਰਮੈਨ ਸ਼੍ਰੀਮਤੀ ਊਸ਼ਾ ਕਿਰਨ ਸੂਦ ਨੇ ਵੀ ਮੌਤ ਤੋਂ ਬਾਅਦ ਆਪਣਾ ਸਰੀਰ ਦਾਨ ਕਰਨ ਦਾ ਪ੍ਰਣ ਲਿਆ।

# ਟਾਂਡਾ 'ਚ ਹੋਈ ਦੋਆਬਾ ਕਿਸਾਨ ਕਮੇਟੀ ਦੀ ਵਿਸ਼ਾਲ ਇਕੱਤਰਤਾ

ਅੱਡਾ ਸਰਾਂ/ ਟਾਂਡਾ ਉੜਮੁੜ (ਕਾਜਲ, ਓਂਕਾਰ ਸਿੰਘ)- ਦੋਆਬਾ ਕਿਸਾਨ ਕਮੇਟੀ ਪੰਜਾਬ ਦੀ ਮੀਟਿੰਗ ਬਾਬਾ ਬੂਟਾ ਭਗਤ ਹਾਲ ਟਾਂਡਾ ਵਿਚ ਹੋਈ । ਜਨਰਲ ਸਕੱਤਰ ਪ੍ਰਿਥਪਾਲ ਸਿੰਘ ਗੁਰਾਇਆ, ਗੁਰਪ੍ਰੀਤ ਸਿੰਘ ਸੰਧੂ, ਰਾਜ ਸਿੰਘ ਵਿਰਕ, ਪਰਮਿੰਦਰ ਸਿੰਘ ਸਮਰਾ, ਸਤਪਾਲ ਸਿੰਘ ਮਿਰਜ਼ਾਪੁਰ ਦੀ ਅਗਵਾਈ ਹੇਠ ਹੋਈ ਇਸ ਜ਼ਿਲ੍ਹਾ ਪੱਧਰੀ ਮੀਟਿੰਗ ਵਿਚ ਵਿਸ਼ੇਸ਼ ਤੌਰ 'ਤੇ ਸੂਬਾ ਪ੍ਰਧਾਨ ਤੇ ਐੱਸ.ਕੇ.ਐੱਮ. ਮੈਂਬਰ ਜੰਗਵੀਰ ਸਿੰਘ ਚੌਹਾਨ ਸ਼ਾਮਲ ਹੋਏ। ਜਥੇਬੰਦੀ ਦੀ ਵੱਖ ਵੱਖ ਜ਼ਿਲ੍ਹਿਆਂ



ਦੀ ਲੀਡਰਸ਼ਿਪ ਅਤੇ ਜ਼ਿਲ੍ਹੇ ਦੇ ਕਿਸਾਨਾਂ ਦੀ ਮੌਜੂਦਗੀ ਵਿਚ ਕਿਸਾਨਾਂ ਦੀਆਂ ਮੰਗਾ ਦੇ ਹੱਕ ਵਿਚ ਅਵਾਜ਼ ਬੁਲੰਦ ਕਰਨ ਦੇ ਨਾਲ ਨਾਲ ਸਰਕਾਰ ਵੱਲੋਂ ਲਿਆਂਦੀ ਗਈ ਲੈਂਡ ਪੂਲਿੰਗ ਸਕੀਮ ਦਾ ਵਿਰੋਧ ਕੀਤਾ ਗਿਆ । ਇਸ ਮੌਕੇ ਸੂਬਾ ਪ੍ਰਧਾਨ ਚੌਹਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਲੈਂਡ ਪੂਲਿੰਗ ਸਕੀਮ ਕਿਸਾਨਾਂ ਲਈ ਬੇਹੱਦ ਘਾਟੇ ਦਾ ਸੌਦਾ ਹੈ । ਉਸ ਦੇ ਵਿਰੋਧ ਵਿੱਚ ਜਥੇਬੰਦਕ ਰੂਪ ਵਿਚ ਇਹ ਫੈਸਲਾ ਹੋਇਆ ਕਿ ਪੰਜਾਬ ਸਰਕਾਰ ਦੀ ਇਸ ਸਕੀਮ ਨੂੰ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਸਰਕਾਰ ਜਲਦ ਤੋਂ ਜਲਦ ਨੋਟੀਫਿਕੇਸ਼ਨ ਰੱਦ ਕਰੇ । ਇਸ ਮੌਕੇ ਜਨਰਲ ਸਕੱਤਰ ਕੰਢੀ ਮਹਿਤਾਬ ਸਿੰਘ ਹੁੰਦਲ ਅਤੇ ਮੀਤ ਪ੍ਰਧਾਨ ਕਪੂਰਥਲਾ ਰਣਜੀਤ ਸਿੰਘ ਦਾਰੇਵਾਲ ਨੇ ਕਿਹਾ ਕਿ ਅਵਾਰਾ ਪਸ਼ੂਆਂ ਅਤੇ ਜੰਗਲੀ ਸੂਰਾਂ ਵੱਲੋਂ ਕਿਸਾਨਾਂ ਦੀਆਂ ਫਸਲਾਂ ਦਾ ਬੇਤਹਾਸ਼ਾ ਨੁਕਸਾਨ ਕੀਤਾ ਜਾ ਰਿਹਾ, ਸਰਕਾਰ ਇਸ ਸਮੱਸਿਆ ਦੇ ਹੱਲ ਲਈ ਸੰਜੀਦਾ ਉੱਦਮ ਕਰੇ ।ਬਲਵੀਰ ਸਿੰਘ ਸੋਹੀਆ ਨੇ ਕਿਹਾ ਕਿ ਯੂਰੀਆ ਖਾਦ ਦੀ ਕਿੱਲਤ ਕਾਰਨ ਕਿਸਾਨ ਬੇਹੱਦ ਪ੍ਰੇਸ਼ਾਨ ਹਨ ਅਤੇ ਘਾਟ ਨੂੰ ਪੂਰਾ ਕੀਤਾ ਜਾਵੇ। ਉਨ੍ਹਾਂ ਦੱਸਿਆ ਐੱਸ. ਕੇ. ਐੱਮ. ਭਾਰਤ ਵੱਲੋਂ 30 ਜੁਲਾਈ ਨੂੰ ਲੈਂਡ ਪੂਲਿੰਗ ਸਕੀਮ ਅਧੀਨ ਆਉਂਦੇ ਇਲਾਕਿਆਂ ਵਿਚ ਟਰੈਕਟਰ ਮਾਰਚ ਕੀਤਾ ਜਾਵੇਗਾ । ਇਸੇ ਤਰ੍ਹਾਂ ਹੁਸ਼ਿਆਰਪੁਰ, ਜਲੰਧਰ, ਗੁਰਦਾਸਪੁਰ, ਪਠਾਨਕੋਟ, ਕਪੂਰਥਲਾ ਜ਼ਿਲ੍ਹਿਆਂ ਦੇ ਕਿਸਾਨ ਵੀ ਜਥੇਬੰਦਕ ਰੂਪ ਵਿਚ ਟਰੈਕਟਰ ਮਾਰਚ ਵਿਚ ਸ਼ਾਮਲ ਹੋਣਗੇ । ਅੰਤ ਵਿਚ ਪ੍ਰਧਾਨ ਚੌਹਾਨ ਨੇ ਆਖਿਆ ਕਿ ਉਕਤ ਮੰਗਾਂ ਨੂੰ ਲੈ ਕੇ ਜਥੇਬੰਦੀ ਵੱਲੋਂ 1 ਅਗਸਤ ਨੂੰ ਜ਼ਿਲ੍ਹਾ ਹੈੱਡ ਕੁਆਰਟਰ ਹੁਸ਼ਿਆਰਪੁਰ ਦੇ ਸਾਹਮਣੇ ਵਿਸ਼ਾਲ ਰੋਸ ਧਰਨਾ ਦਿੱਤਾ ਜਾਏਗਾ ਅਤੇ ਡੀ.ਸੀ. ਨੂੰ ਮੰਗ ਪੱਤਰ ਵੀ ਦਿੱਤਾ ਜਾਏਗਾ । ਜੇਕਰ ਕਿਸਾਨਾਂ ਦੀਆਂ ਇਹ ਮੰਗਾਂ ਨਾ ਮੰਨੀਆਂ ਤਾਂ ਉਹ ਵੱਡਾ ਸੰਘਰਸ਼ ਵਿੱਢਣਗੇ । ਇਸ ਮੌਕੇ ਅਮਰਜੀਤ ਸਿੰਘ ਕੁਰਾਲਾ, ਬਲਬੀਰ ਸਿੰਘ ਸੋਹੀਆ, ਬਲਵਿੰਦਰ ਸਿੰਘ ਬਾਬਾ ਭੋਗਪੁਰ, ਭਾਗ ਸਿੰਘ ਘੋਗਰਾ, ਭੁਪਿੰਦਰਜੀਤ ਸਿੰਘ ਘੋਗਰਾ, ਰਣਜੀਤ ਸਿੰਘ ਰਾਣਾ ਜਲੰਧਰ, ਬਲਦੇਵ ਸਿੰਘ ਚੰਨਣਵਿੰਡੀ ਪ੍ਰਧਾਨ ਕਪੂਰਥਲਾ, ਬਿੰਦਰ ਸਿੰਘ ਬੈਂਸ, ਹਰਜੀਤ ਸਿੰਘ ਕਾਵਾਂਵਾਲੀ, ਨਵਦੀਪ ਸਿੰਘ ਦਸੂਹਾ, ਨਿਰੰਜਨ ਸਿੰਘ ਕਮਾਲਪੁਰ, ਦਵਿੰਦਰਜੀਤ ਸਿੰਘ ਬੁੱਢੀਪਿੰਡ, ਦਲਜੀਤ ਸਿੰਘ ਬਾਠ ਗੜ੍ਹਦੀਵਾਲਾ, ਕੁਲਦੀਪ ਸਿੰਘ ਸਰਪੰਚ ਪੰਡੋਰੀ ਅਟਵਾਲ,ਰੁਪਿੰਦਰ ਸਿੰਘ ਧੂਤ ਕਲਾਂ , ਪ੍ਰਦੀਪ ਸਿੰਘ ਬੁੱਢੀ ਪਿੰਡ, ਹਰਵਿੰਦਰ ਸਿੰਘ ਕੰਧਾਲਾ ਸ਼ੇਖਾਂ, ਦਲਜੀਤ ਸਿੰਘ ਮਸੀਤੀ, ਕਾਕਾ ਧੁੱਗਾ ,ਅਮਰਜੀਤ ਸਿੰਘ ਫਿਰੋਜ ਰੌਲੀਆ ਆਦਿ ਮੌਜੂਦ ਸਨ ।

# ਐੱਲ ਪੀ ਯੂ ਦੀ ਵਿਦਿਆਰਥਣ ਜਾਹਨਵੀ ਡਾਂਗੇਤੀ ਨੇ ਟੀ ਐੱਸ ਆਈ ਸਪੇਸ ਯਾਤਰੀ ਉਮੀਦਵਾਰ ਵਜੋਂ ਇਤਿਹਾਸ ਰਚਿਆ

ਜਲੰਧਰ, ਸ਼ੈਲੀ ਐਲਬਰਟ)

ਅਰਬਾਂ ਲੋਕ ਅੰਤਰਿਕਸ਼ ਵਿੱਚ ਪਹੁੰਚਣ ਦਾ ਸੁਪਨਾ ਦੇਖਦੇ ਹਨ, ਪਰ ਐਲ ਪੀ ਯੂ ਦੀ ਵਿਦਿਆਰਥਣ ਜਾਹਨਵੀ ਡਾਂਗੇਤੀ ਟਾਈਟਨ ਸਪੇਸ ਔਰਬਿਟਲ ਮਿਸ਼ਨ 2029 ਦੌਰਾਨ ਧਰਤੀ ਤੋਂ ਪਰੇ ਇੱਕ ਪੁਲਾੜ ਯਾਤਰੀ ਉਮੀਦਵਾਰ ਵਜੋਂ ਆਪਣਾ ਨਾਂਅ ਦਰਜ ਕਰਨ ਲਈ ਸਪੇਸ ਜਾ ਰਹੀ ਹੈ। ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਵਿੱਚ ਬੀ.ਟੈਕ (ਆਨਰਜ਼) ਇਲੈਕਟ੍ਰਾਨਿਕਸ ਅਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ ਦੀ ਵਿਦਿਆਰਥਣ ਜਾਹਨਵੀ ਡਾਂਗੇਤੀ ਲਈ, ਚੰਦਰਮਾ 'ਤੇ ਪਹੁੰਚਣ ਦਾ ਬਚਪਨ ਦਾ ਸੁਪਨਾ ਹੁਣ ਇੱਕ ਸ਼ਾਨਦਾਰ ਹਕੀਕਤ ਬਣਨ ਜਾ ਰਿਹਾ ਹੈ। ਉਹ 2029 ਵਿੱਚ ਨਿਰਧਾਰਤ ਇੱਕ ਸਫਲ ਲੋ-ਅਰਥ ਔਰਬਿਟ ਮਿਸ਼ਨ ਦੀ ਤਿਆਰੀ ਲਈ ਇੱਕ ਅਮਰੀਕੀ ਸੰਗਠਨ, ਟਾਈਟਨ ਸਪੇਸ ਇੰਡਸਟਰੀਜ਼ (ਟੀਐਸਆਈ) ਦੁਆਰਾ ਸ਼ੁਰੂ ਕੀਤੇ ਗਏ ਏਐਸਸੀਏਐਨ (ਸਪੇਸ ਯਾਤਰੀ ਉਮੀਦਵਾਰ) ਪ੍ਰੋਗਰਾਮ ਅਧੀਨ ਤਿੰਨ ਸਾਲਾਂ ਦੀ ਸਿਖਲਾਈ ਲਵੇਗੀ। ਜਾਹਨਵੀ ਦੇ ਕੈਂਪਸ ਵਿੱਚ ਪਹੁੰਚਣ 'ਤੇ, ਐਲਪੀਯੂ ਵਿੱਚ ਇੱਕ ਸ਼ਾਨਦਾਰ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿੱਥੇ ਯੂਨੀਵਰਸਿਟੀ ਦਾ ਪੂਰਾ ਸਟਾਫ ਅਤੇ ਵਿਦਿਆਰਥੀ ਉਸਦੀ ਪ੍ਰਾਪਤੀ ਦਾ ਸਨਮਾਨ ਕਰਨ ਲਈ ਇਕੱਠਾ ਹੋਇਆ। ਐਲਪੀਯੂ ਦੇ ਰੋਬੋਟਿਕਸ ਅਤੇ ਇੰਟੈਲੀਜੈਂਟ ਸਿਸਟਮ ਕਮਿਊਨਿਟੀ (ਆਰਆਈਐਸਸੀ) ਦੀ ਇੱਕ ਮੁੱਖ ਮੈਂਬਰ ਹੋਣ ਦੇ ਨਾਤੇ, ਉਸਨੇ ਨਾਸਾ ਨਾਲ ਸਬੰਧਤ ਕੇਂਦਰਾਂ ਵਿੱਚੋਂ ਇੱਕ,



ਏਈਐਕਸਏ ਏਰੋਸਪੇਸ ਵਿੱਚ ਇੰਟਰਨੈਸ਼ਨਲ ਏਅਰ ਐਂਡ ਸਪੇਸ ਪ੍ਰੋਗਰਾਮ (ਆਈਏਐਸਪੀ) ਤੋਂ ਗ੍ਰੈਜੂਏਟ ਹੋਣ ਵਾਲੀ ਪਹਿਲੀ ਭਾਰਤੀ ਬਣ ਕੇ ਆਪਣੀ ਪਛਾਣ ਬਣਾਈ। ਉਹ ਇਸ ਗਲੋਬਲ ਸਿਖਲਾਈ ਵਿੱਚ ਦੇਸ਼ ਦੀ ਨੁਮਾਇੰਦਗੀ ਕਰਨ ਵਾਲੀ ਪਹਿਲੀ ਭਾਰਤੀ ਵੀ ਸੀ, ਦੁਨੀਆ ਭਰ ਦੇ 60 ਹੋਰ ਵਿਦਿਆਰਥੀ ਉਮੀਦਵਾਰਾਂ ਦੇ ਨਾਲ ਹਿੱਸਾ ਲਿਆ ਅਤੇ ਆਪਣੇ ਲੀਡਰਸ਼ਿਪ ਹੁਨਰ ਲਈ ਪ੍ਰਸ਼ੰਸਾ ਜਿੱਤੀ।ਏਰੋਸਪੇਸ ਵਿੱਚ ਇੱਕ ਉੱਭਰਦੇ ਸਿਤਾਰੇ ਵਜੋਂ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ, ਜਾਹਨਵੀ 2022 ਵਿੱਚ ਪੋਲੈਂਡ ਦੇ ਕ੍ਰਾਕੋ ਵਿੱਚ ਐਨਾਲਾਗ ਐਸਟ੍ਰੋਨਾਟ ਟ੍ਰੇਨਿੰਗ ਸੈਂਟਰ (ਏਏਟੀਸੀ) ਵਿੱਚ ਪ੍ਰੋਗਰਾਮ ਨੂੰ ਪੂਰਾ ਕਰਨ ਵਾਲੀ ਸਭ ਤੋਂ ਛੋਟੀ ਉਮਰ ਦੀ ਵਿਦੇਸ਼ੀ ਐਨਾਲਾਗ ਐਸਟ੍ਰੋਨਾਟ ਬਣੀ। ਇਸ ਮੌਕੇ 'ਤੇ ਜਾਹਨਵੀ ਨੇ ਆਪਣੇ ਦੋਸਤਾਂ, ਐਲਪੀਯੂ ਦੇ ਵਿਦਿਆਰਥੀਆਂ ਅਤੇ ਫੈਕਲਟੀ ਨਾਲ ਆਪਣੀ ਅਸਾਧਾਰਨ ਯਾਤਰਾ ਸਾਂਝੀ ਕੀਤੀ ਅਤੇ ਪੁਲਾੜ ਯਾਤਰੀਆਂ ਦੀ ਅਗਲੀ ਪੀੜ੍ਹੀ ਨੂੰ ਇਹ ਕਹਿ ਕੇ ਪ੍ਰੇਰਿਤ ਕੀਤਾ, ਐਲਪੀਯੂ ਦਾ ਇਨੋਵੇਸ਼ਨ ਸਟੂਡੀਓ ਉਹ ਜਗ੍ਹਾ ਸੀ ਜਿੱਥੇ ਵਿਚਾਰਾਂ ਨੇ ਉਡਾਣ ਭਰੀ। ਇਹ ਸਿਰਫ਼ ਇੱਕ ਪ੍ਰਯੋਗਸ਼ਾਲਾ ਨਹੀਂ ਸੀ; ਇਹ ਇੱਕ ਰਚਨਾਤਮਕ ਜਗ੍ਹਾ ਸੀ ਜਿਸਨੇ ਏਰੋਸਪੇਸ ਲਈ ਮੇਰੇ ਜਨੂੰਨ ਨੂੰ ਵਧਾਇਆ। ਮੈਂ ਚਾਹੁੰਦੀ ਹਾਂ ਕਿ ਹਰ ਚਾਹਵਾਨ ਵਿਦਿਆਰਥੀ ਦਲੇਰੀ ਨਾਲ ਸੁਪਨੇ ਦੇਖੇ ਅਤੇ ਉਨ੍ਹਾਂ ਸੁਪਨਿਆਂ ਨੂੰ ਤਾਰਿਆਂ ਤੋਂ ਪਰੇ ਉਡਾਉਣ ਲਈ ਹੁਨਰ ਹਾਸਲ ਕਰੇ।ਡਾ. ਅਸ਼ੋਕ ਕੁਮਾਰ ਮਿੱਤਲ, ਮੈਂਬਰ ਰਾਜ ਸਭਾ ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ, ਨੇ ਕਿਹਾ, ਇਹ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ ਕਿਉਂਕਿ ਐਲਪੀਯੂ ਨੇ ਨਾ ਸਿਰਫ਼ ਇੱਕ ਸਪੇਸ ਪ੍ਰੇਮੀ ਪੈਦਾ ਕਰਦਾ ਹੈ, ਸਗੋਂ ਦੇਸ਼ ਨੂੰ ਭਵਿੱਖ ਦਾ ਸਪੇਸ ਯਾਤਰੀ ਵੀ ਦਿੱਤਾ ਹੈ।

31-July-PAGE--8.qxd 7/30/2025 11:08 PM Page 1



## ਕਮਿਸ਼ਨਰੇਟ ਪੁਲਸ ਵੱਲੋਂ 4 ਸਨੈਚਰ ਕਾਬੂ, 11 ਮੋਬਾਈਲ ਫੋਨ, ਸੋਨੇ ਦੇ ਗਹਿਣੇ ਤੇ 2 ਵਾਹਨ ਬਰਾਮਦ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ, ਇਕਬਾਲ ਸਿੰਘ ਉਭੀ)**- ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਹੇਠ ਕਮਿਸ਼ਨਰੇਟ ਪੁਲਸ ਜਲੰਧਰ ਨੇ ਸਨੈਚਿੰਗ ਦੀਆਂ ਘਟਨਾਵਾਂ ਵਿੱਚ ਸ਼ਾਮਲ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁੱਖ ਅਫ਼ਸਰ ਥਾਣਾ ਡਵੀਜ਼ਨ ਨੰਬਰ 6 ਅਤੇ 8 ਜਲੰਧਰ ਦੀ ਅਗਵਾਈ ਵਾਲੀਆਂ ਪੁਲਸ ਟੀਮਾਂ ਨੇ ਇਹ ਸਫਲਤਾ ਹਾਸਲ ਕੀਤੀ ਹੈ।ਵੇਰਵਿਆਂ ਸਾਂਝਾ ਕਰਦੇ ਹੋਏ ਪੁਲਸ ਕਮਿਸ਼ਨਰ ਨੇ ਕਿਹਾ ਕਿ ਸਵਰਨਜੀਤ ਕੌਰ ਪਤਨੀ ਗੁਰਮੀਤ ਸਿੰਘ ਵਾਸੀ ਮਕਾਨ ਨੰਬਰ 13-ਬੀ, ਗਲੀ ਨੰਬਰ 6 ਜਲੰਧਰ ਦੇ ਬਿਆਨ 'ਤੇ ਥਾਣਾ ਡਵੀਜ਼ਨ ਨੰਬਰ 6 ਜਲੰਧਰ ਵਿਖੇ ਮੁਕੱਦਮਾ ਨੰਬਰ 124 ਮਿਤੀ 3 ਜੁਲਾਈ ਅਧੀਨ ਧਾਰਾ 304 ਅਤੇ 317(2) ਬੀ.ਐਨ.ਐਸ (ਬਾਅਦ ਵਿੱਚ ਜੋੜਿਆ ਗਿਆ) ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਦੱਸਿਆ ਕਿ 29 ਜੂਨ ਨੂੰ ਜਦੋਂ ਉਹ ਆਪਣੇ ਐਕਟਿਵਾ ਸਕੂਟਰ 'ਤੇ ਕਾਲਜ ਤੋਂ ਘਰ ਵਾਪਸ ਆ ਰਹੀ ਸੀ, ਤਾਂ ਇੱਕ ਹੋਰ ਐਕਟਿਵਾ 'ਤੇ ਸਵਾਰ ਇੱਕ ਅਣਪਛਾਤੇ ਵਿਅਕਤੀ ਨੇ ਉਸ ਨੂੰ ਰੋਕਿਆ ਅਤੇ ਉਸ ਦਾ ਪਰਸ ਖੋਹ ਲਿਆ, ਜਿਸ ਵਿੱਚ ਆਈ ਫੋਨ 13 ਪ੍ਰੋ, ਇੱਕ ਸੋਨੇ ਦੀ ਚੂੜੀ (ਲਗਭਗ 2 ਤੋਲੇ), ਇੱਕ ਸੋਨੇ ਦੀ ਅੰਗੂਠੀ (ਲਗਭਗ 2 ਗ੍ਰਾਮ), ਸੋਨੇ ਦੇ ਟਾਪਸ (3 ਗ੍ਰਾਮ) ਅਤੇ 2 ਏ.ਟੀ.ਐਮ ਅਤੇ ਹੋਰ ਮਹੱਤਵਪੂਰਨ ਸ਼ਨਾਖਤੀ ਕਾਰਡ ਸਨ। ਸੀ.ਸੀ.ਟੀ.ਵੀ ਸਮੇਤ ਤਕਨੀਕੀ ਸਰੋਤਾਂ ਦੀ ਵਰਤੋਂ ਕਰਦੇ ਹੋਏ ਪੁਲਸ ਨੇ ਰਾਘਵ ਪੁੱਤਰ ਪਵਨ ਕੁਮਾਰ ਵਾਸੀ ਨਿਊ ਮਾਡਲ ਹਾਊਸ ਜਲੰਧਰ ਨੂੰ ਗ੍ਰਿਫ਼ਤਾਰ ਕਰ ਲਿਆ।ਹੋਰ ਜਾਂਚ ਤੋਂ ਪਤਾ ਲੱਗਾ ਕਿ ਰਾਘਵ ਥਾਣਾ ਡਵੀਜ਼ਨ ਨੰਬਰ 6 ਵਿਖੇ ਦਰਜ ਇੱਕ ਹੋਰ ਮੁਕੱਦਮਾ ਵਿੱਚ ਵੀ ਸ਼ਾਮਲ ਸੀ, ਜਿੱਥੇ ਸ਼ਿਕਾਇਤਕਰਤਾ ਕੋਮਲ ਪੁੱਤਰੀ ਰਾਮ ਅਵਤਾਰ ਨਿਵਾਸੀ 629 ਸਤ ਕਰਤਾਰ ਡੇਰਾ ਜਲੰਧਰ ਨੇ ਇੱਕ ਆਈ ਫੋਨ ਅਤੇ ਇੱਕ ਚਾਂਦੀ ਦੀ ਚੂੜੀ ਵਾਲਾ ਪਰਸ ਖੋਹਣ ਦਾ ਦੋਸ਼ ਲਗਾਇਆ ਸੀ। ਪੁਲਸ ਨੇ ਮੁਲਜ਼ਮ ਤੋਂ ਕੁੱਲ 6 ਮੋਬਾਈਲ ਫੋਨ (4 ਐਂਡਰਾਇਡ ਅਤੇ 2 ਆਈ ਫੋਨ), ਇੱਕ ਸੋਨੇ ਦੀ ਚੂੜੀ, ਇੱਕ ਸੋਨੇ ਦੀ ਮੁੰਦਰੀ, ਇੱਕ ਚਾਂਦੀ ਦੀ ਚੂੜੀ ਦੇ ਨਾਲ-ਨਾਲ ਅਪਰਾਧ ਵਿੱਚ ਵਰਤੀ ਗਈ ਐਕਟਿਵਾ ਬਰਾਮਦ ਕਰ ਲਈ ਹੈ।ਪੁਲਿਸ ਕਮਿਸ਼ਨਰ ਨੇ ਅੱਗੇ ਕਿਹਾ ਕਿ ਮੁਕੱਦਮਾ ਥਾਣਾ ਡਵੀਜ਼ਨ ਨੰਬਰ 8 ਜਲੰਧਰ ਵਿਖੇ ਦਰਜ ਕੀਤਾ ਗਿਆ ਸੀ, ਦੀ ਜਾਂਚ ਦੌਰਾਨ ਪੁਲਸ ਨੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਅਪਰਾਧ ਵਿੱਚ ਵਰਤੇ ਗਏ 5 ਖੋਹੇ ਗਏ ਮੋਬਾਈਲ ਫੋਨ ਅਤੇ 1 ਮੋਟਰਸਾਈਕਲ ਬਰਾਮਦ ਕੀਤਾ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਅਜੀਤ ਸਿੰਘ ਪੁੱਤਰ ਬਲਰਾਮ ਸਿੰਘ ਵਾਸੀ ਸ਼ਹੀਦ ਭਗਤ ਸਿੰਘ ਕਲੋਨੀ, ਕਿਸ਼ਨ ਕੁਮਾਰ ਪੁੱਤਰ ਬ੍ਰਿਜ ਕਿਸ਼ੋਰ ਵਾਸੀ ਗਲੀ ਨੰਬਰ 7 ਸਿੰਘ ਗਾਂਧੀ ਨਗਰ, ਜਲੰਧਰ, ਸਾਬੀਰ ਅਲੀ ਪੁੱਤਰ ਅਸ਼ਕ ਮੀਆਂ ਵਾਸੀ ਗਲੀ ਨੰਬਰ 6 ਸੰਤ ਗਾਂਧੀ ਨਗਰ ਜਲੰਧਰ ਵਜੋਂ ਹੋਈ ਹੈ। ਇਹ ਵੀ ਖੁਲਾਸਾ ਕੀਤਾ ਗਿਆ ਕਿ ਮੁਲਜ਼ਮ ਅਜੀਤ ਸਿੰਘ ਖ਼ਿਲਾਫ਼ ਪਹਿਲਾਂ ਹੀ ਸਨੇਚਿੰਗ ਅਤੇ ਆਰਮਜ਼ ਐਕਟ ਦੀ ਉਲੰਘਣਾ ਨਾਲ ਸਬੰਧਤ ਤਿੰਨ ਮੁਕੱਦਮੇ ਦਰਜ ਹਨ, ਜਦੋਂ ਕਿ ਮੁਲਜ਼ਮ ਕਿਸ਼ਨ ਕੁਮਾਰ ਖ਼ਿਲਾਫ਼ ਸਨੇਚਿੰਗ ਨਾਲ ਸੰਬੰਧਤ ਇੱਕ ਮੁਕੱਦਮਾ ਦਰਜ ਹੈ।



## ਲਿਵਾਸਾ ਹਸਪਤਾਲ ਈ ਟੀ ਹੈਲਥ ਐਵਾਰਡ ਨਾਲ ਸਨਮਾਨਿਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਲਿਵਾਸਾ ਹਸਪਤਾਲਾਂ ਨੂੰ ਉੱਤਰੀ ਭਾਰਤ ਵਿੱਚ ਲੀਡਿੰਗ ਮਲਟੀ-ਸਪੈਸ਼ਲਿਟੀ ਹਸਪਤਾਲ ਚੇਨ ਲਈ ਈ ਟੀ ਹੈਲਥ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। 128-ਮਾਨਤਾ ਪ੍ਰਾਪਤ ਸਿਹਤ ਸੰਭਾਲ ਨੈੱਟਵਰਕ, ਲਿਵਾਸਾ ਹਸਪਤਾਲਾਂ ਪੰਜਾਬ ਦੀ ਸਭ ਤੋਂ ਵੱਡੀ ਸੁਪਰ-ਸਪੈਸ਼ਲਿਟੀ ਹਸਪਤਾਲ ਚੇਨ ਹੈ ਜਿਸ ਦੇ ਹਸਪਤਾਲ ਮੋਹਾਲੀ, ਅੰ ਮਿ ੍ਰ ਤ ਸ ਰ, ਹੁਸ਼ਿਆਰਪੁਰ, ਨਵਾਂਸ਼ਹਿਰ ਅਤੇ ਖੰਨਾ ਵਿੱਚ ਹਨ।ਲਿਵਾਸਾ ਹਸਪਤਾਲਾਂ ਦੇ ਸੀ ਈ ਓ ਡਾ. ਪਵਨ ਕੁਮਾਰ ਨੇ ਕਿਹਾ, ਲਿਵਾਸਾ ਵਿਖੇ, ਸਾਡਾ ਮੰਨਣਾ ਹੈ ਕਿ ਸਿਹਤ ਸੰਭਾਲ ਨੂੰ ਸਿਰਫ਼ ਤਕਨਾਲੋਜੀ ਜਾਂ ਬੁਨਿਆਦੀ ਢਾਂਚੇ ਦੁਆਰਾ ਪਰਿਭਾਸ਼ਿਤ ਨਹੀਂ ਕੀਤਾ ਜਾਣਾ ਚਾਹੀਦਾ, ਸਗੋਂ ਮਨੁੱਖੀ ਛੋਹ, ਹਮਦਰਦੀ ਅਤੇ ਕਲੀਨਿਕਲ ਇਮਾਨਦਾਰੀ ਦੁਆਰਾ ਪਰਿਭਾਸ਼ਿਤ ਕੀਤਾ ਜਾਣਾ ਚਾਹੀਦਾ ਹੈ। ਇਹ ਪੁਰਸਕਾਰ ਵਿਸ਼ਵ ਪੱਧਰੀ ਸਿਹਤ ਸੰਭਾਲ ਨੂੰ ਸਾਰਿਆਂ ਲਈ ਪਹੁੰਚਯੋਗ ਬਣਾ ਕੇ ਇੱਕ ਸਿਹਤਮੰਦ ਉੱਤਰੀ ਭਾਰਤ ਬਣਾਉਣ ਦੇ ਸਾਡੇ ਦ੍ਰਿਸ਼ਟੀਕੋਣ ਦੀ ਪੁਸ਼ਟੀ ਕਰਦਾ ਹੈ। ਇਹ ਪੁਰਸਕਾਰ ਪੂਰੇ ਖੇਤਰ ਵਿੱਚ ਸਿਹਤ ਸੰਭਾਲ ਨਵੀਨਤਾ, ਕਲੀਨਿਕਲ ਉੱਤਮਤਾ ਅਤੇ ਭਾਈਚਾਰਕ ਭਲਾਈ ਵਿੱਚ ਇੱਕ ਭਰੋਸੇਮੰਦ ਨਾਮ ਵਜੋਂ ਲਿਵਾਸਾ ਹਸਪਤਾਲਾਂ ਦੀ ਸਥਿਤੀ ਨੂੰ ਮਜ਼ਬੂਤ ਕਰਦਾ ਹੈ।




## ਭੁੱਲਰ ਤੇ ਫਾਰੂਕੀ ਵੱਲੋਂ ਗਿੱਲ ਦੀ ਕਿਤਾਬ 'ਐਵਰ ਆਨਵਰਡਜ਼' ਰਿਲੀਜ਼

**ਜਲੰਧਰ (ਇਕਬਾਲ ਸਿੰਘ ਉਭੀ, ਸ਼ੈਲੀ ਐਲਬਰਟ)** ਸਾਬਕਾ ਡੀਜੀਪੀ ਰਾਜਦੀਪ ਸਿੰਘ ਗਿੱਲ ਵੱਲੋਂ ਆਲ ਇੰਡੀਆ ਪੁਲਿਸ ਖੇਡਾਂ ਦੇ 60 ਸਾਲ ਦੇ ਇਤਿਹਾਸ ਨੂੰ ਸਾਂਭਦੀ ਆਪਣੇ ਕਿਸਮ ਦੀ ਨਿਵੇਕਲੀ ਤੇ ਪਹਿਲੀ ਕਿਤਾਬ 'ਐਵਰ ਆਨਵਰਡਜ਼' ਨੂੰ ਪੀ ਏ ਪੀ ਦੇ ਕੈਂਪਸ ਵਿੱਚ ਪੰਜਾਬ ਦਾ ਨਾਮ ਰੌਸ਼ਨ ਕਰਨ ਵਾਲੇ ਖਿਡਾਰੀਆਂ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤਾ ਗਿਆ। ਰਿਲੀਜ਼ ਦੀ ਰਸਮ ਸਾਬਕਾ ਡੀ ਜੀ ਪੀ ਮਹਿਲ ਸਿੰਘ ਭੁੱਲਰ ਅਤੇ ਪੀ ਏ ਪੀ ਦੇ ਏ ਡੀ ਜੀ ਪੀ ਐਮ.ਐਫ. ਫਾਰੂਕੀ ਨੇ ਰਿਲੀਜ਼ ਕੀਤਾ। ਮਹਿਲ ਸਿੰਘ ਭੁੱਲਰ ਨੇ ਇਸ ਨਿਵੇਕਲੇ ਉਪਰਾਲੇ ਲਈ ਕਿਤਾਬ ਦੇ ਲੇਖਕ ਨੂੰ ਵਧਾਈ ਦਿੰਦਿਆਂ ਆਪਣੇ ਨਾਲ ਸਰਵਿਸ ਸਮੇਂ ਦੀਆਂ ਯਾਦਾਂ ਵੀ ਸਾਂਝੀਆਂ ਕੀਤੀਆਂ। ਇਹ ਕਿਤਾਬ 700 ਪੰਨਿਆਂ ਦੀ ਹੈ। ਐਮ.ਐਫ. ਫਾਰੂਕੀ ਨੇ ਸ੍ਰੀ ਭੁੱਲਰ ਤੇ ਸ੍ਰੀ ਗਿੱਲ ਵੱਲੋਂ ਪੰਜਾਬ ਪੁਲਿਸ ਵਿੱਚ ਕੀਤੀ ਅਮੀਰ ਵਿਰਾਸਤ ਨੂੰ ਅੱਗੇ ਵਧਾਉਣ ਦੀ ਗੱਲ ਆਖਦਿਆਂ ਕਿਹਾ ਕਿ ਅੱਜ ਵੀ ਉਹ ਸਾਡੇ ਲਈ ਪ੍ਰੇਰਨਾ ਦਾ ਸ੍ਰੋਤ ਹਨ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਅਮਰੀਕਾ ਵਿਖੇ ਵਿਸ਼ਵ ਪੁਲਿਸ ਖੇਡਾਂ ਵਿੱਚ ਪੰਜਾਬ ਪੁਲਿਸ ਦੇ ਖਿਡਾਰੀਆਂ ਨੇ ਵੱਡੀਆਂ ਮੱਲਾਂ ਮਾਰੀਆਂ। ਰਾਜਦੀਪ ਸਿੰਘ ਗਿੱਲ ਨੇ ਦੱਸਿਆ ਕਿ ਇਸ ਕਿਤਾਬ ਵਿੱਚ 1951 ਤੋਂ 2010 ਤੱਕ ਆਲ ਇੰਡੀਆ ਪੁਲਿਸ ਖੇਡਾਂ ਦੇ ਨਤੀਜੇ ਸ਼ਾਮਲ ਹਨ ਅਤੇ ਹਰ ਸਾਲ ਦੀਆਂ ਸਾਰੀਆਂ ਮੀਟਾਂ ਦੇ ਨਤੀਜੇ, ਬੈਸਟ ਅਥਲੀਟ, ਓਵਰ ਆਲ ਟਰਾਫੀ, ਟੀਮ ਖੇਡਾਂ ਦੇ ਖਿਡਾਰੀਆਂ ਦੇ ਵੇਰਵਿਆਂ ਤੋਂ ਇਲਾਵਾ ਪੁਰਾਣੀਆਂ ਦੁਰਲੱਭ ਤਸਵੀਰਾਂ ਅਤੇ ਵੱਡੇ ਖਿਡਾਰੀਆਂ ਦੇ ਸੰਖੇਪ ਜੀਵਨ ਵੇਰਵੇ ਵੀ ਸ਼ਾਮਲ ਹਨ।ਇਸ ਕਿਤਾਬ ਵਿੱਚ ਉਨ੍ਹਾਂ ਆਲ ਇੰਡੀਆ ਪੁਲਿਸ ਦੇ ਘੋੜਸਵਾਰੀ ਅਤੇ ਸ਼ੂਟਿੰਗ ਈਵੈਂਟ ਵੀ ਸ਼ਾਮਲ ਕੀਤੇ ਹਨ।ਇਸ ਮੌਕੇ



ਸੁਨੀਤਾ ਰਾਣੀ, ਗੁਰਦੇਵ ਸਿੰਘ ਗਿੱਲ, ਕਰਨਲ ਬਲਬੀਰ ਸਿੰਘ, ਹਰਦੀਪ ਸਿੰਘ, ਤਾਰਾ ਸਿੰਘ, ਰਣਧੀਰ ਸਿੰਘ ਧੀਰਾ, ਜੈਪਾਲ ਸਿੰਘ (ਸਾਰੇ ਅਰਜੁਨ ਐਵਾਰਡੀ), ਕੁਲਦੀਪ ਸਿੰਘ ਭੁੱਲਰ, ਸੁੱਚਾ ਸਿੰਘ (ਦੋਵੇਂ ਧਿਆਨ ਚੰਦ ਐਵਾਰਡੀ), ਓਲੰਪੀਅਨ ਸੰਦੀਪ ਕੁਮਾਰ, ਕੁਸ਼ਤੀ ਕੋਚ ਪੀ ਆਰ ਸੋਂਧੀ, ਪੀ ਏ ਪੀ ਦੇ ਖੇਡ ਸਕੱਤਰ ਨਵਜੋਤ ਸਿੰਘ ਮਾਹਲ, ਕੌਮਾਂਤਰੀ ਖਿਡਾਰੀ ਅਜੈਬ ਸਿੰਘ, ਕੁਲਵਿੰਦਰ ਸਿੰਘ ਥਿਆੜਾ, ਸਰਵਣ ਸਿੰਘ, ਅਮਨਦੀਪ ਕੌਰ, ਰਾਜਵਿੰਦਰ ਕੌਰ, ਗੁਰਸ਼ਰਨਜੀਤ ਕੌਰ, ਰਣਦੀਪ ਕੌਰ, ਰਾਜਪਾਲ ਸਿੰਘ, ਸਾਬਕਾ ਆਈ ਪੀ ਐਸ ਅਮਰ ਸਿੰਘ ਚਹਿਲ ਤੇ ਯੁਰੇਂਦਰ ਸਿੰਘ ਹੇਅਰ ਆਦਿ ਹਾਜ਼ਰ ਸਨ।

## ਡੇਰਾਬੱਸੀ ਦੇ ਪਿੰਡਾਂ 'ਚ 9.73 ਕਰੋੜ ਨਾਲ ਬਣਾਏ ਜਾਣਗੇ ਮਾਡਲ ਖੇਡ ਮੈਦਾਨ : ਰੰਧਾਵਾ

**ਡੇਰਾਬੱਸੀ, (ਵਿਨੈ ਕੁਮਾਰ ਜੈਨ)**

ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਜਿਸ ਤਹਿਤ ਹਲਕਾ ਡੇਰਾਬੱਸੀ ਦੇ ਪਿੰਡਾਂ ਵਿੱਚ 9.73 ਕਰੋੜ ਦੀ ਰਾਸ਼ੀ ਨਾਲ ਮਾਡਲ ਖੇਡ ਮੈਦਾਨ ਬਣਾਏ ਜਾਣਗੇ। ਵਿਧਾਇਕ ਰੰਧਾਵਾ ਨੇ ਦੱਸਿਆ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਖ਼ਤਮ ਕਰਨ ਅਤੇ ਨੌਜਵਾਨਾਂ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਦੇ ਯਤਨਾਂ ਨੂੰ ਭਾਈਚਾਰੇ ਵੱਲੋਂ ਬਹੁਤ ਉਤਸ਼ਾਹ ਅਤੇ ਸਮਰਥਨ ਮਿਲਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਇਸ ਮੁਹਿੰਮ ਵਿੱਚ ਸਰਗਰਮੀ ਨਾਲ ਸ਼ਾਮਲ ਹੋਏ ਹਨ, ਜੋ ਕਿ ਸੂਬੇ ਦੇ ਸਮੁੱਚੇ ਵਿਕਾਸ ਲਈ ਇੱਕ ਸਿਹਤਮੰਦ ਅਤੇ ਨਸ਼ਾ ਮੁਕਤ ਸਮਾਜ ਦੀ ਮਹੱਤਤਾ ਨੂੰ ਪਛਾਣਦੇ ਹਨ। ਸਰਕਾਰ ਨੇ ਨਸ਼ਿਆਂ ਦੀ ਤਸਕਰੀ ਤੇ ਨਕੇਲ ਕੱਸਣ ਲਈ ਸਖ਼ਤ ਕਦਮ ਚੁੱਕੇ ਹਨ ਅਤੇ ਨਸ਼ੇ ਨਾਲ ਜੂਝ ਰਹੇ ਲੋਕਾਂ ਲਈ ਕਈ ਤਰ੍ਹਾਂ ਦੇ ਪੁਨਰਵਾਸ ਪ੍ਰੋਗਰਾਮ ਵੀ ਲਾਗੂ ਕੀਤੇ ਹਨ। ਵਿਧਾਇਕ ਰੰਧਾਵਾ ਨੇ ਦੱਸਿਆ ਕਿ ਜਿਸ ਤਹਿਤ ਪਿੰਡ ਅਮਲਾਲਾ ਵਿੱਚ 45.65 ਲੱਖ ਰੁਪਏ, ਡੰਗਡੇਹਰਾ ਵਿੱਚ 26.35ਲੱਖ ਰੁਪਏ, ਮਾਲਣ 38.70 ਲੱਖ ਰੁਪਏ, ਸਰਸੀਣੀ 56.14 ਲੱਖ ਰੁਪਏ, ਬੜਾਨਾ 18.61 ਲੱਖ ਰੁਪਏ, ਹਮਾਯੂੰਪੁਰ 62.70 ਲੱਖ ਰੁਪਏ, ਮੀਆਂਪੁਰ 32.58 ਲੱਖ ਰੁਪਏ, ਸੁੰਡਰਾ 28.28 ਲੱਖ ਰੁਪਏ, ਬਰੌਲੀ 52.28 ਲੱਖ ਰੁਪਏ, ਜੜੋਤ 61.95 ਲੱਖ ਰੁਪਏ, ਮੁਕੰਦਪੁਰ 44.47 ਲੱਖ ਰੁਪਏ, ਅੰਟਾਲਾ 71.59 ਲੱਖ ਰੁਪਏ, ਬਸੌਲੀ 33.17 ਲੱਖ ਰੁਪਏ, ਜੋਲਾ ਕਲਾਂ 40.11 ਲੱਖ ਰੁਪਏ, ਰਾਜੋਮਾਜਰਾ 31.11 ਲੱਖ ਰੁਪਏ, ਭਾਗਸੀ 36.81 ਲੱਖ ਰੁਪਏ, ਜਵਾਹਰਪੁਰ 45.41 ਲੱਖ ਰੁਪਏ, ਰਾਣੀਮਾਜਰਾ 21.83 ਲੱਖ ਰੁਪਏ, ਭਗਵਾਨਪੁਰ 8.74 ਲੱਖ ਰੁਪਏ, ਜਿਓਲੀ 37.91 ਲੱਖ ਰੁਪਏ, ਸਮਗੌਲੀ 30.36 ਲੱਖ ਰੁਪਏ, ਬੋਹੜਾ 38.87 ਲੱਖ ਰੁਪਏ, ਖੇਲਣ 20.02 ਲੱਖ ਰੁਪਏ ਅਤੇ ਸਾਰੰਗਪੁਰ ਵਿੱਚ 46.10 ਲੱਖ ਰੁਪਏ ਦੀ ਲਾਗਤ ਨਾਲ ਬਣਨਗੇ ਮਾਡਲ ਖੇਡ ਮੈਦਾਨ।

## ਡਿਪਟੀ ਕਮਿਸ਼ਨਰ ਨੇ ਸੁਤੰਤਰਤਾ ਦਿਵਸ ਦੀ ਤਿਆਰੀ ਲਈ ਅਧਿਕਾਰੀਆਂ ਨੂੰ ਸੌਂਪੀਆਂ ਜ਼ਿੰਮੇਵਾਰੀਆਂ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਵੱਲੋਂ ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ ਸਮਾਗਮ ਜੋ ਕਿ 15 ਅਗਸਤ ਮੌਕੇ ਸ਼ਹੀਦ ਮੇਜਰ ਹਰਮਿੰਦਰਪਾਲ ਸਿੰਘ ਸਰਕਾਰੀ ਕਾਲਜ ਦੀ ਗਰਾਊਂਡ ਵਿੱਚ ਮਨਾਇਆ ਜਾ ਰਿਹਾ ਹੈ, ਦੀ ਤਿਆਰੀ ਲਈ ਅੱਜ ਇੱਕ ਮੀਟਿੰਗ ਕਰਕੇ ਜ਼ਿਲ੍ਹਾ ਅਧਿਕਾਰੀਆਂ ਨੂੰ ਡਿਊਟੀਆਂ ਅਤੇ ਜ਼ਿੰਮੇਵਾਰੀਆਂ ਸੌਂਪੀਆਂ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਐੱਸ ਏ ਐੱਸ ਨਗਰ ਮੋਹਾਲੀ ਵਿਖੇ ਮੀਟਿੰਗ ਦੌਰਾਨ ਉਹਨਾਂ ਨੇ ਮਾਰਚ ਪਾਸਟ, ਆਉਣ ਵਾਲੇ ਮਹਿਮਾਨਾਂ ਦੇ ਵਾਹਨਾਂ ਦੀ ਪਾਰਕਿੰਗ, ਝਾਕੀਆਂ ਅਤੇ ਸੱਭਿਆਚਾਰਕ ਪ੍ਰੋਗਰਾਮ ਲਈ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ), ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਵਧੀਕ ਡਿਪਟੀ ਕਮਿਸ਼ਨਰ (ਜਨਰਲ), ਐਸ.ਡੀ.ਐਮ. ਮੋਹਾਲੀ ਅਤੇ ਜ਼ਿਲ੍ਹਾ ਪੁਲਸ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ।ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਰਿਹਰਸਲਾਂ ਅਤੇ ਪ੍ਰੋਗਰਾਮ ਵਾਲੇ ਦਿਨ ਲਈ ਮੈਡੀਕਲ ਟੀਮਾਂ ਸਮੇਤ ਮਹਿਲਾ ਡਾਕਟਰ ਤਾਇਨਾਤ ਕਰਨ ਲਈ ਕਿਹਾ। ਖੇਤਰੀ ਟਰਾਂਸਪੋਰਟ ਅਫਸਰ ਨੂੰ ਸਰਕਾਰੀ ਸਕੂਲਾਂ ਦੇ ਸੱਭਿਆਚਾਰਕ ਸਮਾਗਮ ਵਿੱਚ ਭਾਗ ਵਿਦਿਆਰਥੀਆਂ ਲਈ ਅਤੇ ਮੀਡੀਆ ਦੀ ਦਾਰਾ ਸਟੂਡੀਓ ਨੇੜਲੀ ਪਾਰਕਿੰਗ ਤੋਂ ਸਮਾਗਮ ਤੱਕ ਸੁਖ਼ਦ ਆਵਾਜਾਈ ਲਈ ਲੋੜੀਂਦੇ ਵਾਹਨਾਂ ਦਾ ਪ੍ਰਬੰਧ ਕਰਨ ਲਈ ਕਿਹਾ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੀਣ ਵਾਲੇ ਪਾਣੀ ਅਤੇ ਆਰਜ਼ੀ ਵਾਸ਼ ਰੂਮਾਂ ਦਾ ਪੁਖਤਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਰਿਹਰਸਲ ਅਤੇ ਪ੍ਰੋਗਰਾਮ ਦੌਰਾਨ ਕਿਸੇ ਨੂੰ ਕੋਈ ਦਿੱਕਤ ਨਾ ਆਵੇ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਫੁੱਲ ਡਰੈੱਸ ਰਿਹਰਸਲ 13 ਅਗਸਤ ਨੂੰ ਹੋਵੇਗੀ, ਜਦੋਂ ਕਿ ਸਟੇਡੀਅਮ ਵਿੱਚ ਸਮਾਗਮ ਤੋਂ ਪਹਿਲਾਂ ਦੀਆਂ ਤਿਆਰੀਆਂ ਦੀ ਡਰਿੱਲ/ਰਿਹਰਸਲ 11 ਅਤੇ 12 ਅਗਸਤ ਨੂੰ ਕੀਤੀ ਜਾਵੇਗੀ। ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਰਿਹਰਸਲ ਤੋਂ ਪਹਿਲਾਂ ਗਰਾਊਂਡ ਦੀ ਸਫ਼ਾਈ ਕਰਨ ਅਤੇ ਰਿਹਰਸਲ ਦੌਰਾਨ ਅਤੇ ਮੁੱਖ ਸਮਾਗਮ ਦੌਰਾਨ ਵਿਦਿਆਰਥੀਆਂ ਲਈ ਬੈਠਣ, ਪੀਣ ਵਾਲੇ ਪਾਣੀ ਅਤੇ ਮੈਡੀਕਲ ਟੀਮ ਦਾ ਪ੍ਰਬੰਧ ਕਰਨ ਲਈ ਵੀ ਕਿਹਾ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਮਾਗਮ ਦੌਰਾਨ ਵਿਸ਼ੇਸ਼ ਸੇਵਾਵਾਂ ਲਈ ਪ੍ਰਸੰਸਾ ਪੱਤਰ ਪ੍ਰਦਾਨ ਕਰਨ ਲਈ ਅਰਜ਼ੀਆਂ 8 ਅਗਸਤ ਤੱਕ ਜਮ੍ਹਾਂ ਕਰਵਾਈਆਂ ਜਾਣ, ਜਿਸ ਵਿੱਚ ਮਹੱਤਵਪੂਰਨ ਪ੍ਰਾਪਤੀਆਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ।ਉਨ੍ਹਾ ਕਿਹਾ ਕਿ ਅਜ਼ਾਦੀ ਘੁਲਾਟੀਆਂ ਨੂੰ ਸਮਾਗਮ ਵਿੱਚ ਉਚੇਚੇ ਤੌਰ 'ਤੇ ਸ਼ਿਰਕਤ ਲਈ ਬੁਲਾਇਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਬੈਠਣ ਲਈ ਢੁਕਵੇਂ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ।ਇਸ ਮੌਕੇ ਕਮਿਸ਼ਨਰ ਮੋਹਾਲੀ ਕਾਰਪੋਰੇਸ਼ਨ ਪਰਮਿੰਦਰ ਪਾਲ ਸਿੰਘ, ਐਮ.ਸੀ. ਮੋਹਾਲੀ, ਪਰਮਿੰਦਰਪਾਲ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਗੀਤਿਕਾ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਅਨਮੋਲ ਧਾਲੀਵਾਲ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸੋਨਮ ਚੌਧਰੀ, ਐਸ.ਡੀ.ਐਮ, ਮੋਹਾਲੀ ਦਮਨਦੀਪ ਕੌਰ, ਸਹਾਇਕ ਕਮਿਸ਼ਨਰ (ਜ) ਡਾ. ਅੰਕਿਤਾ ਕਾਂਸਲ ਅਤੇ ਹੋਰ ਵੱਖ- ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।



## ਰਾਣਾ ਕੇ ਪੀ ਸਿੰਘ ਨੇ ਨੰਗਲ ਤਹਿਸੀਲ ਦੇ ਲੋਕਾਂ ਨਾਲ ਕੀਤਾ ਦੁੱਖ ਸਾਂਝਾ

**ਭਲਾਣ (ਹਰਭਜਨ ਢਿੱਲੋਂ)**

ਪਿੰਡ ਬੇਲਾ ਧਿਆਨੀ ਲੋਅਰ ਦੇ ਵਸਨੀਕ ਭੁਪਿੰਦਰ ਸਿੰਘ ਪੁੱਤਰ ਸ੍ਰੀ ਭਜਨ ਸਿੰਘ ਦੇ ਬਾੜੇ ਨੂੰ ਅਚਾਨਕ ਅੱਗ ਲੱਗਣ ਕਾਰਨ ਦੋ ਮੱਝਾਂ, ਇੱਕ ਗਾਂ ਅਤੇ ਇੱਕ ਕੱਟੀ ਦੇ ਝੁਲਸ ਜਾਣ ਕਾਰਨ ਮਰ ਗਈਆਂ ਸਨ। ਇੱਕ ਮੱਝ ਕਾਫ਼ੀ ਸੜਨ ਕਾਰਨ ਇਲਾਜ ਅਧੀਨ ਹੈ। ਉਨ੍ਹਾਂ ਨਾਲ ਦੁੱਖ ਸਾਂਝਾ ਕਰਨ ਸਾਬਕਾ ਸਪੀਕਰ ਰਾਣਾ ਕੇ.ਪੀ ਸਿੰਘ ਉਨ੍ਹਾਂ ਦੇ ਗ੍ਰਿਹ ਪਹੁੰਚੇ ਅਤੇ ਉਨ੍ਹਾਂ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਜਿਲ੍ਹਾ ਪ੍ਰਸ਼ਾਸਨ ਨੂੰ ਵੀ ਚਾਹੀਦਾ ਹੈ ਕਿ ਪਰਿਵਾਰ ਦੀ ਮਾਲੀ ਸਹਾਇਤਾ ਕੀਤੀ ਜਾਵੇ। ਇਸ ਮੌਕੇ ਭੁਪਿੰਦਰ ਸਿੰਘ ਨੇ ਭਰੇ ਮਨ ਨਾਲ ਦੱਸਿਆ ਕਿ ਇਸ ਅੱਗ ਵਿਚ ਪਸ਼ੂਧੰਨ ਤੋਂ ਇਲਾਵਾ ਉਨਾਂ ਦਾ ਇੱਕ ਟਰੈਕਟਰ, ਕਈ ਕੁਇੰਟਲ ਤੂੜੀ ਅਤੇ ਸ਼ੈੱਡ ਵੀ ਪੂਰੀ ਤਰ੍ਹਾਂ ਸੜ ਗਏ ਹਨ। ਉਨ੍ਹਾਂ ਦਸਿਆ ਕਿ ਸਾਡਾ ਕਈ ਲੱਖ ਰੁਪਏ ਦਾ ਨੁਕਸਾਨ ਹੋ ਗਿਆ ਅਤੇ ਪਰਿਵਾਰ ਦਾ ਗੁਜਾਰਾ ਪਸ਼ੂਧਨ ਅਤੇ ਟਰੈਕਟਰ ਨਾਲ ਚੱਲਦਾ ਸੀ। ਜਿਸ ਕਾਰਨ ਉਹ ਭਾਰੀ ਪ੍ਰੇਸ਼ਾਨੀ ਵਿੱਚ ਹਨ। ਇਸ ਮੌਕੇ ਰਾਣਾ ਕੇ ਪੀ ਸਿੰਘ ਭਲਾਣ, ਪਲਾਸੀ, ਭੀਖਪੁਰ ਅਤੇ ਸੂਰੇਵਾਲ ਆਦਿ ਪਿੰਡਾਂ ਦੇ ਪਰਿਵਾਰਾਂ ਵਿੱਚ ਜਾ ਕੇ ਲੋਕਾਂ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਉਨ੍ਹਾਂ ਨਾਲ ਰਣਵੀਰ ਸਿੰਘ ਅਟਵਾਲ, ਪ੍ਰਧਾਨ ਰਾਜ ਕੁਮਾਰ, ਸਰਪੰਚ ਸੁਰੇਸ਼ ਕੁਮਾਰ, ਗੁਰਚਰਣ ਸਿੰਘ ਸੋਢੀ, ਕਮਲਜੀਤ ਭੱਲੜੀ, ਸੋਮ ਨਾਥ ਸਰਪੰਚ, ਸਰਬਣ ਸਿੰਘ ਭੱਠਲ, ਸੋਹਣ ਲਾਲ ਸਾਬਕਾ ਸਰਪੰਚ, ਬਲਵਿੰਦਰ ਸਿੰਘ ਬੇਲਾ, ਬਲਰਾਮ ਸਿੰਘ, ਜਸਵਿੰਦਰ ਸਿੰਘ ਬੇਲਾ, ਜਸਬੀਰ ਸਿੰਘ, ਗੁਰਨਾਮ ਸਿੰਘ, ਇਕਬਾਲ ਸਿੰਘ, ਜਗਜੀਤ ਸਿੰਘ ਜੱਗੀ, ਸੁਰੇਸ਼ ਕੁਮਾਰ ਰਿੰਕਾ, ਅਮਰੀਕ ਸਿੰਘ ਮੀਕਾ, ਡਾ. ਚਮਨ ਲਾਲ ਆਦਿ ਹਾਜ਼ਰ ਸਨ । ਇਨ੍ਹਾਂ ਪਰਿਵਾਰ ਦੀ ਮਾਲੀ ਮਦਦ ਕਰਨ ਲਈ ਜਿਲ੍ਹਾ ਪ੍ਰਸ਼ਾਸ਼ਨ ਨੂੰ ਅਪੀਲ ਕੀਤੀ।



## ਲੋਕ ਇਨਸਾਫ਼ ਮੰਚ ਵੱਲੋਂ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਧਰਨਾ ਜਾਰੀ

**ਫਿਲੌਰ (ਨਿਰਮਲ)**- ਲੋਕ ਇਨਸਾਫ਼ ਮੰਚ ਵਲੋਂ ਡੇਰਾ ਮਈਆ ਭਗਵਾਨ ਦੇ ਗੇਟ ਸਾਹਮਣੇ ਪੈਂਦੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਬੀ ਡੀ ਪੀ ਓ ਦਫਤਰ ਫਿਲੌਰ ਸਾਹਮਣੇ ਪੱਕਾ ਧਰਨਾ 22 ਵੇਂ ਦਿਨ ਵੀ ਜਾਰੀ ਰਿਹਾ। ਪੱਕੇ ਧਰਨੇ ਵਿੱਚ ਵੱਖ-ਵੱਖ ਪਿੰਡਾਂ ਦੇ ਲੋਕਾਂ ਵਲੋ ਵੱਡੀ ਸ਼ਮੂਲੀਅਤ ਕੀਤੀ ਗਈ।ਇਸ ਮੌਕੇ ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਜਲਦ ਮਸਲਾ ਹੱਲ ਨਾ ਕੀਤਾ ਗਿਆ ਤਾਂ ਲੋਕ ਇਨਸਾਫ਼ ਮੰਚ ਵੱਲੋ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈਕੇ 31 ਜੁਲਾਈ ਨੂੰ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਤੇ ਵੱਡੇ ਅੰਦੋਲਨ ਦਾ ਐਲਾਨ ਕੀਤਾ ਜਾਏਗਾ। ਆਗੂਆਂ ਨੇ ਕਿਹਾ ਕਿ ਜਲਦੀ ਹੀ ਬੀ ਡੀ ਪੀ ਓ ਫ਼ਿਲੌਰ ਦੇ ਘਰ ਸਾਹਮਣੇ ਰਾਤ ਦਾ ਜਗਰਾਤਾ ਕੀਤਾ ਜਾਵੇਗਾ। ਇਸ ਮੌਕੇ ਧਰਨੇ ਦੀ ਅਗਵਾਈ ਲੋਕ ਇਨਸਾਫ਼ ਮੰਚ ਦੇ ਪ੍ਰਧਾਨ ਜਰਨੈਲ ਫਿਲੌਰ ਨੇ ਕੀਤੀ। ਇਸ ਮੌਕੇ ਲੋਕ ਇਨਸਾਫ਼ ਮੰਚ ਦੇ ਆਗੂਆਂ ਜਰਨੈਲ ਫਿਲੌਰ, ਪ੍ਰਸ਼ੋਤਮ ਫਿਲੌਰ, ਮਾਸਟਰ ਹੰਸ ਰਾਜ, ਡਾਕਟਰ ਸੰਦੀਪ ਕੁਮਾਰ, ਅਮਰਜੀਤ ਲਾਡੀ ਮਹਿਸਮਪੁਰ, ਰਾਜਵਿੰਦਰ ਸਿੰਘ ਮੁਠੱਡਾ ਕਲਾਂ, ਅਸ਼ੋਕ ਕੁਮਾਰ, ਹਨੀ ਸੰਤੋਖਪੁਰਾ, ਰਾਮਜੀ ਦਾਸ ਗੰਨਾ ਪਿੰਡ, ਸੋਮ ਨਾਥ ਸ਼ੇਖੂਪੁਰ, ਮੁਠੱਡਾ, ਰਵੀ ਦਲੇਰ, ਸਰਬਜੀਤ ਸਾਬਕਾ ਸਰਪੰਚ ਰਾਮਗੜ੍ਹ, ਸੁਨੀਲ ਗੰਨਾ ਪਿੰਡ ਆਦਿ ਨੇ ਕਿਹਾ ਕਿ ਜਦੋਂ ਤੱਕ ਮਸਲਾ ਹੱਲ ਨਹੀਂ ਹੁੰਦਾਂ ਇਹ ਧਰਨਾ ਪੱਕੇ ਤੌਰ ਤੇ ਚਲਦਾ ਰਹੇਗਾ। ਇਸ ਮੌਕੇ ਸੰਦੀਪ ਕੌਰ ਸਰਪੰਚ ਰਾਮਗੜ੍ਹ, ਰਾਮ ਮੂਰਤੀ ਮੰਡ, ਜਸਵੀਰ ਸੰਧੂ, ਮੂਰਤੀ ਰਾਮਗੜ੍ਹ, ਸੋਢੀ ਕਤਪਾਲੋਂ, ਰਾਜ ਕੁਮਾਰ ਰਾਮਗੜ੍ਹ, ਜੱਸੀ ਫਿਲੌਰ, ਵਿਜੇ ਬੰਗ਼ਰ, ਗੁਰਬਚਨ ਰਾਮ ਠਾਕਰ ਕਲੋਨੀ, ਸੁਰਿੰਦਰ ਮਾਹਲਾ, ਦਵਿੰਦਰ ਰਾਮਗੜ੍ਹ, ਕਸ਼ਮੀਰੀ ਲਾਲ ਰਵਿਦਾਸਪੁਰਾ, ਤਰਸੇਮ ਲਾਲ ਸੰਤ ਨਗਰ, ਗਗਨ ਕੁਮਾਰ, ਵਿਸ਼ਾਲ ਅਲੋਵਾਲ, ਹੈਰੀ ਡੇਰਾ ਮਈਆ ਭਗਵਾਨ, ਸ਼ਿੰਦਰ ਪਾਲ ਡੇਰਾ ਮਈਆ ਭਗਵਾਨ, ਸੌਰਵ ਡੇਰਾ ਮਈਆ ਭਗਵਾਨ, ਪਵਨ ਕੁਮਾਰ ਡੇਰਾ ਮਈਆ ਭਗਵਾਨ, ਜਸਪ੍ਰੀਤ, ਬਲਜਿੰਦਰ ਕੁਮਾਰ, ਬਿੰਦਰ ਪਵਾਰ ਹਰੀਪੁਰ ਬਲਜਿੰਦਰ ਸਿੰਘ, ਕੁਲਦੀਪ ਗੜਾ ਰੋਡ ਫਿਲੌਰ, ਮਨਦੀਪ ਫਿਲੌਰ, ਸੁਰਜਨ ਦਾਸ ਅਪਰਾ, ਰਘਵੀਰ ਸਿੰਘ, ਗੋਬਿੰਦ ਰਾਮ, ਮੂਰਤੀ ਰਾਮਗੜ੍ਹ, ਵਿੰਦਰ ਫ਼ਿਲੌਰ, ਸਰੂਪ ਕਲੇਰ, ਯਸ਼ਪਾਲ ਰਵਿਦਾਸਪੁਰਾ, ਅਜੇ ਹਮਸਰ, ਮੱਘਰ ਜਗਤਪੁਰ, ਸਾਬੀ ਜਗਤਪੁਰ, ਦੀਪਕ ਰਵਿਦਾਸ ਪੁਰਾ, ਪਰਮਜੀਤ, ਅਰਸ਼ਦੀਪ ਗੁਰੂ, ਰਾਣਾ ਰਵਿਦਾਸ ਪੁਰਾ, ਸੰਦੀਪ ਕੁਮਾਰ ਫਿਲੌਰ, ਬਿੰਦਰ ਫਿਲੌਰ, ਮੂਰਤੀ ਰਾਮਗੜ੍ਹ, ਮਨਦੀਪ ਬੰਗਾ, ਕਰਣ ਬੰਗਾ, ਰਾਜ ਕੁਮਾਰ ਰਵਿਦਾਸ ਪੁਰਾ, ਕਮਲ ਮਾਓ ਸਾਹਿਬ, ਹੈਪੀ ਮਾਓ ਸਾਹਿਬ, ਚੰਦਰ ਪ੍ਰਕਾਸ਼, ਲੇਖ ਰਾਜ ਬ੍ਰਹਮਪੁਰੀ, ਤਿਲਕ ਰਾਜ, ਰਵਿੰਦਰ ਸੰਤੋਖਪੁਰਾ, ਲਖਵਿੰਦਰ ਸਿੰਘ, ਵਿਸ਼ਾਖਾ ਸਿੰਘ, ਸੁਨੀਤਾ ਫ਼ਿਲੌਰ, ਹੰਸ ਕੌਰ, ਸੁਰਜੀਤ ਕੌਰ, ਕਮਲਜੀਤ ਕੌਰ, ਜੋਤੀ, ਰੇਸ਼ਮੋ, ਦੀਪਾਂ, ਸੰਜਨਾ, ਪਰਵੀਨ ਕੁਮਾਰੀ, ਸਹਿਜਜੀਤ ਕੌਰ, ਕਮਾਲਜੀਤ ਬੰਗਰ, ਰਵੀਨਾ ਚੁੰਬਰ ਰਾਮਗੜ੍ਹ, ਗੇਜੋ ਮੁਠੱਡਾ, ਮਮਤਾ ਰਾਣੀ, ਰਾਜਿੰਦਰ ਕੌਰ ਸੰਤੋਖਪੁਰਾ, ਗੁਲਸ਼ਨ ਕੁਮਾਰ ਲੁਧਿਆਣਾ, ਬੌਬੀ ਪਾਲ, ਕਮਲਜੀਤ ਕੌਰ, ਕਾਜਲ, ਬੀਬੀ ਕੁਸ਼ਲਿਆ, ਸੋਮਾ ਰਾਣੀ, ਸੀਮਾ ਰਾਮਗੜ੍ਹ, ਸੁਰਿੰਦਰ ਕੌਰ ਰਾਮਗੜ੍ਹ, ਸਿਮਰੋ ਰਾਮਗੜ੍ਹ, ਪਾਲੋ ਰਾਮਗੜ੍ਹ, ਬਖ਼ਸ਼ੋ ਰਾਮਗੜ੍ਹ, ਹਰਬੰਸ ਕੌਰ ਰਾਮਗੜ੍ਹ, ਮਹਿੰਦਰ ਕੌਰ ਰਾਮਗੜ੍ਹ, ਪਿਆਰੀ ਰਾਮਗੜ੍ਹ, ਕਮਲ, ਬਲਜੀਤ ਕੌਰ, ਸੰਗੀਤਾ, ਕਾਜਲ, ਸੁਰਿੰਦਰ ਕੌਰ, ਮੀਤੋ, ਬਲਵੀਰ ਕੌਰ, ਸਤਿਆ ਦੇਵੀ, ਬਿੰਦਰ ਕੌਰ, ਦੀਸ਼ੋ ਜਗਤਪੁਰਾ, ਗੁਰਮੀਤ ਕੌਰ ਜਗਤਪੁਰਾ, ਚਰਨਜੀਤ ਜਗਤਪੁਰਾ,ਕਾਂਤਾ ਦੇਵੀ, ਸ਼ਕੁੰਤਲਾ, ਕਮਲਜੀਤ ਕੌਰ, ਕਾਜਲ ਫ਼ਿਲੌਰ, ਦੀਪਾ ਫ਼ਿਲੌਰ,ਅਤੇ ਸੁਰਿੰਦਰ ਕੌਰ ਆਦਿ ਹਾਜ਼ਰ ਸਨ।



## ਡਿਪਟੀ ਕਮਿਸ਼ਨਰ ਵੱਲੋਂ ਅਧਿਕਾਰੀਆਂ ਨੂੰ ਨਸ਼ਾ ਛੁਡਾਊ ਸੈਂਟਰਾਂ ਦਾ ਹਫ਼ਤਾਵਾਰੀ ਦੌਰਾ ਕਰਨ ਦੀਆਂ ਹਦਾਇਤਾਂ

**ਜਲੰਧਰ (ਸ਼ੈਲੀ ਐਲਬਰਟ)**- ਨਸ਼ਿਆਂ ਦੀ ਲਾਹਨਤ ਨੂੰ ਖ਼ਤਮ ਕਰਨ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹਰ ਵੀਰਵਾਰ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰਾਂ ਦਾ ਦੌਰਾ ਕੀਤਾ ਜਾਵੇ ਤਾਂ ਜੋ ਇਲਾਜ ਅਧੀਨ ਮਰੀਜ਼ਾਂ ਨਾਲ ਗੱਲਬਾਤ ਕਰਕੇ ਉਹਨਾਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕੀਤਾ ਜਾ ਸਕੇ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਨਾਰਕੋ ਕੋਆਰਡੀਨੇਸ਼ਨ ਸੈਂਟਰ (ਨਾਰਕੋ) ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਅਗਰਵਾਲ ਨੇ ਖੇਤੀਬਾੜੀ, ਬਾਗਬਾਨੀ, ਹੁਨਰ ਵਿਕਾਸ, ਡੇਅਰੀ ਵਿਕਸ ਅਤੇ ਰੋਜ਼ਗਾਰ ਉੱਤਪਤੀ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਨਿਯਮਤ ਤੌਰ 'ਤੇ ਨਸ਼ਿਆਂ 'ਤੇ ਨਿਰਭਰ ਲੋਕਾਂ ਨਾਲ ਰਾਬਤਾ ਕਾਇਮ ਕਰਦਿਆਂ ਉਹਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਮੁੜ ਸ਼ਾਮਲ ਕਰਨ ਲਈ ਪ੍ਰੇਰਿਤ ਤੇ ਜਾਗਰੂਕ ਕਰਦਿਆਂ ਸਮਾਜ ਵਿੱਚ ਮਾਨ-ਸਨਮਾਨ ਨਾਲ ਜੀਵਨ ਨਿਰਬਾਹ ਲਈ ਰੋਜ਼ਗਾਰ ਦੇ ਵੱਖ-ਵੱਖ ਮੌਕਿਆਂ ਤੋਂ ਜਾਣੂੰ ਕਰਵਾਇਆ ਜਾਵੇ।ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਹੋਰ ਮਜ਼ਬੂਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਵਿਭਾਗਾਂ ਨੂੰ ਕਿਹਾ ਕਿ ਨਸ਼ਿਆਂ ਦੀਆਂ ਹਾਟਸਪਾਟ ਥਾਵਾਂ ਲਈ ਵਿਕਾਸ ਸਕੀਮਾਂ ਦਾ ਖਾਕਾ ਤਿਆਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹਨਾਂ ਖੇਤਰਾਂ ਨੂੰ ਮਾਡਲ ਥਾਵਾਂ ਵਿੱਚ ਜਿਵੇਂ ਕਿ ਖੇਡ ਮੈਦਾਨਾਂ, ਸਿਹਤ ਸੈਂਟਰਾਂ, ਜਿੰਮਾਂ, ਪਾਰਕਾਂ, ਰੋਜ਼ਗਾਰ ਪ੍ਰੋਗਰਾਮ ਅਤੇ ਤੰਦਰੁਸਤ ਗਤੀਵਿਧੀਆਂ ਰਾਹੀਂ ਮਾਡਲ ਖੇਤਰਾਂ ਵਿੱਚ ਬਦਲਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਬੁਨਿਆਦੀ ਸੁਧਾਰ ਵੱਡੀ ਤਬਦੀਲੀ ਲਿਆਉਣਗੇ। ਉਨ੍ਹਾਂ ਵਲੋਂ ਸੰਵੇਦਨਸ਼ੀਲ ਖੇਤਰਾਂ ਵਿੱਚ ਪੁਲਸ ਵਿਭਾਗ ਵਲੋਂ ਨਸ਼ਿਆਂ ਦੀ ਸਪਲਾਈ ਲਾਈਨ ਨੂੰ ਤੋੜਨ ਲਈ ਕੀਤੇ ਜਾ ਰਹੇ ਯਤਨਾਂ ਦੀ ਵੀ ਸ਼ਲਾਘਾ ਕੀਤੀ ਗਈ।ਡਾ. ਅਗਰਵਾਲ ਨੇ ਸਿਹਤ ਵਿਭਾਗ ਨੂੰ ਦਵਾਈਆਂ ਦੀ ਨਸ਼ਿਆਂ ਵਜੋਂ ਵਰਤੋਂ ਨੂੰ ਰੋਕਣ ਦੇ ਵੀ ਸ਼ਖਤ ਨਿਰਦੇਸ਼ ਦਿੰਦਿਆਂ ਕਿਹਾ ਕਿ ਇਹਨਾਂ ਦੀ ਵਰਤੋਂ ਨੂੰ ਸਿੰਥੈਟਿਕ ਨਸ਼ਿਆਂ ਦੇ ਬਰਾਬਰ ਸਮਝਿਆ ਜਾਵੇ। ਉਨ੍ਹਾਂ ਕਿਹਾ ਕਿ ਕੋਈ ਵੀ ਨਾਗਰਿਕ ਨਸ਼ਿਆਂ ਸਬੰਧੀ ਜਾਣਕਾਰੀ ਵਟਸਐਪ ਨੰਬਰ 9779-100-200 'ਤੇ ਸਾਂਝੀ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਮੁੜ ਵਸੇਬਾ ਸੈਂਟਰ ਸ਼ੇਖੇ ਅਤੇ ਵੱਖ-ਵੱਖ ਕਲੀਨਿਕਾਂ ਤੋਂ ਇਲਾਵਾ ਸਿਵਲ ਹਸਪਤਾਲ ਜਲੰਧਰ ਅਤੇ ਨੂਰਮਹਿਲ ਵਿਖੇ 2 ਨਸ਼ਾ ਛੁਡਾਊ ਸੈਂਟਰ ਚੱਲ ਰਹੇ ਹਨ। ਡਿਪਟੀ ਕਮਿਸ਼ਨਰ ਵਲੋਂ ਜ਼ਿਲ੍ਹਾ ਵਾਸੀਆ ਨੂੰ ਜ਼ਿਲ੍ਹਾ ਨਸ਼ਾ ਛੁਡਾਊ ਹੈਲਪਲਾਈਨ ਨੰਬਰ 0181-2911969 ਦੀ ਵੀ ਨਸ਼ਿਆਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਸਲਾਹ-ਮਸ਼ਵਰਾ ਕਰਨ ਅਤੇ ਸਹਾਇਤਾ ਲੈਣ ਲਈ ਵੱਧ ਤੋਂ ਵੱਧ ਵਰਤੋਂ ਕਰਨ ਦਾ ਸੱਦਾ ਦਿੱਤਾ।




## ਹਰਿਆਲੀ ਤੀਜ ਦਾ ਤਿਉਹਾਰ ਉਤਸ਼ਾਹ ਤੇ ਖ਼ੁਸ਼ੀ ਨਾਲ ਮਨਾਇਆ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਹੁਸ਼ਿਆਰਪੁਰ ਐਨਕਲੇਵ ਦੀਆਂ ਮਹਿਲਾਵਾਂ ਵੱਲੋਂ ਰਵਾਇਤੀ ਤਿਉਹਾਰ ਹਰਿਆਲੀ ਤੀਜ ਨੂੰ ਵੱਡੇ ਉਤਸ਼ਾਹ, ਉਮੀਦਾਂ ਅਤੇ ਰੰਗ-ਬਿਰੰਗੇ ਪਰੰਪਰਾਗਤ ਲਿਬਾਸਾਂ 'ਚ ਮਨਾਇਆ ਗਿਆ। ਇਸ ਮੌਕੇ ਔਰਤਾਂ ਨੇ ਝੂਲੇ ਝੂਲੇ, ਲੋਕ ਗੀਤ ਗਾਏ ਅਤੇ ਰਵਾਇਤੀ ਨਾਚ ਰਾਹੀਂ ਤਿਉਹਾਰ ਦੀ ਖੁਸ਼ੀ ਮਨਾਈ। ਸਮਾਗਮ ਦੀ ਪ੍ਰਧਾਨਗੀ ਹਰਵਿੰਦਰ ਖੱਖ ਨੇ ਕੀਤੀ, ਜਦਕਿ ਮੁੱਖ ਮਹਿਮਾਨ ਵਜੋਂ ਆਮ ਆਦਮੀ ਪਾਰਟੀ ਦੀ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਪਲੈਨਿੰਗ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਸ਼ਿਰਕਤ ਕੀਤੀ। ਉਨ੍ਹਾਂ ਨੇ ਔਰਤਾਂ ਨੂੰ ਤੀਜ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਅੱਜ ਦੀ ਮਹਿਲਾ ਹਰ ਖੇਤਰ ਵਿੱਚ ਅੱਗੇ ਵੱਧ ਰਹੀ ਹੈ। ਇਸ ਸਮਾਗਮ ਵਿੱਚ ਗੁਰਨੂਰ ਖੱਖ, ਗੁਰਿੰਦਰ ਧਨੋਆ, ਜਸਕਰਨ ਕਲਕਟ, ਜਯੋਤੀ ਪੁਰੀ, ਹਰਪਿੰਦਰ ਕੌਰ, ਨਿਸ਼ਾ ਬੰਸਲ, ਸੁਨੀਲਾ ਬੰਸਲ, ਸਤਵਿੰਦਰ ਕੌਰ, ਪ੍ਰਵੀਨ ਗੁਲਿਆਨੀ, ਰਜਵਿੰਦਰ ਕੌਰ, ਮੋਨਾ ਅਤੇ ਜਸਵਿੰਦਰ ਆਦਿ ਮਹਿਲਾਵਾਂ ਨੇ ਭਾਗ ਲਿਆ। ਮਹਿਲਾਵਾਂ ਨੇ ਮਹਿੰਦੀ, ਚੂੜੀਆਂ ਅਤੇ ਰਵਾਇਤੀ ਸ਼ਿੰਗਾਰ ਰਾਹੀਂ ਆਪਣੀ ਖੂਬਸੂਰਤੀ ਨੂੰ ਨਿਖਾਰਿਆ।ਇਸ ਮੌਕੇ ਤਿਉਹਾਰ ਦੀਆਂ ਗੀਤਾਂ ਨਿਭਾਈਆਂ ਗਈਆਂ, ਸਮਾਗਮ ਦੌਰਾਨ ਸੱਭਿਆਚਾਰਕ ਪ੍ਰਸਤੁਤੀਆਂ ਦੇ ਨਾਲ-ਨਾਲ ਔਰਤਾਂ ਦੇ ਅਧਿਕਾਰਾਂ, ਸਿੱਖਿਆ ਅਤੇ ਆਤਮਨਿਰਭਰਤਾ ਬਾਰੇ ਵੀ ਗੰਭੀਰ ਵਿਚਾਰ-ਵਟਾਂਦਰਾ ਹੋਈ।ਸਮਾਗਮ ਦਾ ਸਮਾਪਨ ਸਭ ਮਹਿਲਾਵਾਂ ਨੂੰ ਯਾਦਗਾਰ ਚਿੰਨ੍ਹ ਦੇਣ ਅਤੇ ਸਾਂਝੇ ਭੋਜਨ ਨਾਲ ਕੀਤਾ ਗਿਆ।

## ਅਧਿਆਪਕ ਬਦਲੀਆਂ ਨੂੰ ਤਰਸ ਰਹੇ, ਵਿਭਾਗ ਸੁੱਤਾ ਕੁੰਭਕਰਨੀ ਨੀਂਦ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵਲੋਂ ਜਿੱਥੇ ਰੋਜ ਇਹ ਰਾਗ ਅਲਾਪਿਆ ਜਾਂਦਾ ਹੈ ਕਿ ਅਧਿਆਪਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਨਿਯੁਕਤ ਕੀਤਾ ਜਾਵੇਗਾ ਤਾਂ ਜੋ ਉਹ ਵਿਦਿਆਰਥੀਆਂ ਨੂੰ ਵਧੀਆ ਢੰਗ ਨਾਲ ਪੜ੍ਹਾਈ ਕਰਵਾ ਸਕਣ। ਇੱਥੇ ਹੀ ਬੱਸ ਨਹੀਂ ਸਿੱਖਿਆ ਮੰਤਰੀ, ਪੰਜਾਬ ਹਰਜੋਤ ਸਿੰਘ ਬੈਂਸ ਵਲੋਂ ਲਗਾਤਾਰ ਇਹ ਬਿਆਨ ਦਿੱਤੇ ਜਾਂਦੇ ਹਨ ਕਿ ਵਿਸ਼ੇਸ਼ ਵਰਗ ਦੇ ਅਧਿਆਪਕਾਂ ਨੂੰ ਹਰ ਮਹੀਨੇ ਬਦਲੀ ਕਰਵਾਉਣ ਦਾ ਮੌਕਾ ਦਿੱਤਾ ਜਾਵੇਗਾ। ਇਸ ਸਭ ਦੇ ਉਲਟ ਸਿੱਖਿਆ ਵਿਭਾਗ ਨੇ ਜਿੱਥੇ ਵਿਸ਼ੇਸ਼ ਵਰਗ ਦੇ ਅਧਿਆਪਕਾਂ ਨੂੰ ਇਸ ਸਾਲ ਦੇ ਸ਼ੁਰੂ 'ਚ ਤੇ ਬਾਕੀ ਅਧਿਆਪਕਾਂ ਨੂੰ ਜੂਨ ਤੋਂ ਜੁਲਾਈ ਦੇ ਪਹਿਲੇ ਹਫਤੇ 'ਚ ਬਦਲੀ ਕਰਵਾਉਣ ਲਈ ਡਾਟਾ ਲਿਆ ਗਿਆ ਸੀ, ਉਨ੍ਹਾਂ ਨੂੰ ਜੁਲਾਈ ਮਹੀਨੇ ਦੇ ਖ਼ਾਤਮੇ ਦੇ ਬਾਵਜੂਦ ਅਜੇ ਤੱਕ ਸਟੇਸ਼ਨ ਚੁਆਇਸ ਨਹੀਂ ਕਰਵਾਈ ਗਈ। ਜੋ ਸਰਕਾਰ ਤੇ ਸਿੱਖਿਆ ਮੰਤਰੀ, ਪੰਜਾਬ ਦੇ ਬਿਆਨਾਂ ਦੀ ਜਮੀਨੀ ਹਕੀਕਤ ਨੂੰ ਬਿਆਨ ਕਰਦੀ ਹੈ। ਜੀ ਟੀ ਯੂ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ, ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ, ਸੀਨੀਅਰ ਮੀਤ ਪ੍ਰਧਾਨ ਅਮਰ ਸਿੰਘ ਅਤੇ ਪ੍ਰਿਤਪਾਲ ਸਿੰਘ ਚੌਟਾਲਾ ਨੇ ਕਿਹਾ ਕਿ ਵਿਭਾਗ ਦਿਨ ਵਿਚ ਤਿੰਨ-ਚਾਰ ਗੂਗਲ ਫਾਰਮ ਪੰਜਾਬ ਦੇ ਸਮੂਹ ਅਧਿਆਪਕਾਂ ਤੋਂ ਵੱਖੋ-ਵੱਖ ਸੂਚਨਾਵਾਂ ਦੇ ਨਾਂਅ ਹੇਠ ਭਰਵਾਉਂਦਾ ਹੈ ਤੇ ਦੇਰੀ ਹੋਣ 'ਤੇ ਅਧਿਆਪਕ ਨੂੰ ਕਈ ਢੰਗਾਂ ਨਾਲ਼ ਪ੍ਰੇਸ਼ਾਨ ਕਰਨ 'ਚ ਅਫਸਰਸ਼ਾਹੀ ਕੋਈ ਕਸਰ ਨਹੀਂ ਛੱਡਦੀ। ਪਰ ਬਦਲੀਆਂ ਦੇ ਮੌਜੂਦਾ ਅਧੂਰੇ ਪ੍ਰੋਸੈਸ ਤੇ ਇਹੀ ਅਫਸਰਸ਼ਾਹੀ ਆਪਣੇ ਕੰਮਾਂ ਪ੍ਰਤੀ ਕਿੰਨੀ ਕੁ ਸੰਜੀਦਾ ਹੈ, ਇਹ ਬਦਲੀਆਂ ਦੇ ਅਧੂਰੇ ਪ੍ਰੋਸੈਸ ਤੋਂ ਪਤਾ ਲੱਗਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਬਦਲੀਆਂ ਲਈ ਜੁਲਾਈ 15 ਤੋਂ ਅਗਸਤ 15 ਤੱਕ ਦੀ ਤਰੀਕ ਤੈਅ ਕੀਤੀ ਹੈ, ਪਰ ਸਿੱਖਿਆ ਵਿਭਾਗ ਕੁੰਭਕਰਨੀ ਨੀਂਦ ਸੁੱਤਾ ਹੋਇਆ ਹੈ। ਉਨ੍ਹਾਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਇਸ ਮਸਲੇ 'ਤੇ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ ਅਤੇ ਪ੍ਰੋਸੈਸ ਨੂੰ ਜਲਦ ਨੇਪਰੇ ਚਾੜ੍ਹਨ ਦੀ ਮੰਗ ਕੀਤੀ। ਇਸ ਮੌਕੇ ਅਧਿਆਪਕ ਆਗੂ ਲੈਕਚਰਾਰ ਉਪਿੰਦਰ ਸਿੰਘ, ਵਿਕਾਸ ਸ਼ਰਮਾ, ਸੰਜੀਵ ਧੂਤ, ਪ੍ਰਿੰਸ ਗੜ੍ਹਦੀਵਾਲਾ, ਰਜਤ ਮਹਾਜਨ, ਲੈਕਚਰਾਰ ਹਰਵਿੰਦਰ ਸਿੰਘ, ਸ਼ਾਮ ਸੁੰਦਰ ਕਪੂਰ, ਕਮਲਦੀਪ ਸਿੰਘ, ਅਨੁਪਮ ਰਤਨ, ਹੈੱਡ-ਮਾਸਟਰ ਸੰਦੀਪ ਬਡੇਸਰੋਂ, ਹੈੱਡ-ਮਾਸਟਰ ਨਸੀਬ ਸਿੰਘ, ਅਸ਼ੋਕ ਕੁਮਾਰ, ਨਰੇਸ਼ ਕੁਮਾਰ ਮਿੱਢਾ, ਚਮਨ ਲਾਲ, ਅਮਰਜੀਤ ਸਿੰਘ,ਪਰਸ ਰਾਮ, ਬਲਵਿੰਦਰ ਸਿੰਘ, ਰਾਜੇਸ਼ ਅਰੋੜਾ, ਮੈਡਮ ਪਰਮਜੀਤ ਕੌਰ ਸੂਸ, ਜਸਪ੍ਰੀਤ ਕੌਰ, ਬਲਜੀਤ ਕੌਸਲ, ਜਸਵੰਤ ਮੁਕੇਰੀਆਂ, ਮਨਜੀਤ ਸਿੰਘ, ਅਰਵਿੰਦ ਨਿਮਾਣਾ, ਸਤੀਸ਼ ਕੁਮਾਰ, ਪਰਮਜੀਤ ਸਿੰਘ, ਸੁਸ਼ੀਲ ਕੁਮਾਰ, ਅਵਤਾਰ ਸਿੰਘ, ਲੈਕਚਰਾਰ ਨਰੇਸ਼ ਗੜ੍ਹਸ਼ੰਕਰ ਸਮੇਤ ਵੱਡੀ ਗਿਣਤੀ 'ਚ ਅਧਿਆਪਕ ਹਾਜਰ ਸਨ।





## ਜਦੋਂ ਮਿੱਤਰਾਂ ਨੇ ਸਕੂਟਰੀ 'ਚ ਤੇਲ ਖਤਮ ਹੋਣ ਦਾ ਬਹਾਨਾ ਲਾ ਫੋਨ 'ਤੇ ਸੱਦਿਆ ਤੇ ਕੀਤੀ ਕੁੱਟਮਾਰ

**ਮਾਹਿਲਪੁਰ (ਸਫਰੀ)**- ਬਾਪੂ ਗੰਗਾ ਦਾਸ ਦੇ ਮੇਲੇ 'ਤੇ ਸੇਵਾ ਕਰਨ ਆਏ ਬਘੌਰਾ ਦੇ ਨੌਜਵਾਨ ਨੂੰ ਸੁਭਾਨਪੁਰ 'ਚ ਨੌਜਵਾਨ ਨੇ ਫੋਨ 'ਤੇ ਸਕੂਟਰੀ ਵਿੱਚ ਪੈਟਰੋਲ ਖਤਮ ਹੋਣ ਦਾ ਬਹਾਨਾ ਲਾ ਕੇ ਬੁਲਾਇਆ ਤੇ ਉੱਥੇ ਗਏ ਦੀ ਛਿੱਤਰ ਪਰੇਡ ਕੀਤੀ। ਥਾਣਾ ਮਾਹਿਲਪੁਰ ਦੀ ਪੁਲਸ ਮਾਮਲੇ ਦੀ ਪੜਤਾਲ ਕਰ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗਗਨਦੀਪ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਪਿੰਡ ਦਾਦੂਵਾਲ ਨੇ ਜ਼ੇਰੇ ਇਲਾਜ ਅਧੀਨ ਸਿਵਲ ਹਸਪਤਾਲ ਮਾਹਿਲਪੁਰ ਵਿਖੇ ਦੱਸਿਆ ਕਿ ਉਹ ਬਾਪੂ ਗੰਗਾ ਦਾਸ ਡੇਰਾ ਮਾਹਿਲਪੁਰ ਦੇ ਮੇਲੇ 'ਤੇ ਆਏ ਹੋਏ ਸਨ । ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਪਿੰਡ ਸੁਭਾਨਪੁਰ ਤੋਂ ਸਾਹਿਲ ਦੇ ਜੀਜੇ ਦਾ ਫੋਨ ਆਇਆ ਕਿ ਉਸ ਦੀ ਸਕੂਟਰੀ ਦਾ ਤੇਲ ਖਤਮ ਹੋ ਗਿਆ ਹੈ ।ਤੁਸੀਂ ਸਾਨੂੰ ਇੱਥੋਂ ਆ ਕੇ ਲੈ ਜਾਓ। ਉਨ੍ਹਾਂ ਦੱਸਿਆ ਮੇਰੇ ਨਾਲ ਸੇਵਾ ਕਰ ਰਹੇ ਸਾਹਿਲ ਪਿੰਡ ਬਘੌਰਾ ਅਤੇ ਅਜੇ ਕੁਮਾਰ ਪੁੱਤਰ ਗੁਰਬਚਨਾ ਰਾਮ ਪਿੰਡ ਦਾਦੂਵਾਲ ਅਸੀਂ ਤਿੰਨੇ ਜਾਣੇ ਪਿੰਡ ਬਘੌਰਾ ਸਾਹਿਲ ਦੇ ਪਿੰਡ ਤੋਂ ਇਕ ਹੋਰ ਮੋਟਰਸਾਈਕਲ ਲੈ ਕੇ ਪਿੰਡ ਸੁਭਾਨਪੁਰ ਪਹੁੰਚ ਗਏ। ਗਗਨਦੀਪ ਸਿੰਘ ਨੇ ਦੱਸਿਆ ਕਿ ਜਦੋਂ ਅਸੀਂ ਪਿੰਡ ਸੁਭਾਨਪੁਰ ਦੇ ਬਾਹਰਵਾਰ ਪਹੁੰਚੇ ਤਾਂ ਉੱਥੇ ਪਹਿਲਾਂ ਤੋਂ ਹੀ ਮੌਜੂਦ ਸਾਹਿਲ ਦਾ ਜੀਜਾ, ਗੋਗੀ ਅਤੇ ਪੰਜ ਅਣਪਛਾਤੇ ਜਿਨ੍ਹਾਂ ਵਿੱਚ ਸਾਹਿਲ ਵੀ ਸ਼ਾਮਲ ਹੋ ਗਿਆ, ਇਨ੍ਹਾਂ ਸਾਰੇ ਵਿਆਕਤੀਆਂ ਨੇ ਮੈਨੂੰ ਧੋਖੇ ਨਾਲ ਬੁਲਾ ਕਿ ਮੇਰੇ ਉੱਤੇ ਬੇਸਵਾਲਾਂ ਨਾਲ ਹਮਲਾ ਕਰ ਦਿੱਤਾ। ਸਾਡੇ ਨਾਲ ਗਏ ਸਾਥੀ ਅਜੇ ਕੁਮਾਰ ਨੇ ਮੈਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਪਰ ਉਹਨਾਂ ਨੇ ਉਸ ਨੂੰ ਵੀ ਨਹੀਂ ਬਖਸ਼ਿਆ। ਪੀੜਤ ਨੇ ਦੱਸਿਆ ਜਦੋਂ ਸਿਰ ਵਿੱਚ ਗੰਭੀਰ ਸੱਟਾਂ ਲੱਗਣ ਨਾਲ ਮੈਂ ਜ਼ਮੀਨ 'ਤੇ ਡਿੱਗ ਪਿਆ ਤਾਂ ਇਹਨਾਂ ਹਮਲਾਵਰਾਂ ਵਿੱਚੋਂ ਇਕ ਵਿਅਕਤੀ ਨੇ ਕਿਹਾ ਕਿ ਤਿੰਨ ਗਿਣਦੇ ਗਿਣਦੇ ਦੇ ਨਹੀਂ ਉੱਠਦਾ ਤਾਂ ਇਸ ਦਾ ਇੱਥੇ ਹੀ ਘੋਗਾ ਚਿੱਤ ਕਰ ਦਿਉ। ਮੈਂ ਮੌਤ ਨੂੰ ਗਲ ਲਾਉਣ ਨਾਲੋਂ ਉੱਠਣਾ ਹੀ ਬਿਹਤਰ ਸਮਝਿਆ। ਉਪਰੋਕਤ ਵਿਅਕਤੀ ਮੈਨੂੰ ਉਥੇ ਹੀ ਛੱਡ ਕੇ ਭੱਜ ਗਏ। ਉਨ੍ਹਾਂ ਦੱਸਿਆ ਕਿ ਮੇਰੇ ਸਾਥੀ ਅਜੇ ਕੁਮਾਰ ਨੇ ਮੈਨੂੰ ਅੱਧੀ ਰਾਤ ਨੂੰ ਸਰਕਾਰੀ ਹਸਪਤਾਲ ਮਾਹਿਲਪੁਰ ਵਿਖੇ ਦਾਖਲ ਕਰਵਾਇਆ । ਉਨ੍ਹਾਂ ਦੱਸਿਆ ਕਿ ਥਾਣਾ ਮਾਹਿਲਪੁਰ ਦੀ ਪੁਲਸ ਨੇ ਅਜੇ ਤੱਕ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ।



## ਮਾਂ ਦੀ ਬਰਸੀ ਮੌਕੇ ਵਿਦਿਆਰਥੀਆਂ ਨੂੰ ਵੰਡੇ ਜੁਮੈਟਰੀ ਬਾਕਸ



**ਕਰਤਾਰਪੁਰ: (ਹਰਮੇਸ਼ ਦੱਤ)**- ਆਪਣੀ ਮਾਤਾ ਸਵ: ਸ਼੍ਰੀਮਤੀ ਸਵਰਨ ਕੌਰ ਪਾਲ ਨੂੰ ਸਤਿਕਾਰ ਭੇਟ ਕਰਦਿਆਂ ਉਨ੍ਹਾਂ ਦੀ ਪੰਜਵੀਂ ਬਰਸੀ ਮੌਕੇ ਉਨ੍ਹਾਂ ਦੇ ਸਪੁੱਤਰ ਨਰਿੰਦਰ ਪਾਲ ( ਪ੍ਰਧਾਨ ਸ੍ਰੀ ਗੁਰੂ ਰਵਿਦਾਸ ਮੰਦਰ ਆਰਿਆ ਨਗਰ ਕਰਤਾਰਪੁਰ) ਨੇ ਸੰਤ ਬਾਬਾ ਓਂਕਾਰ ਨਾਥ ਸੀਨੀਅਰ ਸੈਕੰਡਰੀ ਸਕੂਲ,ਕਾਲਾ ਬਾਹੀਆਂ (ਜਲੰਧਰ) ਦੇ 100 ਵਿਦਿਆਰਥੀਆਂ ਨੂੰ ਜੁਮੈਟਰੀ ਬਾਕਸ ਵੰਡੇ। ਸਕੂਲ ਵਿਦਿਆਰਥੀਆਂ ਨੇ ਖ਼ੂਨਦਾਨ ਮਹਾਂਦਾਨ ਦਾ ਸੰਦੇਸ਼ ਦਿੰਦੀ ਸਕਿੱਟ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ। ਸਕੂਲ ਡਾਇਰੈਕਟਰ ਅਤੇ ਸਮਾਜਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਦੇ ਸੇਵਾਦਾਰ ਮਾਸਟਰ ਅਮਰੀਕ ਸਿੰਘ ਨੇ ਨਰਿੰਦਰ ਪਾਲ ਵੱਲੋਂ ਸਕੂਲ ਵਿਦਿਆਰਥੀਆਂ ਲਈ ਕੀਤੇ ਇਸ ਨੇਕ ਉਪਰਾਲੇ ਦਾ ਧੰਨਵਾਦ ਕੀਤਾ ਅਤੇ ਸਕੂਲ ਮੈਨੇਜਮੈਂਟ ਅਤੇ ਸਟਾਫ ਵੱਲੋਂ ਮਾਤਾ ਸਵਰਨ ਕੌਰ ਪਾਲ ਨੂੰ ਸ਼ਰਧਾਸੁਮਨ ਭੇਟ ਕੀਤੇ। ਇਸ ਮੌਕੇ ਹਰਦੀਪ ਕੁਮਾਰ, ਮਾਸਟਰ ਅਮਰੀਕ ਸਿੰਘ, ਸਕੂਲ ਪ੍ਰਿੰਸੀਪਲ ਮੈਡਮ ਕੁਲਵਿੰਦਰ ਕੌਰ , ਗੇਂਦੀ ਰਾਮ, ਮੈਡਮ ਵੀਨਾ ਕੁਮਾਰੀ , ਨਿਤਿਕਾ ਕਮਲ, ਅਵਰਿੰਦਰ ਕੌਰ, ਨੀਰੂ ਡੈਵਿਟ, ਮੈਡਮ ਸਵੀਟੀ, ਕਿਰਨ, ਮੈਡਮ ਕੰਵਲਜੀਤ ਕੌਰ,ਮਧੂ ਸ਼ਾਰਦਾ, ਗਗਨਦੀਪ , ਸਿਮਰਨ, ਮੈਡਮ ਨੀਲਮ ਰਾਣੀ , ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ ।


## ਪੈਨਸ਼ਨ ਸਕੀਮ 'ਚੋਂ ਸੰਵਿਧਾਨਕ ਵਿਤਕਰੇ ਖਤਮ ਕਰਨ ਲਈ ਦਿੱਤਾ ਮੰਗ ਪੱਤਰ

**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ)**- ਵਿਧਵਾ, ਬੁਢਾਪਾ, ਅੰਗਹੀਣ ਅਤੇ ਨਿਆਸਰੇ ਬੱਚਿਆਂ ਦੀ ਪੈਨਸ਼ਨ ਸਕੀਮ ਵਿਚੋਂ ਸੰਵਿਧਾਨਕ ਵਿਤਕਰੇ ਖਤਮ ਕਰਨ ਲਈ 1500 ਰੁ: ਪੈਨਸ਼ਨ ਦੀ ਥਾਂ 5000 ਰੁ: ਪ੍ਰਤੀ ਮਹੀਨਾ ਦਿੱਤੀ ਜਾਣੀ ਯਕੀਨੀ ਬਣਾਈ ਜਾਵੇ। ਇਸ ਬਾਰੇ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੁਢਾਪਾ ਪੈਨਸ਼ਨ ਦੀ ਉਮਰ ਮਰਦ ਤੇ ਔਰਤ ਲਈ 60 ਸਾਲ ਬਰਾਬਰ ਕੀਤੀ ਜਾਵੇ,ਪੈਨਸ਼ਨ ਅਪਲਾਈ ਕਰਨ ਵਾਲੀ ਮਿਤੀ ਤੋਂ ਚਾਲੂ ਹੋਵੇ। ਵਿਧਵਾ, ਬੁਢਾਪਾ, ਅੰਗਹੀਣ ਅਤੇ ਨਿਆਸਰੇ ਬੱਚਿਆਂ ਤੇ ਤਲਾਕ ਸ਼ੁਦਾ ਲੜਕੀਆਂ ਦੀ ਪੈਨਸ਼ਨ ਲਗਾਉਣ ਦੀਆਂ ਵਿਧੀਆਂ ਵਿਚੋਂ ਸੰਵਿਧਾਨਕ ਭੇਦਭਾਵ ਖਤਮ ਕਰਵਾਉਣ ਅਤੇ ਪੈਨਸ਼ਨ 1500 ਰੁ: ਦੀ ਥਾਂ 5000 ਰੁ: ਪ੍ਰਤੀ ਮਹੀਨਾ ਕਰਨ, ਪੈਨਸ਼ਨ ਅਪਲਾਈ ਕਰਨ ਵਿਚ ਮਰਦ ਅਤੇ ਔਰਤ ਦੀ ਉਮਰ ਬਰਾਬਰ ਕਰਨ ਅਤੇ ਪੈਨਸ਼ਨ ਅਪਲਾਈ ਕਰਨ ਵਾਲੀ ਮਿਤੀ ਤੋਂ ਹੀ ਚਾਲੂ ਕਰਨ ਤੇ ਸੇਵਾ ਕੇਂਦਰਾਂ ਦੀ ਥਾਂ ਆਂਗਣਵਾੜੀ ਸੈਂਟਰਾਂ ਵਿਚ ਫਾਰਮ ਜਮਾਂ ਕਰਵਾਉਣ ਨੂੰ ਲੈ ਕੇ ਮਾਨਯੋਗ ਰਾਜਪਾਲ ਪੰਜਾਬ ਅਤੇ ਚੀਫ ਸਕੱਤਰ ਪੰਜਾਬ ਨੂੰ ਵਧੀਕ ਡਿਪਟੀ ਕਮਿਸ਼ਨਰ (ਜ) ਅਮਰਵੀਰ ਕੌਰ ਭੁੱਲਰ ਰਾਹੀਂ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ, ਸੋਨੂ ਮਹਿਤਪੁਰ ਅਤੇ ਵਿਧਵਾ ਔਰਤਾਂ ਨੂੰ ਨਾਲ ਲੈ ਕੇ ਮੰਗ ਪਤੱਰ ਸੌਂਪਿਆ ਤੇ ਦੱਸਿਆ ਕਿ ਇਕ ਪਾਸੇ ਸਾਡੇ ਮੂਲ ਸੰਵਿਧਾਨਕ ਅਧਿਕਾਰ ਬਰਾਬਰਤਾ ਦਾ ਉਪਦੇਸ਼ ਦਿੰਦੇ ਹਨ ਤੇ ਦੂਸਰੇ ਪਾਸੇ ਸਰਕਾਰਾਂ ਦੀਆਂ ਨੀਤੀਆਂ ਉਨ੍ਹਾਂ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕਰਦੀਆਂ ਹਨ ਜਿਸ ਕਾਰਨ ਲੋਕਾਂ ਵਿਚ ਆਪਸੀ ਭੇਦਭਾਵ ਵੱਧ ਰਿਹਾ ਹੈ ਤੇ ਇਸ ਦਾ ਸਿੱਧਾ ਪ੍ਰਭਾਵ ਲੋਕ ਸੇਵਾਵਾਂ ਉਤੇ ਪੈਂਦਾ ਹੈ।ਧੀਮਾਨ ਨੇ ਦਸਿਆ ਕਿ ਮਰਦ ਦੀ ਉਮਰ ਬੁਢਾਪਾ ਪੈਨਸ਼ਨ ਲਈ 65 ਸਾਲ ਰੱਖੀ ਹੋਈ ਹੈ ਤੇ ਔਰਤ ਦੀ ਉਮਰ 58 ਸਾਲ ਹੈ,ਜੋ ਕਿ ਆਪਣੇ ਆਪ ਵਿਚ ਵੱਡਾ ਵਿਤਕਰਾ ਹੈ।ਜਦੋਂ ਨੌਕਰੀ ਕਰਨ ਵਾਲੇ ਸਰਕਾਰੀ ਮੁਲਾਜਮਾਂ ਦੀ ਰਿਟਾਇਰਮੈਂਟ ਦੀ ਉਮਰ ਇਕੋ ਹੀ ਹੈ ਤੇ ਫਿਰ ਨਾ ਮਾਤਰ ਪੈਨਸ਼ਨ ਦੇਣ ਵਿਚ ਸੰਵਿਧਾਨਕ ਅਧਿਕਾਰਾਂ ਦੇ ਉਲਟ ਕਿਉਂ ਹੈ। ਇਸ ਮੌਕੇ ਕੁਲਵੰਤ ਕੌਰ, ਬਲਵੀਰ ਕੌਰ,ਮੀਨਾ ਰਾਣੀ, ਸੱਤਿਆ ਦੇਵੀ,ਜਗਨ ਨਾਥ, ਗੁਰਦਿਆਲ ਸਿੰਘ ਆਦਿ ਹਾਜ਼ਰ ਸਨ।



## ਸਤਨਾਮ ਜਲਾਲਪੁਰ ਨੇ ਕੀਤੀ ਟਰਾਂਸਪੋਰਟ ਮੰਤਰੀ ਨਾਲ ਮੁਲਾਕਾਤ

**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨਗਰ ਦੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਅਤੇ ਜ਼ਿਲ੍ਹਾ ਪ੍ਰਧਾਨ ਸਤਨਾਮ ਜਲਾਲਪੁਰ ਨੇ ਟਰਾਂਸਪੋਰਟ ਮੰਤਰੀ ਸ.ਲਾਲਜੀਤ ਸਿੰਘ ਭੁੱਲਰ ਨਾਲ ਸੈਕਟਰੀਏਟ ਵਿੱਚ ਜਾ ਕੇ ਉਹਨਾਂ ਦੇ ਦਫਤਰ ਵਿੱਚ ਮੁਲਾਕਾਤ ਕੀਤੀ ਅਤੇ ਪੰਜਾਬ ਰੋਡਵੇਜ਼ ਡੀਪੂ, ਨਵਾਂ ਸ਼ਹਿਰ ਵਿੱਚ ਡਰਾਈਵਰਾਂ ਦੀ ਘਾਟ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਜਲਾਲਪੁਰ ਨੇ ਦੱਸਿਆ ਕਿ ਸਰਕਾਰੀ ਡੀਪੂ ਵਿੱਚ ਬੱਸਾਂ ਤਾਂ ਮੌਜੂਦ ਹਨ ਪਰ ਉਹਨਾਂ ਵਿਚ ਡਰਾਈਵਰਾਂ ਦੀ ਘਾਟ ਕਾਰਨ ਬੱਸਾਂ ਖੜੀਆਂ ਰਹਿੰਦੀਆਂ ਹਨ।ਇਸੇ ਤਰਾਂ ਪਿੰਡਾਂ ਦੇ ਮਿਨੀ ਬੱਸਾਂ ਦੇ ਰੂਟ ਵੀ ਬੰਦ ਪਏ ਹਨ। ਜੇਕਰ ਨਵਾਂ ਸ਼ਹਿਰ ਡਿੱਪੂ ਵਿੱਚ ਡਰਾਈਵਰਾਂ ਦੀ ਕਮੀ ਪੂਰੀ ਹੋ ਜਾਵੇ ਤਾਂ ਲੋਕਾਂ ਨੂੰ ਆਣ ਜਾਣ ਵਿੱਚ ਸਹੂਲਤ ਮਿਲੇਗੀ ਅਤੇ ਖੜੀਆਂ ਬੱਸਾਂ ਦੀ ਸਹੀ ਵਰਤੋਂ ਹੋ ਸਕੇਗੀ। ਮੰਤਰੀ ਨੇ ਭਰੋਸਾ ਦਵਾਇਆ ਕਿ ਉਹ ਲਗਭਗ 20 ਡਰਾਈਵਰ ਦਾ ਇੰਤਜ਼ਾਮ ਕਰਕੇ ਨਵਾਂ ਸ਼ਹਿਰ ਡੀਪੂ ਵਿੱਚ ਭੇਜਣਗੇ। ਸਤਨਾਮ ਜਲਾਲਪੁਰ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਵੀ ਉਹਨਾਂ ਨੇ ਟਰਾਂਸਪੋਰਟ ਮੰਤਰੀ ਨੂੰ ਮਿਲ ਕੇ ਇਹ ਮੁੱਦਾ ਚੁੱਕਿਆ ਸੀ, ਹੁਣ ਉਮੀਦ ਹੈ ਕਿ ਜਲਦ ਹੀ ਕੁਝ ਸਮੇਂ ਵਿੱਚ ਇਹ ਡਰਾਈਵਰ ਮਿਲਣ ਤੇ ਡੀਪੂ ਦੀਆਂ ਖੜੀਆਂ ਬੱਸਾਂ ਦੀ ਸਹੀ ਵਰਤੋਂ ਹੋ ਸਕੇਗੀ।



## ਜ਼ੋਨਲ ਖੇਤਰੀ ਖੇਡ ਮੁਕਾਬਲੇ 'ਚ ਵਾਲੀਬਾਲ ਮੈਚ ਜਿੱਤਿਆ



**ਕਰਤਾਰਪੁਰ ਹਰਮੇਸ਼ ਦੱਤ )** ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਦੇ ਖੇਡ ਵਿਭਾਗ ਵੱਲੋਂ ਕਰਵਾਏ ਗਏ ਵਾਲੀਬਾਲ ਮੈਚ ਵਿੱਚ ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਅਤੇ ਗੁਰੂ ਅਰਜਨ ਦੇਵ ਪਬਲਿਕ ਸਕੂਲ ਦੇ ਵਿਦਿਆਰਥੀਆਂ ਵਿਚਕਾਰ ਵਾਲੀਬਾਲ ਮੈਚ ਖੇਡਿਆ ਗਿਆ। ਇਸ ਮੈਚ ਵਿੱਚ ਸੰਤ ਬਾਬਾ ਨਿਧਾਨ ਸਿੰਘ ਜੀ ਦੇ ਬੱਚੇ ਪਹਿਲੇ ਸਥਾਨ 'ਤੇ ਰਹੇ ਵਿਦਿਆਰਥੀਆਂ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਸਕੂਲ ਦਾ ਨਾਂਅ ਰੌਸ਼ਨ ਕੀਤਾ।ਇਹ ਸਕੂਲ ਟੀਮ ਲਈ ਮਾਣ ਵਾਲਾ ਪਲ ਸੀ। ਇਸ ਮੌਕੇ ਪ੍ਰਿੰਸੀਪਲ ਮੈਡਮ ਕਵਲਜੀਤ ਕੌਰ, ਸਕੂਲ ਚੇਅਰਪਰਸਨ ਮੈਡਮ ਸੁਰਿੰਦਰ ਕੌਰ, ਡਾ. ਚਰਨ ਸਿੰਘ, ਪਿਆਰਾ ਸਿੰਘ, ਮਨਦੀਪ ਕੌਰ, ਸਤਨਾਮ ਸਿੰਘ, ਪਲਵਿੰਦਰ ਕੌਰ ਵੀ ਮੌਜੂਦ ਸਨ।

31- July - Page - 9.qxd 7/30/2025 10:54 PM Page 1



# ਸੜਕ ਹਾਦਸੇ 'ਚ ਦੋ ਨੌਜਵਾਨ ਗੰਭੀਰ ਜ਼ਖ਼ਮੀ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਤਰਕਸਾਰ ਡੇਰਾ ਬਾਬਾ ਨਾਨਕ ਦੇ ਕਰਤਾਰਪੁਰ ਸਾਹਿਬ ਕੋਰੀਡੋਰ ਰੋਡ ਉਪਰ ਮੋਟਰਸਾਈਕਲ ਨੂੰ ਬਚਾਉਂਦਿਆਂ ਸਵਿਫਟ ਕਾਰ ਡਿਵਾਈਡਰ 'ਤੇ ਲੱਗੇ ਖੰਭੇ ਨਾਲ ਟਕਰਾਉਣ ਤੋਂ ਭਿਆਨਕ ਹਾਦਸਾ ਹੋਇਆ। ਕਾਰ ਵਿੱਚ ਸਵਾਰ 20 ਤੇ 22 ਸਾਲ ਦੇ ਦੋ ਨੌਜਵਾਨ ਡੇਰਾ ਬਾਬਾ ਨਾਨਕ ਦੇ ਵਿਚਕਾਰ ਪਿੰਡ ਰਾਏ ਚੱਕ ਦੇ ਦੱਸੇ ਜਾ ਰਹੇ ਹਨ।ਐਕਸੀਡੈਂਟ ਤੋਂ ਬਾਅਦ ਜਦ ਸਥਾਨਕ ਲੋਕਾਂ ਨੇ ਦੋਵਾਂ ਨੂੰ ਸਿਵਲ ਹਸਪਤਾਲ ਡੇਰਾ ਬਾਬਾ ਨਾਨਕ ਵਿਖੇ ਪਹੁੰਚਾਇਆ ਤਾਂ ਡਾਕਟਰਾਂ ਨੇ ਮੁੱਢਲੀ ਸਹਾਇਤਾ ਤੋਂ ਬਾਅਦ ਹਾਲਤ ਨੂੰ ਗੰਭੀਰ ਦੇਖਦਿਆਂ ਉਨ੍ਹਾਂ ਨੂੰ ਗੁਰਦਾਸਪੁਰ ਸਿਵਲ ਹਸਪਤਾਲ 108 ਐਂਬੂਲੈਂਸ ਰਾਹੀਂ ਰੈਫਰ ਕਰ ਦਿੱਤਾ।ਇਸ ਮੌਕੇ ਬੋਲਦਿਆਂ ਸਿਵਲ ਹਸਪਤਾਲ ਡੇਰਾ ਬਾਬਾ ਨਾਨਕ ਦੇ ਡਾ. ਪ੍ਰਗਤੀ ਨੇ ਦੱਸਿਆ ਕਿ ਐਕਸੀਡੈਂਟ ਵਿੱਚ ਦੋ ਬੱਚੇ ਇੱਕ 20 ਸਾਲ ਦਾ ਤੇ ਇੱਕ 22 ਸਾਲ ਦਾ ਹੈ, ਗੰਭੀਰ ਜ਼ਖ਼ਮੀ ਹਾਲਤ ਵਿੱਚ ਆਏ ਸੀ ਜਿਨ੍ਹਾਂ ਨੂੰ ਕੋਈ ਸਾਈਡ ਮਾਰ ਗਿਆ। ਬੱਚੇ ਕਾਫੀ ਸੀਰੀਅਸ ਸਨ ਤੇ ਸਾਡੇ ਵੱਲੋਂ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਉਨ੍ਹਾਂ ਨੂੰ 108 ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਗੁਰਦਾਸਪੁਰ ਰੈਫਰ ਕਰ ਦਿੱਤਾ ਕਿਉਂਕਿ ਦੋਵੇਂ ਬੱਚੇ ਕਾਫੀ ਨਾਜ਼ੁਕ ਹਾਲਤ ਵਿੱਚ ਸਨ।ਉਧਰ ਬੱਚਿਆਂ ਦੇ ਚਾਚੇ ਨੇ ਦੱਸਿਆ ਕਿ ਸਵੇਰੇ ਘਰੋਂ ਕਾਰ ਲੈ ਕੇ ਦੋਵੇਂ ਨੌਜਵਾਨ ਨਿਕਲੇ ਸਨ ਤੇ ਉਨ੍ਹਾਂ ਨੂੰ ਇੱਕ ਘੰਟੇ ਬਾਅਦ ਕਿਸੇ ਨੇ ਫੋਨ ਤੇ ਦੱਸਿਆ ਕਿ ਤੁਹਾਡੇ ਬੱਚਿਆਂ ਦਾ ਐਕਸੀਡੈਂਟ ਹੋ ਗਿਆ ਹੈ।


**ਦੀ ਕਠਾਣੀਆਂ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਕਠਾਣੀਆਂ ਤਹਿਸੀਲ ਜ਼ਿਲ੍ਹਾ ਅੰਮ੍ਰਿਤਸਰ**

**ਲੋੜ ਹੈ**

**ਸੇਲਜ਼ਮੈਨ-ਕਮ-ਕੈਸ਼ੀਅਰ ਦੀ**

ਉਮਰ : 18 ਤੋਂ 40 ਸਾਲ

ਯੋਗਤਾ : ਗ੍ਰੈਜੂਏਸ਼ਨ (ਦਸਵੀਂ ਪੱਧਰ ਤੇ ਪੰਜਾਬੀ ਦੀ ਪੜ੍ਹਾਈ ਜ਼ਰੂਰੀ)

120 ਘੰਟੇ ਦਾ ਕੰਪਿਊਟਰ ਕੋਰਸ ਕੀਤਾ ਹੋਵੇ।

ਉਮੀਦਵਾਰ ਦਾਇਰਾ ਕਾਰੋਬਾਰ ਦਾ ਪੱਕਾ ਵਸਨੀਕ ਹੋਵੇ।

ਦਰਖਾਸਤਾਂ ਦੀ ਆਖਰੀ ਮਿਤੀ : 26-8-2025 ਸਮਾਂ ਸ਼ਾਮ 4 ਵਜੇ ਤੱਕ।

ਭਰਤੀ ਦੀ ਮਿਤੀ : 2-9-2025

**ਸੰਪਰਕ ਕਰੋ : ਪ੍ਰਧਾਨ ਸਭਾ ਮੋ. ਨੰ. 9855120219**


## COURT NOTICE

(U/o 5 Rule 20 Cpc)
In The Court of
**Sh. Sanjiv Joshi**
Additional District and Sessions Judge-II, Kapurthala
CNR No. PBKP01-001786-2019
Next Date:- 13-08-2025
Sangeeta Rani Vs. Raj kumar
Publication Issued To:
2 (d). Ritu
Father : Tilak Raj S/o Jamna Dass-LR of NP. 2 Tilak Raj since deceased Shastri Market, Kapurthala.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 13-08-2025 at 10:00 a.m.

For details logon to https://highcourtchd.gov.in/?mod=district_notice&district=Kapurthala

Additional District and Sessions Judge-II, Kapurthala
Dated this day of 25-07-2025

## COURT NOTICE

(U/o 5 Rule 20 CPC)
{Under Guardian And Ward Act}
In The Court Of Ms. Rana Kanwardeep Kaur Chahal
Principal Judge, Family Court, Kapurthala
CNR No. PBKP01-005672-2024
Next Date:- 16-10-2025
Jasbir Kaur
Vs. General Public
Vishal
Notice To:
General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 16-10-2025 at 10:00 a.m.

For details logon to https://highcourtchd.gov.in/?mod=district_notice&district=Kapurthala

Principal Judge, Family Court Kapurthala
Dated, this day of 29-07-2025

## COURT NOTICE

(U/o 5 Rule 20 CPC)
In The Court of Sh. Manoj Kumar
Principal Judge, Family Court
Khadoor Sahib

Next Date, Purpose of case, Orders and Judgments as well as other case information is available on http://districts.ecourts.gov.in

CNR No. PBTTF4-000067-2024
Next Date: 26-09-2025
Dilbag Singh
Vs
Meenu
Publication Issued To:
Meenu
Spouse : Dilbag Singh d/o Gurwinder Singh, R/o Tung Nagar Gali No. 29 Amritsar, Tehsil and District Amritsar

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 26-09-2025 at 10:00

For details logon to https://highcourtchd.gov.in/?trs=district_notice&district=Tarn Taran

Principal Judge Family Court Khadoor Sahib
Dated, this day of 29-07-2025

## COURT NOTICE

(U/o 5 Rule 20 CPC)
In The Court of
**Sh. Amrinder Pal Singh**
Additional Principal Judge
Family Court, Malerkotla
CNR No. PBSGF4-000238-2024
Next Date:- 09-09-2025
Rekha Sharma
Vs.
Sabsteen
Publication Issued To:
Sabshteen Son of Paul R/o New Dasmesh Nagar Basti Shiekh Jalandhar Distt. Jalandhar.

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 09-09-2025 at 10:00 a.m.

For details logon to https://highcourtchd.gov.in/?mod=district_notice&district=Sangrur

Additional Principal Judge
Family Court Malerkotla
Dated, this day of 28-07-2025

## COURT NOTICE

(U/o 5 Rule 20 CPC)
In The Court of
**Sh. Jagmohan Singh Sanghe**
Principal Judge, Family Court, Jalandhar
GW/295/2024
CNR No. PBJL01-018264-2024
Next Date:- 18-10-2025
Rakesh Kumar S/O Gurnam Chand
Address: Village Sehowal Jalandhar
Vs.
1) Parveen W/o Rakesh Kumar D/o Shital
Address : Village Shankar Jalandhar
2) General Public
Address- General Public
Petition Under Guardian and Wards Act
Publication Issued To:
General Public
:- General Public

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 18-10-2025 at 10:00 a.m.

For details logon to https://highcourtchd.gov.in/?mod=district_notice&district=Jalandhar

Principal Judge, Family Court
Jalandhar
Dated, this day of 28-07-2025

## COURT NOTICE

(U/o 5 Rule 20 CPC)
In The Court of
**Sh. Naresh Kumar Garg**
Addl. District and Sessions Judge-IX, Jalandhar
CNR No. PBJL01-003558-2022
Next Date:- 17-10-2025
Union of India
Vs.
Gobinder Singh
Publication Issued To:
Gobinder Singh
Father: Late Sh. Raghbir Singh S/o Chanan Singh
Jasbir Kaur Wife of Late Sh. Raghbir Singh, Both Residents of Village Rastgo Through Harjinder Singh S/o Jagtar Singh Their General Attorney R/o Village Laroya PS Bhogpur, Teh. and Distt. Jalandhar

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 17-10-2025 at 10:00 a.m.

For details logon to https://highcourtchd.gov.in/?mod=district_notice&district=Jalandhar

Addl. District and Sessions Judge-IX Jalandhar
Dated This day of 25-07-2025

## COURT NOTICE

(U/o 5 Rule 20 CPC)
In The Court of Garima Gupta
Civil Judge (Junior Division), Amritsar
RP/309/2024
CNR No. PBAS02-003586-2024
Next Date:- 26-08-2025
Harpreet Singh @Jangi S/o Narinder Singh R/o H. No. 30, Sant Chanan Singh Colony, Outside Chattiwind Gate, Amritsar.
Vs.
Arinder Bir Singh
Publication Issued To:
Arinder Bir Singh
S/o Inderpal Singh R/o Ground Floor of H.No. 24, New Krishna Nagar, Tarn Taran Road, Amritsar

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 26-08-2025 at 10:00 a.m.

For details logon to https://highcourtchd.gov.in/?trs-district notice&district=Amritsar

Civil Judge (Junior Division) Amritsar
dated this day of 29-07-2025

## COURT NOTICE

(U/o 5 Rule 20 CPC)
In The Court of
**Sh. Jagmohan Singh Sanghe**
Principal Judge, Family Court, Jalandhar
DMC/558/2024
CNR No. PBJL01-004318-2024
Next Date :- 01-10-2025
Sunil Kumar Gaba S/o Kewal Krishan
Address: 265-A Main Road Railway Line Ekta Nagar Surya Enclave Jalandhar
Vs.
Mamta Gaba W/o Sunil Kumar Gaba D/o Late Darshan Lal Luthra
Address : 10 Gali No. 1, Guru Nanak Pura West Chogitti Jalandhar
Petition Under section 13 of Hindu Marriage Act for dissolution of Marriage by a decree of divorce.
Publication Issued To:
Mamta Gaba
Spouse : - Sunil Kumar Gaba D/o Late Darshan Lal Luthra 10 Gali No. 1, Guru Nanak Pura West Chogiti Jalandhar

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 01-10-2025 at 10:00 a.m.

For details logon to https://highcourtchd.gov.in/?mod=district_notice&district=Jalandhar

Principal Judge, Family Court, Jalandhar
Dated, this day of 28-07-2025

## COURT NOTICE

(U/o 5 Rule 20 CPC)
In The Court of
**Ms. Sukhpreet Kaur**
Civil Judge Junior Division-4, Moga
CNR No. PBMO02-000659-2024
Next Date:- 10-09-2025
Canara Bank
Vs.
Rajvir Kaur Gill
Publication Issued To:
1. Rajvir Kaur Gill W/o Amarjit Singh
2. Amarjit Singh S/o Gurdial Singh
Both R/o Patti Kallu Ke VPO Dhudike, District Moga.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 10-09-2025 at 10:00 a.m.

For details logon to https://highcourtchd.gov.in/?mod=district_notice&district=mogacourt

Civil Judge Junior Division-4, Moga
Dated, this day of 29-07-2025

## COURT NOTICE

(U/o 5 Rule 20 CPC)
In The Court of
**Sh. Vineet Kumar Narang**
Additional Principal Judge
Family Court, Nakodar
CNR No. PBJLF2-000757-2025
Next Date:-20-08-2025
GW/63/2025
Kuldip Rai
Vs.
Munish Kumar
Publication Issued To:
General Public
:- General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 20-08-2025 at 10:00 a.m.

For details logon to https://highcourtchd.gov.in/?mod=district_notice&district=Jalandhar

Additional Principal Judge
Family Court, Nakodar
Dated, this day of 26-07-2025

**The Court of Sub Divisional Magistrate-Cum-Astt. Collector, Dhar Kalan Distt. Pathankot**

## PUBLIC NOTICE

Through this public notice the following respondents are intimated that Hari Singh and Others All son of Sh. Mehar Singh son of Vijay of Village Kot Tika Adeli, Tehsil Dhar Kalan, Distt. Pathankot filed an application for the correction of the entries in the revenue record by the way of redemption of mortgage for the Land Khewat No. 25/24, Khatoni No. 31 and Khasra No. 598, 599, 550 and 550/1 As Per jamabandi for the year 2018-2019, H.B. 398, Village Kot Tika Adeli,

(1). Naresh Chawla S/o Lal Chand Chawla S/o Mulkh Raj R/o Shahpurkandi, Tehsil Dhar Kalan, District Pathankot.
Successor of Lal Chand Chawla S/o Mulkh Raj and Harbans Lal S/o Mulkh Raj S/o Tula Ram and Power of Attorney Holder Cum Successor of the mortgagees.
(2). Vaishno Dass s/o Sant Ram, (3) Rattan Chand s/o Sant Ram, (4) Ratno Devi d/o Sant Ram, (5) Raj Kumar s/o Jagan Nath, (6) Kanta Devi s/o Tirath Ram, (7) Rajeev Kumar s/o Tirath Ram, (8) Vivek Kumar s/o Tirath Ram, (9). Amisha Rani d/o Tirath Ram, (10) Dina Nath s/o Khushi Ram, (11) Asha Rani Wd/o Madan Lal, (12) Suresh Kumar s/o Madan Lal, (13) Dinesh Kumar s/o Madan Lal. (14) Rajesh Kumar s/o Madan Lal, (15) Harish Kumar s/o Madan Lal, (16) Kamlesh d/o Madan Lal, (17) Sharda d/o Madan Lal, (18) Neelam d/o Madan Lal, (19) Bimla Devi Wd/o Desh Raj, (20) Naresh Kumar s/o Desh Raj, (21) Mukesh Kumar s/o Desh Raj, (22) Surekha d/o Desh Raj, (23) Kamla Devi d/o Sant Ram, (24) Saroj Bala d/o Desh Raj, (25) Kartar Chand s/o Brijwasi, (26) Harpashad s/o Brijwasi, (27) Anand Kishor s/o Brijwasi, (28) Dharam Pal s/o Brijwasi, (29) Jaspal s/o Brijwasi, (30) Gopala s/o Sant Ram, (31) Ramesh Kumar s/o Desh Raj, (32) Parshotam s/o Jagan Nath, (33) Veena d/o Jagan Nath, (34) Sunita d/o Jagan Nath, (35). Pritam s/o Jagan Nath, (36) Nand Lal s/o Mulkh Raj s/o Tula Ram, (37) Kishori Lal s/o Mulkh Raj s/o Tula Ram, (38) Inderjit s/o Mulkh Raj s/o Tula Ram, (39) Ratno Devi wd/o Mulkh Raj s/o Tula Ram, (40) Nirmala Devi d/o Mulkh Raj, (41) Buta s/o Kalu s/o Lehnu, (42) Kesho Dass s/o Khajan Chand. All resident of village Kot Teeka Adeli, Tehsil Dhar Kalan, District Pathankot.

All above are given a last opportunity to appear in the Court of undersigned himself or through their counsels on 06.08.2025 Otherwise case will be decided as per rules and regulations.

Sub Divisional Magistrate, - cum-Astt.Collector, Dhar Kalan.
No: 724/ Reader Date : 07/07/2025

# ਕਲਾਸੀਫਾਈਡ ਇਸ਼ਤਿਹਾਰ

## Change of Name

I, Sunil Sharma S/o OM Parkash R/o H.No.12, Mohalla No.12 jalandhar Cantt. Have changed my name to Sunil Kumar.

I, Parul Dhawan W/o Satyam Mehra R/o No.7, Fatehgarh Churian Road, R. B Garden District Amritsar have changed my name from Parul Dhawan to Parul Mehra

I, Saroj W/o Ram Lubhaya R/o H.No.584/11, Gali Ghaian Wali, Toba Bhai Shalo, Amritsar have changed my name from Saroj Bala to Saroj and Date of Birth 20.02.1964 to 04.11.1961

I, Surjit W/o Manjinder Singh R/o VPO Dinewal, District Tarn Taran have changed my name from Surjit to Surjit Kaur.

I, Sophia Mall W/o Sh. Pavinder Kumar Mall R/o 105, Buta Pind P.O. Model Town Jalandhar have changed my name from Jaswinder Kaur alias Sophia Mall to Sophia Mall. All Concerned please note.

I, Arshdeep D/o Harjit Singh Malhotra and W/o Sukhpreet Singh Kular have changed my name from Arshdeep to Sahiba Malhotra Kular. Concerned please note.

I, Neetu W/o Harpal Singh R/o H.No. 182, Sultanwind Road, Ajit Nagar, Amritsar, Punjab have changed my name after marriage from Neetu to Sonia.

I Rekha Rani W/O Rajesh Kumar Resident Of Vill. Daulatpur P.o. Alawalpur Jalandhar Punjab India, Have Changed My Name From Rekha Rani To Rani Rekha (Surname As Rani) All Please Note.

I, Bachittar Singh S/o Lal Singh R/o Abadi Ramnagar, Bal Kalan Balkalan Amritsar have changed my name from Bachittar Singh to Bachitar Singh

I, Gurcharn Singh son of Avtar Singh resident of V. Kangmai P.O. Hariana Tehsil and Distt. Hoshiarpur Punjab have changed my name from Gurcharn Singh to Gurcharan Singh. Concerned note.

I, Babli W/o Ashish Kumar r/o V.P.O.Bassi Kalan,Distt. Hoshiarpur, have changed my name from Babli to Babli Babli with Babli my surname.

I Mandip Kaur W/o Manbir Singh, R/o H.No. 545, Bhagwan Dass Pura, Kapurthala Road, Jalandhar have changed my name from Mandeep Kaur To Mandip Kaur.

I, Satwinder Singh S/o Mohinder Singh R/o VPO. Dialgarh, Tehsil Batala, Distt. Gurdaspur declare that my Given Name is Satwinder & Surname is Singh. Concerned Note.

I, Parmjit Kaur W/o Satwinder Singh R/o VPO. Dialgarh, Tehsil Batala, Distt. Gurdaspur declare that my Given Name is Parmjit & Surname is Kaur. Concerned Note.

I, Sonia Karwar W/O Rohit Luthra, R/o #1015, Vivek Vihar, Baltana, SAS Nagar Mohali, Punjab- 140604. have changed my name and shall hereafter be Known as Sneha Luthra.

I, Aggarwal Rajul Atul alias Rajul Aggarwal alias Rajul Goyal W/O Vaibhav Goyal, D/O Atul Aggarwal R/o H No 101, Mahavir Enclave, Barewal Road, Rajguru Nagar, Ludhiana, Punjab- 141012. have changed my name and shall hereafter be Known as Manishka Goyal.

I, Vidya W/O Dharampal, R/o Village Chuharwali, Post Office-Adampur Doaba, Distt- Jalandhar, Punjab- 144102. have changed my name and shall hereafter be Known as Vidya Rani.

I, Harjinder Singh S/O Gian Singh, R/o Village Mander Post Office Adda Kathar Distt Jalandhar, Punjab-144106, have changed my name and shall hereafter be Known as Harjinder Kumar.

I, Navjot S/O Som Lal, R/o Village Koopur, Post Office Adaa Kathar, Dist- Jalandhar, Punjab- 144106, have changed my name and shall hereafter be Known as Singh Navjot.

I, Anamika, D/O Vijay Kumar R/o Vpo Phalpota, Dist Jalandhar, Punjab- 144418. have changed my name and shall hereafter be Known as Anamika Suman.

I, Jatinder Kumar S/o Avinash Kumar R/o 222/223, Sodal Nagar Industrial Area, Jalandhar, Punjab have changed my name to Jatinder Pandey. All concerned please note.

I, Monika Mehta W/o Jatinder Pandey R/o H.No. 222, Jagdambay Gali, Sodal Nagar, Jalandhar, Punjab have changed my name to Monika Pandey after marriage. (Pandey as Surname). All concerned please note.

I, Prem Lata Alias Prem Khanna W/O Late Rajpal Khanna R/O 79/9A, Central Town, Jalandhar, Punjab Have Changed My Name To Prem Khanna. All concerned please note.

I Anil Ghai W/o Tilak Raj R/o H.No. 186, Shaheed Bhagat Singh Colony Jalandhar-144008, have changed my name from Anil Ghai to Anil Kumar Ghai. All concerned please note.

I, Bikram S/o Jatinder Parsad R/o Julka Petrol Pump, Kala Sangha Road, Basti Sheikh, Jalandhar-144002, Punjab have changed my name from Bikram to Vikram. All concerned please note.

I, Jatinder S/o Mahant Ram R/o Julka Petrol Pump, Kala Sangha Road, Basti Sheikh, Jalandhar-144002, Punjab have changed my name from Jatinder to Jatinder Parsad. All concerned please note.

I, Manjit Nahar, D/O Hans Raj, VPO Sandhu Chatha, Pin Code 144625, District Kapurthala, Punjab, India, declare that my given name is Manjit and my surname is Nahar, this should be read and written.

I, Kamal Bhandari s/o Lal Chand Bhandari r/o H.No. 304-A, Bank Enclave, Phase- 1, Jalandhar have changed my name from Kamal Jeet Bhandari alias Kamal Bhandari to Kamal Bhandari. All Please Note.

I, Dalvir Kaur w/o Manjit Singh r/o H.No. 67-A, Model House, Jalandhar, Punjab have changed my name from Dalvir Kaur to Dalbir Kaur. All Please Note.

I, Rajinder Kumar Gogna s/o Om Parkash r/o H.No.14-D, Model House, Block-D, Jalandhar have changed my name to Rajinder Kumar. All Please Note.

I, Paramjit Kaur W/o Sarwan Singh R/o H.No.A-19, Tower Town Khurla Kingra, Jalandhar have changed my name to Parmjit Kaur. All Please Note.

## Change of Name

I, Veenu Partap Singh s/o Mohan Singh r/o Patti Sahan Ki, VPO. Jandiala, Jalandhar have changed my name to Given name as Veenu Partap & Surname as Singh. All Please Note.

I, Satveer Singh s/o Amarjeet Singh R/o H.No. 2 Backside J.C. Resort Satnam Nagar, Choggitti, Jalandhar have changed my name to Given name as Satveer & Surname as Singh. All Please Note.

I, Suchitra Gupta W/o Keshav Sehgal R/o H.No. 14, New Vijay Nagar, Jalandhar, Punjab have changed my name from Suchitra Gupta to Suchitra Sehgal (Surname as Sehgal) All Please Note.

I, Balvir Kaur W/o Gurdial Singh R/o Village Pattar Khurd, Po. Pattar Kalan, Distt. Jalandhar, Punjab have changed my name from Balvir Kaur to Dalvir Kaur. All Please Note.

I, Sarbjit Singh S/o Bachan Singh R/o H.No.117, Kothe Majithi, Po.Behrampur, Distt. Gurdaspur (143532) have changed my name from Sarbjit Singh to Sarabjit Singh. All Please Note.

I, Inderjeet Singh Baria S/o Kuldeep Singh R/o H.No.151, VPO.Raipur Pir Bux Wala, Kapurthala, Punjab, 144819 have changed my name to Inderjeet Singh. All Please Note.

I, hitherto known as Taranjot S/o Kuldeep Ram R/o Village Mansoorpur, Jalandhar, Punjab 144102, have changed my name and shall hereafter be known as Taranjot Dhanda.

I, hitherto known as Ranjit Kaur D/o Jagat Singh W/o Balwant Singh R/o VPO.Bohani, Kapurthala, Punjab-144403, have changed my name and shall hereafter be known as Kulwinder Kaur.

I, Parminderjit Singh Uppal S/o Jagjit Singh R/o VPO. Bohara, Distt. S.B.S Nagar, Punjab have changed my name from Parminderjit Singh Uppal to Parminderjit Singh. All Please Note.

I, Raj Kumar S/o Sant Lal R/o H.No.3, Street No.3, Peer Choudhary Road, Guru Teg Bahadur Nagar, Kapurthala, Punjab have add my given name as Raj Kumar & Surname as Arora. All Please Note.

I, Kamaljit Kumar Banger S/o Balvir Ram R/o VPO. Sherpur Sheikhe, Distt. Jalandhar, Punjab have changed the spelling of my surname as Kamaljit Kumar Bangar.

## ਨਾਂਅ ਦੀ ਬਦਲੀ

ਮੈਂ, ਗੁਰਜੀਤ ਕੌਰ (ਪੁੱਤਰੀ ਗੱਜਣ ਸਿੰਘ) ਪਤਨੀ ਗੁਰਚਰਨ ਸਿੰਘ ਵਾਸੀ ਪਿੰਡ ਚੱਕ ਮੋਬਾਇਨ ਹਰਦੇ ਢੰਡੀ (ਲਾਲਚੀਆ), ਤਹਿਸੀਲ ਗੁਰੂ ਹਰਸਹਾਏ, ਜ਼ਿਲ੍ਹਾ ਫਿਰੋਜ਼ਪੁਰ ਹਾਲ ਆਬਾਦ ਚੱਕ ਅਰਾਈਆਂ ਵਾਲਾ, ਤਹਿ: ਜਲਾਲਾਬਾਦ ਨੇ ਆਪਣਾ ਨਾਂਅ ਮੁਖਤਿਆਰ ਕੌਰ ਤੋਂ ਬਦਲ ਕੇ (ਗੁਰਜੀਤ ਕੌਰ - Gurjit Kaur alias Gurjeet Kaur) ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ ਰੋਮਾ ਪੁੱਤਰੀ ਸ਼੍ਰੀ ਰੋਹਿਤ ਗੌਰ ਵਾਸੀ ਮਕਾਨ ਨੰਬਰ 109, ਗੁਰੂ ਨਾਨਕ ਨਗਰ, ਭਾਮੀਆਂ ਕਲਾਂ, ਅਤੇ ਡਾਕਖਾਨਾ ਮੁੰਡਿਆਂ ਕਲਾਂ ਜ਼ਿਲ੍ਹਾ ਲੁਧਿਆਣਾ ਬਿਆਨ ਕਰਦੀ ਹਾਂ ਕੀ ਮੈਂ ਆਪਣਾ ਨਾਮ ਰੋਮਾ ਤੋਂ ਬਦਲ ਕੇ ਰੋਮਾ ਗੌਰ ਰੱਖ ਲਿਆ ਹੈ. ਸਾਰੇ ਸਕੇ ਸੰਬੰਧੀ ਨੋਟ ਕਰਨ।

ਮੈਂ, ਸਰਬਜੀਤ ਸਿੰਘ (Sarabjit Singh) ਪੁੱਤਰ ਮੋਹਨ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਭੁੱਲਾਰਾਏ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਨੇ ਆਪਣਾ ਨਾਮ ਸਰਬਜੀਤ ਸਿੰਘ (Sarabjit Singh) ਤੋਂ ਬਦਲ ਕੇ ਸਰਬਜੀਤ ਸਿੰਘ (Sarbjit Singh) ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਸਰਬਜੀਤ ਕੌਰ (Sarabjit Kaur) ਪਤਨੀ ਸਰਬਜੀਤ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਭੁੱਲਾਰਾਏ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਨੇ ਆਪਣਾ ਨਾਮ ਸਰਬਜੀਤ ਕੌਰ (Sarabjit Kaur) ਤੋਂ ਬਦਲ ਕੇ ਸਰਬਜੀਤ ਕੌਰ (Sarbjit Kaur) ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ ਨੂਹਾ ਨਾਇਰ ਪੁੱਤਰ ਰਾਕੇਸ਼ ਕੁਮਾਰ ਵਾਸੀ ਗੀਤਾ ਭਵਨ ਰੋਡ, ਗੁਰਦਾਸਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ, ਪੰਜਾਬ। ਮੈਂ ਆਪਣਾ ਨਾਂਅ ਨੂਹਾ ਨਾਇਰ ਤੋਂ ਬਦਲ ਕੇ ਗੌਰਵ ਨਾਇਰ ਰੱਖ ਲਿਆ ਹੈ।

## ਆਮ ਸੂਚਨਾ

ਸੁਖਦੀਪ ਸਿੰਘ ਪੁੱਤਰ ਨਰੰਜਣ ਸਿੰਘ, ਪਿੰਡ ਧਾਂਦਰਾ ਦੇ ਨਾਮ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ 8J-223 AP (20 BHP) ਨੂੰ ਜਸਵੀਰ ਕੌਰ ਪਤਨੀਂ ਨਿਰਮਲ ਸਿੰਘ, ਪਿੰਡ ਰਟੌਲਾਂ ਖੇਵਟਦਾਰ ਧਾਂਦਰਾ ਨੇ ਆਪਣੇ ਨਾਮ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ। ਇਤਰਾਜ਼ੀ 15 ਦਿਨਾਂ ਅੰਦਰ ਐੱਸ.ਡੀ.ਓ, ਪਾਵਰਕਾਮ, ਉਪ ਮੰਡਲ ਦਿਹਾਤੀ ਧੂਰੀ ਦੇ ਇਤਰਾਜ ਪੇਸ਼ ਕਰੇ।

ਬਲਵਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਹੇੜੀਕੇ ਤਹਿਸ਼ੀਲ ਧੂਰੀ (ਸੰਗਰੂਰ) ਦੇ ਨਾਮ ਚਲਦਾ ਮੋਟਰ ਕੁਨੈਕਸ਼ਨ ਖਾਤਾ ਨੰਬਰ: ਏਪੀ 22-2740/ਪਾਵਰ-20, ਗਗਨਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਹੇੜੀਕੇ ਨਾਮ ਕੀਤਾ ਜਾਣਾ ਹੈ। ਇਤਰਾਜਕਰਤਾ 15 ਦਿਨਾਂ ਅੰਦਰ ਸਹਾਇਕ ਇੰਜਨੀਅਰ, ਪਾਵਰਕੌਮ ਵੰਡ ਉਪ-ਮੰਡਲ ਦਫਤਰ ਰੰਗੀਆਂ ਕੋਲ ਇਤਲਾਹ ਕਰੇ।

ਇਸ ਪਬਲਿਕ ਨੋਟਿਸ ਰਾਹੀਂ ਸਾਰਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੋਟਰ ਕੁਨੈਕਸ਼ਨ 3 ਹਾਰਸ ਪਾਵਰ A/C No.X24AP089170W 3004496455 ਜੋ ਸ. ਖਜ਼ਾਨ ਸਿੰਘ ਪੁੱਤਰ ਸ. ਮੋਹਨ ਸਿੰਘ ਦੇ ਨਾਂਅ 'ਤੇ ਪਿੰਡ ਰਾਏਪੁਰ ਪੀਰਬਖਸ਼, ਜ਼ਿਲ੍ਹਾ ਕਪੂਰਥਲਾ ਵਿਖੇ ਚੱਲਦਾ ਹੈ, ਨੂੰ ਆਪਣੇ ਨਾਂਅ ਕਰਾਉਣ ਲਈ ਸ੍ਰੀਮਤੀ ਮਲਕੀਤ ਕੌਰ ਪਤਨੀ ਸ. ਬਿੱਲਾ ਸਿੰਘ ਵਾਸੀ ਪਿੰਡ ਸੈਂਤਪੁਰ, ਜ਼ਿਲ੍ਹਾ ਕਪੂਰਥਲਾ ਨੇ ਇਸ ਦਫ਼ਤਰ 'ਚ ਦਰਖਾਸਤ ਦਿੱਤੀ ਹੈ। ਜੇਕਰ ਇਸ ਬਾਬਤ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉੱਪ ਮੰਡਲ ਅਫਸਰ, ਪਾਵਰਕਾਮ ਸਬ ਡਵੀਜ਼ਨ ਨਡਾਲਾ, ਜ਼ਿਲ੍ਹਾ ਕਪੂਰਥਲਾ ਨੂੰ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।

ਇਸ ਪਬਲਿਕ ਨੋਟਿਸ ਰਾਹੀਂ ਸਾਰਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੋਟਰ ਕੁਨੈਕਸ਼ਨ 5 ਹਾਰਸ ਪਾਵਰ A/C No.X24 AP 279179K 3004992050 ਜੋ ਸ. ਜੋਗਾ ਸਿੰਘ ਪੁੱਤਰ ਸ. ਸਵਰਨ ਸਿੰਘ ਦੇ ਨਾਂਅ 'ਤੇ ਪਿੰਡ ਤਲਵਾੜਾ, ਜ਼ਿਲ੍ਹਾ ਕਪੂਰਥਲਾ ਵਿਖੇ ਚੱਲਦਾ ਹੈ, ਨੂੰ ਆਪਣੇ ਨਾਂਅ ਕਰਾਉਣ ਲਈ ਸ੍ਰੀਮਤੀ ਮਲਕੀਤ ਕੌਰ ਪਤਨੀ ਸ. ਬਿੱਲਾ ਸਿੰਘ ਵਾਸੀ ਪਿੰਡ ਸੈਂਤਪੁਰ, ਜ਼ਿਲ੍ਹਾ ਕਪੂਰਥਲਾ ਨੇ ਇਸ ਦਫ਼ਤਰ ਦਰਖਾਸਤ ਦਿੱਤੀ ਹੈ। ਜੇਕਰ ਇਸ ਬਾਬਤ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉੱਪ ਮੰਡਲ ਅਫਸਰ, ਪਾਵਰਕਾਮ ਸਬ ਡਵੀਜ਼ਨ ਨਡਾਲਾ, ਜ਼ਿਲ੍ਹਾ ਕਪੂਰਥਲਾ ਨੂੰ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਏ.ਪੀ 43/62 ਜੋ ਕਿ ਗੁਰਬਚਨ ਸਿੰਘ ਪੁੱਤਰ ਬੀਰ ਸਿੰਘ ਵਾਸੀ ਚੱਕ ਭਾਈਕੇ ਜਿਲ੍ਹਾ ਮਾਨਸਾ ਰਕਬਾ ਫੁੱਲੂਵਾਲਾ ਡੋਡ ਦੇ ਨਾਮ ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਹੁਣ ਗੁਰਮੇਲ ਕੌਰ ਪਤਨੀ ਗੁਰਜੰਟ ਸਿੰਘ ਵਾਸੀ ਫੁੱਲੂਵਾਲਾ ਡੋਡ ਵਾਕਾ ਰਕਬਾ ਫੁੱਲੂਵਾਲਾ ਡੋਡ ਆਪਣੇ ਨਾਮ ਕਰਵਾਉਣਾ ਚਾਹੁੰਦੀ ਹੈ।ਇਸ ਸਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ. ਦਫਤਰ ਬੁਢਲਾਡਾ ਵਿਖੇ ਸੰਪਰਕ ਕਰ ਸਕਦਾ ਹੈ।

ਟਿਊਬਲ ਕੁਨੈਕਸ਼ਨ ਖਾਤਾ ਨੰਬਰ ਏਪੀ 30/192 ਐਚ ਜੋ ਭਜਨ ਸਿੰਘ ਪੁੱਤਰ ਸਵਰਨ ਸਿੰਘ ਦੇ ਨਾਮ ਤੇ ਚੱਲ ਰਿਹਾ ਹੈ ਜਿਸ ਨੂੰ ਦਰਸ਼ਨ ਕੌਰ ਪਤਨੀ ਗੁਰਦੇਵ ਸਿੰਘ ਦੇ ਨਾਮ ਤਬਦੀਲ ਕੀਤਾ ਜਾਣਾ ਹੈ। ਇਸ ਤਬਦੀਲੀ ਸਬੰਧੀ ਇਤਰਾਜ 30 ਦਿਨਾਂ ਦੇ ਅੰਦਰ ਅੰਦਰ ਪਾਵਰਕਾਮ ਦਿਹਾਤੀ ਉਪ ਮੰਡਲ ਗੁਰਾਇਆਂ ਕੋਲ ਕੀਤਾ ਜਾ ਸਕਦਾ ਹੈ।

ਇਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ 23/1270, 5 ਐਚ ਪੀ, ਜੋ ਕਿ ਜੱਸਾ ਸਿੰਘ ਪੁੱਤਰ ਫੌਜਾ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਮੱਤੇਵਾਲ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਚੱਲ ਰਿਹਾ ਹੈ, ਨੂੰ ਗੁਰਪਾਲ ਸਿੰਘ ਪੁੱਤਰ ਕੇਵਲ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਮੱਤੇਵਾਲ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਬਦਲੀ ਕਰਨ ਦੀ ਅਰਜ਼ੀ ਆਈ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਛਪਣ ਦੇ 15 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ. ਐੱਲ ਉਪ ਮੰਡਲ ਅਫਸਰ ਫਤਿਹਪੁਰ ਰਾਜਪੂਤਾਂ ਨੂੰ ਆਪਣਾ ਇਤਰਾਜ਼ ਪੇਸ਼ ਕਰੇ। ਬਾਅਦ ਵਿਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

## ਆਮ ਸੂਚਨਾ

ਮੈਂ ਮੁਨਿੰਦਰਜੀਤ ਬਾਜਵਾ ਪਤਨੀ ਸਤਿੰਦਰ ਸਿੰਘ ਵਾਸੀ ਮਕਾਨ ਨੰਬਰ 54/1, ਪਾਮ ਲੇਨ ਪਾਮ ਗੁਰੂ ਸਾਹਮਣੇ ਆਈ ਵੀ ਵਾਏ ਹਸਪਤਾਲ ਪਿੰਡ ਹੇਰ ਅਦਲੀਵਾਲਾ ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੈਂ ਤੀਨੋਂ ਨਾਮਾ ਮੁਨਿੰਦਰਜੀਤ ਬਾਜਵਾ, ਮਨਿੰਦਰ ਕੌਰ ਬਾਜਵਾ ਅਤੇ ਮੁਨਿੰਦਰਜੀਤ ਕੌਰ ਬਾਜਵਾ ਮੇਰੇ ਹੀ ਹਨ ਤੇ ਇਕੋ ਵਿਅਕਤੀ ਦੇ ਹਨ।

## PUBLIC NOTICE

We, Mexmon Global Developers LLP, Registered Address, ES-66, Nakodar Road, Dhobi Mohalla, Distt. Jalandhar - 144001, Punjab have changed our name from Mexmon Global Developers Pvt. Ltd. to Mexmon Global Developers LLP. All note.

I Chanchal Sethi Widow of Krishan Lal Sethi,R/o H.No. WG-272,Islamabad,Near Ali Mohalla Puli,Jalandhar declare that my son Kamal Sethi and his wife Renu Sethi and their adopted daughter Garima all are out of my control. So I disown all of them from my moveable and immoveable properties. Anybody deals with them at their own risk and responsibility. All concerned may note.

I Chanchal Sethi Widow of Krishan Lal Sethi,R/o H.No. WG-272,Islamabad,Near Ali Mohalla Puli,Jalandhar declare that my adopted Grand daughter Garima (adopted D/o Kamal Sethi and Renu Sethi) is out of my control. So I disown her from my moveable and immoveable properties. Anybody deals with her at their own risk and responsibility. All concerned may note.

I, Kuldeep Kaur W/o Iqbal Singh Schulz R/o VPO. Bhatnura Labana, Jalandhar-144201 Punjab, India declare that Kamalpreet Kaur is my daughter. That she is presently residing in Italy. That she has not been married/engaged anywhere in India or abroad. That she is still unmarried in India or abroad and her marital status in Unmarried/Bachelor. That she is not within the degrees of prohibited relationship the party he wants to marry. That I have no objection If my daughter Kamalpreet Kaur get married with any boy of any caste or creed in Italy.

I, Balbir Singh Lambardar of V.Kot Karar Khan Distt. Kapurthala, Pin-144601, Punjab, India declare that I personally know Sukhvir Singh son of Gurdial Singh resident of Village Kot Karar Khan, PO. Pattar Kalan, Distt. Kapurthala-144601, Punjab, India. That he is presently residing in Italy. That he has not been married/ engaged anywhere in India or abroad. That he is still Unmarried in India or abroad and his marital status is Unmarried/Bachelor. That he is not within the degrees of prohibited relationship the party he wants to marry.

I, Manjit S/o Shingara Singh R/o H.No. 135, Near Gurdwara, Dilbagh Nagar, Jalandhar, Punjab declare that my son Gurpreet Singh is out of my control. I disinherit him from my moveable and immovable properties. I and my family shall not be held responsible for any of his acts, deeds and things. All please note.

We, Sewadar S/o Kartar Chand and Neembo W/o Sewadar both R/o VPO. Nussi, Tehsil and Distt. Jalandhar declare that our son Sandeep Kumar & his wife Aarti Jakhu is out of our control. We disinherit them from our moveable and immovable properties. We and our family shall not be held responsible for any of their acts, deeds and things. All please note.

## ਬੇਦਖਲੀ ਨੋਟਿਸ

ਮੈਂ, ਹਰਭਜਨ ਸਿੰਘ ਪੁੱਤਰ ਖੜਕ ਸਿੰਘ ਵਾਸੀ ਗੁੱਦੜ ਪੰਜ ਗਰਾਈਂ, ਤਹਿਸੀਲ ਗੁਰੂ ਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਖਵਿੰਦਰ ਸਿੰਘ, ਮੇਰੀ ਨੂੰਹ ਪ੍ਰਵੀਨ ਰਾਣੀ ਅਤੇ ਪੋਤਰਾ ਸੁਖਸ਼ਰਨਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੀ ਕੋਈ ਗੱਲ ਨਹੀਂ ਮੰਨਦੇ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਹਰਦੇਵ ਸਿੰਘ ਪੁੱਤਰ ਲੇਟ ਸ੍ਰੀ ਗੁਰਚਰਨ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਪੰਜਗਰਾਈਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰੋਬਿਨਪ੍ਰੀਤ ਸਿੰਘ ਅਤੇ ਨੂੰਹ ਜੋਤੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਜਸਵੰਤ ਮਸੀਹ ਪੁੱਤਰ ਲਾਲ ਮਸੀਹ ਵਾਸੀ ਪਿੰਡ ਔਜਲਾ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਪੁੱਤਰ ਰਜਤ ਮਸੀਹ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਪਿਸ਼ੌਰੀ ਲਾਲ ਪੁੱਤਰ ਲੇਟ ਸ੍ਰੀ ਮੁਨਸ਼ੀ ਰਾਮ ਵਾਸੀ ਮਕਾਨ ਨੰਬਰ 147, ਕਾਕੀ ਪਿੰਡ, ਰਾਮਾ ਮੰਡੀ, ਜਲੰਧਰ-144023 ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਧਰਮ ਵੀਰ ਉਰਫ ਬਿੱਲਾ ਅਤੇ ਉਸ ਦੀ ਪਤਨੀ ਅਨੂ ਅਤੇ ਉਨ੍ਹਾਂ ਦੇ ਬੱਚੇ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਅਤੇ ਪਰਵਾਰ ਨਾਲ ਮਾੜਾ ਸਲੂਕ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਮੋਹਿਤ ਗੁਪਤਾ ਪੁੱਤਰ ਲੇਟ ਸ੍ਰੀ ਵਿਨੋਦ ਗੁਪਤਾ, ਵਾਸੀ ਮਕਾਨ ਨੰ. 45, ਐਚ.ਜੇ. ਬਲਾਕ, ਬੀਆਰਐਸ ਨਗਰ, ਲੁਧਿਆਣਾ, ਵਰਤਮਾਨ ਪਤਾ ਫਲੈਟ ਨੰ. ਬੀ-3 (103) ਪਹਿਲੀ ਮੰਜ਼ਿਲ, ਕਰਿਸ਼ਨਾ ਅਪਾਰਟਮੈਂਟ, ਮਖਦੂਮ ਪੁਰਾ ਜਲੰਧਰ, ਹਲਫੀਆ ਬਿਆਨ ਕਰਦਾ ਹਾਂ ਕਿ ਮੇਰੇ ਲੜਕੇ ਲਕਸ਼ਯ ਗੁਪਤਾ ਅਤੇ ਸਕਸ਼ਮ ਗੁਪਤਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਖੁੱਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ।

ਮੈਂ ਸੰਤੋਸ਼ ਰਾਣੀ ਪਤਨੀ ਅਮਰ ਕੁਮਾਰ ਵਾਸੀ ਮਕਾਨ ਨੰ. 7205, ਨਿਊ ਆਦਰਸ਼ ਨਗਰ ਧੋਬੀਘਾਟ ਇਸਲਾਮਾਬਾਦ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾ ਕਿ ਆਪਣੇ ਲੜਕੇ ਅਜੇ ਕੁਮਾਰ ਤੇ ਇਸਦੀ ਲੜਕੀ ਖੁਸ਼ੀ ਨੂੰ ਮਿਤੀ 28/11/2019 ਬੇਦਖਲ ਕੀਤਾ ਸੀ ਪਰ ਹੁਣ ਇਹ ਮੇਰੇ ਕਹਿਣੇ ਵਿਚ ਹਨ ਤੇ ਮੈ ਇਹਨਾ ਨੂੰ ਦਿਤੀ ਹੋਈ ਬੇਦਖਲੀ ਰੱਦ ਕਰਦੀ ਹਾਂ। ਤੇ ਹੁਣ ਇਹ ਮੇਰੀ ਚੱਲ/ਅੱਚਲ ਜਾਇਦਾਦ ਦੇ ਵਾਰਸ ਬਣ ਗਏ ਹਨ।

ਅਸੀ ਰਾਮ ਪ੍ਰਕਾਸ਼ ਪੁੱਤਰ ਬੇਲੀ ਰਾਮ ਵਾਸੀ ਮਕਾਨ ਨੰ.1469, ਗਲੀ ਨੰ.9, ਮੇਨ ਬਾਜਾਰ ਗੁਰੂ ਨਾਨਕਪੁਰਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਪੋਤਰਾ/ ਲੜਕਾ ਅਭਿਸ਼ੇਕ ਸ਼ਰਮਾ ਸਾਡੇ ਕਹਿਣੇ ਤੋ ਬਾਹਰ ਹੈ, ਤੇ ਆਪਣੀ ਮਨ ਮਰਜੀ ਕਰਾ ਹੈ। ਇਸ ਲਈ ਅਸੀ ਇਸ ਨੂੰ ਅਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਕਿਸੇ ਵੀ ਤਰ੍ਹਾ ਦਾ ਲੈਣ ਦੇਣ ਕਰਨ ਵਾਲਾ ਖੁਦ ਜੁਮੇਵਾਰ ਹੋਵੇਗਾ ਸਾਡਾ ਇਸ ਨਾਲ ਖੂਨੀ ਰਿਸ਼ਤਾ ਖਤਮ ਹੋ ਗਿਆ ਹੈ।

# ਜੀ ਐੱਨ ਡੀ ਯੂ ਕਾਲਜ ਪੱਟੀ ਵਿਖੇ ਵਾਲੀਬਾਲ ਦਾ ਫਾਈਨਲ ਮੈਚ ਬਾਸਰਕੇ ਦੀ ਟੀਮ ਨੇ ਜਿੱਤਿਆ



ਪੱਟੀ (ਸ਼ਮਸ਼ੇਰ ਸਿੰਘ ਯੋਧਾ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਪੱਟੀ ਵਿਖੇ ਕਰਨਲ ਅਮਰਜੀਤ ਸਿੰਘ ਗਿੱਲ ਪ੍ਰਧਾਨ ਖੁਸ਼ਹਾਲੀ ਦੇ ਰਾਖੇ ਦੀ ਅਗਵਾਈ ਹੇਠ ਇੰਡੀਅਨ ਐਕਸ ਸਰਵਿਸ ਮੈਨ ਲੀਗ ਅਤੇ 7 ਇਨਫੈਂਟਰੀ ਡਵੀਜ਼ਨ ਦੇ ਸਹਿਯੋਗ ਨਾਲ ਵਾਲੀਬਾਲ ਟੂਰਨਾਮੈਂਟ ਕਰਵਾਇਆ ਗਿਆ।ਚਾਰ ਟੀਮਾਂ ਸੈਮੀਫਾਈਨਲ ਅਤੇ ਦੋ ਟੀਮਾਂ ਫਾਈਨਲ ਵਿੱਚ ਪਹੁੰਚੀਆਂ। ਫਾਈਨਲ ਮੈਚ ਬਾਸਰਕੇ ਅਤੇ ਝਬਾਲ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਪਿੰਡ ਬਾਸਰਕੇ ਦੀ ਟੀਮ ਜੇਤੂ ਰਹੀ। ਇਸ ਮੌਕੇ ਫੌਜ ਦੇ ਅਧਿਕਾਰੀਆਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਜੇਤੂ ਟੀਮ ਨੂੰ ਇਨਾਮ ਦੇ ਕੇ ਉਤਸ਼ਾਹਿਤ ਕੀਤਾ। ਖੁਸ਼ਹਾਲੀ ਦੇ ਰਾਖੇ ਸੰਸਥਾ ਦੇ ਸਾਰੇ ਮੈਂਬਰਾਂ ਨੇ ਇਸ ਟੂਰਨਾਮੈਂਟ ਨੂੰ ਸਫਲ ਬਣਾਉਣ ਵਿੱਚ ਬਹੁਤ ਯੋਗਦਾਨ ਪਾਇਆ ਅਤੇ ਉਨ੍ਹਾਂ ਦੱਸਿਆ ਕਿ ਇਸ ਟੂਰਨਾਮੈਂਟ ਦਾ ਮੁੱਖ ਉਦੇਸ਼ ਮਿਸ਼ਨ ਨਸ਼ਾ ਮੁਕਤ ਰੰਗਲਾ ਪੰਜਾਬ ਹੈ।ਇਸ ਦੌਰਾਨ ਜ਼ਿਲ੍ਹਾ ਉਪ ਪ੍ਰਧਾਨ ਸੂਬੇਦਾਰ ਮੁਖਤਿਆਰ ਸਿੰਘ, ਬਲਾਕ ਮੁਖੀ ਸੂਬੇਦਾਰ ਜਸਵੰਤ ਸਿੰਘ, ਬਲਾਕ ਮੁਖੀ ਕੈਪਟਨ ਦਿਆਲ ਸਿੰਘ, ਜ਼ਿਲ੍ਹਾ ਸਕੱਤਰ ਛਤਰਪਾਲ ਸਿੰਘ, ਤਰਨਜੀਤ ਸਿੰਘ, ਕੈਪਟਨ ਮਹਿਲ ਸਿੰਘ ਸਿੱਧੂ, ਅਧਿਆਪਕ ਆਗੂ ਸਤਨਾਮ ਸਿੰਘ ਸਿੱਧੂ, ਮਾਸਟਰ ਵਰਿੰਦਰ ਪ੍ਰਤਾਪ ਸਿੰਘ ਸਭਰਾ, ਸੂਬੇਦਾਰ ਵਿਰਸਾ ਸਿੰਘ, ਗੁਰਦੇਵ ਸਿੰਘ ਬਿੱਲਾ ਧਗਾਣਾ ਅਤੇ ਸਮੂਹ ਸੰਸਥਾ ਮੈਂਬਰਾਂ ਨੇ ਵੀ ਸ਼ਮੂਲੀਅਤ ਕੀਤੀ।

## Change of Name

I, Manjeet Singh S/o Lakhwinder Singh R/o Vill. Jhanda Lubana, Bhaini Mian Khan, Distt. Gurdaspur, Punjab-143517, have changed my name from Manjeet Singh to Manjit Singh.

## ਬੇਦਖਲੀ ਨੋਟਿਸ

ਮੈਂ ਮਨਜੀਤ ਕੌਰ ਪਤਨੀ ਲੇਟ ਸੁੱਚਾ ਸਿੰਘ ਪਿੰਡ ਖੋਖਰ ਤਹਿਸੀਲ ਚਮਕੌਰ ਸਾਹਿਬ (ਰੂਪਨਗਰ) ਨੇ ਆਪਣੇ ਲੜਕੇ ਸੁਖਵਿੰਦਰ ਸਿੰਘ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ, ਕਿਉਂਕਿ ਇਹ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ, ਪ੍ਰੀਤਮ ਦਾਸ ਪੁੱਤਰ ਸ਼੍ਰੀ ਸੰਤ ਰਾਮ ਵਾਸੀ ਮਕਾਨ ਨੰਬਰ 170, ਵਾਰਡ ਨੰਬਰ 09, ਪਿੰਡ ਡੱਲੀ, ਡਾਕਖਾਨਾ ਭੋਗਪੁਰ, ਜਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰਾ ਲੜਕਾ ਧਰਮ ਪਾਲ ਅਤੇ ਉਸਦੀ ਪਤਨੀ ਸੁਖਵਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹੋਣ ਕਾਰਨ ਮੈਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਹਨਾਂ ਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸੰਬੰਧ ਨਹੀਂ ਹੈ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ।

ਮੈਂ ਸਵਿੰਦਰ ਸਿੰਘ ਕੰਬੋ ਪੁੱਤਰ ਸੁਰਜੀਤ ਸਿੰਘ ਵਾਸੀ ਕੱਥੂਨੰਗਲ ਤਹਿਸੀਲ ਮਜੀਠਾ ਜਿਲ੍ਹਾ ਅੰਮ੍ਰਿਤਸਰ, ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਰਣਜੀਤ ਕੌਰ ਜੋ ਸ਼ਾਦੀਸ਼ੁਦਾ ਹੈ ਮੇਰੇ ਕਹਿਣੇ ਸੁਨਣੇ ਤੋਂ ਬਾਹਰ ਹਨ, ਆਪਣੀ ਮਨ ਮਰਜੀ ਕਰਦੀ ਹੈ। ਮੇਰੀ ਲੜਕੀ ਰਣਜੀਤ ਕੌਰ ਅਤੇ ਦਾਮਾਦ ਕੁਲਜੀਤ ਸਿੰਘ ਮੇਰੀ ਕੋਈ ਸੇਵਾ ਨਹੀਂ ਕਰਦੇ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰੀ ਲੜਕੀ ਆਪਣੇ ਨਫੇ ਨੁਕਸਾਨ ਦੀ ਖੁਦ ਜਿੰਮੇਵਾਰ ਹੋਵੇਗੀ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਅਸੀਂ ਜੋਰਾਵਰ ਸਿੰਘ ਪੁੱਤਰ ਦਰਸ਼ਨ ਸਿੰਘ ਅਤੇ ਕੁਲਦੀਪ ਕੌਰ ਪਤਨੀ ਜੋਰਾਵਰ ਸਿੰਘ ਵਾਸੀ ਪਿੰਡ ਝੰਡੇ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਾਜਵਿੰਦਰ ਸਿੰਘ ਅਤੇ ਉਸਦੀ ਪਤਨੀ ਜਸਪਿੰਦਰ ਕੌਰ ਦੋਵੇਂ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਬਿਨਾ ਵਜਾ ਲੜਾਈ ਝਗੜਾ ਕਰਦੇ ਰਹਿੰਦੇ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਅਸੀ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਅਸੀ ਤੇ ਸਾਡਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਸਾਡਾ ਅਤੇ ਸਾਡੇ ਸਾਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਜਸਬੀਰ ਕੌਰ ਪਤਨੀ ਸਵਿੰਦਰ ਸਿੰਘ ਵਾਸੀ ਠੱਟਾ, ਤਹਿਸੀਲ ਅਤੇ ਜਿਲਾ ਤਰਨਤਾਰਨ ਦੀ ਰਹਿਣ ਵਾਲੀ ਹਾ। ਮੇਰਾ ਲੜਕਾ ਪਰਮਜੀਤ ਸਿੰਘ ਉਰਫ ਪੰਮਾ ਮੇਰੇ ਕਹਿਣੇ ਤੋ ਬਾਹਰ ਹੈ। ਮੈ ਆਪਣੇ ਲੜਕੇ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਵਿੱਚੋ ਬੇਦਖਲ ਕਰਦੀ ਹਾ। ਇਸ ਨਾਲ ਲੈਣ ਦੇਣ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ, ਬਲਦੇਵ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਪਿੰਡ ਤਰਸਿੱਕਾ ਤਹਿਸੀਲ ਬਾਬਾ ਬਕਾਲਾ ਸਾਹਿਬ,ਜਿਲਾ ਅੰਮ੍ਰਿਤਸਰ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਵਿੰਦਰ ਸਿੰਘ ਅਤੇ ਉਸਦੀ ਪਤਨੀ ਰਮਨਦੀਪ ਕੌਰ ਜੋ ਕਿ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ, ਮੇਰੀ ਕੋਈ ਸੇਵਾ ਸੰਭਾਲ ਨਹੀਂ ਕਰਦੇ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਤੇ ਮੇਰਾ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਗਗਨਦੀਪ ਪੁੱਤਰ ਪ੍ਰਕਾਸ਼ ਚੰਦ ਵਾਸੀ ਬੀ. ਆਰ. ਅੰਬੇਦਕਰ ਕਾਲੋਨੀ, ਅੰਦਰੂਨੀ ਗਿਲਵਾਲੀ ਗੇਟ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਭੈਣ ਮੀਨੂ ਵਾਸੀ ਗਲੀ ਨੰ: 2, ਗੁਲਾਬ ਦੇਵੀ ਰੋਡ, ਰਤਨ ਨਗਰ, ਜਲੰਧਰ, ਜੋ ਕਿ ਮੇਰੇ ਅਤੇ ਮੇਰੇ ਪਰਵਾਰ ਨਾਲ ਮਾੜਾ ਸਲੂਕ ਕਰਦੀ ਹੈ। ਇਸ ਕਰਕੇ ਮੈਂ ਉਸ ਨੂੰ ਫਾਰਗਤੀ ਦਿੰਦਾ ਹਾਂ। ਇਸ ਨਾਲ ਮੇਰਾ ਤੇ ਮੇਰੇ ਪਰਵਾਰ ਦਾ ਕੋਈ ਤਲਕ ਵਾਸਤਾ ਨਹੀਂ ਹੈ। ਸੰਬੰਧਤ ਨੋਟ ਕਰਨ।

ਅਸੀਂ, ਬਲਬੀਰ ਸਿੰਘ ਪੁੱਤਰ ਗੁਰਦਿਆਲ ਸਿੰਘ ਅਤੇ ਪ੍ਰਮਜੀਤ ਕੌਰ ਪਤਨੀ ਬਲਬੀਰ ਸਿੰਘ ਵਾਸੀ ਮਕਾਨ ਨੰਬਰ 4402, ਭੱਲਾ ਕਾਲੋਨੀ, ਰਾਧਾ ਸਵਾਮੀ ਡੇਰਾ ਰੋਡ ਛੇਹਰਟਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਸੁਖਮਨਜੀਤ ਸਿੰਘ ਅਤੇ ਉਸ ਦੀ ਪਤਨੀ ਪ੍ਰਨੀਤ ਕੌਰ, ਜੋ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਸਾਡੀ ਕੋਈ ਗੱਲ ਨਹੀਂ ਮੰਨਦੇ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਬਲਵਿੰਦਰ ਕੌਰ ਵਿਧਵਾ ਜਸਵੰਤ ਸਿੰਘ ਵਾਸੀ ਪਿੰਡ ਵਡਾਲਾ ਭਿੱਟੇਵੱਡ, ਰਾਮ ਤੀਰਥ ਰੋਡ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੰਦੀਪ ਸਿੰਘ ਉਰਫ ਦੀਪੂ ਅਤੇ ਉਸ ਦੀ ਪਤਨੀ ਮਨਜੋਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਨਾਲ ਲੜਾਈ -ਝਗੜਾ ਕਰਦੇ ਹਨ ਤੇ ਮੇਰੀ ਕੋਈ ਗੱਲ ਨਹੀਂ ਮੰਨਦੇ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਸੁਖਵਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਚੜ੍ਹਦੀ ਪੱਤੀ ਭੰਗਵਾਂ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਵਤਾਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਚੁੰਨੀ ਲਾਲ ਪੁੱਤਰ ਸ੍ਰੀ ਘਰੇਲੂ ਰਾਮ ਅਤੇ ਮੋਨਿਕਾ ਪਤਨੀ ਚੁੰਨੀ ਲਾਲ ਵਾਸੀਆਨ ਐੱਸ-7/1097, ਬਾਜ਼ਾਰ ਗੁਜਰਾਂ ਵਾਲਾ, ਚੌਕ ਚਬੂਤਰਾ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ, ਸਾਡਾ ਲੜਕਾ ਸਾਹਿਲ ਅਤੇ ਉਸ ਦੀ ਪਤਨੀ ਜੋਤੀ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਸਾਡੇ ਨਾਲ ਲੜਾਈ-ਝਗੜਾ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਰਣਜੀਤ ਪਤਨੀ ਕੁਲਦੀਪ ਰਾਏ ਵਾਸੀ 3886, ਨਗਰ ਨਿਗਮ, 31, ਛੋਟਾ ਹਰੀਪੁਰਾ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਇੰਦਰਜੀਤ ਰਾਏ ਅਤੇ ਉਸ ਦੀ ਪਤਨੀ ਗੁਰਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।


ਮੈਂ ਤਸਵੀਰ ਸਿੰਘ ਪੁੱਤਰ ਗੁਰਬਖਸ ਸਿੰਘ ਵਾਸੀ ਪਿੰਡ ਸਾਂਧਰਾ, ਤਹਿਸੀਲ ਭਿੱਖੀਵਿੰਡ, ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਸਾਹਿਬ ਸਿੰਘ , ਉਸ ਦੀ ਪਤਨੀ ਚਰਨਜੀਤ ਕੌਰ ਅਤੇ ਉਨ੍ਹਾਂ ਦਾ ਪੁੱਤਰ ਹਰਨੂਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ । ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ । ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

## ਲੈਂਡ ਪੂਲਿੰਗ ਨੀਤੀ ਵਿਰੁੱਧ ਸੰਯੁਕਤ ਕਿਸਾਨ ਮੋਰਚੇ ਵੱਲੋਂ ਵੱਖ-ਵੱਖ ਥਾਈਂ ਰੋਸ ਮਾਰਚ




ਗੁਰਦਾਸਪੁਰ,(ਜਨਕ ਮਹਾਜਨ) -ਲੈਂਡ ਪੂਲਿੰਗ ਨੀਤੀ ਦੇ ਵਿਰੋਧ ਵਿਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਪੰਜਾਬ ਭਰ ਵਿਚ ਵਿਸ਼ਾਲ ਟਰੈਕਟਰ ਮਾਰਚ ਕੀਤੇ ਗਏ। ਗੁਰਦਾਸਪੁਰ ਵਿਖੇ ਪਿੰਡ ਘਰਾਲਾ ਦੀ 80 ਏਕੜ ਜ਼ਮੀਨ ਇਸ ਨੀਤੀ ਤਹਿਤ ਜਬਰੀ ਅਕਵਾਇਰ ਕੀਤੀ ਜਾ ਰਹੀ ਹੈ। ਜਦਕਿ ਇਸ ਪਿੰਡ ਦੀ ਪਹਿਲਾਂ ਹੀ 150 ਏਕੜ ਤੋਂ ਵੱਧ ਜ਼ਮੀਨ ਹਾਈਵੇ ਅਤੇ ਨਗਰ ਸੁਧਾਰ ਟਰੱਸਟ ਵਿਚ ਆ ਚੁੱਕੀ ਹੈ। ਐੱਸ. ਕੇ. ਐੱਮ. ਗੁਰਦਾਸਪੁਰ ਵੱਲੋਂ ਨਵੇਂ ਬੱਸ ਸਟੈਂਡ ਵਿਖੇ ਇਕੱਤਰ ਹੋ ਕੇ ਪਿੰਡ ਘਰਾਲਾ, ਔਜਲਾ, ਪਾਹੜਾ, ਕੋਠੇ ਤੇ ਹੋਰ ਨਾਲ ਦੇ ਪਿੰਡਾਂ ਤੋਂ ਬਾਅਦ ਸ਼ਹਿਰ ਵਿਚ ਬਹੁਤ ਲੰਬਾ ਟਰੈਕਟਰ ਮਾਰਚ ਕੀਤਾ ਗਿਆ। ਇਸ ਟਰੈਕਟਰ ਮਾਰਚ ਦੀ ਅਗਵਾਈ ਸਾਂਝੇ ਤੌਰ ਤੇ ਜ਼ਮੀਨ ਬਚਾਓ ਸੰਘਰਸ਼ ਕਮੇਟੀ ਪਿੰਡ ਘਰਾਲਾ ਦੇ ਕਨਵੀਨਰ ਰਜਿੰਦਰ ਸਿੰਘ ਸੋਨਾ, ਪਰਮਜੀਤ ਕੌਰ ਅਤੇ ਰਣਜੀਤ ਸਿੰਘ ਰਾਣਾ ਤੋਂ ਇਲਾਵਾ ਜਮਹੂਰੀ ਕਿਸਾਨ ਸਭਾ ਦੇ ਆਗੂ ਹਰਜੀਤ ਸਿੰਘ ਕਾਹਲੋਂ, ਬੀਕੇਯੂ ਉਗਰਾਹਾਂ ਦੇ ਲਖਵਿੰਦਰ ਸਿੰਘ ਮਜੀਆਂਵਾਲੀ, ਕਿਰਤੀ ਕਿਸਾਨ ਯੂਨੀਅਨ ਦੇ ਤਰਲੋਕ ਸਿੰਘ ਬਹਿਰਾਮਪੁਰ, ਕੁੱਲ ਹਿੰਦ ਸਾਨ ਸਭਾ ਦੇ ਗੁਲਜ਼ਾਰ ਸਿੰਘ ਬਸੰਤ ਕੋਟ, ਆਲ ਇੰਡੀਆ ਕਿਸਾਨ ਸਭਾ ਗਰੇਵਾਲ ਦੇ ਲਖਵਿੰਦਰ ਸਿੰਘ ਮਰੜ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਰਾਜ ਗੁਰਵਿੰਦਰ ਸਿੰਘ ਲਾਡੀ, ਪੰਜਾਬ ਕਿਸਾਨ ਯੂਨੀਅਨ ਦੇ ਸੁਖਦੇਵ ਸਿੰਘ ਭਾਗੋਕਾਵਾਂ, ਮਾਝਾ ਕਿਸਾਨ ਸੰਘਰਸ਼ ਕਮੇਟੀ ਦੇ ਬਲਵਿੰਦਰ ਸਿੰਘ ਰਾਜੂ ਔਲਖ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਗੁਰਦੀਪ ਸਿੰਘ ਮੁਸਤਫਾਬਾਦ, ਬੀਕੇਯੂ ਡਕੌਂਦਾ ਦੇ ਗੁਰਵਿੰਦਰ ਸਿੰਘ ਜੀਵਨ ਚੱਕ, ਬੀਕੇਯੂ ਰਾਜੇਵਾਲ ਦੇ ਪਲਵਿੰਦਰ ਸਿੰਘ ਮਠੋਲਾ, ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੁਰਿੰਦਰ ਸਿੰਘ ਕੋਠੇ, ਬੀਕੇਯੂ ਕ੍ਰਾਂਤੀਕਾਰੀ ਦੇ ਕੁਲਦੀਪ ਸਿੰਘ ਦਾਦੂਜੋਧ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸਤਿੰਦਰ ਪਾਲ ਸਿੰਘ ਤੁੰਗ ਤੇ ਸੋਹਣ ਸਿੰਘ ਨੇ ਸਾਂਝੇ ਤੌਰ 'ਤੇ ਕੀਤੀ।

## ਹਰਮੀਤ ਸਿੰਘ ਸੰਧੂ ਜ਼ਿਮਨੀ ਚੋਣ ਬੜੀ ਸ਼ਾਨ ਨਾਲ ਜਿੱਤਣਗੇ: ਅਰਵਿੰਦਰ ਸਿੰਘ ਰਾਜਾ



ਸਰਾਏ ਅਮਾਨਤ ਖਾਂ (ਮੱਖਣ ਮਨੋਜ)- ਹਲਕਾ ਤਰਨਤਾਰਨ ਦੇ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਨੂੰ ਆਮ ਆਦਮੀ ਪਾਰਟੀ ਦੀ ਹਾਈਕਮਾਂਡ ਵੱਲੋਂ ਹਲਕਾ ਤਰਨਤਾਰਨ ਦਾ ਇੰਚਾਰਜ ਲਗਾਉਣ ਤੇ ਝਬਾਲ ਤੋਂ ਆਮ ਆਦਮੀ ਪਾਰਟੀ ਦੇ ਬਲਾਕ ਝਬਾਲ ਦੇ ਵਾਇਸ ਪ੍ਰਧਾਨ ਅਰਵਿੰਦਰ ਸਿੰਘ ਰਾਜਾ ਝਬਾਲ, ਮੰਗਲ ਸਿੰਘ ਧੁੰਨਾ ਹਰਜਿੰਦਰ ਸਿੰਘ ਭੱਲੂ ਜੇਐੱਮਡੀ ਨੇ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਫੁੱਲਾਂ ਦਾ ਗੁਲਦਸਤਾ ਭੇਟ ਕਰ ਕੇ ਵਧਾਈ ਦਿੱਤੀ ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਪ੍ਰਭਾਰੀ ਮੁਨੀਸ਼ ਸਿਸੋਦੀਆ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸਾਬਕਾ ਸੰਸਦੀ ਸਕੱਤਰ ਤੇ ਵਿਧਾਇਕ ਹਰਮੀਤ ਸਿੰਘ ਸੰਧੂ ਦਾ ਹਲਕਾ ਤਰਨਤਾਰਨ ਦਾ ਇੰਚਾਰਜ ਲੱਗਣ ਨਾਲ ਹਲਕਾ ਤਰਨਤਾਰਨ ਵਿਚ ਰਹਿੰਦੇ ਵਿਕਾਸ ਕਾਰਜ ਇਕ ਵਾਰ ਫਿਰ ਤੋਂ ਸ਼ੁਰੂ ਹੋਣਗੇ ਤੇ ਜ਼ਿਮਨੀ ਚੋਣਾਂ ਵਿੱਚ ਹਰਮੀਤ ਸਿੰਘ ਸੰਧੂ ਹਲਕਾ ਤਰਨਤਾਰਨ ਤੋਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ।

## ਸਰਪੰਚ ਬੂਟਾ ਮਸੀਹ ਨੂੰ ਸਦਮਾ, ਮਾਤਾ ਦਾ ਦੇਹਾਂਤ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਠੀਕਰੀਵਾਲ ਕ੍ਰਿਸ਼ਚਨ ਪੱਤੀ ਤੋਂ ਸਰਪੰਚ ਸੁਖਵਿੰਦਰ ਮਸੀਹ ਉਰਫ ਬੂਟਾ ਮਸੀਹ ਨੂੰ ਉਸ ਵੇਲੇ ਗਹਿਰਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੀ ਮਾਤਾ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ।ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਅਤੇ ਸਮੁੱਚੇ ਪਾਰਟੀ ਆਗੂਆਂ ਤੇ ਵਰਕਰਾਂ ਵੱਲੋਂ ਸਰਪੰਚ ਬੂਟਾ ਮਸੀਹ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਇਸ ਮੌਕੇ ਸਰਪੰਚ ਬੂਟਾ ਮਸੀਹ ਨੇ ਦੱਸਿਆ ਕਿ ਮਾਤਾ ਦੀ ਅੰਤਿਮ ਅਰਦਾਸ ਪਿੰਡ ਦੀ ਚਰਚ ਵਿੱਚ 4 ਅਗਸਤ ਨੂੰ ਸਵੇਰੇ 10 ਵਜੇ ਤੋਂ ਲੈ ਕੇ 1 ਵਜੇ ਤੱਕ ਹੋਵੇਗੀ। ਉਨ੍ਹਾਂ ਆਪਣੇ ਸਮੂਹ ਸੱਜਣਾਂ ਮਿੱਤਰਾਂ, ਰਿਸ਼ਤੇਦਾਰਾਂ ਅਤੇ ਸਾਕ ਸਬੰਧੀਆਂ ਨੂੰ ਬੇਨਤੀ ਕੀਤੀ ਕਿ ਅੰਤਿਮ ਅਰਦਾਸ ਵਿੱਚ ਜ਼ਰੂਰ ਪਹੁੰਚਣ।ਇਸ ਮੌਕੇ ਸਮੂਹ ਭਾਈਚਾਰੇ ਵੱਲੋਂ ਅਤੇ ਬੂਟਾ ਮਸੀਹ ਦੇ ਰਿਸ਼ਤੇਦਾਰਾਂ ਅਤੇ ਸਾਕ ਸਬੰਧੀਆਂ, ਸੱਜਣਾਂ ਮਿੱਤਰਾਂ ਵੱਲੋਂ ਪੀੜਤ ਪਰਿਵਾਰ ਨਾਲ ਗਹਿਰੀ ਹਮਦਰਦੀ ਜਤਾਈ ਗਈ ਅਤੇ ਦੁੱਖ ਦਾ ਪ੍ਰਗਟਾਵਾ ਕੀਤਾ।


**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸਪੀਕਰ ਸੰਧਵਾਂ ਦੇ ਘਰ ਮੂਹਰੇ ਲੱਗਣ ਵਾਲੇ ਧਰਨੇ 'ਚ ਸ਼ਾਮਲ ਹੋਣ ਦਾ ਫੈਸਲਾ

**ਬੱਧਨੀ ਕਲਾਂ (ਲਵਲੀ ਕੁਮਾਰ)** ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਜ਼ਿਲ੍ਹਾ ਮੋਗਾ ਦੀ ਮੀਟਿੰਗ ਬੱਧਨੀ ਕਲਾਂ ਵਿਖੇ ਹੋਈ, ਜਿਸ 'ਚ ਮਜ਼ਦੂਰ ਆਗੂ ਮੇਜਰ ਸਿੰਘ ਕਾਲੇਕੇ, ਦਰਸ਼ਨ ਸਿੰਘ ਹਿੰਮਤਪੁਰਾ, ਸ਼ਿੰਗਾਰਾ ਸਿੰਘ ਮੱਦੋਕੇ, ਜੁਗਰਾਜ ਸਿੰਘ ਕੁੱਸਾ ਸਮੇਤ ਵੱਡੀ ਗਿਣਤੀ ਆਗੂ ਤੇ ਵਰਕਰ ਸ਼ਾਮਲ ਹੋਏ। ਮਜ਼ਦੂਰ ਆਗੂਆਂ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਵਿਰੁੱਧ ਸਾਂਝੇ ਮਜਦੂਰ ਮੋਰਚੇ ਦੇ ਸੱਦੇ ਤਹਿਤ 4 ਅਗਸਤ ਨੂੰ ਮੰਤਰੀਆਂ ਦੇ ਘਰਾਂ ਮੂਹਰੇ ਲੱਗਣ ਵਾਲੇ ਧਰਨਿਆਂ ਲੜੀ ਵਜੋਂ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਘਰ ਮੂਹਰੇ ਲੱਗਣ ਵਾਲੇ ਧਰਨੇ 'ਚ ਵੱਡੀ ਗਿਣਤੀ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੱਕੇ ਰੁਜ਼ਗਾਰ ਦੀ ਗਰੰਟੀ, ਚੋਣ ਵਾਅਦਿਆਂ ਅਨੁਸਾਰ ਔਰਤਾਂ ਨੂੰ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ, ਪੈਨਸ਼ਨਾਂ ਦੀ ਰਾਸ਼ੀ ਚ ਵਾਧਾ ਕਰਨ, ਪੰਚਾਇਤੀ ਜ਼ਮੀਨ ਦਾ ਤੀਜਾ ਹਿੱਸਾ ਜ਼ਮੀਨ ਮਜ਼ਦੂਰਾਂ ਨੂੰ ਸਸਤੇ ਭਾਅ ਠੇਕੇ 'ਤੇ ਦੇਣ, ਬੇਘਰਿਆਂ ਤੇ ਲੋੜਵੰਦਾਂ ਨੂੰ ਪਲਾਟ ਦੇਣ, ਸਹਿਕਾਰੀ ਸਭਾਵਾਂ ਰਾਹੀਂ ਬੇਜ਼ਮੀਨਿਆਂ ਨੂੰ ਕਰਜ਼ਾ ਦੇਣ, ਜ਼ਮੀਨੀ ਹੱਦਬੰਦੀ ਕਾਨੂੰਨ ਤੋਂ ਵਾਧੂ ਨਿਕਲਦੀਆਂ ਜ਼ਮੀਨਾਂ ਦੀ ਵੰਡ ਬੇਜ਼ਮੀਨੇ ਮਜ਼ਦੂਰਾਂ ਕਿਸਾਨਾਂ ਚ ਕਰਾਉਣ, ਕਰਜ਼ਾ ਮੁਆਫ਼ੀ ਤੇ ਜਥੇਬੰਦ ਹੋ ਕੇ ਸੰਘਰਸ਼ ਕਰਨ ਦੇ ਹੱਕ ਦੀ ਬਹਾਲੀ ਵਰਗੀਆਂ ਮੰਗਾਂ ਲਾਗੂ ਕਰਨ ਦੀ ਪੁਰਜ਼ੋਰ ਮੰਗ ਵੀ ਕੀਤੀ ਗਈ। ਮਜ਼ਦੂਰ ਆਗੂਆਂ ਨੇ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਮਜ਼ਦੂਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਲਾਗੂ ਕਰਨ ਦੀ ਥਾਂ ਲਗਾਤਾਰ ਮਜ਼ਦੂਰ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ।ਉਨ੍ਹਾਂ ਦੋਸ਼ ਲਾਇਆ ਕਿ ਜਿੱਥੇ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਕਿਰਤ ਕੋਡ ਬਣਾ ਕੇ ਕਿਰਤੀਆਂ ਦੇ ਹੱਕਾਂ 'ਤੇ ਡਾਕਾ ਮਾਰਿਆ ਗਿਆ, ਉਥੇ ਭਗਵੰਤ ਮਾਨ ਸਰਕਾਰ ਵੱਲੋਂ ਵੀ ਮਜ਼ਦੂਰਾਂ ਦੀ ਕੰਮ ਦਿਹਾੜੀ ਬਾਰਾਂ ਘੰਟੇ ਕਰਨ ਦਾ ਮਤਾ ਪਾਸ ਕਰ ਦਿੱਤਾ ਹੈ, ਜੋ ਅਤੀ ਨਿੰਦਣਯੋਗ ਹੈ।ਮਜ਼ਦੂਰ ਆਗੂਆਂ ਨੇ ਦੱਸਿਆ ਹੈ ਕਿ 8 ਅਗਸਤ ਨੂੰ ਮੋਗਾ ਵਿਖੇ ਜਨਤਕ ਤੇ ਜਮਹੂਰੀ ਜਥੇਬੰਦੀਆਂ ਵਲੋਂ ਹੋ ਰਹੀ ਵਿਸ਼ਾਲ ਰੈਲੀ, ਜੋ ਆਦਿਵਾਸੀ ਲੋਕਾਂ ਅਤੇ ਹਮਾਇਤੀਆਂ ਉੱਪਰ ਅੰਨਾ ਜ਼ਬਰ ਢਾਹਿਆ ਜਾ ਰਿਹਾ ਹੈ, ਵਿੱਚ ਵੀ ਵੱਡੀ ਗਿਣਤੀ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ।ਪਿੰਡ ਹਿੰਮਤਪੁਰਾ 'ਚ ਨਜਾਇਜ਼ ਚੱਲ ਰਹੇ ਸ਼ਰਾਬ ਦੇ ਠੇਕੇ ਨੂੰ ਜਲਦੀ ਚੁੱਕਣ ਦੀ ਮੰਗ ਵੀ ਕੀਤੀ ਗਈ।



# ਫੀਲਡ 'ਚ ਕੰਮ ਕਰਨ ਵਾਲੇ ਪੱਤਰਕਾਰਾਂ ਲਈ ਸਹੂਲਤ ਦੀ ਮੰਗ

**ਮੂਣਕ (ਰਾਜਪਾਲ ਸਿੰਗਲਾ)** ਬੇਸ਼ੱਕ ਦੇਸ਼ ਦੇ ਅੰਦਰ ਪ੍ਰੈਸ ਨੂੰ ਲੋਕਤੰਤਰ ਦਾ ਚੌਥਾ ਥੰਮ ਵਜੋਂ ਜਾਣਿਆ ਜਾਂਦਾ ਹੈ, ਪਰ ਇਸ ਕਿੱਤੇ ਨੂੰ ਕੁੱਝ ਆਪਮੁਹਾਰੇ ਜਾਅਲੀ ਪੱਤਰਕਾਰਾਂ ਵੱਲੋਂ ਏਨਾ ਪਿੱਛੇ ਸੁੱਟ ਦਿੱਤਾ ਹੈ ਕਿ ਇਸ ਕਿੱਤੇ ਨਾਲ ਜੁੜੇ ਪੱਤਰਕਾਰ ਆਪਣੇ ਨਾਂਅ ਪਿੱਛੇ ਪ੍ਰੈਸ ਜਾਂ ਪੱਤਰਕਾਰ ਸ਼ਬਦ ਲਾਉਣਾ ਚੰਗਾ ਨਹੀਂ ਸਮਝਦੇ, ਜਦੋਂ ਕਿ ਪਹਿਲਾਂ ਪੱਤਰਕਾਰ ਆਪਣੇ ਨਾਂਅ ਦੇ ਪਿੱਛੇ ਪ੍ਰੈਸ ਜਾਂ ਪੱਤਰਕਾਰ ਸ਼ਬਦ ਲਗਾ ਕੇ ਮਾਣ ਮਹਿਸੂਸ ਕਰਦੇ ਸੀ। ਇਸ ਸਮੱਸਿਆ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਨੂੰ ਆਪ ਮੁਹਾਰੇ ਪੱਤਰਕਾਰਾਂ 'ਤੇ ਸਖਤ ਸ਼ਿਕੰਜਾ ਕੱਸਣ ਦੀ ਜ਼ਰੂਰਤ ਹੈ।ਪੀਲਾ ਕਾਰਡ ਧਾਰਕ ਪੱਤਰਕਾਰਾਂ ਦੀ ਮੰਗ ਵੀ ਹੈ ਕਿ ਪੱਤਰਕਾਰੀ ਦੇ ਡਿੱਗ ਰਹੇ ਮਿਆਰ ਨੂੰ ਬਚਾਇਆ ਜਾ ਸਕੇ। ਫ਼ੀਲਡ ਵਿੱਚ ਕੰਮ ਕਰ ਰਹੇ ਪੱਤਰਕਾਰਾਂ 'ਤੇ ਹੋ ਰਹੇ ਹਮਲਿਆਂ ਨੂੰ ਦੇਖਦੇ ਹੋਏ ਪੱਤਰਕਾਰਾਂ ਦੀ ਸੁਰੱਖਿਆ ਲਈ ਕੋਈ ਸਖਤ ਕਾਨੂੰਨ ਬਣਾਏ ਜਾਣ ਤਾਂ ਜੁ ਪੱਤਰਕਾਰ ਬਿਨਾਂ ਕਿਸੇ ਡਰ ਤੋਂ ਫੀਲਡ ਅੰਦਰ ਪੱਤਰਕਾਰਤਾ ਕਰ ਸਕਣ। ਫੀਲਡ ਵਿੱਚ ਕੰਮ ਕਰਨ ਵਾਲੇ ਪੱਤਰਕਾਰਾਂ ਨੂੰ ਰੁਜ਼ਗਾਰ ਮਿਲਣ ਦੀ ਬਜਾਏ ਕਿਸੇ ਵੀ ਪਾਸੋਂ ਮਾਣਭੱਤਾ ਤੱਕ ਨਸੀਬ ਨਹੀਂ ਹੁੰਦਾ, ਜਦੋਂਕਿ ਹੋਰ ਰਾਜਾਂ ਦੇ ਵਿੱਚ ਪੈਨਸ਼ਨ ਸਕੀਮ ਤੇ ਮੁਫ਼ਤ ਬੱਸ ਸਫ਼ਰ ਦੀ ਸਕੀਮ ਦਿੱਤੀ ਜਾਂਦੀ ਹੈ, ਜਿਸ ਨੂੰ ਲੈ ਕੇ ਪੀਲਾ ਕਾਰਡ ਧਾਰਕਾਂ ਪੱਤਰਕਾਰਾਂ ਦੀ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਲੋਕ ਸੰਪਰਕ ਵਿਭਾਗ ਦੇ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਮੰਗ ਕੀਤੀ ਹੈ ਕਿ ਹੋਰ ਰਾਜਾਂ ਦੀ ਤਰਾਂ ਪੰਜਾਬ ਵਿੱਚ ਵੀ ਪੱਤਰਕਾਰਾ ਨੂੰ ਮੁਫ਼ਤ ਬੱਸ ਸਫ਼ਰ ਅਤੇ 15 ਹਜ਼ਾਰ ਪੈਨਸ਼ਨ ਸਕੀਮ ਦਿੱਤੀ ਜਾਵੇ।

# ਸਟੇਟ ਮੀਡੀਆ ਕਲੱਬ ਪੱਤਰਕਾਰਾਂ ਦੀ ਮਦਦ ਲਈ ਹਮੇਸ਼ਾ ਤਿਆਰ : ਪ੍ਰਧਾਨ ਜਤਿੰਦਰ ਟੰਡਨ



**ਲੁਧਿਆਣਾ (ਰਾਜ ਸਿੰਗਰਾਂ)** ਸਟੇਟ ਮੀਡੀਆ ਕਲੱਬ ਦੀ ਸਾਲਾਨਾ ਮੀਟਿੰਗ ਚੇਅਰਮੈਨ ਅਰੁਣ ਸਰੀਨ ਤੇ ਪ੍ਰਧਾਨ ਜਤਿੰਦਰ ਟੰਡਨ ਦੀ ਪ੍ਰਧਾਨਗੀ ਹੇਠ ਹੋਈ।ਇਹ ਕਲੱਬ ਪੰਜਾਬ ਸੂਬੇ ਦਾ ਇੱਕ ਪੱਤਰਕਾਰਾਂ ਦਾ ਵੱਡਾ ਕਲੱਬ ਹੈ, ਜਿਸ ਵਿੱਚ ਹੁਣ ਤੱਕ 1400 ਦੇ ਕਰੀਬ ਪੱਤਰਕਾਰ ਆਨਲਾਈਨ ਤੇ ਆਫਲਾਈਨ 1000 ਦੇ ਕਰੀਬ ਪੱਤਰਕਾਰ ਜੁੜ ਚੁੱਕੇ ਹਨ। ਮੀਟਿੰਗ ਵਿੱਚ 350 ਤੋਂ ਵੱਧ ਪੱਤਰਕਾਰ ਹਾਜ਼ਰ ਹੋਏ।ਸਟੇਟ ਮੀਡੀਆ ਕਲੱਬ ਵੱਲੋਂ ਹੁਣ ਤੱਕ ਬਹੁਤ ਸਾਰੇ ਪੱਤਰਕਾਰਾਂ ਦੀ ਵਿੱਤੀ, ਪਰਵਾਰਕ ਤੇ ਮੈਡੀਕਲ ਸਹਾਇਤਾ ਬਿਨਾਂ ਕਿਸੇ ਰਾਜਨੀਤਕ ਲੋਕਾਂ ਦੀ ਮਦਦ ਤੋਂ ਬਿਨਾਂ ਕਿਸੇ ਸਰਕਾਰੀ ਫੰਡ ਤੋਂ ਸਿਰਫ ਆਪਸੀ ਪੱਤਰਕਾਰ ਭਾਈਚਾਰੇ ਵੱਲੋਂ ਕੀਤੀ ਗਈ ਹੈ। ਪ੍ਰਧਾਨ ਜਤਿੰਦਰ ਟੰਡਨ ਨੇ ਕਿਹਾ ਕਿ ਪੱਤਰਕਾਰ ਭਾਈਚਾਰੇ ਲਈ ਸਟੇਟ ਮੀਡੀਆ ਕਲੱਬ ਦਿਨ ਰਾਤ ਹਮੇਸ਼ਾ ਤਿਆਰ ਰਹਿੰਦਾ ਹੈ।ਉਨ੍ਹਾਂ ਦੱਸਿਆ ਕਿ ਅਸੀਂ 2019 ਤੋਂ ਪੂਰੇ ਪੰਜਾਬ ਦੇ ਪੱਤਰਕਾਰ ਨੂੰ ਇਕ ਛੱਤ ਹੇਠਾਂ ਇੱਕਠੇ ਕਰ ਰਹੇ ਹਾਂ, ਜਿਸ ਵਿੱਚ ਹੁਣ ਤੱਕ ਅਸੀਂ 1000 ਆਫਲਾਈਨ ਤੇ 1400 ਆਨਲਾਈਨ ਹੀ ਜੋੜ ਚੁੱਕੇ ਹਾਂ। ਮੀਟਿੰਗ ਵਿਚ ਸਟੇਟ ਮੀਡੀਆ ਕਲੱਬ ਦੀ ਲੀਗਲ ਟੀਮ ਵੱਲੋਂ ਐਡੀਸ਼ਨਲ ਐਡਵੋਕੇਟ ਜਨਰਲ ਸ੍ਰੀ ਮਧੁਰ ਸ਼ਰਮਾ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਲੀਗਲ ਟੀਮ ਦੇ ਐਡੋਕੇਟ ਪੁਨੀਤ ਸਰੀਨ, ਦੀਪਕ ਬੇਰੀ, ਮੰਨਣ ਬੇਰੀ, ਸੰਜੀਵ ਮਿੰਕਾ ਤੇ ਕੁਨਾਲ ਵੋਹਰਾ ਆਦਿ ਮੌਜੂਦ ਰਹੇ।

# ਥਾਣਾ ਮੁਖੀ ਔਲਖ ਨੇ ਖਿਡਾਰੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)** ਸਮਾਜਿਕ ਜਾਗਰੂਕਤਾ ਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੇ ਉਦੇਸ਼ ਨਾਲ ਚਲਾਈ ਜਾ ਰਹੀ ਸੰਪਰਕ ਕੈਂਪਿੰਗ ਮੁਹਿਮ ਤਹਿਤ ਪੁਲਿਸ ਥਾਣਾ ਮਹਿਲ ਕਲਾਂ ਦੇ ਮੁੱਖ ਅਫ਼ਸਰ ਸ਼ੇਰਵਿੰਦਰ ਸਿੰਘ ਔਲਖ ਨੇ ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਖੇਡ ਸਟੇਡੀਅਮ ਵਿਖੇ ਕਬੱਡੀ ਖਿਡਾਰੀਆਂ ਨਾਲ ਵਿਸ਼ੇਸ਼ ਰੂਪ ਵਿੱਚ ਗੱਲਬਾਤ ਕੀਤੀ। ਉਨ੍ਹਾਂ ਆਖਿਆ ਕਿ ਖੇਡਾਂ ਸਿਰਫ਼ ਸਰੀਰਕ ਸਿਹਤ ਦਾ ਸਾਧਨ ਨਹੀਂ, ਸਗੋਂ ਨਸ਼ਿਆਂ ਤੋਂ ਬਚਣ ਦਾ ਸਭ ਤੋਂ ਪ੍ਰਭਾਵਸ਼ਾਲੀ ਹਥਿਆਰ ਹਨ, ਜਿਵੇਂ ਖੇਡ ਮੈਦਾਨਾਂ ਵਿਚ ਨਿਯਮ, ਅਨੁਸ਼ਾਸਨ ਅਤੇ ਟੀਮ ਵਰਕ ਨਾਲ ਖੇਡਿਆ ਜਾਂਦਾ ਹੈ, ਉਵੇਂ ਹੀ ਜ਼ਿੰਦਗੀ 'ਚ ਵੀ ਇਹੀ ਗੁਣ ਨਸ਼ਿਆਂ ਤੇ ਬੁਰਾਈਆਂ ਤੋਂ ਬਚਾਉਂਦੇ ਹਨ।ਉਨ੍ਹਾਂ ਕਿਹਾ ਕਿ ਖੇਡਾਂ ਰਾਹੀਂ ਨੌਜਵਾਨ ਆਪਣੀ ਪਛਾਣ ਬਣਾਉਂਦੇ ਹਨ ਤੇ ਪੰਜਾਬ ਦੇ ਕਈ ਪਿੰਡਾਂ ਤੋਂ ਨਿਕਲ ਕੇ ਕਬੱਡੀ ਖਿਡਾਰੀ ਅੱਜ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚ ਰਹੇ ਹਨ।

# ਰੀਤਕੰਵਲ ਕੌਰ ਨੇ ਨੈਸ਼ਨਲ ਕਰਾਟੇ ਚੈਂਪੀਅਨਸ਼ਿਪ 'ਚ ਜਿੱਤਿਆ ਸਿਲਵਰ ਮੈਡਲ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)** ਕਪੂਰਥਲਾ ਵਿਖੇ ਹਾਲ ਹੀ ਵਿੱਚ ਆਯੋਜਿਤ 19ਵੀਂ ਨੈਸ਼ਨਲ ਕਰਾਟੇ ਚੈਂਪੀਅਨਸ਼ਿਪ ਦੌਰਾਨ ਧੂਰੀ ਦੀ ਬੇਟੀ ਨੇ ਸ਼ਾਨਦਾਰ ਪ੍ਰਦਰਸ਼ਨ ਨਾਲ ਇਲਾਕੇ ਦਾ ਸਿਰ ਫ਼ਖਰ ਨਾਲ ਉੱਚਾ ਕਰ ਦਿੱਤਾ।ਦਿ ਐਂਜ ਓਵਰਸੀਜ਼ ਕੰਸਲਟੈਂਟ ਦੇ ਸੀ.ਐੱਮ.ਡੀ. ਜਗਸੀਰ ਸਿੰਘ ਜੱਗੀ ਢੀਂਡਸਾ ਦੀ ਪੁੱਤਰੀ ਤੇ ਦਿੱਲੀ ਪਬਲਿਕ ਸਕੂਲ ਦੀ ਵਿਦਿਆਰਥਣ ਗੀਤਕੰਵਲ ਕੌਰ ਢੀਂਡਸਾ ਨੇ ਇਸ ਮੁਕਾਬਲੇ 'ਚ ਦੂਜਾ ਸਥਾਨ ਹਾਸਲ ਕਰਕੇ ਸਿਲਵਰ ਮੈਡਲ ਆਪਣੇ ਨਾਂਅ ਕੀਤਾ। ਗੀਤਕੰਵਲ ਕੌਰ ਢੀਂਡਸਾ ਦੀ ਇਹ ਕਾਮਯਾਬੀ ਨਾ ਸਿਰਫ ਉਸਦੇ ਮਾਪਿਆਂ ਲਈ, ਬਲਕਿ ਧੂਰੀ ਤੇ ਆਸ-ਪਾਸ ਦੇ ਇਲਾਕੇ ਲਈ ਵੀ ਮਾਣਯੋਗ ਹੈ।ਉਸਦੇ ਪਿਤਾ ਜਗਸੀਰ ਸਿੰਘ ਢੀਂਡਸਾ ਨੇ ਦੱਸਿਆ ਕਿ ਗੀਤਕੰਵਲ ਬਚਪਨ ਤੋਂ ਹੀ ਕਰਾਟੇ ਵੱਲ ਰੁਝਾਨ ਰੱਖਦੀ ਆਈ ਹੈ।ਉਸ ਨੇ ਦਿਨ-ਰਾਤ ਮਿਹਨਤ ਕਰਕੇ ਇਹ ਮੌਕਾ ਹਾਸਲ ਕੀਤਾ ਹੈ।ਉਨ੍ਹਾਂ ਕਿਹਾ ਕਿ ਇਹ ਸਿਰਫ ਇੱਕ ਮੈਡਲ ਨਹੀਂ, ਸਗੋਂ ਲੜਕੀਆਂ ਲਈ ਪ੍ਰੇਰਨਾ ਹੈ ਕਿ ਉਹ ਵੀ ਕਿਸੇ ਵੀ ਖੇਤਰ 'ਚ ਪਿੱਛੇ ਨਹੀਂ। ਇਸ ਮੌਕੇ ਦਿ ਐਂਜ ਓਵਰਸੀਜ਼ ਕੰਸਲਟੈਂਟ ਦੇ ਸਟਾਫ਼, ਗੀਤਕੰਵਲ ਦੇ ਪਰਵਾਰਕ ਮੈਂਬਰਾਂ ਤੇ ਸਥਾਨਕ ਨਾਗਰਿਕਾਂ ਨੇ ਉਸਦੀ ਉਪਲਬਧੀ ਦੀ ਸ਼ਲਾਘਾ ਕਰਦਿਆਂ ਉਸਦੇ ਭਵਿੱਖ ਲਈ ਵਧਾਈਆਂ ਦਿੱਤੀਆਂ।ਕਰਾਟੇ ਕੋਚ ਨੇ ਵੀ ਗੀਤਕੰਵਲ ਦੀ ਮਿਹਨਤ ਅਤੇ ਦ੍ਰਿੜ ਇਰਾਦਿਆਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਇਹ ਸਿਰਫ਼ ਸ਼ੁਰੂਆਤ ਹੈ। ਅੱਗੇ ਹੋਰ ਵੀ ਕਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਮੈਡਲ ਗੀਤਕੰਵਲ ਜਿੱਤ ਸਕਦੀ ਹੈ।

# ਕਾਂਗਰਸ ਕਿਸਾਨਾਂ ਦੀ ਲੜਾਈ ਖੁਦ ਲੜ ਰਹੀ : ਹਰਦਿਆਲ ਕੰਬੋਜ



**ਪਟਿਆਲਾ/ਸਨੌਰ (ਰਾਜਿੰਦਰ ਸਿੰਘ ਥਿੰਦ)** ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਤੇ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਨੇ ਆਖਿਆ ਕਿ ਕਾਂਗਰਸ ਲੈਂਡ ਪੂਲਿੰਗ ਨੀਤੀ ਦਾ ਡਟ ਕੇ ਵਿਰੋਧ ਕਰ ਰਹੀ ਹੈ।ਹੁਣ ਕਿਸਾਨਾਂ ਦੀ ਲੜਾਈ ਵੀ ਖੁਦ ਲੜ ਰਹੀ ਹੈ ਤੇ ਕਿਸਾਨਾਂ ਦੀ ਜ਼ਮੀਨ ਦਾ ਇਕ ਇੰਚ ਵੀ ਸਰਕਾਰ ਨਹੀਂ ਲੈਣ ਦਿਆਂਗੇ। ਹਰਦਿਆਲ ਕੰਬੋਜ ਨੇ ਆਖਿਆ ਕਿ ਪੰਜਾਬ ਸਰਕਾਰ ਦੇ ਦਿੱਲੀ ਆਕਾਵਾਂ ਵੱਲੋਂ ਪੰਜਾਬ ਦੀ ਜ਼ਮੀਨ ਦੀ ਲੁੱਟ ਦਾ ਇਤਿਹਾਸ 'ਚ ਕੋਈ ਸਾਨੀ ਨਹੀਂ ਹੈ।ਇਸ ਪਿੱਛੇ ਵਿਕਾਸ ਦਾ ਕੋਈ ਤਰਕ ਨਹੀਂ ਹੈ।ਉਨ੍ਹਾਂ ਕਿਹਾ ਕਿ ਉਹ ਕੋਈ ਵੀ ਸ਼ਹਿਰ ਦੇਣ ਵਾਸਤੇ ਤਿਆਰ ਹਾਂ, ਪਰ ਕਿਸਾਨਾਂ ਦੀ ਸਹਿਮਤੀ ਤੋਂ ਬਗੈਰ ਸਰਕਾਰ ਨੂੰ ਵੀ ਜ਼ਮੀਨ ਨਹੀਂ ਲੈਣ ਦਿੱਤੀ ਜਾਵੇਗੀ। ਕੰਬੋਜ ਨੇ ਇਹ ਵੀ ਕਿਹਾ ਕਿ ਸਰਕਾਰ ਨੇ ਚੇਂਜ ਆਫ ਲੈਂਡ ਯੂਜ਼ (ਸੀ.ਐੱਲ.ਯੂ.) ਦਾ ਮੌਲਿਕ ਅਧਿਕਾਰ ਕਿਸਾਨਾਂ ਤੋਂ ਖੋਹ ਲਿਆ ਹੈ, ਜਿਥੇ ਜ਼ਮੀਨ ਹਾਲੇ ਐਕਵਾਇਰ ਹੀ ਨਹੀਂ ਹੋਈ, ਪਰ ਸਰਕਾਰ ਲਾਲਸਾ ਰੱਖਦੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਆਪਣੀ ਜ਼ਮੀਨ ਦੇ ਅਜਿਹੇ ਅਧਿਕਾਰ ਤੋਂ ਵਾਂਝੇ ਕਰਨ ਦੀ ਅਜਿਹੀ ਕੋਈ ਉਦਾਹਰਣ ਪਹਿਲਾਂ ਵੇਖਣ ਨੂੰ ਨਹੀਂ ਮਿਲੀ।

# ਸਰਕਾਰੀ ਪ੍ਰਾਇਮਰੀ ਸਕੂਲ ਚੱਕ ਬਲੋਚਾਂ ਨੂੰ ਦਿੱਤਾ 75 ਇੰਚ ਦਾ ਡਿਜੀਟਲ ਟੱਚ ਪੈਨਲ

**ਜਲਾਲਾਬਾਦ (ਪਰਮਜੀਤ ਢਾਬਾਂ)** ਸਰਕਾਰੀ ਸਕੂਲਾਂ 'ਚ ਪੜ੍ਹਾਉਣ ਵਾਲੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀ ਮਿਹਨਤ ਸਦਕਾ ਉੱਥੇ ਦੇ ਆਮ ਲੋਕਾਂ ਅਤੇ ਪਿੰਡ ਦੀਆਂ ਪੰਚਾਇਤਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾਂਦਾ ਹੈ।ਇਸ ਨੂੰ ਲੈ ਕੇ ਜਦੋਂ ਸਰਕਾਰੀ ਸਕੂਲਾਂ ਦੇ ਬੱਚੇ ਵੱਡੀਆਂ ਉਪਲਬਧੀਆਂ



ਪ੍ਰਾਪਤ ਕਰਕੇ ਆਉਂਦੇ ਹਨ ਤਾਂ ਕੁਦਰਤੀ ਤੌਰ 'ਤੇ ਪਿੰਡ ਦੇ ਲੋਕਾਂ ਅਤੇ ਉਥੇ ਦੀ ਪੰਚਾਇਤ ਉਤਸ਼ਾਹਤ ਹੋ ਕੇ ਉਨ੍ਹਾਂ ਦੀ ਮਦਦ ਕਰਨ ਲਈ ਆਪ ਮੁਹਾਰੇ ਅੱਗੇ ਆਉਂਦੀ ਹੈ।ਇਸੇ ਤਰ੍ਹਾਂ ਹੀ ਉਤਸ਼ਾਹਤ ਹੋ ਕੇ ਗ੍ਰਾਮ ਪੰਚਾਇਤ ਚੱਕ ਬਲੋਚਾਂ ਦੇ ਨੌਜਵਾਨ ਸਰਪੰਚ ਮਲਕੀਤ ਸਿੰਘ ਦੀ ਅਗਵਾਈ ਵਿੱਚ ਗ੍ਰਾਮ ਪੰਚਾਇਤ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਚੱਕ ਬਲੋਚਾਂ ਨੂੰ ਇੱਕ 75 ਇੰਚ ਦਾ ਡਿਜ਼ੀਟਲ ਟੱਚ ਪੈਨਲ ਭੇਂਟ ਕੀਤਾ ਗਿਆ। ਸਕੂਲ ਦੇ ਮੁੱਖ ਅਧਿਆਪਕ ਦਲੀਪ ਸਿੰਘ ਸੈਣੀ ਵੱਲੋਂ ਸਕੂਲ ਦੇ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ ਤੇ ਅਧਿਆਪਕਾਂ ਦੇ ਅਧਾਰ ਤੇ ਸਮੂਹ ਗ੍ਰਾਮ ਪੰਚਾਇਤ ਚੱਕ ਬਲੋਚਾਂ ਦਾ ਧੰਨਵਾਦ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਡਿਜ਼ੀਟਲ ਪੈਨਲ ਦੇ ਰਾਹੀਂ ਬੱਚਿਆਂ ਨੂੰ ਸਿਖਾਉਣ ਵਿੱਚ ਬਹੁਤ ਜ਼ਿਆਦਾ ਸਹੂਲਤ ਰਹਿੰਦੀ ਹੈ।ਉਨ੍ਹਾਂ ਕਿਹਾ ਕਿ ਪੰਚਾਇਤ ਦੁਆਰਾ ਦਿੱਤੇ ਇਸ ਟੱਚ ਪੈਨਲ ਦੇ ਰਾਹੀਂ ਬੱਚਿਆਂ ਨੂੰ ਨਵੀਆਂ ਤਕਨੀਕਾਂ ਰਾਹੀਂ ਪੜ੍ਹਾਇਆ ਜਾਏਗਾ। ਪਿੰਡ ਦੇ ਸਰਪੰਚ ਮਲਕੀਤ ਸਿੰਘ ਨੇ ਕਿਹਾ ਕਿ ਉਹ ਪਿੰਡ ਦੇ ਵਿਕਾਸ ਨਾਲੋਂ ਵੱਧ ਤਵੱਜੋਂ ਪਿੰਡ ਦੇ ਸਕੂਲ ਵਿੱਚ ਦੇ ਰਹੇ ਹਨ, ਕਿਉਂਕਿ ਉਨ੍ਹਾਂ ਦੇ ਪਿੰਡ ਦਾ ਭਵਿੱਖ ਉਹਨਾਂ ਦੇ ਪੜ੍ਹ ਰਹੇ ਬੱਚੇ ਹਨ।ਐੱਸ.ਐੱਮ.ਸੀ. ਚੇਅਰਮੈਨ ਬਲਜੀਤ ਸਿੰਘ ਵੱਲੋਂ ਵੀ ਗ੍ਰਾਮ ਪੰਚਾਇਤ ਦਾ ਧੰਨਵਾਦ ਕੀਤਾ ਗਿਆ।

## ਲੈਂਡ ਪੂਲਿੰਗ ਨੀਤੀ 'ਚ ਜ਼ਮੀਨ ਆਈ, ਸਦਮੇ 'ਚ ਮੌਤ



**ਜਗਰਾਉਂ (ਨਛੱਤਰ ਸੰਧੂ)** ਲਖਵੀਰ ਸਿੰਘ ਉੱਪਲ ਨੂੰ ਲੈਂਡ ਪੂਲਿੰਗ 'ਚ ਜ਼ਮੀਨ ਆਉਣ ਕਾਰਨ ਲੱਗਾ ਗਹਿਰਾ ਸਦਮਾ ਲੱਗਾ। ਸਰਕਾਰ ਵੱਲੋਂ ਲਿਆਂਦੀ ਹੋਈ ਇਹ ਕਿਸਾਨ ਮਾਰੂ ਨੀਤੀ ਦਾ ਵਿਰੋਧ ਕਰਦੇ ਹੋਏ ਜੋਧਾ ਵਿਖੇ ਪਹਿਲੇ ਦਿਨ ਕੀਤੀ ਗਈ ਮੀਟਿੰਗ ਦਾ ਹਿੱਸਾ ਬਣ ਕੇ ਵਾਪਿਸ ਆਉਂਦੇ ਸਾਰ ਰਸਤੇ ਵਿੱਚ ਹੀ ਲਖਵੀਰ ਸਿੰਘ ਉੱਪਲ ਨੂੰ ਹਾਰਟ ਅਟੈਕ ਆ ਗਿਆ।ਉਸ ਤੋਂ ਬਾਅਦ ਉਨ੍ਹਾਂ ਨੂੰ ਹੀਰੋ ਹਾਰਟ ਵਿਖੇ ਦਾਖਲ ਕਰਵਾਇਆ ਗਿਆ। ਲਗਭਗ ਡੇਢ ਮਹੀਨਾ ਉਹ ਦਾਖ਼ਲ ਰਹੇ। ਉਸ ਤੋਂ ਬਾਅਦ ਆਪਣੇ ਘਰ ਵਾਪਸ ਨਹੀਂ ਆਏ।ਲਖਵੀਰ ਸਿੰਘ ਉੱਪਲ ਦੀ ਮਾਲਕੀ ਵਾਲੀ ਸਾਰੀ ਜ਼ਮੀਨ ਲੈਂਡ ਪੂਲਿੰਗ 'ਚ ਆਉਂਦੀ ਹੈ।

## ਮਾਊਂਟ ਲਿਟਰਾ ਜ਼ੀ ਸਕੂਲ ਦੇ ਵਿਦਿਆਰਥੀਆਂ ਜਿੱਤਿਆ ਸੋਨੇ ਦਾ ਤਮਗਾ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਮਾਊਂਟ ਲਿਟਰਾ ਜ਼ੀ ਸਕੂਲ ਬੱਚਿਆਂ ਵਿੱਚ ਨਵਾਂ ਉਤਸ਼ਾਹ ਤੇ ਨਵੀਂ ਚੇਤਨਾ ਜਗਾਉਣ ਤੇ ਉਨ੍ਹਾਂ ਦੀ ਛੁਪੀ ਹੋਈ ਸਮਰੱਥਾ ਨੂੰ ਬਾਹਰ ਲਿਆਉਣ ਲਈ ਕੁਝ ਗਤੀਵਿਧੀਆਂ ਦਾ ਆਯੋਜਨ ਕਰਦਾ ਹੈ ਤਾਂ ਜੋ ਉਹ ਜ਼ਿੰਦਗੀ ਵਿੱਚ ਸਫ਼ਲ ਹੋ ਸਕਣ।ਇਸ ਦੇ ਚੱਲਦਿਆਂ ਜ਼ੋਨ ਪੱਧਰ 'ਤੇ ਬੈਡਮਿੰਟਨ ਮੁਕਾਬਲੇ ਕਰਾਏ ਗਏ, ਜਿਸ ਵਿੱਚ ਮਾਊਂਟ ਲਿਟਰਾ ਜ਼ੀ ਸਕੂਲ ਦੇ ਅੰਡਰ-17 ਲੜਕਿਆਂ ਦੇ ਵਰਗ ਨੇ ਬੈਡਮਿੰਟਨ



ਵਿੱਚ ਸੋਨ ਤਗਮਾ ਜਿੱਤ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਨਾਲ ਹੀ ਅੰਡਰ-14 ਲੜਕਿਆਂ ਦੇ ਵਰਗ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ ਕਾਂਸੀ ਦਾ ਤਗਮਾ ਜਿੱਤਿਆ। ਇਸ ਮੌਕੇ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਅਤੇ ਸਕੂਲ ਦੀ ਪ੍ਰਿੰਸੀਪਲ ਗੀਤਾ ਪਿੱਲੇ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਸਫਲਤਾ ਸਾਡੇ ਵਿਦਿਆਰਥੀਆਂ ਦੀ ਖੇਡਾਂ ਪ੍ਰਤੀ ਸਖ਼ਤ ਮਿਹਨਤ, ਸਮਰਪਣ ਤੇ ਜਨੂੰਨ ਦਾ ਨਤੀਜਾ ਹੈ।

# ਸਵ: ਬਾਪੂ ਸੇਵਾ ਸਿੰਘ ਛਾਪਾ ਨੂੰ ਸ਼ਰਧਾਂਜਲੀਆਂ ਭੇਟ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** ਸਵ: ਬਾਪੂ ਸੇਵਾ ਸਿੰਘ ਛਾਪਾ ਨਮਿਤ ਅੰਤਿਮ ਅਰਦਾਸ ਉਪਰੰਤ ਵਿਸ਼ਾਲ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਡੇਰਾ ਸਮਾਧਾਂ ਪਿੰਡ ਛਾਪਾ (ਬਰਨਾਲਾ) ਵਿਖੇ ਹੋਇਆ।ਇਸ ਮੌਕੇ ਭਾਈ ਜਸਵੀਰ ਸਿੰਘ ਕਾਲਾਮਾਲਾ ਸਾਹਿਬ, ਭਾਈ ਮਨਦੀਪ ਸਿੰਘ ਗੁਰਦੁਆਰਾ ਟਾਹਲੀਆਣਾ ਸਾਹਿਬ ਦੇ ਰਾਗੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ। 'ਆਪ' ਆਗੂ ਚੇਅਰਮੈਨ ਤਰਸੇਮ ਸਿੰਘ ਕਾਹਨੇ ਕੇ ਨੇ ਉਘੇ ਆਪ ਆਗੂ ਸਰਪੰਚ ਗੁਰਦੀਪ ਸਿੰਘ ਬਾਬਾ ਅਤੇ ਸਮੁੱਚੇ ਪਰਵਾਰ ਨਾਲ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਦੁਖ ਸਾਂਝਾ ਕਰਦਿਆ ਸ਼ਰਧਾਂਜਲੀ ਅਰਪਿਤ ਕੀਤੀ।ਉਨ੍ਹਾਂ ਸਮੂਹ ਪਰਵਾਰ ਵੱਲੋਂ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ, ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੀ ਅਗਵਾਈ ਹੇਠ ਸਿਆਸੀ ਅਤੇ ਸਮਾਜਿਕ ਖੇਤਰ 'ਚ ਨਿਭਾਈਆਂ ਜਾ ਰਹੀਆਂ ਅਣਥੱਕ ਸੇਵਾਵਾਂ ਦੀ ਸ਼ਲਾਘਾ ਕਰਦਿਆ ਹਰ ਸੰਭਵ ਸਹਿਯੋਗ ਦਾ ਵਿਸ਼ਵਾਸ ਦਿਆਇਆ।ਆਪ ਆਗੂ ਭਾਈ ਮਨਜੀਤ ਸਿੰਘ ਸਹਿਜੜਾ ਨੇ ਵੱਡੀ ਗਿਣਤੀ ਵਿੱਚ ਪਹੁੰਚਣ ਤੇ ਵੱਖ-ਵੱਖ ਆਗੂਆਂ, ਸਮੂਹ ਸੰਗਤਾਂ ਦਾ ਉਚੇਚਾ ਧੰਨਵਾਦ ਕਰਦਿਆ ਕਿਹਾ ਕਿ ਛਾਪਾ ਪਰਵਾਰ ਦੀ ਹਰ ਵਰਗ 'ਚ ਹਰਮਨਪਿਆਰਤਾ ਦੀ ਗਵਾਹੀ ਅੱਜ ਦਾ ਵਿਸ਼ਾਲ ਇਕੱਠ ਭਰਦਾ ਹੈ। ਇਸ ਮੌਕੇ ਛਾਪਾ ਪਰਿਵਾਰ ਵੱਲੋਂ ਸੇਵਾ ਸਿੰਘ ਦੀ ਯਾਦ ਵਿੱਚ ਵੱਖ-ਵੱਖ ਧਾਰਮਿਕ ਸੰਸਥਾਵਾਂ ਨੂੰ ਰਾਸ਼ੀ ਦਾਨ ਵਜੋਂ ਭੇਟ ਕੀਤੀ ਗਈ।



# ਇਨਕਲਾਬੀ ਕੇਂਦਰ ਪੰਜਾਬ ਵੱਲੋਂ ਲੈਂਡ ਪੂਲਿੰਗ ਪਾਲਿਸੀ ਖਿਲਾਫ਼ ਸੰਘਰਸ਼ ਤੇਜ਼ ਕਰਨ ਦਾ ਸੱਦਾ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)** ਭਗਵੰਤ ਮਾਨ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਨੂੰ ਲਾਭ ਪੁਚਾਉਣ ਲਈ ਲੈਂਡ ਪੂਲਿੰਗ ਸਕੀਮ ਦੀ ਵਿਰੋਧ ਸਰਗਰਮੀ ਦੌਰਾਨ ਕਿਸਾਨਾਂ ਦੀ ਸਹਿਮਤੀ ਦੇ ਸੀਮਤ ਜਮਹੂਰੀ ਪੱਖ ਤੋਂ ਅੱਗੇ ਜਾਂਦਿਆਂ ਇਸ ਸਮੁੱਚੇ ਅਖੌਤੀ ਵਿਕਾਸ ਮਾਡਲ ਨੂੰ ਸਿਆਸੀ ਹੱਲੇ ਦਾ ਨਿਸ਼ਾਨਾ ਬਣਾਉਣ ਦੇ ਰੂਪ ਵਿੱਚ ਸਮਝਿਆ ਜਾਣਾ ਚਾਹੀਦਾ ਹੈ। ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਲੈਂਡ ਪੂਲਿੰਗ ਪਾਲਿਸੀ ਦੀਆਂ ਲੋਕਾਂ ਸਾਹਮਣੇ ਤਹਿਆਂ ਫਰੋਲਦਿਆਂ ਕਿਹਾ ਕਿ ਬੇਲੋੜੇ ਸ਼ਹਿਰੀਕਰਨ ਤੇ ਅੱਖਾਂ ਚੁੰਧਿਆਊ ਉਸਾਰੀਆਂ ਨੂੰ ਵਿਕਾਸ ਦਾ ਨਾਂਅ ਦੇਣ ਦਾ ਪਰਦਾਚਾਕ ਕਰਦੇ ਹੋਏ ਹਕੀਕੀ ਵਿਕਾਸ ਦੇ ਨਿਸ਼ਾਨਿਆਂ 'ਤੇ ਰਾਹ ਦੀ ਚਰਚਾ ਕਰਨੀ ਚਾਹੀਦੀ ਹੈ। ਖੇਤੀ ਦੇ ਵਿਕਾਸ ਅਧਾਰਿਤ ਆਰਥਿਕਤਾ ਦੇ ਵਿਕਾਸ ਮਾਡਲ ਦੀ ਲੋੜ ਉਭਾਰਨੀ ਚਾਹੀਦੀ ਹੈ। ਖੇਤੀ ਨੂੰ ਆਧਾਰ ਬਣਾ ਕੇ ਚੱਲਣ ਵਾਲਾ ਵਿਉਂਤਬੱਧ ਸਨਅਤੀਕਰਨ ਜਿਹੜਾ ਪੈਦਾਵਾਰੀ ਅਮਲਾਂ ਨਾਲ ਜੁੜਿਆ ਤੇ ਮੰਡੀ ਨੂੰ ਸੰਬੋਧਤ ਹੋਵੇ, ਉਹੀ ਹਕੀਕੀ ਵਿਕਾਸ ਵੱਲ ਲਿਜਾ ਸਕਦਾ ਹੈ। ਅਜਿਹੇ ਵਿਕਾਸ ਮਾਡਲ 'ਚ ਉਪਜਾਊ ਜ਼ਮੀਨ ਨੂੰ ਸਾਂਭਣ ਤੇ ਇਸਦੀ ਉਤਪਾਦਕ ਸਮਰੱਥਾ ਕਾਇਮ ਰੱਖਣ ਲਈ ਸੁਚੇਤ ਕੋਸ਼ਿਸ਼ਾਂ ਦੀ ਲੋੜ ਹੁੰਦੀ ਹੈ। ਪੰਜਾਬ ਦੇ ਕਿਸਾਨਾਂ ਵੱਲੋਂ ਪੰਜਾਬ ਸਰਕਾਰ ਨੂੰ ਖੇਤੀ ਨੀਤੀ ਲਾਗੂ ਕਰਨ ਲਈ ਸੰਘਰਸ਼ ਕੀਤਾ ਗਿਆ ਤਾਂ ਕਿਤੇ ਜਾ ਕੇ ਪੰਜਾਬ ਸਰਕਾਰ ਨੂੰ ਖੇਤੀ ਨੀਤੀ ਦਾ ਖਰੜਾ ਜਾਰੀ ਕਰਨ ਲਈ ਮਜ਼ਬੂਰ ਹੋਣਾ ਪਿਆ ਸੀ। ਹੁਣ ਫਿਰ ਭਗਵੰਤ ਮਾਨ ਸਰਕਾਰ ਨੂੰ ਇਸ ਖੇਤੀ ਨੀਤੀ ਨੂੰ ਦੱਬੀ ਬੈਠੇ 6 ਮਹੀਨਿਆਂ ਤੋਂ ਵੱਧ ਦਾ ਸਮਾਂ ਬੀਤ ਗਿਆ ਹੈ। ਇਸ ਸਮੇਂ ਦੌਰਾਨ ਬਹੁਤ ਸਾਰੀਆਂ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਨੂੰ ਲਿਖਤੀ ਰੂਪ ਵਿੱਚ ਖੇਤੀ ਨੀਤੀ ਸਾਮਰਾਜੀ ਮਾਡਲ ਦੀ ਥਾਂ ਕਿਸਾਨ, ਸਮਾਜ ਅਤੇ ਕੁਦਰਤ ਪੱਖੀ ਬਣਾਉਣ ਲਈ ਦਲੀਲ ਸਹਿਤ ਸੁਝਾਅ ਦਿੱਤੇ ਗਏ ਸਨ। ਪੰਜਾਬ ਅੰਦਰ ਪਿਛਲਾ ਤਜਰਬਾ ਇਹੀ ਦਸਦਾ ਹੈ ਕਿ ਮੋਹਾਲੀ ਅਤੇ ਹੋਰਨਾਂ ਥਾਵਾਂ 'ਤੇ ਅਕਵਾਇਰ ਕੀਤੀਆਂ ਕਲੋਨੀਆਂ 10-15 ਸਾਲ ਦਾ ਲੰਮਾ ਅਰਸਾ ਬੀਤ ਜਾਣ ਬਾਅਦ ਵੀ ਆਬਾਦ ਨਹੀਂ ਹੋਈਆਂ। ਕਿਸਾਨਾਂ ਨੂੰ ਉਪਜਾਊ ਜ਼ਮੀਨਾਂ ਤੋਂ ਉਜਾੜ ਦਿੱਤਾ ਗਿਆ ਹੈ। ਕਿਸਾਨਾਂ ਨੂੰ ਇਸ ਲੈਂਡ ਪੂਲਿੰਗ ਪਾਲਿਸੀ ਨੂੰ ਰੱਦ ਕਰਾਉਣ ਲਈ ਦਿੱਲੀ ਦੇ ਜੇਤੂ ਕਿਸਾਨ ਘੋਲ ਦੀ ਤਰਜ਼ 'ਤੇ ਵਿਸ਼ਾਲ ਆਧਾਰ ਵਾਲਾ ਸਾਂਝਾ ਮੋਰਚਾ ਬਣਾਉਣਾ ਚਾਹੀਦਾ ਹੈ। ਜਥੇਬੰਦੀ ਦੇ ਆਗੂਆਂ ਮੁਖਤਿਆਰ ਪੂਹਲਾ, ਜਗਜੀਤ ਲਹਿਰਾ ਮੁਹੱਬਤ ਤੇ ਜਸਵੰਤ ਜੀਰਖ ਨੇ ਕਿਹਾ ਕਿ ਇਸ ਲੈਂਡ ਪੂਲਿੰਗ ਪਾਲਿਸੀ ਦਾ ਆਮ ਆਦਮੀ ਨੂੰ ਕੋਈ ਫ਼ਾਇਦਾ ਨਹੀਂ ਹੋਵੇਗਾ, ਸਗੋਂ ਉਪਜਾਊ ਜ਼ਮੀਨਾਂ ਤੋਂ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਤਬਕਿਆਂ ਨੂੰ ਜਬਰੀ ਉਜਾੜ ਕੇ ਵੱਡੇ ਰੀਅਲ ਅਸਟੇਟ ਮਾਫੀਆ ਨੂੰ ਕਰੋੜਾਂ-ਅਰਬਾਂ ਦਾ ਮੁਨਾਫ਼ਾ ਬਖਸ਼ਣ ਲਈ ਰਾਹ ਪੱਧਰਾ ਕਰ ਦਿੱਤਾ ਜਾਵੇਗਾ।

# ਭਾਜਪਾ ਸਰਕਾਰ ਵਿਧਾਨ ਦੀ ਰੌਸ਼ਨੀ 'ਚ ਬਰਾਬਰਤਾ ਦੇ ਆਧਾਰ 'ਤੇ ਅਮਲ ਕਰੇ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਜਿਨ੍ਹਾਂ ਸਿਆਸਤਦਾਨਾਂ ਜਾਂ ਅਧਿਕਾਰੀਆਂ ਨੇ ਰਾਜਸਥਾਨ ਵਿੱਚ ਇੱਕ ਸਿੱਖ ਬੀਬੀ ਦੇ ਕੱਕਾਰਾਂ ਨੂੰ ਜਬਰੀ ਲੁਹਾਉਣ ਦੀ ਅਤਿ ਦੁਖਦਾਇਕ ਤੇ ਸ਼ਰਮਨਾਕ ਕਾਰਵਾਈ ਕੀਤੀ ਹੈ, ਉਹ ਸਭ ਸਿੱਖ ਕੌਮ ਅਤੇ ਕਾਨੂੰਨ ਦੇ ਦੋਸ਼ੀ ਹਨ।ਰਾਜਸਥਾਂਨ ਸਰਕਾਰ ਨੂੰ ਚਾਹੀਦਾ ਹੈ ਕਿ ਅਜਿਹੇ ਅਧਿਕਾਰੀਆਂ ਨੂੰ ਕਾਨੂੰਨੀ ਤੌਰ 'ਤੇ ਨਾ ਬਖਸ਼ਿਆ ਜਾਵੇ, ਸਗੋਂ ਮਿਸਾਲੀ ਸਜ਼ਾ ਦੇ ਕੇ ਅਜਿਹੇ ਹੋਣ ਵਾਲੇ ਫਿਰਕੂ ਵਰਤਾਰਿਆ ਨੂੰ ਬੰਦ ਕਰਾਉਣ ਵਿਚ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਰਾਜਸਥਾਨ ਵਿੱਚ ਇਕ ਗੁਰਸਿੱਖ ਅੰਮ੍ਰਿਤਧਾਰੀ ਬੀਬੀ ਵੱਲੋਂ ਉਥੋਂ ਦੀ ਇਕ ਯੂਨੀਵਰਸਿਟੀ ਵਿੱਚ ਜੁਡੀਸ਼ੀਅਲ ਸਰਵਿਸ ਦੇ ਪੇਪਰ ਦੇਣ ਸਮੇਂ ਮੌਜੂਦਾ ਫਿਰਕੂ ਅਧਿਕਾਰੀਆਂ ਵੱਲੋਂ ਉਸ ਸਿੱਖ ਬੀਬੀ ਦੇ ਜ਼ਬਰੀ ਕਕਾਰ ਲੁਹਾਉਣ ਤੇ ਸਿੱਖ ਕੌਮ ਦੇ ਇਨ੍ਹਾਂ ਕਕਾਰਾਂ ਦਾ ਅਪਮਾਨ ਕਰਨ ਵਿਰੁੱਧ ਸਖਤ ਸਟੈਂਡ ਲੈਂਦੇ ਹੋਏ ਅਤੇ ਅਧਿਕਾਰੀਆ ਨੂੰ ਤੁਰੰਤ ਸਖਤ ਸਜ਼ਾਵਾਂ ਦੇਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਆਰ.ਐਸ.ਐਸ ਮੁਖੀ ਸ੍ਰੀ ਮੋਹਨ ਭਾਗਵਤ ਨੂੰ ਸੰਬੋਧਤ ਹੁੰਦੇ ਹੋਏ ਕਿਹਾ ਕਿ ਜਿਸ ਰਾਜਸਥਾਨ ਦੇ ਮੁੱਖ ਮੰਤਰੀ ਦੀ ਅਕਲ ਉਤੇ ਇਸ ਗੰਭੀਰ ਵਿਸ਼ੇ ਉਤੇ ਪਰਦਾ ਪੈ ਚੁੱਕਾ ਹੈ, ਉਸ ਨੂੰ ਵਿਧਾਨ ਤੇ ਬਰਾਬਰਤਾ ਦੀ ਸੋਚ ਅਨੁਸਾਰ ਸਹੀ ਕਰਨ ਲਈ ਨਿਰਪੱਖਤਾ ਨਾਲ ਆਪਣੀ ਭੂਮਿਕਾ ਨਿਭਾਈ ਜਾਵੇ।

## ਗਲੋਬਲ ਡਿਸਕਵਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਬੈਡਮਿੰਟਨ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਸੀ.ਬੀ.ਐਸ.ਈ. ਤੋਂ ਮਾਨਤਾ ਪ੍ਰਾਪਤ ਸਰਾਫ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਦੇ ਵਿਦਿਆਰਥੀਆਂ ਨੇ ਸਾਲ 2025- 26 ਦੇ



ਜ਼ੋਨਲ ਪੱਧਰ ਦੇ ਬੈਡਮਿੰਟਨ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਗਲੋਬਲ ਡਿਸਕਵਰੀ ਸਕੂਲ ਦੇ ਵਿਹੜੇ 'ਚ ਜ਼ੋਨਲ ਬੈਡਮਿੰਟਨ ਮੁਕਾਬਲੇ ਕਰਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲੈ ਕੇ ਵਿਦਿਆਰਥੀਆਂ ਨੇ ਅਨੁਸ਼ਾਸਨ, ਟੀਮ ਭਾਵਨਾ ਤੇ ਆਤਮ-ਵਿਸ਼ਵਾਸ ਦਾ ਪ੍ਰਦਰਸ਼ਨ ਕੀਤਾ ਅਤੇ ਵੱਖ-ਵੱਖ ਟੀਮਾਂ ਨਾਲ ਸ਼ਾਨਦਾਰ ਮੁਕਾਬਲਾ ਕੀਤਾ।ਅੰਡਰ-14 ਵਰਗ ਵਿੱਚ, ਸਕੂਲ ਦੇ ਮੁੰਡਿਆਂ ਤੇ ਕੁੜੀਆਂ ਦੀਆਂ ਟੀਮਾਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂਕਿ ਅੰਡਰ-17 ਮੁੰਡਿਆਂ ਤੇ ਕੁੜੀਆਂ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕਰਕੇ ਸਕੂਲ ਤੇ ਮਾਪਿਆਂ ਦਾ ਮਾਣ ਵਧਾਇਆ।ਇਸ ਵੱਡੀ ਸਫਲਤਾ ਦੇ ਨਾਲ, ਵਿਦਿਆਰਥੀਆਂ ਦੀ ਜਿਲ੍ਹਾ ਪੱਧਰ ਮੁਕਾਬਲੇ ਲਈ ਚੋਣ ਹੋ ਗਈ ਹੈ।ਸਕੂਲ ਦੇ ਵਾਇਸ ਚੇਅਰਮੈਨ ਸ੍ਰੀ ਅਮਿਤ ਸਰਾਫ ਨੇ ਜੇਤੂ ਵਿਦਿਆਰਥੀਆਂ ਤੇ ਉਨ੍ਹਾਂ ਦੀ ਸਫ਼ਲਤਾ ਲਈ ਮਾਰਗਦਰਸ਼ਨ ਕਰਨ ਵਾਲੇ ਸਾਰੇ ਖੇਡ ਅਧਿਆਪਕਾਂ ਨੂੰ ਵਧਾਈ ਦਿੱਤੀ।

## ਪਿੰਡ ਕੁਰੜ 'ਚ 150 ਬੂਟੇ ਲਾਏ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** ਹਲਕਾ ਇੰਚਾਰਜ ਜਥੇਦਾਰ ਨਾਥ ਸਿੰਘ ਹਮੀਦੀ ਦੀ ਅਗਵਾਈ ਹੇਠ ਆਗੂ ਕੁਲਵੰਤ ਸਿੰਘ ਜਗਦੇ ਤੇ ਪਿੰਡ ਇਕਾਈ ਕੁਰੜ ਦੇ ਯਤਨਾਂ ਸਦਕਾ 150



ਬੂਟੇ ਲਾਏ ਗਏ।ਜਥੇਦਾਰ ਨਾਥ ਸਿੰਘ ਹਮੀਦੀ ਨੇ ਕਿਹਾ ਕਿ ਧਰਤ 'ਤੇ ਰੁੱਖਾਂ ਦੀ ਬਹੁਤ ਜ਼ਰੂਰਤ ਹੈ। ਰੁੱਖਾਂ ਦੇ ਘਟਣ ਨਾਲ ਅਨੇਕਾਂ ਬਿਮਾਰੀਆਂ ਨੇ ਪੈਰ ਪਸਾਰ ਲਏ ਹਨ। ਉਨ੍ਹਾਂ ਕਿਹਾ ਸ਼੍ਰੋਮਣੀ ਅਕਾਲੀ ਦਲ ਨੇ ਜਿੱਥੇ ਪੰਜਾਬ ਦੀ ਭਲਾਈ ਲਈ ਅਨੇਕਾਂ ਸਕੀਮਾਂ ਚਲਾ ਕੇ ਪੰਜਾਬ ਦੇ ਲੋਕਾਂ ਨੂੰ ਫਾਇਦਾ ਦਿੱਤਾ, ਉਥੇ ਸਮਾਜਿਕ ਤੌਰ 'ਤੇ ਵੀ ਸ਼੍ਰੋਮਣੀ ਅਕਾਲੀ ਦਲ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੋ ਕੇ ਸਮਾਜ ਸੇਵੀ ਕੰਮਾਂ ਵਿੱਚ ਹਮੇਸ਼ਾ ਪਹਿਲ ਕੀਤੀ ਹੈ।

# ਚੇਅਰਮੈਨ ਨੇ ਸਮਰਾਲਾ ਹਸਪਤਾਲ ਦੀ ਕਾਰਗੁਜ਼ਾਰੀ 'ਤੇ ਪ੍ਰਗਟਾਈ ਤਸੱਲੀ



**ਸਮਰਾਲਾ (ਸੁਰਜੀਤ ਸਿੰਘ)-** ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਵੱਲੋਂ ਅੱਜ ਸਥਾਨਕ ਸਿਵਲ ਹਸਪਤਾਲ ਦਾ ਅਚਨਚੇਤ ਦੌਰਾ ਕੀਤਾ ਗਿਆ। ਉਹਨਾਂ ਮਰੀਜ਼ਾਂ ਦੇ ਨਾਲ ਗੱਲਬਾਤ ਕੀਤੀ ਅਤੇ ਵੱਖ-ਵੱਖ ਵਾਰਡਾਂ 'ਚ ਜਾ ਕੇ ਉਹਨਾਂ ਦੀਆਂ ਸਮੱਸਿਆਵਾਂ ਸੁਣੀਆਂ। ਮਰੀਜ਼ਾਂ ਨੂੰ ਕਿਸੇ ਤਰ੍ਹਾਂ ਦੀ ਔਂਕੜ ਨਾ ਹੋਣ ਲਈ ਡਾਕਟਰਾਂ ਨੂੰ ਹਦਾਇਤ ਦਿੱਤੀ। ਉਹਨਾਂ ਪੰਜਾਬ ਸਰਕਾਰ ਵੱਲੋਂ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ 'ਤੇ ਸਹਿਮਤੀ ਪ੍ਰਗਟਾਈ ਅਤੇ ਖੁਸ਼ੀ ਜ਼ਾਹਿਰ ਕੀਤੀ।ਉਹਨਾਂ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਦੇ ਨਾਲ 10 ਲੱਖ ਰੁਪਏ ਤੱਕ ਦਾ ਇਲਾਜ ਅਤੇ ਹੁਣ ਸਰਕਾਰੀ ਹਸਪਤਾਲਾਂ ਦੇ ਵਿੱਚ ਡੋਗ ਵਾਈਟ ਅਤੇ ਹੋਰ ਕਿਸੇ ਜਾਨਵਰ ਵੱਲੋਂ ਕੱਟੇ ਜਾਣ ਤੇ ਮੁਫਤ ਟੀਕੇ ਲਗਾਏ ਜਾਣਗੇ ਅਤੇ ਦਿਲ ਦੇ ਮਰੀਜ਼ਾਂ ਦੇ ਲਈ ਹੁਣ 50 ਹਜ਼ਾਰ ਰੁਪਏ ਤੱਕ ਦੇ ਟੀਕੇ ਵੀ ਮੁਫਤ ਸਰਕਾਰੀ ਹਸਪਤਾਲਾਂ ਦੇ ਵਿੱਚ ਲਗਾਏ ਜਾਣਗੇ।ਇਸ ਮੌਕੇ ਉਹਨਾਂ ਨਾਲ ਸੀਨੀਅਰ ਮੈਡੀਕਲ ਅਫਸਰ ਸਮਰਾਲਾ ਡਾ. ਤਾਰਕਜੋਤ ਸਿੰਘ ਸਮੇਤ ਹੋਰ ਹਸਪਤਾਲ ਸਟਾਫ ਮੌਜੂਦ ਸਨ। ਇਸ ਦੌਰਾਨ ਹਸਪਤਾਲ ਦੇ ਐਸ ਐਮ ਓ ਡਾ. ਤਾਰਿਕਜੋਤ ਸਿੰਘ ਨੇ ਹਸਪਤਾਲ ਵਿਚ ਸਟਾਫ ਦੀ ਘਾਟ ਬਾਰੇ ਵਾਈਸ ਚੇਅਰਮੈਨ ਦੇ ਧਿਆਨ ਵਿਚ ਲਿਆਂਦਾ ਅਤੇ ਹਸਪਤਾਲ ਦੀ ਨਵੀਂ ਬਿਲਡਿੰਗ ਜੱਚਾ ਬੱਚਾ ਜਲਦੀ ਤਿਆਰ ਕਰਾਉਣ ਦੀ ਮੰਗ ਵੀ ਰੱਖੀ।

# ਜ਼ਮੀਨ ਮਾਲਕ ਨੇ ਨਵੀਂ ਸ਼ਹਿਰੀ ਜਾਇਦਾਦ ਲਈ ਸਹਿਮਤੀ ਜਮ੍ਹਾਂ ਕਰਾਈ

**ਲੁਧਿਆਣਾ (ਰੈਕਟਰ ਕਥੂਰੀਆ)** ਹੁਣ ਜਦੋਂ ਕਿ ਲੈਂਡ ਪੂਲਿੰਗ ਦੇ ਮਾਮਲੇ ਨੂੰ ਲੈ ਕੇ ਪੰਜਾਬ ਵਿਚਲੀ ਭਗਵੰਤ ਮਾਨ ਸਰਕਾਰ ਦਾ ਚੌਤਰਫਾ ਵਿਰੋਧ ਹੋ ਰਿਹਾ ਹੈ, ਉਦੋਂ ਸਰਕਾਰ ਇੱਕ ਜਾਦੂਈ ਚਾਲ ਨਾਲ ਸਾਹਮਣੇ ਆਈ ਹੈ।ਸਰਕਾਰ ਐਚ ਐਸ ਬਾਵਾ ਨੂੰ ਸ਼ਹਿਰੀ ਵਿਕਾਸ ਦੀ ਆਪਣੀ ਯੋਜਨਾ ਬਾਰੇ ਇੱਕ ਜ਼ਬਰਦਸਤ ਸਮਰਥਕ ਵੱਜੋਂ ਸਾਹਮਣੇ ਲਿਆਈ ਹੈ। ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਵਿੱਚ ਪੂਰਾ ਵਿਸ਼ਵਾਸ ਦਿਖਾਉਂਦੇ ਹੋਏ ਐਚ.ਐਸ ਬਾਵਾ ਨੇ ਮ ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਨੂੰ ਇੱਕ ਨਵੀਂ ਸ਼ਹਿਰੀ ਜਾਇਦਾਦ ਦੇ ਵਿਕਾਸ ਲਈ ਆਪਣੀ ਸਹਿਮਤੀ ਜਮ੍ਹਾਂ ਕਰਾਈ। ਐਚ.ਐਸ ਬਾਵਾ ਨੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੂੰ ਆਪਣਾ ਸਹਿਮਤੀ ਪੱਤਰ ਦਿੱਤਾ, ਜੋ ਗਲਾਡਾ ਦੇ ਮੁੱਖ ਪ੍ਰਸ਼ਾਸਕ ਵਜੋਂ ਵੀ ਕੰਮ ਕਰਦੇ ਹਨ।ਜਾਪਦਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਕਈ ਹੋਰ ਪ੍ਰਭਾਵਸ਼ਾਲੀ ਚਿਹਰੇ ਵੀ ਸਾਹਮਣੇ ਆ ਸਕਦੇ ਹਨ। ਐਚ.ਐਸ ਬਾਵਾ ਨੇ ਇਸ ਪਰਿਵਰਤਨਸ਼ੀਲ ਪ੍ਰੋਜੈਕਟ ਵਿੱਚ ਯੋਗਦਾਨ ਪਾਉਣ ਦੇ ਮੌਕੇ ਲਈ ਪੰਜਾਬ ਸਰਕਾਰ ਦਾ ਧੰਨਵਾਦ ਵੀ ਕੀਤਾ।ਉਨ੍ਹਾਂ ਆਪਣੇ ਸਾਥੀਆਂ ਵਿੱਚ ਲੈਂਡ ਪੂਲਿੰਗ ਨੀਤੀ ਦੇ ਫ਼ਾਇਦਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਆਪਣੇ ਯਤਨਾਂ ਨੂੰ ਉਜਾਗਰ ਕੀਤਾ ਅਤੇ ਹੋਰ ਜ਼ਮੀਨ ਮਾਲਕਾਂ ਨੂੰ ਇਸ ਪਹਿਲਕਦਮੀ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ, ਜਿਸ ਨਾਲ ਸ਼ਹਿਰੀ ਵਿਕਾਸ ਵਿੱਚ ਸਮੂਹਿਕ ਤਰੱਕੀ ਨੂੰ ਹੁਲਾਰਾ ਮਿਲਿਆ।



# ਬਾਬਾ ਖੇਤਰਪਾਲ ਜੀ ਦੇ ਮੰਦਰ 'ਚ ਲਾਇਆ ਹਫ਼ਤਾਵਾਰੀ ਲੰਗਰ



**ਬਾਘਾ ਪੁਰਾਣਾ (ਮਨੀ ਸਿੰਗਲਾ)** ਚੰਨੂੰਵਾਲਾ ਰੋਡ ਉਪਰ ਮਹਿੰਦਰਾ ਪੈਲੇਸ ਦੀ ਬੈਕਸਾਈਡ ਤਿਆਰ ਹੋ ਰਹੇ ਬਾਬਾ ਖੇਤਰਪਾਲ ਜੀ ਦੇ ਮੰਦਰ ਵਿਖੇ ਹਰ ਐਤਵਾਰ ਹਫ਼ਤਾਵਾਰੀ ਵਿਸ਼ਾਲ ਲੰਗਰ ਲਾਇਆ ਜਾਂਦਾ ਹੈ, ਜਿਸ ਤਹਿਤ ਬੀਤੇ ਐਤਵਾਰ ਵੀ ਸ਼ਰਧਾਲੂਆਂ ਦੇ ਸਹਿਯੋਗ ਨਾਲ ਹਫਤਾਵਾਰੀ ਲੰਗਰ ਲਾਇਆ ਗਿਆ।ਬਾਬਾ ਖੇਤਰਪਾਲ ਜੀ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਵਿਜੇ ਬਾਂਸਲ, ਪ੍ਰਧਾਨ ਸੰਜੀਵ ਗਰਗ, ਕੈਸ਼ੀਅਰ ਰਕੇਸ਼ ਜਿੰਦਲ ਤੋਤਾ ਦੀ ਅਗਵਾਈ ਵਿਚ ਸ਼ਰਧਾਲੂਆਂ ਦੇ ਸਹਿਯੋਗ ਨਾਲ ਬਾਬਾ ਖੇਤਰਪਾਲ ਜੀ ਦੇ ਮੰਦਰ ਵਿਖੇ ਕਾਰ ਸੇਵਾ ਦਾ ਕੰਮ ਚੱਲ ਰਿਹਾ ਹੈ ਤੇ ਵੱਡੀ ਗਿਣਤੀ ਵਿਚ ਸੰਗਤ ਮੰਦਿਰ ਦੇ ਪੁਨਰ ਨਿਰਮਾਣ ਦੇ ਲਈ ਆਪਣੀ ਦਸਾਂ-ਨੂੰਹਾਂ ਦੇ ਕਿਰਤ ਕਮਾਈ ਵਿਚ ਦਸਵੰਧ ਕੱਢ ਰਹੀ ਹੈ। ਸੇਵਾਦਾਰਾਂ ਵਲੋਂ ਸੰਗਤਾਂ ਨੂੰ ਇੱਕ ਪੰਗਤ 'ਚ ਬਿਠਾ ਕੇ ਸੇਵਾਦਾਰਾਂ ਵੱਲੋਂ ਲੰਗਰ ਛਕਾਇਆ ਗਿਆ।ਇਸ ਮੌਕੇ ਮੌਜੂਦ ਮੰਦਰ ਦੇ ਪੁਜਾਰੀ ਨੇ ਕਿਹਾ ਕਿ ਹਰ ਐਤਵਾਰ ਨੂੰ ਮੰਦਿਰ ਵਿਖੇ ਜੋ ਵੀ ਸ਼ਰਧਾਲੂ ਸ਼ਰਧਾ ਭਾਵਨਾ ਨਾਲ ਮੰਦਰ ਵਿਖੇ ਅਰਦਾਸ ਬੇਨਤੀ ਸੱਚੇ ਮਨ ਨਾਲ ਕਰਦਾ ਹੈ, ਬਾਬਾ ਜੀ ਉਨ੍ਹਾਂ ਦੀਆਂ ਮਨੋਕਾਮਨਾਵਾਂ ਜ਼ਰੂਰ ਪੂਰੀਆਂ ਕਰਦੇ ਹਨ ਅਤੇ ਸ਼ਰਧਾਲੂ ਹਰ ਐਤਵਾਰ ਨੂੰ ਆਪਣੇ ਵੱਲੋਂ ਵਿਸ਼ਾਲ ਭੰਡਾਰਾ ਲਾਉਂਦੇ ਹਨ।

## ਗੁਰਪ੍ਰੀਤ ਗੁਰੀ ਨੂੰ ਸਦਮਾ, ਨਾਨੀ ਦਾ ਦੇਹਾਂਤ

**ਦੇਵੀਗੜ੍ਹ/ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਵਿਧਾਨ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੇ ਪੀ.ਏ. ਗੁਰਪ੍ਰੀਤ ਸਿੰਘ ਗੁਰੀ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਨਾਨੀ ਜਸਪਾਲ ਕੌਰ 82 ਸਾਲ ਦੀ ਉਮਰ ਵਿੱਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ, ਜੋ ਕੁੱਝ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ।ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਨਾਲ ਹਰਮੀਤ ਸਿੰਘ ਪਠਾਣਮਾਜਰਾ ਵਿਧਾਇਕ ਹਲਕਾ ਸਨੌਰ, ਸਿਮਰਨਜੀਤ ਕੌਰ ਪਠਾਣਮਾਜਰਾ, ਹਰਦੇਵ ਸਿੰਘ ਘੜਾਮ ਪ੍ਰਧਾਨ, ਚੇਅਰਮੈਨ ਬਲਦੇਵ ਸਿੰਘ ਦੇਵੀਗੜ੍ਹ, ਡਾ. ਗੁਰਮੀਤ ਸਿੰਘ ਬਿੱਟੂ ਉਪ ਚੇਅਰਮੈਨ, ਪ੍ਰਧਾਨ ਵੇਦ ਪ੍ਰਕਾਸ਼ ਗਰਗ ਪ੍ਰਧਾਨ ਭੁਪਿੰਦਰ ਸਿੰਘ ਮੀਰਾਂ ਪੁਰ, ਸਾਹਿਬ ਸਿੰਘ ਵਾ ਪ੍ਰਧਾਨ, ਬਲਜਿੰਦਰ ਸਿੰਘ ਨੰਦਗੜ੍ਹ, ਸਾਜਨ ਢਿੱਲੋਂ, ਬਲਜੀਤ ਸਿੰਘ ਓ ਐੱਸ ਡੀ ਪਠਾਨਮਾਜਰਾ ਸਿਮਰਜੀਤ ਸਿੰਘ ਸੋਹਲ, ਅਮਨ ਪਠਾਨਮਾਜਰਾ, ਬਲਜੀਤ ਸਿੰਘ ਝੁੱਗੀਆਂ ਦਫ਼ਤਰ ਇੰਚਾਰਜ, ਡਾ. ਕਰਮ ਸਿੰਘ ਰਾਜਗੜ੍ਹ, ਸ਼ਵਿੰਦਰ ਕੌਰ ਧੰਜੂ ਪ੍ਰਧਾਨ, ਲਖਵੀਰ ਸਿੰਘ ਕਪੂਰੀ ਮੀਤ ਪ੍ਰਧਾਨ, ਪ੍ਰਗਟ ਸਿੰਘ ਰੱਤਾਖੇੜਾ, ਅਮਰ ਸੰਘੇੜਾ, ਗੁਰਜੀਤ ਸਿੰਘ ਸਰਪੰਚ ਨਿਜਾਮਪੁਰ, ਬਲਿਹਾਰ ਸਿੰਘ ਚੀਮਾ, ਜਿੱਤੂ ਥਿੰਦ ਕੰਬੋਜ਼ ਮਹਾਂ ਸਭਾ ਦੇ ਪ੍ਰਧਾਨ ਸਤਵਿੰਦਰ ਸਿੰਘ ਧੰਜੂ ਜਸਬੀਰ ਸਿੰਘ ਜੱਸੀ ਸਰਪੰਚ ਹਸਨਪੁਰ, ਜੋਗਿੰਦਰ ਸਿੰਘ ਚੂੰਹਟ ਦਵਿੰਦਰ ਸਿੰਘ ਕੰਬੋਜ਼ ਮਹਾ ਸਭਾ ਆਦਿ ਨੇ ਦੁੱਖ ਸਾਂਝਾ ਕੀਤਾ। ਜਸਪਾਲ ਕੌਰ ਦੀ ਆਤਮਿਕ ਸਾਂਤੀ ਲਈ ਰੱਖੇ ਸ੍ਰੀ ਸਹਿਜ ਪਾਠ ਦਾ ਭੋਗ ਤੇ ਅੰਤਮ ਅਰਦਾਸ 3 ਅਗਸਤ ਅਨਾਜ ਮੰਡੀ ਦੁੱਧਨਸਾਧਾਂ ਵਿਖੇ 12 ਤੋਂ 1 ਵਜੇ ਤੱਕ ਹੋਵੇਗੀ।



# ਸ਼ਹੀਦਾਂ ਵੱਲੋਂ ਕੀਤੇ ਬਲੀਦਾਨ ਨੂੰ ਭੁਲਾਉਣਾ ਨਹੀਂ ਚਾਹੀਦਾ : ਪ੍ਰਿੰਸੀਪਲ ਰਵਿੰਦਰ ਕੌਰ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ ਪੀ ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਰਾ ਵਿਖੇ ਕਰਵਾਇਆ ਗਿਆ। ਇਸ ਮੌਕੇ ਬੱਚਿਆਂ ਨੇ ਸ਼ਹੀਦ ਊਧਮ ਸਿੰਘ ਨੂੰ ਯਾਦ ਕਰਦੇ ਹੋਏ ਸ਼ਰਧਾ ਦੇ ਫੁੱਲ ਭੇਟ ਕੀਤੇ। ਬੱਚਿਆਂ ਨੇ ਸ਼ਹੀਦ ਊਧਮ ਸਿੰਘ ਦੇ ਜੀਵਨ ਅਤੇ ਆਜ਼ਾਦੀ ਸੰਘਰਸ਼ ਸਬੰਧੀ ਭਾਸ਼ਣ, ਕਵਿਤਾਵਾਂ ਪੇਸ਼ ਕੀਤੀਆਂ। ਇਸ ਤੋਂ ਇਲਾਵਾ ਅਧਿਆਪਕਾਂ ਨੇ ਬੜੇ ਵਿਸਥਾਰ ਨਾਲ ਊਧਮ ਸਿੰਘ ਦੇ ਸਮੁੱਚੇ ਜੀਵਨ ਅਤੇ ਸੰਘਰਸ਼ ਬਾਰੇ ਬੱਚਿਆਂ ਨੂੰ ਜਾਣੂ ਕਰਵਾਇਆ। ਸਕੂਲ ਦੇ ਪ੍ਰਿੰਸੀਪਲ ਮੈਡਮ ਰਵਿੰਦਰ ਕੌਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸ਼ਹੀਦ ਦੇਸ਼ ਅਤੇ ਕੌਮਾਂ ਦਾ ਸਰਮਾਇਆ ਹੁੰਦੇ ਹਨ। ਉਹਨਾਂ ਦੀ ਕੀਤੀ ਘਾਲਣਾ ਨਿਰਸਵਾਰਥ ਹੁੰਦੀ ਹੈ। ਉਹ ਆਪਣੇ ਦੇਸ਼ ਅਤੇ ਦੇਸ਼ ਦੇ ਲੋਕਾਂ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਛੁਟਕਾਰਾ ਦਿਵਾਉਣਾ ਚਾਹੁੰਦੇ ਸਨ। ਜਿਸ ਲਈ ਉਹਨਾਂ ਨੇ ਆਪਣੀਆਂ ਕੀਮਤੀ ਜਾਨਾਂ ਵਾਰਣ ਤੋਂ ਵੀ ਗੁਰੇਜ ਨਹੀਂ ਕੀਤਾ।ਅੱਜ ਉਹਨਾਂ ਮਹਾਨ ਦੇਸ਼ ਦੇ ਸੂਰਬੀਰਾਂ ਦੇ ਸਦਕਾ ਹੀ ਅਸੀਂ ਅਜ਼ਾਦ ਫਿਜ਼ਾਵਾਂ ਵਿੱਚ ਸਾਹ ਲੈ ਰਹੇ ਹਾਂ। ਇਸ ਲਈ ਸਾਨੂੰ ਦੇਸ਼ ਦੇ ਇਹਨਾਂ ਮਹਾਨ ਯੋਧਿਆਂ ਨੂੰ ਅਤੇ ਉਹਨਾਂ ਵਲੋਂ ਕੀਤੇ ਬਲੀਦਾਨ ਨੂੰ ਕਿਸੀ ਕੀਮਤ 'ਤੇ ਭੁਲਾਉਣਾ ਨਹੀਂ ਚਾਹੀਦਾ। ਇਸ ਮੌਕੇ ਸ਼੍ਰੀਮਤੀ ਪ੍ਰਭਜੋਤ ਕੌਰ, ਪਰਮਜੀਤ ਕੌਰ, ਹਰਪ੍ਰੀਤ ਕੌਰ ਖਟਾਨਾ, ਸ਼੍ਰੀਮਤੀ ਸੁਨੀਤਾ, ਸ਼੍ਰੀਮਤੀ ਵਰਿੰਦਰਜੀਤ, ਸੰਦੀਪ ਸਿੰਘ ਬਡਵਾਲ, ਸੰਜੀਵ ਕੁਮਾਰ, ਦਵਿੰਦਰ ਕੁਮਾਰ, ਸ਼ਿਵ ਲਾਲ,ਵਿੱਦਿਆ ਸਾਗਰ,ਅਰਵਿੰਦ ਕੁਮਾਰ, ਜਤਿੰਦਰ ਸਿੰਘ,ਪ੍ਰਦੀਪ ਅਗਨੀਹੋਤਰੀ,ਕੁਮਾਰੀ ਕੰਚਨ, ਪ੍ਰੀਆ ਸ਼ਰਮਾ ,ਨੂਤਨ ਕੁਮਾਰੀ, ਸਤਵੀਰ ਕੌਰ, ਮਨਪ੍ਰੀਤ ਕੌਰ, ਸੁਪ੍ਰੀਤ ਕੌਰ,ਸਤਵਿੰਦਰ ਕੌਰ ਆਦਿ ਅਧਿਆਪਕ ਹਾਜ਼ਰ ਸਨ।



# ਦੂਜੀ ਜਮਾਤ ਵਿੱਚ ਪੜ੍ਹਦੇ ਬੱਚੇ ਦੀ ਸੱਪ ਦੇ ਡੰਗਣ ਕਾਰਨ ਮੌਤ

**ਖੰਨਾ (ਸੁਖਵਿੰਦਰ ਸਿੰਘ ਭਾਦਲਾ)** ਖੰਨਾ ਦੇ ਨੇੜਲੇ ਪਿੰਡ ਰਹੋਣੋ ਖੁਰਦ ਵਿਖੇ ਛੋਟੇ ਬੱਚੇ ਨੂੰ ਸੱਪ ਦੇ ਕੱਟਣ ਕਾਰਨ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ। ਮ੍ਰਿਤਕ ਬੱਚੇ ਮਨਦੀਪ ਸਿੰਘ ਉਮਰ 9 ਸਾਲ ਜਿਹੜਾ ਕਿ ਪਿੰਡ ਰਹੋਣੋ ਖੁਰਦ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਦਾ ਸੀ। ਉਸ ਦੇ ਪਿਤਾ ਕੁਲਦੀਪ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਮੇਰਾ ਬੱਚਾ ਮਨਦੀਪ ਸਿੰਘ ਹੱਸਦਾ ਖੇਡਦਾ ਰੋਟੀ ਖਾ ਕੇ ਸੁੱਤਾ ਸੀ। ਉਸ ਤੋਂ ਬਾਅਦ ਰਾਤ ਨੂੰ 11 ਵਜੇ ਦੇ ਕਰੀਬ ਮੇਰੇ ਬੱਚੇ ਨੇ ਆਪਣੇ ਪੇਟ ਵਿੱਚ ਦਰਦ ਹੋਣ ਦੀ ਸ਼ਿਕਾਇਤ ਕੀਤੀ। ਅਸੀਂ ਤੁਰੰਤ ਇਸ ਨੂੰ ਨੇੜਲੇ ਪਿੰਡ ਦੇ ਡਾਕਟਰ ਤੋਂ ਦਵਾਈ ਦਵਾਈ ਗਈ। ਪਰ ਮੇਰੇ ਬੱਚੇ ਦੀ ਸਿਹਤ ਹੋਰ ਵੀ ਜ਼ਿਆਦਾ ਖਰਾਬ ਹੁੰਦੀ ਗਈ। ਉਸ ਤੋਂ ਬਾਅਦ ਬੱਚੇ ਨੂੰ ਖੰਨਾ ਦੇ ਇੱਕ ਨਿੱਜੀ ਹਸਪਤਾਲ ਲੈ ਗਏ। ਜਿੱਥੇ ਡਾਕਟਰਾਂ ਨੇ ਮੇਰੇ ਬੱਚੇ ਦੀ ਹਾਲਤ ਖਰਾਬ ਹੋਣ ਕਾਰਨ ਉਸ ਨੂੰ ਕਿਸੇ ਹੋਰ ਹਸਪਤਾਲ ਵਿਖੇ ਲਿਜਾਣ ਦੀ ਸਲਾਹ ਦਿੱਤੀ। ਉਦੋਂ ਹੀ ਅਸੀਂ ਆਪਣੇ ਬੱਚੇ ਨੂੰ ਖੰਨਾ ਦੇ ਸਿਵਲ ਹਸਪਤਾਲ ਵਿਖੇ ਇਲਾਜ ਲਈ ਲਿਆਂਦਾ। ਜਿੱਥੇ ਡਾਕਟਰਾਂ ਵੱਲੋਂ ਚੰਗੀ ਤਰ੍ਹਾਂ ਜਾਂਚ ਪੜਤਾਲ ਕਰਨ ਤੋਂ ਬਾਅਦ ਦੇਖਿਆ ਕਿ ਉਸ ਦੀ ਪੈਰ ਦੀ ਅੱਡੀ ਉੱਪਰ ਸੱਪ ਨੇ ਕੱਟਿਆ ਸੀ। ਉਸ ਤੋਂ ਬਾਅਦ ਡਿਊਟੀ 'ਤੇ ਤੈਨਾਤ ਡਾਕਟਰ ਵੱਲੋਂ ਮੇਰੇ ਬੱਚੇ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।



# ਸੰਯੁਕਤ ਕਿਸਾਨ ਮੋਰਚੇ ਨੇ ਕੱਢਿਆ ਟਰੈਕਟਰ ਮਾਰਚ

**ਬਲਾਚੌਰ (ਜਸਵਿੰਦਰ ਬੈਂਸ)** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਲੈਂਡ ਪੂਲਿੰਗ਼ ਪਾਲਿਸੀ ਨੂੰ ਰੱਦ ਕਰਵਾਉਣ ਹਿੱਤ ਵਿਸ਼ਾਲ ਟ੍ਰੈਕਟਰ ਮਾਰਚ ਕੀਤਾ ਗਿਆ ਅਤੇ ਡਿਪਟੀ ਕਮਿਸ਼ਨਰ ਸ਼. ਭ. ਸ. ਨਗਰ ਨੂੰ ਮੰਗ ਪੱਤਰ ਦਿੱਤਾ ਗਿਆ। ਪਿੰਡ ਮਹਾਲੋਂ ਦੀ 384 ਏਕੜ ਜਮੀਨ ਲੈਂਡ ਪੂਲਿੰਗ਼ ਪਾਲਿਸੀ ਤਹਿਤ ਲਈ ਜਾਣੀ ਹੈ। ਪਿੰਡ ਵਾਸੀਆਂ ਅਤੇ ਸੰਯੁਕਤ ਕਿਸਾਨ ਨੇ ਇਸ ਦਾ ਗੰਭੀਰ ਨੋਟਿਸ ਲੈਂਦਿਆਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਅਗਰ ਸਰਕਾਰ ਨੇ ਫੈਸਲਾ ਵਾਪਿਸ ਨਾ ਲਿਆ ਅਤੇ ਪਾਲਿਸੀ ਰੱਦ ਨਾ ਕੀਤੀ ਤਾਂ ਲੜਾਈ ਸੜਕਾਂ 'ਤੇ ਲੜਨਗੇ। ਮਾਰਚ ਦੀ ਅਗਵਾਈ ਸੰਯੁਕਤ ਮੋਰਚੇ ਦੇ ਆਗੂਆਂ ਸੁਰਿੰਦਰ ਸਿੰਘ ਬੈਂਸ, ਕੁਲਜਿੰਦਰ ਸਿੰਘ ਮਹਾਲੋਂ, ਰਣਜੀਤ ਸਿੰਘ ਰਟੈਂਡਾ, ਭੁਪਿੰਦਰ ਸਿੰਘ ਵੜੈਚ, ਕੁਲਦੀਪ ਸਿੰਘ ਵਜ਼ੀਦਪੁਰ, ਨਿਰਮਲ ਸਿੰਘ ਔਜਲਾ, ਚਰਨਜੀਤ ਸਿੰਘ ਦੌਲਤਪੁਰ, ਸੰਤੋਖ ਸਿੰਘ ਰੈਲਮਾਜਰਾ, ਸੰਤੋਖ ਸਿੰਘ, ਬੂਟਾ ਸਿੰਘ ਬੱਲੋਵਾਲ ਨੇ ਕੀਤੀ। ਬੁਲਾਰਿਆਂ ਨੇ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਸਰਕਾਰ ਵਾਹੀਯੋਗ ਉਪਜਾਊ ਜਮੀਨ ਕੌਡੀਆਂ ਦੇ ਭਾਅ ਕਾਰਪੋਰੇਟਾਂ ਦੇ ਹਵਾਲੇ ਕਰਨਾ ਚਾਉਂਦੀ ਹੈ। ਉਨ੍ਹਾਂ ਕਿਹਾ ਕਿ ਇਹ ਭਾਜਪਾ ਦੀ ਬੀ ਟੀਮ ਹੈ ਤੇ ਕੇਂਦਰ ਤੇ ਦਿੱਲੀ ਦੇ ਇਸ਼ਾਰਿਆਂ ਤੇ ਪੰਜਾਬ ਨੂੰ ਉਜਾੜਨ ਦੇ ਰਾਹ ਪਈ ਹੋਈ ਹੈ। ਉਨ੍ਹਾਂ ਕਿਹਾ ਭਗਵੰਤ ਮਾਨ ਸਰਕਾਰ ਅਤੇ ਕੇਜਰੀਵਾਲ ਦੇ ਸੁਪਨਿਆਂ ਨੂੰ ਲੋਕ ਪੂਰਾ ਨਹੀਂ ਹੋਣ ਦੇਣਗੇ ਅਤੇ ਆਉਣ ਵਾਲੇ ਸਮੇਂ ਵਿੱਚ ਆਮ ਆਦਮੀ ਪਾਰਟੀ ਨੂੰ ਲੋਕ ਪਿੰਡਾਂ ਵਿੱਚ ਨਹੀਂ ਵੜਨ ਦੇਣਗੇ। ਇਕੱਠ ਵਿੱਚ ਤਰਸੇਮ ਸਿੰਘ ਬੈਂਸ, ਕੁਲਦੀਪ ਸਿੰਘ ਦਿਆਲ, ਅਵਤਾਰ ਸਿੰਘ ਸਾਧੜਾ, ਮੋਹਣ ਸਿੰਘ ਟੱਪਰੀਆਂ, ਸੁਰਿੰਦਰ ਸਿੰਘ ਮਹਿਰਮਪੁਰ ਕੁਲਵੀਰ ਸਿੰਘ ਸ਼ਾਹਪੁਰ ਆਦਿ ਆਗੂ ਸ਼ਾਮਲ ਸਨ।



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

31July-Doaba-Page11.qxd 7/30/2025 10:57 PM Page 1



# ਐੱਨ ਪੀ ਐੱਸ ਕਰਮਚਾਰੀਆਂ ਨੇ ਕੇਂਦਰ ਤੇ ਰਾਜ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹਿਆ

**1 ਅਗਸਤ ਨੂੰ ਜ਼ਿਲ੍ਹਾ ਪੱਧਰ 'ਤੇ ਰੋਸ ਮਾਰਚ, ਅਧਿਆਪਕ ਦਿਵਸ 'ਤੇ ਭੁੱਖ ਹੜਤਾਲ, 25 ਨਵੰਬਰ ਨੂੰ ਦਿੱਲੀ ਕੂਚ ਦਾ ਐਲਾਨ**



**ਤਲਵਾੜਾ/ ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ, ਪੰਜਾਬ ਨੇ ਕੇਂਦਰ ਅਤੇ ਰਾਜ ਸਰਕਾਰ ਖ਼ਿਲਾਫ਼ ਨਿਰਣਾਇਕ ਸੰਘਰਸ਼ ਦਾ ਐਲਾਨ ਕੀਤਾ ਹੈ। ਇਹ ਜਾਣਕਾਰੀ ਸੂਬਾ ਕਨਵੀਨਰ ਜਸਵੀਰ ਤਲਵਾੜਾ, ਸੂਬਾਈ ਵਿੱਤ ਸਕੱਤਰ ਵਰਿੰਦਰ ਵਿੱਕੀ ਅਤੇ ਆਈ ਟੀ ਇੰਚਾਰਜ ਸੱਤ ਪ੍ਰਕਾਸ਼ ਨੇ ਦਿੱਤੀ। ਪੁਰਾਣੀ ਪੈਨਸ਼ਨ ਪ੍ਰਾਪਤੀ ਲਈ ਰਾਸ਼ਟਰੀ ਪੱਧਰ 'ਤੇ ਬਣੀ ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ ਕਮੇਟੀ ਨੇ ਸਰਕਾਰ ਖ਼ਿਲਾਫ਼ ਆਰ ਪਾਰ ਲੜਾਈ ਲੜਨ ਦਾ ਐਲਾਨ ਕੀਤਾ ਹੈ। ਇਸ ਐਲਾਨ ਤਹਿਤ ਦੇਸ਼ ਪੱਧਰ 'ਤੇ ਪ੍ਰੋਗਰਾਮ ਦਿੱਤੇ ਹਨ। ਪੰਜਾਬ 'ਚ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਅਤੇ ਸੀਪੀਐਫ਼ ਕਰਮਚਾਰੀ ਯੂਨੀਅਨ ਨੇ ਸਾਂਝੇ ਰੂਪ ਵਿਚ ਪ੍ਰੋਗਰਾਮ ਲਾਗੂ ਕਰਨ ਦਾ ਫੈਸਲਾ ਕੀਤਾ ਹੈ, ਜਿਸ ਤਹਿਤ 1 ਅਗਸਤ ਨੂੰ ਜ਼ਿਲ੍ਹਾ ਹੈਡਕੁਆਟਰਾਂ 'ਤੇ ਪੁਰਾਣੀ ਪੈਨਸ਼ਨ ਯੋਜਨਾ ਦੀ ਬਹਾਲੀ,ਐੱਨ ਪੀ ਐਸ ਅਤੇ ਯੂ ਪੀ ਐਸ ਦੀ ਵਿਰੋਧਤਾ ਤੇ ਨਿੱਜੀਕਰਨ ਦੇ ਖ਼ਿਲਾਫ਼ ਰੋਸ ਮਾਰਚ ਕੱਢਿਆ ਜਾਵੇਗਾ। 5 ਸਤੰਬਰ ਨੂੰ ਅਧਿਆਪਕ ਦਿਵਸ 'ਤੇ ਦੇਸ਼ ਭਰ 'ਚ ਜ਼ਿਲ੍ਹਾ ਹੈਡਕੁਆਟਰਾਂ 'ਤੇ ਭੁੱਖ ਹੜਤਾਲ ਕੀਤੀ ਜਾਵੇਗੀ।

ਪਹਿਲੀ ਅਕਤੂਬਰ ਨੂੰ ਸੋਸ਼ਲ ਮੀਡੀਆ 'ਤੇ ਪੁਰਾਣੀ ਪੈਨਸ਼ਨ ਬਹਾਲੀ ਦੇ ਹੱਕ 'ਚ ਮੁਹਿੰਮ ਚਲਾਈ ਜਾਵੇਗੀ। 25 ਨਵੰਬਰ ਨੂੰ ਦਿੱਲੀ ਵਿਖੇ ਕੌਮੀ ਪੱਧਰ 'ਤੇ ਰੋਸ ਰੈਲੀ ਕੀਤੀ ਜਾਵੇਗੀ। ਆਗੂਆਂ ਨੇ ਪੰਜਾਬ ਸਰਕਾਰ 'ਤੇ ਪੁਰਾਣੀ ਪੈਨਸ਼ਨ ਬਹਾਲੀ ਦਾ ਵਾਅਦਾ ਕਰਕੇ ਭੱਜਣ ਦੇ ਦੋਸ਼ ਲਗਾਏ ਹਨ।

# ਲੈਂਡ ਪੂਲਿੰਗ ਪਾਲਿਸੀ ਰੱਦ ਕਰਵਾਉਣ ਲਈ ਕਿਸਾਨਾਂ ਵੱਲੋਂ ਟਰੈਕਟਰ ਮਾਰਚ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਅੱਜ ਲੈਂਡ ਪੂਲਿੰਗ ਪਾਲਿਸੀ ਨੂੰ ਰੱਦ ਕਰਵਾਉਣ ਹਿੱਤ ਵਿਸ਼ਾਲ ਟ੍ਰੈਕਟਰ ਮਾਰਚ ਕੀਤਾ ਗਿਆ ਅਤੇ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਨੂੰ ਮੰਗ ਪੱਤਰ ਦਿੱਤਾ ਗਿਆ। ਪਿੰਡ ਮਹਾਲੋਂ ਦੀ 384 ਏਕੜ ਜ਼ਮੀਨ ਲੈਂਡ ਪੂਲਿੰਗ ਪਾਲਿਸੀ ਤਹਿਤ ਲਈ ਜਾਣੀ ਹੈ। ਪਿੰਡ ਵਾਸੀਆਂ ਅਤੇ ਸੰਯੁਕਤ ਕਿਸਾਨ ਨੇ ਇਸ ਦਾ ਗੰਭੀਰ ਨੋਟਿਸ ਲੈਂਦਿਆਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਫੈਸਲਾ ਵਾਪਿਸ ਨਾ ਲਿਆ ਅਤੇ ਪਾਲਿਸੀ ਰੱਦ ਨਾ ਕੀਤੀ ਤਾਂ ਪੰਜਾਬ ਦੇ ਕਿਸਾਨ ਲੜਾਈ ਸੜਕਾਂ 'ਤੇ ਲੜਨਗੇ। ਮਾਰਚ ਦੀ ਅਗਵਾਈ ਸੰਯੁਕਤ ਮੋਰਚੇ ਦੇ ਆਗੂਆਂ ਸੁਰਿੰਦਰ ਸਿੰਘ ਬੈਂਸ, ਕੁਲਜਿੰਦਰ ਸਿੰਘ ਮਹਾਲੋਂ, ਜਸਵੰਤ ਸਿੰਘ ਰਟੈਂਡਾ, ਭੁਪਿੰਦਰ ਸਿੰਘ ਵੜੈਚ, ਕੁਲਦੀਪ ਸਿੰਘ ਵਜ਼ੀਦਪੁਰ, ਨਿਰਮਲ ਸਿੰਘ ਔਜਲਾ, ਚਰਨਜੀਤ ਸਿੰਘ ਦੌਲਤਪੁਰ, ਸੰਤੋਖ ਸਿੰਘ ਰੈਲਮਾਜਰਾ, ਸੰਤੋਖ ਸਿੰਘ, ਬੂਟਾ ਸਿੰਘ ਬੱਲੋਵਾਲ ਨੇ ਕੀਤੀ। ਬੁਲਾਰਿਆਂ ਨੇ ਕਿਹਾ ਕਿ ਸਰਕਾਰ ਵਾਹੀਯੋਗ ਉਪਜਾਊ ਜ਼ਮੀਨ ਕੌਡੀਆਂ ਦੇ ਭਾਅ ਕਾਰਪੋਰੇਟਾਂ ਦੇ ਹਵਾਲੇ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਭਗਵੰਤ ਮਾਨ ਸਰਕਾਰ ਅਤੇ ਕੇਜਰੀਵਾਲ ਦੇ ਸੁਪਨਿਆਂ ਨੂੰ ਲੋਕ ਪੂਰਾ ਨਹੀਂ ਹੋਣ ਦੇਣਗੇ ਅਤੇ ਆਉਣ ਵਾਲੇ ਸਮੇਂ ਵਿੱਚ ਆਮ ਆਦਮੀ ਪਾਰਟੀ ਨੂੰ ਲੋਕ ਪਿੰਡਾਂ ਵਿੱਚ ਦਾਖਲ ਨਹੀਂ ਹੋਣ ਦੇਣਗੇ। ਇਕੱਠ ਵਿੱਚ ਤਰਸੇਮ ਸਿੰਘ ਬੈਂਸ, ਕੁਲਦੀਪ ਸਿੰਘ ਦਿਆਲ, ਅਵਤਾਰ ਸਿੰਘ ਸਾਧੜਾ, ਮੋਹਣ ਸਿੰਘ ਟੌਂਸੀਆਂ, ਸੁਰਿੰਦਰ ਸਿੰਘ ਮਹਿਰਮਪੁਰ ਕੁਲਵੀਰ ਸਿੰਘ ਸ਼ਾਹਪੁਰ ਕਰਨ ਸਿੰਘ ਰਾਣਾ, ਮਹਾ ਸਿੰਘ ਰੌੜੀ, ਆਦਿ ਹੋਰ ਆਗੂ ਸ਼ਾਮਲ ਸਨ।

# ਭੇਦਭਰੇ ਹਾਲਾਤ 'ਚ ਵਿਆਹੁਤਾ ਦੀ ਮੌਤ



**ਬੰਗਾ (ਅਵਤਾਰ ਕਲੇਰ)**-ਸਥਾਨਕ ਮੁਹੱਲਾ ਮਸੰਦਾਂ ਪੱਟੀ (ਬੰਗਾ) ਵਿਖੇ ਇਕ ਵਿਆਹੁਤਾ ਦੀ ਭੇਦ ਭਰੇ ਹਾਲਾਤ 'ਚ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਔਰਤ ਦਾ ਨਾਂ ਮੀਨਾਕਸ਼ੀ (39) ਹੈ, ਜੋ ਕਿ ਅਸ਼ਵਿਨੀ ਡਾਬਰ ਦੀ ਪਤਨੀ ਹੈ ਤੇ ਇਸ ਵਿਆਹ ਤੋਂ ਉਸ ਦਾ ਇਕ 12 ਸਾਲ ਦਾ ਪੁੱਤਰ ਹੈ। ਮੀਨਾਕਸ਼ੀ ਤੇ ਅਸ਼ਵਿਨੀ ਡਾਬਰ ਦਾ ਇਹ ਦੂਜਾ ਵਿਆਹ ਹੈ। ਦੋਵਾਂ ਦਾ ਪਹਿਲੇ ਵਿਆਹ ਤੋਂ ਇਕ-ਇਕ ਬੱਚਾ ਹੈ। ਮੀਨਾਕਸ਼ੀ ਤੇ ਉਸ ਦੇ ਪਤੀ ਅਸ਼ਵਿਨੀ ਡਾਬਰ ਦਾ ਸੋਮਵਾਰ ਰਾਤ ਝਗੜਾ ਹੋਇਆ ਸੀ। ਝਗੜੇ ਤੋਂ ਕੁਝ ਸਮੇਂ ਬਾਅਦ, ਮੀਨਾਕਸ਼ੀ ਦੀ ਹਾਲਤ ਖਰਾਬ ਹੋਣ ਲੱਗੀ ਤੇ ਉਸ ਨੂੰ ਰਾਤ ਦੇ ਸਮੇਂ ਹੀ ਗੁਰੂ ਨਾਨਕ ਮਿਸ਼ਨ ਹਸਪਤਾਲ, ਢਾਹਾਂ ਕਲੇਰਾਂ 'ਚ ਦਾਖਲ ਕਰਵਾਇਆ ਗਿਆ। ਹਸਪਤਾਲ ਪਹੁੰਚਣ ਤੋਂ ਬਾਅਦ ਮੀਨਾਕਸ਼ੀ ਦੀ ਮੌਤ ਹੋ ਗਈ। ਮ੍ਰਿਤਕਾ ਦੇ ਭਰਾ ਵਿਜੇ ਮਹਿਤਾ ਨੇ ਦੱਸਿਆ ਕਿ ਸੋਮਵਾਰ-ਮੰਗਲਵਾਰ ਦੀ ਰਾਤ ਦੋ ਵਜੇ ਦੇ ਕਰੀਬ ਮੀਨਾਕਸ਼ੀ ਦੀ ਮੌਤ ਦੀ ਜਾਣਕਾਰੀ ਮਿਲੀ ਜਿਸ ਤੋਂ ਬਾਅਦ ਉਹ ਤੁਰੰਤ ਬੰਗਾ ਪਹੁੰਚ ਗਏ। ਇੱਥੇ ਮਿਲੀ ਜਾਣਕਾਰੀ ਦੇ ਆਧਾਰ 'ਤੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਪੁਲਸ ਨੇ ਪੂਰੀ ਗੱਲਬਾਤ ਸੁਣਨ ਤੋਂ ਬਾਅਦ ਮਾਮਲਾ ਦਰਜ ਕਰਕੇ ਅਸ਼ਵਿਨੀ ਡਾਬਰ ਨੂੰ ਹਿਰਾਸਤ 'ਚ ਲੈ ਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਵਿੱਤ ਮੰਤਰੀ ਵੱਲੋਂ ਮਸਲਿਆਂ ਦੇ ਹੱਲ ਲਈ ਮੁਲਾਜ਼ਮ ਯੂਨੀਅਨਾਂ ਨਾਲ ਮੀਟਿੰਗਾਂ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਮੁਲਾਜ਼ਮਾਂ ਦੇ ਮੁੱਦਿਆਂ ਦੇ ਹੱਲ ਲਈ ਗਠਿਤ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਅਤੇ ਵਿੱਤ ਮੰਤਰੀ ਪੰਜਾਬ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਤਿੰਨ ਮੁਲਾਜ਼ਮ ਜਥੇਬੰਦੀਆਂ ਨਾਲ ਉਨ੍ਹਾਂ ਦੀਆਂ ਮੰਗਾਂ ਬਾਰੇ ਵਿਚਾਰ-ਵਟਾਂਦਰਾ ਕਰਨ ਅਤੇ ਹੱਲ ਕੱਢਣ ਲਈ ਉਸਾਰੂ ਮੀਟਿੰਗਾਂ ਕੀਤੀਆਂ। ਵਿੱਤ ਮੰਤਰੀ ਦੇ ਪੰਜਾਬ ਸਿਵਲ ਸਕੱਤਰੇਤ ਸਥਿਤ ਦਫਤਰ ਵਿਖੇ ਹੋਈਆਂ ਇਨ੍ਹਾਂ ਮੀਟਿੰਗਾਂ ਵਿੱਚ ਬੇਰੁਜ਼ਗਾਰ ਪੀ.ਐਸ.ਟੀ.ਈ.ਟੀ. ਪਾਸ ਆਰਟ ਐਂਡ ਕਰਾਫਟ ਸੰਘਰਸ਼ ਯੂਨੀਅਨ ਪੰਜਾਬ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਇਨਲਿਸਟਿਡ ਕੰਟਰੈਕਟ ਵਰਕਰਜ਼ ਐਂਡ ਲੇਬਰ ਯੂਨੀਅਨ, ਅਤੇ ਪੀ.ਡਬਲਯੂ.ਡੀ. ਫੀਲਡ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਬੇਰੁਜ਼ਗਾਰ ਪੀ.ਐਸ.ਟੀ.ਈ.ਟੀ. ਪਾਸ ਆਰਟ ਐਂਡ ਕਰਾਫਟ ਸੰਘਰਸ਼ ਯੂਨੀਅਨ ਨਾਲ ਗੱਲਬਾਤ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਿੱਖਿਆ ਵਿਭਾਗ ਨੂੰ ਨਿਰਦੇਸ਼ ਜਾਰੀ ਕੀਤੇ ਕਿ ਇਸ ਯੂਨੀਅਨ ਸਮੇਤ ਸਾਰੀਆਂ ਸਬੰਧਤ ਯੂਨੀਅਨਾਂ ਦੀ ਸਾਂਝੀ ਮੀਟਿੰਗ ਸੱਦ ਕੇ ਸਾਂਝੇ ਘੱਟੋ-ਘੱਟ ਪ੍ਰੋਗਰਾਮ ਤਹਿਤ ਇੱਕ ਪ੍ਰਸਤਾਵ ਤਿਆਰ ਕੀਤਾ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਇਸ ਤਜਵੀਜ਼ ਨੂੰ ਫਿਰ ਅਗਲੀ ਮੀਟਿੰਗ ਵਿੱਚ ਕੈਬਨਿਟ ਸਬ-ਕਮੇਟੀ ਕੋਲ ਢੁਕਵੇਂ ਹੱਲ ਲਈ ਪੇਸ਼ ਕੀਤਾ ਜਾਵੇ। ਵਿੱਤ ਮੰਤਰੀ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਇਨਲਿਸਟਿਡ ਕੰਟਰੈਕਟ ਵਰਕਰਜ਼ ਐਂਡ ਲੇਬਰ ਯੂਨੀਅਨ ਅਤੇ ਪੀ.ਡਬਲਯੂ.ਡੀ. ਫੀਲਡ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਦੇ ਮਸਲਿਆਂ ਅਤੇ ਮੰਗਾਂ ਨੂੰ ਵੀ ਧਿਆਨ ਨਾਲ ਸੁਣਦਿਆਂ ਇਸ ਪ੍ਰਤੀ ਹਮਦਰਦੀ ਨਾਲ ਵਿਚਾਰ ਕੀਤਾ। ਉਨ੍ਹਾਂ ਯੂਨੀਅਨਾਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਹੱਲ ਕਰਨ ਲਈ ਵਚਨਬੱਧ ਹੈ ਅਤੇ ਲੋੜੀਂਦੇ ਹੱਲ ਜਲਦੀ ਲੱਭੇ ਜਾਣਗੇ। ਅੱਜ ਦੀਆਂ ਮੀਟਿੰਗਾਂ ਵਿੱਚ ਬੇਰੁਜ਼ਗਾਰ ਪੀ.ਐਸ.ਟੀ.ਈ.ਟੀ. ਪਾਸ ਆਰਟ ਐਂਡ ਕਰਾਫਟ ਸੰਘਰਸ਼ ਯੂਨੀਅਨ ਦੇ ਪ੍ਰਧਾਨ ਰਾਕੇਸ਼ ਕੁਮਾਰ, ਮੀਤ ਪ੍ਰਧਾਨ ਕਿਰਨਦੀਪ ਕੌਰ ਅਤੇ ਕੈਸ਼ੀਅਰ ਹਰਬੰਸ ਸਿੰਘ, ਪੀ.ਡਬਲਯੂ.ਡੀ. ਫੀਲਡ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ, ਕਿਸ਼ੋਰ ਚੰਦ ਗਾਜ ਅਤੇ ਸੁਖਚੈਨ ਸਿੰਘ ਅਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਇਨਲਿਸਟਿਡ ਕੰਟਰੈਕਟ ਵਰਕਰਜ਼ ਐਂਡ ਲੇਬਰ ਯੂਨੀਅਨ ਦੇ ਪ੍ਰਧਾਨ ਸ਼ੇਰ ਸਿੰਘ ਖੰਨਾ, ਖਜ਼ਾਨਚੀ ਗੁਰਵਿੰਦਰ ਸਿੰਘ ਧਾਲੀਵਾਲ ਅਤੇ ਸਹਾਇਕ ਖਜ਼ਾਨਚੀ ਪ੍ਰਦੀਪ ਸਿੰਘ ਛਾਹਰ ਸਮੇਤ ਪ੍ਰਮੁੱਖ ਨੁਮਾਇੰਦੇ ਮੌਜੂਦ ਸਨ।

# ਤੀਜ ਮਹੋਤਸਵ 'ਚ ਝਲਕਿਆ ਸੱਭਿਆਚਾਰ ਤੇ ਉਤਸ਼ਾਹ ਦਾ ਰੰਗ



**ਫਗਵਾੜਾ (ਜਸਵਿੰਦਰ ਢੱਡਾ)**-ਕ੍ਰੀਏਟਿਵ ਏਜ ਅਕੈਡਮੀ, ਹਦਿਆਬਾਦ ਰੋਡ, ਫਗਵਾੜਾ ਵੱਲੋਂ ਤੀਜ ਮਹੋਤਸਵ 2025 ਦਾ ਆਯੋਜਨ ਸ਼ਹਿਰ ਦੇ ਪ੍ਰਸਿੱਧ ਹੋਟਲ ਦਿ ਗ੍ਰੈਂਡ ਐਂਬੈਸਡਰ ਦੇ ਬੈਲਰ ਹਾਲ ਵਿੱਚ ਪਰੰਪਰਾਗਤ ਜੋਸ਼ ਤੇ ਧੂਮਧਾਮ ਨਾਲ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਧਿਆਨ ਤੇ ਮੈਡੀਟੇਸ਼ਨ ਸੈਸ਼ਨ ਰਾਹੀਂ ਕੀਤੀ ਗਈ। ਮੁੱਖ ਮਹਿਮਾਨ ਵਜੋਂ ਵਾਰਡ ਨੰਬਰ 49 ਦੀ ਕੌਂਸਲਰ ਸ੍ਰੀਮਤੀ ਨੇਹਾ ਓਹਰੀ ਨੇ ਸ਼ਿਰਕਤ ਕੀਤੀ। ਉਨ੍ਹਾਂ ਨੇ ਆਯੋਜਕਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਸਾਨੂੰ ਸੱਭਿਆਚਾਰਕ ਜੜ੍ਹਾਂ ਨਾਲ ਜੋੜਦੇ ਹਨ । ਕਈ ਪ੍ਰਸਿੱਧ ਵਪਾਰੀ ਅਤੇ ਉੱਦਮੀ ਸੰਸਥਾਵਾਂ ਨੇ ਆਪਣਾ ਸਹਿਯੋਗ ਦੇ ਕੇ ਸਮਾਰੋਹ ਦੀ ਸ਼ਾਨ ਵਧਾਈ। ਨਿਰੁਪਮ ਕੌਸਮੈਟਿਕ, ਬਿਊਟੀ ਸੈਲੂਨ ਐਂਡ ਸਟੂਡੀਓ, ਕੁੱਕੀ ਫੈਸ਼ਨ, ਟ੍ਰੈਂਡੀ ਵਿੱਲਾ, ਬਲਿੱਸ ਐਂਡ ਬਲੈਂਸ, ਕਲੀਅਰ ਵ੍ਯੂਊ, ਪ੍ਰਿੰਸ ਜਨਰਲ ਸਟੋਰ, ਦੁਰਗਾ ਪਲਾਸਟਿਕ, ਦ੍ਰਿਸ਼ਟੀ ਸੈਲੂਨ ਆਦਿ ਸੰਸਥਾਵਾਂ ਵੱਲੋਂ ਖੇਡਾਂ ਅਤੇ ਲੱਕੀ ਡਰਾਅ ਲਈ ਉਪਹਾਰ ਸਪੌਂਸਰ ਕੀਤੇ ਗਏ। ਸਭ ਮੈਂਬਰਾਂ ਨੂੰ ਅਕੈਡਮੀ ਵੱਲੋਂ ਵਿਸ਼ੇਸ਼ ਤੋਹਫ਼ਾ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਦੀ ਵਿਸ਼ੇਸ਼ ਆਕਰਸ਼ਣ ਕ੍ਰੀਏਟਿਵ ਏਜ ਅਕੈਡਮੀ ਦੇ ਬੱਚਿਆਂ ਵੱਲੋਂ ਦਿੱਤੀਆਂ ਰੰਗਾਰੰਗ ਸੱਭਿਆਚਾਰਕ ਪ੍ਰਸਤੁਤੀਆਂ ਸਨ। ਮਹਿਲਾਵਾਂ ਅਤੇ ਬੱਚਿਆਂ ਲਈ ਕਈ ਫਨ ਗੇਮਸ, ਗਤੀਵਿਧੀਆਂ ਅਤੇ ਡਾਂਸ ਸੈਗਮੈਂਟ ਕਰਵਾਏ ਗਏ, ਜਿਸ ਵਿੱਚ ਹਰ ਕਿਸੇ ਨੇ ਵਧ-ਚੜ੍ਹ ਕੇ ਭਾਗ ਲਿਆ। ਥੀਮ ਮਾਡਲਿੰਗ ਦਾ ਵੀ ਸਭ ਨੇ ਪੂਰਾ ਆਨੰਦ ਲਿਆ, ਜਿਸ ਨੂੰ ਪਾਥਫਾਈਂਡਰ ਐਂਟਰਪ੍ਰਾਈਜ਼ ਵੱਲੋਂ ਮੈਡਮ ਸ਼ੈਲੀ ਨੇਕਰਾ ਅਤੇ ਮੈਡਮ ਰੇਣੂ ਰਾਵਤ ਨੇ ਜੱਜ ਕੀਤਾ। ਇਸ ਮੁਕਾਬਲੇ ਵਿੱਚ ਮੈਡਮ ਸੁਧਾ ਜੇਤੂ ਰਹੀ।ਅਕੈਡਮੀ ਦੇ ਮੈਨੇਜਿੰਗ ਡਾਇਰੈਕਟਰ ਦੀ ਦੋ ਸਾਲਾ ਧੀ ਜਾਨਵਿਕਾ ਗਾਂਧੀ ਦੀ ਹਾਜ਼ਰੀ ਨੇ ਸਮਾਗਮ ਵਿੱਚ ਹੋਰ ਵੀ ਰੰਗ ਭਰ ਦਿਤੇ। ਇਸ ਮੌਕੇ ਕ੍ਰੀਏਟਿਵ ਏਜ ਅਕੈਡਮੀ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਆਸ਼ੀਸ਼ ਗਾਂਧੀ ਨੇ ਮਹਿਮਾਨਾਂ, ਸਹਿਯੋਗੀ ਸੰਸਥਾਵਾਂ ਅਤੇ ਭਾਗੀਦਾਰਾਂ ਦਾ ਦਿਲੋਂ ਧੰਨਵਾਦ ਕੀਤਾ। ਪ੍ਰੋਗਰਾਮ ਡਾਇਰੈਕਟਰ ਮੈਡਮ ਦੀਕਸ਼ਾ ਨੇ ਵੀ ਸਾਰੇ ਮੈਂਬਰਾਂ ਨੂੰ ਤੀਜ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ। ਕੋਰੀਓਗ੍ਰਾਫਰ ਪਵਨ, ਸਮਾਜ ਸੇਵਿਕਾ ਮੈਡਮ ਪੁਨੀਤ ਗੁਜਰਾਲ, ਸੁਰਿੰਦਰ ਕੌਰ, ਆਮੀਰ ਖਾਨ, ਪੂਜਾ ਢੀਂਗਰਾ, ਰਸ਼ਮੀ ਖੰਨਾ, ਭਵਨੀ, ਪੁਨੀਤ ਖੰਨਾ, ਬਾਦਲ ਰਾਏ, ਸੁਸ਼ਮਾ, ਸੁਦੇਸ਼ ਰਾਣੀ, ਵਰਿੰਦਰ ਕੌਰ ਛਾਬੜਾ ਅਤੇ ਹੋਰ ਮੈਂਬਰਾਂ ਦੇ ਸਹਿਯੋਗ ਨਾਲ ਕਾਰਜਕ੍ਰਮ ਬਹੁਤ ਹੀ ਸਫਲ ਰਿਹਾ।

# ਲੈਂਡ ਪੂਲਿੰਗ ਸਕੀਮ ਖਿਲਾਫ ਇੱਕਜੁੱਟ ਹੋ ਕੇ ਲੜਨ ਦੀ ਲੋੜ: ਪਡਿਆਲਾ



**ਕੁਰਾਲੀ (ਮੋਹਨ ਅੱਗਰਵਾਲ)**-ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਸਕੀਮ ਸ਼ੁਰੂ ਕੀਤੀ ਹੈ ਜਿਸ ਵਿੱਚ ਪੰਜਾਬ ਦੇ ਕਿਸਾਨਾਂ ਦੀ ਕਈ ਹਜ਼ਾਰ ਏਕੜ ਜਮੀਨ ਅਕਵਾਇਰ ਕੀਤੀ ਜਾਣੀ ਹੈ।ਇਹ ਸਕੀਮ ਪੰਜਾਬ ਦੇ ਕਿਸਾਨਾਂ ਲਈ ਬੇਹੱਦ ਖਤਰਨਾਕ ਹੈ।ਇਸ ਲਈ ਇਹ ਸਕੀਮ ਨੂੰ ਲਾਗੂ ਹੋਣ ਤੋਂ ਰੋਕਣ ਲਈ ਇੱਕ-ਮੁੱਠ ਹੋ ਕੇ ਲੜਨ ਦੀ ਲੋੜ ਹੈ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਾਂਗਰਸ ਦੇ ਸੀਨੀਅਰ ਆਗੂ ਗੁਰਪ੍ਰਤਾਪ ਸਿੰਘ ਪਡਿਆਲਾ ਜਰਨਲ ਸਕੱਤਰ ਪੰਜਾਬ ਕਿਸਾਨ ਕਾਂਗਰਸ ਵੱਲੋਂ ਪ੍ਰੈਸ ਕਾਨਫਰੰਸ ਦੌਰਾਨ ਕੀਤਾ ਗਿਆ। ਸਰਕਾਰ ਵੱਲੋਂ ਕਿਸਾਨ ਦੀ ਇਕ ਏਕੜ ਜਮੀਨ ਦੇ ਬਦਲੇ ਉਸ ਨੂੰ 1200 ਗੱਜ ਦਾ ਪਲਾਟ ਦਿੱਤਾ ਜਾਣਾ ਹੈ।ਜੇ ਲੈਂਡ ਪੂਲਿੰਗ ਸਕੀਮ ਲਾਗੂ ਹੁੰਦੀ ਹੈ ਤਾਂ ਕਿਸਾਨ ਦੇ ਕੋਲ ਨਾ ਹੀ ਜਮੀਨ ਬਚੇਗੀ ਅਤੇ ਨਾ ਹੀ ਉਸ ਕੋਲ ਪੈਸਾ ਰਹੇਗਾ।

ਇੱਕ ਪਾਸੇ ਤਾਂ ਸਰਕਾਰ ਦਾਅਵਾ ਕਰ ਰਹੀ ਹੈ ਕਿ ਇਸ ਸਕੀਮ ਅਧੀਨ ਜੇਕਰ ਕਿਸਾਨ ਆਪਣੀ ਖੁਸ਼ੀ ਨਾਲ ਜਮੀਨ ਦੇ ਰਿਹਾ ਤਾਂ ਠੀਕ ਨਹੀਂ ਤਾਂ ਅਸੀਂ ਕਿਸੇ ਵੀ ਕਿਸਾਨ ਦੇ ਉੱਤੇ ਕਿਸੇ ਤਰ੍ਹਾਂ ਦਾ ਦਬਾਉ ਨਹੀਂ ਬਣਾ ਰਹੇ ਹਾਂ। ਦੂਜੇ ਪਾਸੇ ਜਿਹੜੇ ਕਿਸਾਨ ਇਸ ਸਕੀਮ ਨੂੰ ਅਪਣਾਉਣ ਤੋਂ ਮਨਾ ਕਰ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ ਵਿੱਚ ਪਹਿਲਾਂ ਹੀ ਵਾਹੀਯੋਗ ਬੇਹੱਦ ਘੱਟ ਜਮੀਨ ਰਹਿ ਗਈ ਜੇ ਇਸ ਤਰ੍ਹਾਂ ਦੀਆਂ ਸਕੀਮਾਂ ਸਰਕਾਰ ਲਾਗੂ ਕਰੇਗੀ ਤਾਂ ਖਾਣ ਲਈ ਅਨਾਜ ਕਿੱਥੋਂ ਪੈਦਾ ਕੀਤਾ ਜਾਵੇਗਾ।

# ਇਨੋਸੈਂਟ ਹਾਰਟਸ ਸਕੂਲ ਵੱਲੋਂ ਅਧਿਆਤਮਿਕ ਪ੍ਰੋਗਰਾਮ 'ਅਨਹਦ: ਇੱਕ ਡਿਵਾਇਨ ਕੁਨੈਕਸ਼ਨ'



**ਜਲੰਧਰ (ਸ਼ੈਲੀ ਐਲਬਰਟ)**-ਇੰਨੋਸੈਂਟ ਹਾਰਟਸ ਸਕੂਲ ਦੇ ਤਿੰਨੋਂ ਕੈਂਪਸਾਂ- ਗ੍ਰੀਨ ਮਾਡਲ ਟਾਊਨ, ਲੋਹਾਰਾਂ ਅਤੇ ਨੂਰਪੁਰ ਰੋਡ ਵਿਖੇ ਇੱਕ ਅਧਿਆਤਮਿਕ ਅਤੇ ਸੱਭਿਆਚਾਰਕ ਪ੍ਰੋਗਰਾਮ 'ਅਨਹਦ: ਇੱਕ ਡਿਵਾਇਨ ਕਨੈਕਸ਼ਨ' ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਨੈਤਿਕ ਕਦਰਾਂ-ਕੀਮਤਾਂ ਅਤੇ ਅਧਿਆਤਮਿਕ ਚੇਤਨਾ ਪੈਦਾ ਕਰਨਾ ਸੀ, ਨਾਲ ਹੀ ਸੱਭਿਆਚਾਰਕ ਸਦਭਾਵਨਾ ਅਤੇ ਭਾਵਨਾਤਮਕ ਸੰਤੁਲਨ ਨੂੰ ਉਤਸ਼ਾਹਿਤ ਕਰਨਾ ਸੀ। ਸਾਰੇ ਕੈਂਪਸਾਂ ਦਾ ਮਾਹੌਲ ਪੂਰੀ ਤਰ੍ਹਾਂ ਸ਼ਾਂਤ ਅਤੇ ਅਧਿਆਤਮਿਕ ਸੀ।ਇਸ ਅਧਿਆਤਮਿਕ ਪਹਿਲ ਦੀ ਵਿਸ਼ੇਸ਼ ਤੌਰ 'ਤੇ ਮਾਵਾਂ ਅਤੇ ਦਾਦੀਆਂ ਦੁਆਰਾ ਪ੍ਰਸ਼ੰਸਾ ਕੀਤੀ ਗਈ ਅਤੇ ਆਪਣੀ ਮੌਜੂਦਗੀ ਨਾਲ ਇਸਨੂੰ ਚਾਰ ਚੰਨ ਲਗਾਏ। ਗ੍ਰੀਨ ਮਾਡਲ ਟਾਊਨ ਵਿਖੇ ਪੰਜਵੀਂ ਜਮਾਤ ਅਤੇ ਨੂਰਪੁਰ ਰੋਡ ਕੈਂਪਸ ਵਿਖੇ ਪੰਜਵੀਂ ਅਤੇ ਛੇਵੀਂ ਜਮਾਤ ਦੇ ਵਿਦਿਆਰਥੀਆਂ ਨੇ ਰੂਹਾਨੀ ਭਜਨਾਂ ਅਤੇ ਸ਼ਬਦ ਗਾਇਨ ਰਾਹੀਂ ਆਪਣੀ ਸ਼ਰਧਾ ਅਤੇ ਭਗਤੀ ਭਾਵ ਦਾ ਸੁੰਦਰ ਪ੍ਰਦਰਸ਼ਨ ਕੀਤਾ, ਜਿਸ ਨੇ ਸਰੋਤਿਆਂ ਅਤੇ ਪਰਮਾਤਮਾ ਵਿਚਕਾਰ ਇੱਕ ਵਿਲੱਖਣ ਸੰਬੰਧ ਸਥਾਪਤ ਕੀਤਾ।ਸਮਾਗਮ ਦੀ ਸ਼ੁਰੂਆਤ ਸਵਾਗਤੀ ਭਾਸ਼ਣ ਨਾਲ ਹੋਈ, ਇਸ ਤੋਂ ਬਾਅਦ ਇੱਕ ਸੁਰੀਲੀ ਗਾਇਕੀ ਦੀ ਪੇਸ਼ਕਾਰੀ ਕੀਤੀ ਗਈ, ਜਿਸ ਨੇ ਇਹ ਸੰਦੇਸ਼ ਦਿੱਤਾ ਕਿ ਵਿਦਿਆਰਥੀਆਂ ਵਿੱਚ ਮਜ਼ਬੂਤ ਕਦਰਾਂ-ਕੀਮਤਾਂ ਵਿਕਸਤ ਕਰਨ ਲਈ ਸਕੂਲ ਅਤੇ ਮਾਪਿਆਂ ਦਾ ਸਮੂਹਿਕ ਯੋਗਦਾਨ ਜ਼ਰੂਰੀ ਹੈ। ਹਰ ਪੇਸ਼ਕਾਰੀ ਭਾਵੇਂ ਉਹ ਸੰਗੀਤਕ ਹੋਵੇ ਜਾਂ ਦ੍ਰਿਸ਼ਟੀਗਤ ਸ਼ਰਧਾ, ਭਗਤੀ ਨਾਲ ਭਰਪੂਰ ਰਹੀ ਅਤੇ ਵਿਦਿਆਰਥੀਆਂ ਦੇ ਯਤਨਾਂ ਨੇ ਦਰਸ਼ਕਾਂ ਨੂੰ ਭਾਵੁਕ ਅਤੇ ਅਧਿਆਤਮਿਕ ਤੌਰ 'ਤੇ ਸਮਰਿਧ ਬਣਾਇਆ। ਰਾਜੀਵ ਪਾਲੀਵਾਲ, ਪ੍ਰਿੰਸੀਪਲ, ਗ੍ਰੀਨ ਮਾਡਲ ਟਾਊਨ, ਸ਼੍ਰੀਮਤੀ ਸ਼ਾਲੂ ਸਹਿਗਲ, ਪ੍ਰਿੰਸੀਪਲ, ਲੋਹਾਰਾਂ ਅਤੇ ਮੀਨਾਕਸ਼ੀ ਸ਼ਰਮਾ, ਡਾਇਰੈਕਟਰ, ਨੂਰਪੁਰ ਰੋਡ ਦੀ ਮੌਜੂਦਗੀ ਨੇ ਇਸ ਪ੍ਰੋਗਰਾਮ ਦੇ ਮਾਣ ਨੂੰ ਵਧਾਇਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਸ਼ੀਰਵਾਦ ਦਿੱਤਾ ਅਤੇ ਮਾਵਾਂ ਅਤੇ ਦਾਦੀਆਂ ਦਾ ਉਨ੍ਹਾਂ ਦੇ ਜੀਵੰਤ ਸਮਰਥਨ ਅਤੇ ਜਸ਼ਨ ਵਿੱਚ ਮੌਜੂਦਗੀ ਲਈ ਦਿਲੋਂ ਧੰਨਵਾਦ ਕੀਤਾ।

ਸਮਾਗਮ ਦਾ ਸਮਾਪਨ ਧੰਨਵਾਦ ਦੇ ਪ੍ਰਸਤਾਵ ਨਾਲ ਹੋਇਆ ਜੋ ਸਾਰਿਆਂ ਲਈ ਸ਼ਾਂਤੀ ਅਤੇ ਅਧਿਆਤਮਿਕ ਪੂਰਤੀ ਦੀ ਭਾਵਨਾ ਨਾਲ ਸੰਪੂਰਨ ਹੋਇਆ।

# ਬੀ. ਐੱਡ ਫ਼ਰੰਟ ਵੱਲੋਂ ਕੀਤੀ ਜਾਵੇਗੀ ਭਰਵੀਂ ਸ਼ਮੂਲੀਅਤ : ਰਵਿੰਦਰ ਸਿੰਘ

**ਭੋਗਪੁਰ( ਗੁਰਪ੍ਰੀਤ ਸਿੰਘ ਭੋਗਲ )**— ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਤੋਂ ਭੱਜਦੀ ਹੋਈ ਨਜ਼ਰ ਆ ਰਹੀ ਹੈ। ਬੀ. ਐੱਡ. ਫ਼ਰੰਟ ਜਲੰਧਰ ਦੇ ਜ਼ਿਲ੍ਹਾ ਪ੍ਰਧਾਨ ਰਵਿੰਦਰ ਸਿੰਘ ਅਤੇ ਸਕੱਤਰ ਕਮਲਜੀਤ ਸਿੰਘ ਨੇ ਪ੍ਰੈਸ ਨੋਟ ਜਾਰੀ ਕਰਦੇ ਹੋਏ ਕਿਹਾ ਕਿ ਆਪ ਸਰਕਾਰ ਨੇ ਸੱਤਾ ਵਿੱਚ ਆਉਣ ਤੇ ਮੁਲਾਜਮਾਂ ਦੀ ਮੁੱਖ ਮੰਗ ਪੁਰਾਣੀ ਪੈਨਸ਼ਨ ਦੀ ਬਹਾਲੀ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ ਸੀ ਜਿਸ ਸੰਬੰਧੀ ਇੱਕ ਅਧੂਰਾ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ ਪਰ ਐਓਅਜੇ ਤੱਕ 3 ਸਾਲ ਤੋਂ ਵੀ ਵੱਧ ਦਾ ਸਮਾਂ ਬੀਤਣ ਤੋਂ ਬਾਅਦ ਵੀ ਇਸ ਮੁੱਖ ਮੰਗ ਨੂੰ ਪੂਰਾ ਨਹੀਂ ਕੀਤਾ ਗਿਆ ਅਤੇ ਨਾ ਹੀ ਇਸ ਸੰਬੰਧੀ ਕੋਈ ਠੋਸ ਕਦਮ ਸਰਕਾਰ ਵਲੋਂ ਚੁੱਕਿਆ ਗਿਆ ਹੈ। ਜਿਸ ਕਰਕੇ ਪੰਜਾਬ ਦੇ ਸਮੂਹ ਮੁਲਾਜ਼ਮ ਵਰਗ ਵਿੱਚ ਸਰਕਾਰ ਦੇ ਖਿਲਾਫ਼ ਰੋਸ ਹੈ। ਸੀ ਪੀ ਐਫ਼ ਕਰਮਚਾਰੀ ਯੂਨੀਅਨ ਅਤੇ ਪੁਰਾਣੀ ਪੈਨਸ਼ਨ ਬਹਾਲ ਸੰਘਰਸ਼ ਕਮੇਟੀ ਵਲੋਂ ਦਿੱਤੇ ਗਏ ਸਾਂਝੇ ਪ੍ਰੋਗਰਾਮ ਤਹਿਤ 1 ਅਗਸਤ ਅਤੇ 5 ਸਤੰਬਰ ਨੂੰ ਪੰਜਾਬ ਭਰ ਵਿੱਚ ਰੋਸ ਮਾਰਚ ਕੀਤੇ ਜਾ ਰਹੇ ਹਨ। ਇਸ ਰੋਸ ਮਾਰਚ ਵਿੱਚ ਬੀ. ਐੱਡ ਫ਼ਰੰਟ ਵਲੋਂ ਵੱਡੀ ਸ਼ਮੂਲੀਅਤ ਕੀਤੀ ਜਾਵੇਗੀ। ਬਲਾਕ ਪ੍ਰਧਾਨ ਹਰਪ੍ਰੀਤ ਸਿੰਘ ਅਤੇ ਪ੍ਰੇਮਪਾਲ ਸਿੰਘ ਗੋਰਾਇਆ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਮੁਲਾਜਮਾਂ ਦੀਆਂ ਡੀ. ਏ. ਦੀਆਂ ਕਿਸ਼ਤਾਂ, ਏ. ਸੀ. ਪੀ., ਪੇਂਡੂ ਭੱਤੇ ਸਮੇਤ ਸਾਰੇ ਭੱਤੇ ਬਹਾਲ ਕਰੇ, ਦਫ਼ਤਰੀ ਕਰਮਚਾਰੀਆਂ ਨੂੰ ਪੱਕਾ ਕੀਤਾ ਜਾਵੇ, ਕੇਂਦਰੀ ਸਕੇਲ ਲਾਗੂ ਕਰਕੇ ਤਨਖਾਹ ਘੱਟ ਕਰਨ ਦਾ ਫ਼ੈਸਲਾ ਵਾਪਿਸ ਲਿਆ ਜਾਵੇ। ਇਸ ਮੌਕੇ ਵਰਿੰਦਰ ਸਿੰਘ, ਵਸ਼ਿਸ਼ਟ ਸ਼ਰਮਾ,ਰਵੀ ਕੁਮਾਰ,ਕਸ਼ਮੀਰੀ ਲਾਲ, ਵਿਜੈ ਕੁਮਾਰ, ਬਲਵਿੰਦਰ ਸਿੰਘ, ਸੁਵੇਗ ਸਿੰਘ, ਰੂਪੇਸ਼ ਕੁਮਾਰ, ਬਲਵਿੰਦਰ ਸਿੰਘ, ਪਰਮਿੰਦਰ ਸਿੰਘ ਲੋਹੀਆਂ, ਅਵਤਾਰ ਸਿੰਘ,ਹਰਪ੍ਰੀਤ ਸਿੰਘ, ਪ੍ਰੇਮ ਪਾਲ ਸਿੰਘ, ਪ੍ਰਿਥੀਪਾਲ ਸਿੰਘ, ਪੰਕਜ, ਵਰਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਆਦਿ ਅਧਿਆਪਕ ਹਾਜਰ ਸਨ।

# ਲੈਂਡ ਪੂਲਿੰਗ ਦੇ ਵਿਰੋਧ 'ਚ ਸੜਕਾਂ 'ਤੇ ਉਤਰੇ ਲੋਕ, ਸਰਕਾਰ ਵਿਰੁੱਧ ਕੀਤੀ ਨਾਅਰੇਬਾਜ਼ੀ



**ਹੁਸ਼ਿਆਰਪੁਰ ( ਓਮ ਪ੍ਰਕਾਸ਼ ਰਾਣਾ )**- ਲੈਂਡ ਪੂਲਿੰਗ ਨੀਤੀ ਦੇ ਵਿਰੋਧ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਏਕਤਾ ਵਲੋਂ ਆਮ ਆਦਮੀ ਪਾਰਟੀ ਦੇ ਕਿਸੇ ਵੀ ਆਗੂ ਨੂੰ ਪਿੰਡਾਂ ਵਿੱਚ ਵੜਨ ਨਹੀਂ ਦਿੱਤਾ ਜਾਵੇਗਾ, ਜੇਕਰ ਇਨਾਂ ਦਾ ਕੋਈ ਵੀ ਆਗੂ ਪਿੰਡ ਸ਼ੇਰਗੜ ਅਤੇ ਪੁਰਹੀਰਾਂ , ਢੋਲਣਵਾਲ ਵਿਚ ਦਾਖਲ ਹੋਇਆ ਤਾਂ ਉਹ ਆਪਣੇ ਨੁਕਸਾਨ ਦਾ ਆਪ ਜਿੰਮੇਵਾਰ ਹੋਵੇਗਾ। ਮਨਜੀਤ ਸਿੰਘ ਰਾਏ ਪ੍ਰਧਾਨ ਬੀ ਕੇ ਯੂ ਦੋਆਬਾ (ਭਾਰਤੀ ਕਿਸਾਨ ਯੂਨੀਅਨ ) ਦੀ ਅਗਵਾਈ ਹੇਠ ਭਾਰੀ ਗਿਣਤੀ ਵਿੱਚ ਇਕੱਠੇ ਹੋਏ ਕਿਸਾਨ ਮਜ਼ਦੂਰ ਏਕਤਾ ਵਲੋਂ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਦੇ ਵਿਰੋਧ ਵਿੱਚ ਨਾਅਰੇਬਾਜ਼ੀ ਕੀਤੀ ਅਤੇ ਆਪ ਆਗੂਆਂ ਦੇ ਪਿੰਡ ਸ਼ੇਰਗੜ੍ਹ , ਪੁਰਹੀਰਾਂ,ਢੋਲਣਵਾਲ ਅੰਦਰ ਵੜਨ ਤੋਂ ਮਨਾਹੀ ਦੇ ਫਲੈਕਸ ਵੀ ਲਗਾਏ ਗਏ।ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਪ੍ਰਧਾਨ ਮਨਜੀਤ ਸਿੰਘ ਰਾਏ ਨੇ ਕਿਹਾ ਕਿ ਲੈਂਡ ਪੂਲਿੰਗ ਨੀਤੀ ਦਾ ਵਿਰੋਧ ਕਰਦੇ ਹੋਏ ਜਮੀਨ ਬਚਾਓ, ਪੰਜਾਬ ਬਚਾਓ ਦੋਆਬਾ ਸਮੂਹ ਕਿਸਾਨ ਮਜ਼ਦੂਰ ਏਕਤਾ ਵਲੋਂ ਫੈਸਲਾ ਕੀਤਾ ਗਿਆ ਹੈ ਕਿ ਜਿੰਨਾ ਚਿਰ ਲੈਂਡ ਪੂਲਿੰਗ ਪਾਲਿਸੀ ਰੱਦ ਨਹੀਂ ਕੀਤੀ ਜਾਂਦੀ ਓਦੋਂ ਤੱਕ ਆਮ ਆਦਮੀ ਪਾਰਟੀ ਦਾ ਕੋਈ ਵੀ ਲੀਡਰ ਇਨ੍ਹਾਂ ਪਿੰਡਾਂ ਵਿਚ ਵੜਨ ਨਹੀਂ ਦਿੱਤਾ ਜਾਵੇਗਾ। ਉਨਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ 'ਤੇ ਵਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਜਾਂ ਵਿਧਾਇਕਾਂ ਦੀ ਕੋਈ ਪੁੱਛਗਿੱਛ ਜਾਂ ਅਹਿਮੀਅਤ ਨਹੀਂ ਰਹੀ ਬਲਕਿ ਪੰਜਾਬ ਦੀ ਸਰਕਾਰ ਨੂੰ ਦਿੱਲੀ ਦਾ ਕੇਜਰੀਵਾਲ ਗਰੁੱਪ ਚਲਾ ਰਿਹਾ ਹੈ। ਇਥੇ ਲੈਂਡ ਮਾਫੀਆ,ਰੇਤ ਮਾਫੀਆ ਪੰਜਾਬ ਨੂੰ ਲੁੱਟਣ 'ਤੇ ਲੱਗੇ ਹੋਏ ਹਨ। ਉਨ੍ਹਾਂ ਸਖਤ ਲਹਿਜੇ ਵਿਚ ਕਿਹਾ ਕਿ ਅਸੀਂ ਇਕ ਇੰਚ ਵੀ ਜਮੀਨ ਨਹੀਂ ਛੱਡਾਂਗੇ। ਉਨਾਂ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੀਆਂ ਜ਼ਮੀਨਾਂ, ਕਿਸਾਨੀ ਅਤੇ ਪੰਜਾਬ ਨੂੰ ਬਚਾਉਣ ਲਈ ਏਕਤਾ ਦਾ ਸਬੂਤ ਦੇ ਕੇ ਇਕੱਠੇ ਹੋਣ। ਇਸ ਮੌਕੇ ਮੋਹਣ ਲਾਲ ਸਰਪੰਚ ਸ਼ੇਰਗੜ, ਹਰਪਾਲ ਸਿੰਘ ਪਾਲਾ ਕੌਂਸਲਰ ਪੁਰਹੀਰਾਂ, ਜਗਤਾਰ ਸਿੰਘ ਸ਼ਾਹ ਪੁਰਹੀਰਾਂ, ਰਘੁਬੀਰ ਦਾਸ ਲੰਬੜਦਾਰ ਪੁਰਹੀਰਾਂ, ਹਰਸ਼ਦੀਪ ਸਿੰਘ ਸ਼ੇਰਗੜ, ਦਲਜੀਤ ਸਿੰਘ, ਪਰਮਜੀਤ ਸਿੰਘ ਢੋਲਣਵਾਲ, ਪਵਨ ਕੁਮਾਰ, ਕੁਲਦੀਪ ਸਿੰਘ ਸ਼ੇਰਗੜ ਆਦਿ ਹਾਜਰ ਸਨ।

# ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

**ਅੱਡਾ ਸਰਾਂ, (ਜਸਵੀਰ ਕਾਜਲ)**-ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿਖੇ ਸਰ ਮਾਰਸ਼ਲ ਵਿੱਦਿਅਕ ਸੰਸਥਾ ਦੇ ਚੇਅਰਮੈਨ ਰਾਜਿੰਦਰ ਸਿੰਘ ਮਾਰਸ਼ਲ ਦੇ ਨਿਰਦੇਸ਼ ਅਨੁਸਾਰ ਪ੍ਰਿੰਸੀਪਲ ਪਰਵਿੰਦਰ ਸਿੰਘ ਦੀ ਅਗਵਾਈ ਹੇਠ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ । ਇਸ ਦੌਰਾਨ ਪ੍ਰਿੰਸੀਪਲ ਪਰਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਸਾਡੇ ਦੇਸ਼ ਦਾ ਸਰਮਾਇਆ ਹਨ, ਅਸੀਂ ਸ਼ਹੀਦਾਂ ਵੱਲੋਂ ਦੇਸ਼ ਲਈ ਦਿੱਤੀਆਂ ਕੁਰਬਾਨੀਆਂ ਕਰਕੇ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ । ਇਸ ਮੌਕੇ ਤੇ ਵਾਈਸ ਪ੍ਰਿੰਸੀਪਲ ਕੁਲਵੀਰ ਸਿੰਘ, ਵਾਈਸ ਪ੍ਰਿੰਸੀਪਲ ਸਰਬਜੀਤ ਕੌਰ, ਅਧਿਆਪਕ ਮਨਦੀਪ ਸਿੰਘ, ਦਲਜੀਤ ਕੌਰ, ਕਿਰਨਦੀਪ ਕੌਰ, ਇੰਦੂ, ਅਮਨਦੀਪ ਕੌਰ, ਨੀਲਮਾ ਦੇਵੀ, ਸਿਮਰਪ੍ਰੀਤ, ਪਰਮਦੀਪ ਕੌਰ, ਗੁਰਪ੍ਰੀਤ ਕੌਰ, ਨਵਨੀਤ ਕੌਰ, ਲਖਵਿੰਦਰ ਸਿੰਘ, ਇੰਦਰਵੀਰ ਕੌਰ, ਮੋਨਿਕਾ, ਸੰਦੀਪ ਕੌਰ, ਰਾਜਪ੍ਰੀਤ ਕੌਰ, ਅਕਰਸ਼ਦੀਪ ਕੌਰ, ਰਮਨਦੀਪ ਕੌਰ ਆਦਿ ਮੌਜੂਦ ਸਨ ।

# ਜਸਪ੍ਰੀਤ ਕੌਰ ਮੱਟੂ ਨੂੰ ਵਕੀਲ ਬਣਨ 'ਤੇ ਦਿੱਤੀ ਵਧਾਈ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਭੀਮ ਆਰਮੀ ਆਗੂ ਪਰਮਵੀਰ ਸਿੰਘ ਵੱਲੋਂ ਜਸਪ੍ਰੀਤ ਕੌਰ ਮੱਟੂ ਨੂੰ ਵਕੀਲ ਬਣਨ ਤੇ ਦਿੱਤੀ ਗਈ ਵਧਾਈ। ਪਿਛਲੇ ਦਿਨੀਂ ਜਸਪ੍ਰੀਤ ਕੌਰ ਮੱਟੂ ਵੱਲੋਂ ਐਲ. ਐਲ. ਬੀ. ਪੜ੍ਹਾਈ ਪੂਰੀ ਕਰਕੇ ਵਕੀਲ ਬਣੀ ਹੈ।ਬਾਰ ਕੌਂਸਲਰ ਚੰਡੀਗੜ੍ਹ ਵੱਲੋਂ ਜਸਪ੍ਰੀਤ ਕੌਰ ਨੂੰ ਵਕਾਲਤ ਕਰਨ ਸਬੰਧੀ ਸਰਟੀਫਿਕੇਟ ਦਿੱਤਾ ਗਿਆ।ਇਸ ਮੌਕੇ ਤੇ ਪਰਮਵੀਰ ਸਿੰਘ ਸੀਨੀਅਰ ਆਗੂ ਭੀਮ ਆਰਮੀ ਨੇ ਜਸਪ੍ਰੀਤ ਕੌਰ ਨੂੰ ਵਕੀਲ ਬਣਨ ਤੇ ਵਧਾਈ ਦਿੰਦੇ ਹੋਏ ਕਿਹਾ ਜਦੋਂ ਸਾਡੀਆਂ ਧੀਆਂ ਭੈਣਾਂ ਉੱਚੇ ਅਹੁਦੇ ਪ੍ਰਾਪਤ ਕਰਦੀਆਂ ਹਨ ਤਾਂ ਸਾਨੂੰ ਬਹੁਤ ਖੁਸ਼ੀ ਤੇ ਮਾਨ ਮਹਿਸੂਸ ਹੁੰਦਾ ਹੈ।

# ਪ੍ਰਿੰਸੀਪਲ ਸੁਸ਼ੀਲਾ ਕੁਮਾਰੀ ਨੂੰ ਸੇਵਾ ਮੁਕਤੀ ਸਮੇਂ ਨਿੱਘੀ ਵਿਦਾਇਗੀ



**ਫਿਲੌਰ (ਨਿਰਮਲ)**- ਫਿਲੌਰ ਪ੍ਰੈਸ ਕਲੱਬ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਕੰਨਿਆ ਸਕੂਲ ਫਿਲੌਰ ਦੀ ਪ੍ਰਿੰਸੀਪਲ ਮੈਡਮ ਸੁਸ਼ੀਲਾ ਕੁਮਾਰੀ ਨੂੰ ਸੇਵਾ ਮੁਕਤੀ ਤੇ ਨਿੱਘੀ ਵਿਧਾਇਗੀ ਪਾਰਟੀ ਦਿੱਤੀ ਗਈ । ਪ੍ਰੈਸ ਕਲੱਬ ਦੇ ਪ੍ਰਧਾਨ ਅੰਮ੍ਰਿਤ ਭਾਖੜੀ ਅਤੇ ਉਨਾਂ ਦੀ ਸਮੂਹ ਟੀਮ ਨੇਂ ਉਨ੍ਹਾਂ ਨੂੰ ਯਾਦਗਾਰੀ ਚਿੰਨ ਦੇ ਕੇ ਨਿਵਾਜਿਆ ਅਤੇ ਕਿਹਾ ਕਿ ਉਹਨਾਂ ਦੀਆਂ ਫਿਲੌਰ ਇਲਾਕੇ ਦੀਆਂ ਬੱਚੀਆਂ ਨੂੰ ਉਚੇਰੀ ਵਿਦਿਆ ਦਿੱਤੀ ਅਤੇ ਸਕੂਲ ਵਿੱਚ ਅਮਨ ਸ਼ਾਂਤੀ ਬਣਾਈ ਰੱਖੀ। ਸਮੇਂ-ਸਮੇਂ ਸਿਰ ਲੜਕੀਆਂ ਨੂੰ ਮਾਪਿਆਂ ਨਾਲ ਵਿਸ਼ੇਸ਼ ਮੀਟਿੰਗਾਂ ਕਰਕੇ ਉਹਨਾਂ ਨੂੰ ਪੜ੍ਹਾਈ ਸਬੰਧੀ ਨਵੀਆਂ ਜਾਣਕਾਰੀਆਂ ਦਿੱਤੀਆਂ। ਸਕੂਲ ਦਾ ਹਰ ਸਾਲ ਨਤੀਜਾ ਵਧੀਆ ਆਇਆ। ਉਹਨਾਂ ਦੀ ਲੋਕ ਮਿਲਣੀ ਬਹੁਤ ਹੀ ਵਧੀਆ ਸੀ। ਸਕੂਲ ਦੇ ਬੱਚੇ ਉਹਨਾਂ ਦੇ ਮਾਪਿਆਂ ਇਲਾਕੇ ਨਿਵਾਸੀਆਂ ਹਮੇਸ਼ਾ ਉਨਾਂ ਨੂੰ ਯਾਦ ਰੱਖਣਗੇ। ਪ੍ਰਿੰਸੀਪਲ ਨੇ ਭਾਵੁਕ ਹੋ ਕੇ ਕਿਹਾ ਕਿ ਮੈਂ ਫਿਲੌਰ ਪ੍ਰੈਸ ਕਲੱਬ ਅਤੇ ਇਲਾਕਾ ਨਿਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਮੈਨੂੰ ਇਨ੍ਹਾ ਸਤਿਕਾਰ ਦਿੱਤਾ ਅਤੇ ਮੈਂ ਪਰਮਾਤਮਾ ਅੱਗੇ ਅਰਦਾਸ ਕਰਦੀ ਹਾਂ ਕਿ ਮੇਰੇ ਇਸ ਸਕੂਲ ਨੂੰ ਪੜ੍ਹਾਈ ਦੇ ਖੇਤਰ ਵਿੱਚ ਹੋਰ ਵੀ ਉਚਾਈਆਂ 'ਤੇ ਪਹੁੰਚਾਏ। ਇਸ ਮੌਕੇ 'ਤੇ ਨਿਰਮਲ ਕੁਮਾਰ , ਰਾਜ ਕੁਮਾਰ ਨੰਗਲ, ਵਿਪਨ ਗੈਰੀ , ਹੈਰੀ, ਰਵੀ ਕੁਮਾਰ ,ਪਵਨ ਭਨੋਟ ,ਬੀ ਐਸ ਕੈਨੇਡੀ, ਰਜੇਸ਼ ਪਾਸੀ ਤੇ ਸਮੂਹ ਪੱਤਰਕਾਰ ਹਾਜ਼ਰ ਸਨ।

# ਸਿਲਵਰ ਓਕ ਸਕੂਲ ਨੇ ਜ਼ਿਲ੍ਹਾ ਪੱਧਰ 'ਤੇ ਕੀਤੀ ਐਂਟਰੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**-ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜਪੁਰ ਦੀ ਅੰਡਰ 14 ਅਤੇ ਅੰਡਰ 19 ਕ੍ਰਿਕਟ ਟੀਮ ਨੇ ਪੰਜਾਬ ਬੋਰਡ ਜ਼ੋਨਲ ਖੇਡਾਂ ਵਿੱਚ ਚੋਟੀ ਦਾ ਪ੍ਰਦਰਸ਼ਨ ਜਾਰੀ ਰੱਖਦੇ ਹੋਏ ਫਾਈਨਲ ਮੈਚ ਦੌਰਾਨ ਸ਼ਾਨਦਾਰ ਜਿੱਤਾਂ ਦਰਜ ਕਰਦੇ ਹੋਏ ਜ਼ਿਲ੍ਹਾ ਪੱਧਰ ਵਿੱਚ ਪ੍ਰਵੇਸ਼ ਕੀਤਾ।ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਪੱਧਰ 'ਤੇ ਵੀ ਸਾਡੇ ਖਿਡਾਰੀ ਇਸੇ ਸ਼ਾਨਦਾਰ ਪ੍ਰਦਰਸ਼ਨ ਨੂੰ ਜਾਰੀ ਰੱਖਣਗੇ। ਪ੍ਰਿੰਸੀਪਲ ਮੁਨੀਸ਼ਾ ਸੰਗਰ ਦੱਸਿਆ ਕਿ ਕ੍ਰਿਕਟ ਟੀਮ ਦੇ ਇਸ ਵਧੀਆ ਪ੍ਰਦਰਸ਼ਨ ਦੇ ਪਿੱਛੇ ਖਿਡਾਰੀਆਂ ਦੀ ਅਣਥੱਕ ਮਿਹਨਤ, ਕੋਚ ਪੰਕਜ ਕੁਮਾਰ ਦੀ ਯੋਗ ਅਗਵਾਈ ਅਤੇ ਸਕੂਲ ਮੈਨੇਜਮੈਂਟ ਦਾ ਪੂਰਨ ਸਹਿਯੋਗ ਹੈ। ਖੇਡ ਵਿਭਾਗ ਦੇ ਅਧਿਆਪਕ ਸੰਜੀਵ, ਕੋਚ ਪੰਕਜ ਅਤੇ ਜਗਬੰਧਨ ਸਿੰਘ ਨੇ ਦੱਸਿਆ ਕਿ ਅੰਡਰ 14 ਫਾਈਨਲ ਮੈਚ ਦੌਰਾਨ ਕੈਂਬਰਿਜ ਅਰਥ ਸਕੂਲ ਦੇ ਖਿਲਾਫ ਟੀਮ ਤੇ ਖਿਡਾਰੀ ਗੁਰਨੂਰ ਨੇ 40 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ ਅਤੇ ਅਰਜੁਨ ਨੇ 3 ਵਿਕਟ ਲੈ ਕੇ ਟੀਮ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ। ਇਸੇ ਤਰ੍ਹਾਂ ਅੰਡਰ 19 ਦੇ ਵਿੱਚ ਫਾਈਨਲ ਦੇ ਵਿੱਚ ਸੇਂਟ ਸੋਲਜਰ ਸਕੂਲ ਟਾਂਡਾ ਦੇ ਖਿਲਾਫ ਹਰਮੀਤ ਅਤੇ ਅਰਪਣ ਨੇ ਦੋ-ਦੋ ਵਿਕਟਾਂ ਲਈਆਂ ਅਤੇ ਸਿਮਰ ਨੇ 25 ਰਨ ਦੀ ਸ਼ਾਨਦਾਰ ਪਾਰੀ ਖੇਡ ਕੇ ਟੀਮ ਨੂੰ ਜਿੱਤ ਦਵਾਈ। ਸਮੁੱਚੀ ਮੈਨੇਜਮੈਂਟ ਅਤੇ ਸਟਾਫ ਨੇ ਇਸ ਮੌਕੇ ਤੇ ਖਿਡਾਰੀਆਂ ਨੂੰ ਅਤੇ ਖੇਡ ਵਿਭਾਗ ਨੂੰ ਮੁਬਾਰਕਬਾਦ ਦਿੱਤੀ।ਇਸ ਮੌਕੇ 'ਤੇ ਮੈਨੇਜਰ ਗਜਿੰਦਰਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਅਮਰਜੀਤ ਕੌਰ ਸੈਣੀ, ਸੁਰੇਸ਼, ਬਲਦੇਵ, ਅਰਚਨਾ, ਮਮਤਾ, ਦਮਨ ਹਰਮਿੰਦਰ, ਗੁਰਪ੍ਰੀਤ, ਰਾਜਵੀਰ ਕੌਰ, ਹਰਜੀਤ ਕੌਰ, ਗੁਰਦੇਵ ਸਿੰਘ, ਹਰਜੀਤ ਸਿੰਘ ਤੇ ਬਾਕੀ ਸਟਾਫ ਮੈਂਬਰ ਮੌਜੂਦ ਸਨ।

# ਸਿਵਲ ਹਸਪਤਾਲ 'ਚ ਆਕਸੀਜਨ ਨਾ ਹੋਣਾ ਮੰਦਭਾਗਾ : ਸ਼ੇਰਪੁਰੀ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**— ਬੀਤੇ ਦਿਨੀਂ ਜਲੰਧਰ ਦੇ ਸਿਵਲ ਹਸਪਤਾਲ 'ਚ ਆਕਸੀਜਨ ਸਿਸਟਮ ਫੇਲ੍ਹ ਹੋਣ ਕਾਰਨ ਹੋਈ ਤਿੰਨ ਮਰੀਜਾਂ ਦੀ ਮੌਤ ਅਤਿ ਨਿੰਦਣਯੋਗ ਹੈ। ਗਰੀਬ ਲੋਕ ਪੈਸਾ ਨਾ ਹੋਣ ਕਾਰਨ ਵੱਡੇ ਹਸਪਤਾਲਾਂ ਵਿਚ ਆਪਣਾ ਇਲਾਜ ਨਹੀਂ ਕਰਵਾ ਸਕਦੇ ਉਹ ਆਸ ਉਮੀਦ ਨਾਲ ਸਰਕਾਰੀ ਹਸਪਤਾਲਾਂ ਵਿੱਚ ਇਲਾਜ ਲਈ ਆਉਂਦੇ ਹਨ, ਪਰ ਉਥੋਂ ਦੇ ਮਾੜੇ ਪ੍ਰਬੰਧਾਂ ਕਾਰਨ ਬਹੁਤ ਸਾਰੀਆਂ ਕੀਮਤੀ ਜਾਨਾਂ ਭੰਗ ਦੇ ਭਾੜੇ ਜਾ ਰਹੀਆਂ ਹਨ।

ਸਰਕਾਰ ਦਾ ਹਸਪਤਾਲਾਂ ਵੱਲ ਕੋਈ ਧਿਆਨ ਨਹੀਂ ਹੈ।ਬਹੁਜਨ ਸਮਾਜ ਪਾਰਟੀ ਇਸ ਘਟਨਾ ਦੀ ਸਖਤ ਸ਼ਬਦਾਂ ਵਿਚ ਨਿਖੇਦੀ ਕਰਦੀ ਹੈ ਤੇ ਮੰਗ ਕਰਦੀ ਹੈ ਕੇ ਸਰਕਾਰ ਪੀੜਤ ਪਰਵਾਰਾਂ ਨੂੰ ਇਕ ਇਕ ਕਰੋੜ ਦੀ ਤੁਰੰਤ ਮਾਲੀ ਮਦਦ ਦੇਵੇ ਅਤੇ ਸਰਕਾਰੀ ਹਸਪਤਾਲਾਂ ਦੇ ਮਾੜੇ ਪ੍ਰਬੰਧਾਂ ਦੀ ਸਮੀਖਿਆ ਕਰਕੇ ਨਵੇਂ ਉਪਕਰਨ ਮੁਹੱਈਆ ਕਰਵਾਏ ਜਾਣ, ਇਸ ਘਟਨਾ ਦੀ ਵਿਭਾਗੀ ਜਾਂਚ ਕਰਵਾਈ ਜਾਵੇ, ਬਣਦੀ ਯੋਗ ਕਾਰਵਾਈ ਕੀਤੀ ਜਾਵੇ ਤਾਂ ਕੇ ਅੱਗੇ ਤੋਂ ਇਸ ਤਰਾਂ ਦੀਆਂ ਅਣਸੁਖਾਵੀਆਂ ਘਟਨਾਵਾਂ ਨਾ ਵਾਪਰਨ।

# ਮਾਤਾ ਭਾਮੇਸ਼ਵਰੀ ਦੀ ਯਾਦ 'ਚ ਸਾਲਾਨਾ ਜੋੜ ਮੇਲੇ ਮੌਕੇ ਝੰਡਾ ਫੇਰੀ ਕੱਢੀ



**ਹੁਸ਼ਿਆਰਪੁਰ (ਹਰਵਿੰਦਰ ਸਿੰਘ ਭੁੰਗਰਨੀ )**- ਪਿੰਡ ਭਾਮ ਵਿਖੇ ਮਾਤਾ ਭਾਮੇਸ਼ਵਰੀ ਦਾ 71ਵਾਂ ਸਾਲਾਨਾ ਜੋੜ ਮੇਲਾ 31 ਜੁਲਾਈ ਤੱਕ ਭੈਣ ਵਿਨੋਦ ਕੁਮਾਰੀ ਚੇਅਰਪਰਸਨ ਭਾਮੇਸ਼ਵਰੀ ਮਿਸ਼ਨਰੀ ਟਰੱਸਟ ਭਾਮ ਹੁਸ਼ਿਆਰਪੁਰ ਦੀ ਸਰਪ੍ਰਸਤੀ ਹੇਠ ਕਰਵਾਇਆ ਜਾ ਰਿਹਾ ਹੈ।ਸੇਵਾਦਾਰ ਗੁਰਨਾਮ ਜਸਵਾਲ ਨੇ ਦੱਸਿਆ ਕਿ 30 ਜੁਲਾਈ ਨੂੰ ਪੂਰਨ ਹਵਨ ਦੀ ਅਹੋਤੀ ਅਤੇ ਆਰਤੀ ਕੀਤੀ ਜਾਵੇਗੀ। 29 ਜੁਲਾਈ ਨੂੰ ਫੇਰੀ ਕੱਢੀ ਗਈ ਜੋ ਮਾਂ ਦੁਰਗਾ ਮੰਦਰ ਭਾਮੇਸ਼ਵਰੀ ਜੀ ਦੇ ਮੰਦਰ ਤੋਂ ਆਰੰਭ ਹੋ ਕੇ ਵੱਖ ਵੱਖ ਮਹੱਲਿਆ ਤੋਂ ਹੁੰਦੀ ਹੋਈ ਸ਼ਾਮ ਨੂੰ ਸਮਾਪਤ ਹੋਈ। ਵੱਖ ਵੱਖ ਮੁਹੱਲਿਆਂ ਵਿੱਚ ਸੰਗਤਾਂ ਵੱਲੋਂ ਲੰਗਰਾਂ ਦੇ ਪ੍ਰਬੰਧ ਕੀਤੇ ਗਏ ਸਨ। 31 ਜੁਲਾਈ ਨੂੰ ਰਾਤ 08 ਵਜੇ ਕਵਾਲੀਆਂ ਆਰੰਭ ਕੀਤੀਆਂ ਜਾਣਗੀਆਂ। ਮੇਲੇ ਮੌਕੇ 10 ਤੋਂ 02 ਵਜੇ ਤੱਕ ਦਾਦਰਾ ਹਸਪਤਾਲ ਭਾਮ ਵੱਲੋਂ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਇਸ ਮੌਕੇ ਮੰਦਿਰ ਦੇ ਚੇਅਰਪਰਸਨ ਭੈਣ ਵਿਨੋਦ ਕੁਮਾਰੀ, ਸੇਵਾਦਾਰ ਗੁਰਨਾਮ ਜਸਵਾਲ, ਸ਼ਾਂਤੀ ਦੇਵੀ, ਸਰਪੰਚ ਪਰਵਿੰਦਰ ਸਿੰਘ ਜਸਵਾਲ, ਕੁਲਦੀਪ ਕੌਰ, ਤ੍ਰਿਪਤਾ ਦੇਵੀ, ਚੰਦਰ ਪ੍ਰਕਾਸ਼ ਦਿੱਲੀ, ਕੁਲਦੀਪ ਕੁਮਾਰ ਦੀਪਾ ਲੁਧਿਆਣਾ, ਹਰਪਾਲ ਸਿੰਘ ਕੁੰਦੀ, ਹਰਮੇਸ਼ ਚੰਦਰ, ਪੰਮੀ ਦੇਹਰਾਦੂਨ, ਮੁਕੇਸ਼ ਪੰਡਤ, ਅਮਰਜੀਤ ਭਾਮ, ਟਿੰਕੂ ਜਸਵਾਲ, ਹੈਪੀ ਪਧਿਆਣਾ, ਰੋਸ਼ਨ ਲਾਲ ਭਾਮ, ਗੁਰਜੀਤ ਜਸਵਾਲ, ਸੰਨੀ ਜਸਵਾਲ, ਵਿਸ਼ਾਲ ਸ਼ਰਮਾ, ਤਰਸੇਮ ਕਨੇਡਾ, ਨਰਿੰਦਰ ਹਾਰਟਾ, ਦੀਪਾ ਜਸਵਾਲ ਡਾਟਰ ਟੋਨੀ ਭਾਮ ਸੁਦਰਸ਼ਨ ਧੀਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਬ੍ਰਿਟਿਸ਼ ਲੌਰੀਏਟ ਸਕੂਲ ਨੇ ਸ਼ੈਮਰੌਕ ਲੀਡਰਸ਼ਿਪ ਕਨਕਲੇਵ 2025 'ਚ ਛਾਪ ਛੱਡੀ



**ਕੁਰਾਲੀ (ਮੋਹਨ ਅਗਰਵਾਲ)**-ਬ੍ਰਿਟਿਸ਼ ਲੌਰੀਏਟ ਸਕੂਲ ਮੋਹਾਲੀ ਦੇ ਵਿਦਿਆਰਥੀਆਂ ਨੇ ਵੱਕਾਰੀ ਸ਼ੈਮਰੌਕ ਲੀਡਰਸ਼ਿਪ ਕਨਕਲੇਵ 2025 ਵਿੱਚ ਆਪਣੀ ਸ਼ਾਨਦਾਰ ਭਾਗੀਦਾਰੀ ਨਾਲ ਸੰਸਥਾ ਦਾ ਨਾਮ ਰੌਸ਼ਨ ਕੀਤਾ।ਨੌਜਵਾਨ ਭਾਗੀਦਾਰ-ਮੰਨਤ ਜੱਗੀ, ਅਵਨਿਆ ਸ਼ਰਮਾ, ਸਮਰਥ ਸਿੰਘ, ਆਰਾਧਿਆ ਠਾਕੁਰ, ਆਰਵ ਸ਼ਰਮਾ, ਅਨਯ ਠਾਕੁਰ, ਅਤੇ ਜ਼ਾਵੀਅਨ ਧੀਮਾਨ ਨੇ ਬਹੁਤ ਜੋਸ਼ ਨਾਲ ਸਕੂਲ ਦੀ ਨੁਮਾਇੰਦਗੀ ਕੀਤੀ, ਜਿਸ ਵਿੱਚ ਉਹਨਾਂ ਬੇਮਿਸਾਲ ਰਚਨਾਤਮਕਤਾ, ਵਿਸ਼ਵਾਸ ਅਤੇ ਲੀਡਰਸ਼ਿਪ ਸਮਰੱਥਾ ਦਾ ਪ੍ਰਦਰਸ਼ਨ ਕੀਤਾ।ਉਨ੍ਹਾਂ ਦਾ ਪ੍ਰਦਰਸ਼ਨ ਹੋਰਾਂ ਨਾਲੋਂ ਵੱਖਰਾ ਸੀ ਜਿਸ ਦੀ ਦਰਸ਼ਕਾਂ ਅਤੇ ਜਿਊਰੀ ਦੋਵਾਂ ਨੇ ਪ੍ਰਸ਼ੰਸਾ ਕੀਤੀ। ਵਿਦਿਆਰਥਣ ਆਰਾਧਿਆ ਠਾਕੁਰ ਨੇ ਡ੍ਰੀਮਪਲੇ ਪ੍ਰੋਫੈਸ਼ਨਲ ਰੋਲ ਪਲੇ ਮੁਕਾਬਲੇ (ਤੀਜੀ ਤੋਂ ਪੰਜਵੀਂ ਜਮਾਤ ਲਈ) ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਉਸ ਦੀ ਪ੍ਰਸਤੁਤੀ ਨੇ ਜੱਜਾਂ 'ਤੇ ਗਹਿਰੀ ਛਾਪ ਛੱਡੀ, ਜਿਸ ਨਾਲ ਉਸ ਨੂੰ ਸਨਮਾਨ ਅਤੇ ਪ੍ਰਸ਼ੰਸਾ ਦੋਵੇਂ ਮਿਲੇ। ਪ੍ਰਿੰਸੀਪਲ ਭਾਵਨਾ ਸ਼ਰਮਾ ਨੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਤੇ ਬਹੁਤ ਮਾਣ ਪ੍ਰਗਟ ਕੀਤਾ।

# ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਸੰਬੰਧੀ ਜਾਗਰੂਕਤਾ ਸੈਮੀਨਾਰ

**ਸਾਹਿਬਜਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**-ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਟ੍ਰੈਫਿਕ ਪੁਲਸ ਵੱਲੋਂ ਸੀਨੀਅਰ ਪੁਲਸ ਕਪਤਾਨ ਹਰਮਨਦੀਪ ਸਿੰਘ ਹਾਂਸ ਅਤੇ ਕਪਤਾਨ ਪੁਲਸ, ਟ੍ਰੈਫਿਕ, ਨਵਨੀਤ ਸਿੰਘ ਮਾਹਲ ਵੱਲੋਂ ਨਸ਼ਿਆਂ ਖਿਲਾਫ ਅਤੇ ਟ੍ਰੈਫਿਕ ਨਿਯਮਾਂ ਦੀ ਜਾਗਰੂਕਤਾ ਸਬੰਧੀ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਉਪ ਕਪਤਾਨ ਪੁਲਸ, ਟ੍ਰੈਫਿਕ, ਕਰਨੈਲ ਸਿੰਘ ਦੀ ਅਗਵਾਈ ਹੇਠ ਲਰਨਿੰਗ ਪਾਥਸ ਸਕੂਲ ਸੈਕਟਰ -67, ਐਸ.ਏ.ਐਸ.ਨਗਰ ਵਿਖੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਸਬੰਧੀ ਇੱਕ ਵਿਸ਼ੇਸ਼ ਸੈਮੀਨਾਰ ਲਗਾ ਕੇ ਜਾਗਰੂਕ ਕੀਤਾ ਗਿਆ। ਡੀ ਐਸ ਪੀ ਕਰਨੈਲ ਸਿੰਘ ਅਨੁਸਾਰ ਇਸ ਸੈਮੀਨਾਰ ਦਾ ਮੁੱਖ ਉਦੇਸ਼ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ, ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਖੇਡਾਂ ਵੱਲ ਜਾਣ ਦੀ ਮਹੱਤਤਾ ਬਾਰੇ ਜਾਣੂ ਕਰਵਾਉਣਾ ਹੈ।

ਵਿਦਿਆਰਥੀਆਂ ਨੂੰ ਇਹ ਵੀ ਦੱਸਿਆ ਗਿਆ ਕਿ ਮੋਟਰ ਵਹੀਕਲ ਐਕਟ ਦੀ ਧਾਰਾ 199 ਏ ਤਹਿਤ ਜੇਕਰ 18 ਸਾਲ ਤੋਂ ਘੱਟ ਉਮਰ ਦਾ ਕੋਈ ਬੱਚਾ ਵਹੀਕਲ ਚਲਾਉਂਦਾ ਹੈ ਤਾਂ ਉਸ ਦੇ ਮਾਪਿਆਂ ਨੂੰ 3 ਸਾਲ ਦੀ ਕੈਦ, 25 ਹਜ਼ਾਰ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ ਅਤੇ 18 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਵਹੀਕਲ ਦੇਣ ਵਾਲੇ ਵਿਅਕਤੀ ਨੂੰ ਵੀ 3 ਸਾਲ ਦੀ ਸਜ਼ਾ ਜਾਂ ਜੁਰਮਾਨਾ ਹੋ ਸਕਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਰਕਾਰ ਦੁਆਰਾ ਚਲਾਈ ਗਈ ਸਕੀਮ ਬਾਰੇ ਜਾਣੂ ਕਰਵਾਇਆ ਅਤੇ ਦੱਸਿਆ ਕਿ ਜੇਕਰ ਕੋਈ ਵਿਅਕਤੀ ਕਿਸੇ ਐਕਸੀਡੈਂਟ ਹੋਏ ਵਿਅਕਤੀ ਦੀ ਮੱਦਦ ਕਰਦਾ ਹੈ ਤਾਂ ਉਸ ਨੂੰ 2000 ਰੁਪਏ ਸਰਕਾਰ ਵੱਲੋਂ (ਫਰਿਸ਼ਤੇ ਸਕੀਮ ਤਹਿਤ) ਦਿੱਤੇ ਜਾਣਗੇ।

ਲਰਨਿੰਗ ਪਾਥਸ ਸਕੂਲ ਸੈਕਟਰ -67, ਐਸ.ਏ.ਐਸ.ਨਗਰ ਦੇ ਪ੍ਰਿੰਸੀਪਲ ਅਤੇ ਹੋਰ ਸਟਾਫ ਨੇ ਟ੍ਰੈਫਿਕ ਪੁਲਸ ਦਾ ਜਾਗਰੂਕਤਾ ਸੈਮੀਨਾਰ ਲਗਾਉਣ ਲਈ ਬਹੁਤ-ਧੰਨਵਾਦ ਕੀਤਾ। ਉਪ ਕਪਤਾਨ ਪੁਲਸ ਟ੍ਰੈਫਿਕ ਨੇ ਅੰਤ ਵਿੱਚ ਸਾਰੇ ਵਿਦਿਆਰਥੀਆਂ ਨੂੰ ਖੇਡਾਂ ਵੱਲ ਜਾਣ ਲਈ ਪ੍ਰੇਰਿਤ ਕੀਤਾ।

ਇਸ ਤੋਂ ਇਲਾਵਾ ਸਾਰੇ ਵਿਦਿਆਰਥੀਆਂ ਨੂੰ ਸਮਝਾਇਆ ਗਿਆ ਕਿ ਉਹ ਆਪਣੇ-ਆਪਣੇ ਪਰਵਾਰਕ ਮੈਂਬਰਾਂ ਨੂੰ ਇਸ ਸੈਮੀਨਾਰ ਤੋਂ ਮਿਲੀ ਸਿੱਖਿਆ ਸਬੰਧੀ ਜਾਣੂ ਕਰਵਾਉਣ ਅਤੇ ਆਪਣੇ ਪਰਵਾਰਕ ਮੈਂਬਰਾਂ ਨੂੰ ਸ਼ਰਾਬ ਪੀ ਕੇ ਅਤੇ ਤੇਜ਼ ਰਫਤਾਰ ਨਾਲ ਗੱਡੀ ਨਾ ਚਲਾਉਣ ਸੰਬੰਧੀ ਵੀ ਜਾਗਰੂਕ ਕਰਨ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕਰਨ।

# ਚੜ੍ਹਦੀ ਕਲਾ ਸਪੋਰਟਸ ਐਂਡ ਯੂਥ ਕਲੱਬ ਨੇ ਮਨਾਇਆ ਹਰਿਆਲੀ ਦਿਵਸ



**ਜਲੰਧਰ (ਰਾਜੇਸ਼ ਥਾਪਾ)**-ਚੜ੍ਹਦੀ ਕਲਾ ਸਪੋਰਟਸ ਐਂਡ ਯੂਥ ਕਲੱਬ ਕੋਟ ਖੁਰਦ ਜਲੰਧਰ ਵੱਲੋਂ ਹਰਿਆਲੀ ਦਿਵਸ ਦੇ ਮੌਕੇ ਤੇ ਪਿੰਡ ਕੋਟ ਖੁਰਦ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਇਕ ਰੁੱਖ ਮਾਂ ਦੇ ਨਾਮ ਤੇ ਪੇਂਟਿੰਗ ਮੁਕਾਬਲੇ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੇ ਵਧ ਚੜ੍ਹ ਹਿੱਸਾ ਲਿਆ। 6 ਬੱਚੇ ਪਹਿਲੇ ਸਥਾਨ ਤੇ ਆਏ ਅਤੇ ਕਲੱਬ ਦੇ ਮੈਂਬਰਾਂ ਨੇ ਜੇਤੂ ਬੱਚਿਆਂ ਨੂੰ ਮੈਡਲ ਦਿੱਤੇ ਅਤੇ ਸਾਰੇ ਬੱਚਿਆਂ ਨੂੰ ਸਟੇਸ਼ਨਰੀ ਦਿੱਤੀ ਗਈ। ਆਏ ਹੋਏ ਬੱਚਿਆਂ, ਮਾਪਿਆਂ ਅਤੇ ਮਹਿਮਾਨਾਂ ਨੂੰ ਖਾਣ-ਪੀਣ ਦਾ ਸਾਮਾਨ ਵੀ ਦਿੱਤਾ ਗਿਆ। ਕਲੱਬ ਦੇ ਸੰਚਾਲਕ ਨੇ ਦਸਿਆ ਬੱਚਿਆਂ ਅਤੇ ਪਿੰਡ ਦੇ ਲੋਕਾਂ ਨੂੰ ਵਾਤਵਰਣ ਦੀ ਸੰਭਾਲ ਪ੍ਰਤੀ ਜਾਗਰੂਕ ਕੀਤਾ ਗਿਆ। ਬੱਚਿਆਂ ਅਤੇ ਉਨ੍ਹਾਂ ਦੀਆਂ ਮਾਵਾਂ ਨੂੰ ਬੂਟੇ ਵੰਡੇ ਗਏ। ਇਸ ਮੌਕੇ ਪਿੰਡ ਦੀ ਸਾਬਕਾ ਸਰਪੰਚ ਗੁਰਮੀਤ ਕੌਰ, ਮੌਜੂਦਾ ਪੰਚ ਰਵਨੀਤ ਕੌਰ, ਕਮੇਟੀ ਮੈਂਬਰ ਸ੍ਰ. ਗਿਆਨ ਸਿੰਘ, ਕਲੱਬ ਦੀ ਨਵੀਂ ਮੈਂਬਰ ਕੁਮਾਰੀ ਸੁਮਨਜੋਤ ਕੌਰ, ਪਵਨਜੋਤ ਕੌਰ, ਯੁਵਾ ਭਾਰਤ ਦੇ ਕੁਲਵਿੰਦਰ ਕੁਮਾਰ ਵਿਸ਼ੇਸ਼ ਤੌਰ ਤੇ ਮੌਜੂਦ ਸਨ। ਕਲੱਬ ਸੰਚਾਲਕ ਹਰਵਿੰਦਰ ਕੌਰ ਨੇ ਦਸਿਆ ਕਿ ਚੜ੍ਹਦੀ ਕਲਾ ਸਪੋਰਟਸ ਐਂਡ ਯੂਥ ਕਲੱਬ ਜਲੰਧਰ 2020 ਤੋਂ ਲਗਾਤਾਰ ਵਾਤਾਵਰਣ ਦੀ ਸੰਭਾਲ ਅਤੇ ਸੁਰੱਖਿਆ ਲਈ ਸਮਾਜ ਨੂੰ ਜਾਗਰੂਕ ਕਰ ਰਹੀ ਹੈ । ਹੁਣ ਤੱਕ ਲਗਭਗ 800 ਰੁੱਖ ਲਗਾਏ ਜਾ ਚੁੱਕੇ ਹਨ।-

# ਸੰਧੂ ਹਸਪਤਾਲ ਨੇ ਮੁਫਤ ਮੈਡੀਕਲ ਕੈਂਪ ਲਗਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸੰਧੂ ਹਸਪਤਾਲ ਨਵਾਂਸ਼ਹਿਰ ਚੰਡੀਗੜ੍ਹ ਰੋਡ, ਨੇੜੇ ਬਰਨਾਲਾ ਗੇਟ ਵੱਲੋਂ ਇੱਕ ਵਿਸ਼ਾਲ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਡਾਕਟਰ ਜੇ ਐਸ ਸੰਧੂ ਦੱਸਿਆ ਪਿੰਡ ਬਰਨਾਲਾ ਕਲਾਂ ਦੇ ਗੁਰਦੁਆਰਾ ਸਾਹਿਬ ਦੇ ਪੰਚਾਇਤ ਘਰ ਵਿਚ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਹੱਡੀਆਂ ਤੇ ਜੋੜਾਂ ਦਾ ਮੁਫਤ ਮੈਡੀਕਲ ਚੈਕਅੱਪ ਕੈਂਪ ਲਗਾਇਆ ਗਿਆ। ਡਾਕਟਰ ਡਾ. ਕਨਵ ਟੰਡਨ ਹੱਡੀਆਂ ਤੇ ਜੋੜਾਂ ਦੇ ਮਾਹਿਰ ਨੇ ਮਰੀਜ਼ਾਂ ਦੀ ਜਾਂਚ ਕੀਤੀ। ਇਸ ਮੌਕੇ ਮਰੀਜ਼ਾਂ ਦੀ ਖੂਨ ਜਾਂਚ ਜਿਸ ਵਿੱਚ ਸ਼ੂਗਰ ਟੈਸਟ, ਐਕਸਰੇ ਫਰੀ ਕੀਤੇ ਗਏ, ਮਰੀਜ਼ਾਂ ਦੀ ਜਾਂਚ ਕਰਕੇ ਦਵਾਈਆਂ ਦਿੱਤੀਆਂ। ਡਾਕਟਰ ਜੇ ਐਸ ਸੰਧੂ ਦਾ ਪਿੰਡ ਦੇ ਬਜ਼ੁਰਗਾਂ, ਪੰਚਾਇਤ ਨੇ ਸਨਮਾਨ ਕੀਤਾ। ਇਸ ਮੌਕੇ ਪਿੰਡ ਬਰਨਾਲਾ ਦੇ ਸਰਪੰਚ ਹਰਮਨਜੀਤ ਸਿੰਘ ਨੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਡੇ ਸਮਾਜ ਦੇ ਵਿਕਾਸ ਲਈ ਅਜਿਹੇ ਕੈਂਪਾਂ ਦੀ ਲੋੜ ਹੈ। ਪਰਮਾਤਮਾ ਉਹਨਾਂ ਦੀਆਂ ਕਮਾਈਆਂ ਵਿੱਚ ਸਮਾਜ ਲਈ ਬਰਕਤਾਂ ਲਿਆਉਂਦਾ ਰਹੇ।

# ਭਾਈ ਨੰਦ ਲਾਲ ਪਬਲਿਕ ਸਕੂਲ 'ਚ ਸਾਇੰਸ ਪ੍ਰਦਰਸ਼ਨੀ ਲਗਾਈ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੇ ਭਾਈ ਨੰਦ ਲਾਲ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਾਇੰਸ ਪ੍ਰਦਰਸ਼ਨੀ ਲਗਾਈ ਗਈ।ਇਸ ਪ੍ਰਦਰਸ਼ਨੀ ਵਿੱਚ ਸਕੂਲ ਦੇ ਕਲਾਸ ਪੰਜਵੀਂ ਤੋਂ ਬਾਰਵੀਂ ਤੱਕ ਦੇ ਵਿਦਿਆਰਥੀਆਂ ਨੇ ਉਤਸ਼ਾਹ ਪੂਰਵਕ ਹਿੱਸਾ ਲਿਆ। ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਨੂੰ ਦਰਸਾਉਂਦੇ ਹੋਏ ਮਾਡਲ ਬਣਾਏ, ਜਿਨਾਂ ਵਿੱਚੋਂ ਬਹੁਤ ਸਾਰੇ ਮਾਡਲ ਵਰਕਿੰਗ ਮਾਡਲ ਸੀ।ਇਸ ਪ੍ਰਦਰਸ਼ਨੀ ਵਿੱਚ ਜੱਜ ਦੀ ਭੂਮਿਕਾ ਪ੍ਰੋਫੈਸਰ ਡਾਕਟਰ ਅੰਮ੍ਰਿਤ ਸਿੰਘ ਸ਼੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਅਨੰਦਪੁਰ ਸਾਹਿਬ ਨੇ ਨਿਭਾਈ।ਇਹ ਪ੍ਰਦਰਸ਼ਨੀ ਸਕੂਲ ਦੇ ਸਾਇੰਸ ਡਿਪਾਰਟਮੈਂਟ ਵੱਲੋਂ ਕਰਵਾਈ ਗਈ। ਇਸ ਪ੍ਰਦਰਸ਼ਨੀ ਦੇ ਆਯੋਜਨ ਸਮੇਂ ਸਮੂਹ ਸਾਇੰਸ ਡਿਪਾਰਟਮੈਂਟ ਦੇ ਅਧਿਆਪਕ ਮੌਜੂਦ ਸਨ।ਇਹ ਜਾਣਕਾਰੀ ਸਕੂਲ ਦੇ ਪ੍ਰਿੰਸੀਪਲ ਸਤਨਾਮ ਸਿੰਘ ਵੱਲੋਂ ਦਿੱਤੀ ਗਈ। ਉਹਨਾਂ ਨੇ ਵਿਦਿਆਰਥੀਆਂ ਦੀ ਹੌਂਸਲਾ ਅਫਜਾਈ ਕੀਤੀ ਅਤੇ ਕਿਹਾ ਕਿ ਇਹੋ ਜਿਹੀਆਂ ਐਕਟੀਵਿਟੀਜ ਲਗਾਤਾਰ ਹੋਣੀਆਂ ਚਾਹੀਦੀਆਂ ਹਨ ਜਿਸ ਦੇ ਨਾਲ ਵਿਦਿਆਰਥੀਆਂ ਵਿੱਚ ਵਿਸ਼ੇ ਦੇ ਸੰਬੰਧਿਤ ਜਾਣਕਾਰੀ ਪੈਦਾ ਕਰਨ ਦਾ ਬਹੁਤ ਵਧੀਆ ਤਰੀਕਾ ਹੈ।



31-July-PAGE-12.qxd 7/30/2025 10:58 PM Page 1



# ਸੰਯੁਕਤ ਕਿਸਾਨ ਮੋਰਚਾ ਵੱਲੋਂ ਤਰਨ ਤਾਰਨ ਦੇ ਨੇੜਲੇ ਪਿੰਡਾਂ 'ਚ ਵਿਸ਼ਾਲ ਟਰੈਕਟਰ ਮਾਰਚ



**ਤਰਨ ਤਾਰਨ, (ਪ੍ਰਿਤਪਾਲ ਸਿੰਘ)**

ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਵੱਲੋਂ ਲੈਂਡ ਪੂਲਿੰਗ ਨੀਤੀ ਵਿਰੁੱਧ ਤਰਨ ਤਾਰਨ ਨੇੜਲੇ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਦੇ ਸਹਿਯੋਗ ਨਾਲ ਵਿਸ਼ਾਲ ਟਰੈਕਟਰ ਤੇ ਵਹੀਕਲਜ਼ ਮਾਰਚ ਕੀਤਾ ਗਿਆ। ਟਰੈਕਟਰਾਂ ਤੇ ਵਹੀਕਲਜ਼ ਦਾ ਇਹ ਮਾਰਚ ਤਰਨ ਤਾਰਨ ਤੋਂ ਸ਼ੁਰੂ ਹੋ ਕੇ ਡੀ. ਸੀ. ਦਫ਼ਤਰ ਅੱਗੋਂ ਹੁੰਦਾ ਹੋਇਆ ਪਿੰਡ ਅਲਾਦੀਨਪੁਰ, ਯੋਧਪੁਰ ਤੇ ਚੁਤਾਲਾ ਵਿਖੇ ਖਤਮ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਕਾਰ ਸਿੰਘ ਵਲਟੋਹਾ, ਸੁਖਚੈਨ ਸਿੰਘ ਸਰਹਾਲੀ ਖੁਰਦ, ਮਨਜੀਤ ਸਿੰਘ ਬੱਗੂ, ਤਾਰਾ ਸਿੰਘ ਸਰਹਾਲੀ, ਮਿਹਰ ਸਿੰਘ ਸਖੀਰਾ, ਦਵਿੰਦਰ ਸੋਹਲ, ਮਨਿੰਦਰ ਸਿੰਘ ਲਾਲੀ, ਸੁਖਦੇਵ ਸਿੰਘ ਤੁੜ, ਮਿਹਰ ਸਿੰਘ ਚੁਤਾਲਾ, ਗੁਰਦੇਵ ਸਿੰਘ ਪੀਰਮੁਹੰਮਦ, ਅਮੋਲਕ ਸਿੰਘ ਗੋਰਖਾ, ਪਰਗਟ ਸਿੰਘ ਜਾਮਾਰਾਏ, ਸਵਿੰਦਰ ਸਿੰਘ ਚੁਤਾਲਾ ਸੰਘਰਸ਼ ਕਮੇਟੀ, ਗੁਰਪ੍ਰੀਤ ਗੰਡੀਵਿੰਡ, ਨਾਜ਼ਰ ਸਿੰਘ ਸਰਹਾਲੀ ਨੇ ਵੀ ਸੰਬੋਧਨ ਕੀਤਾ।

# ਕਿਸਾਨ ਆਗੂਆਂ ਸ਼ੂਗਰ ਮਿੱਲ ਬਟਾਲਾ ਦੇ ਜੀ ਐੱਮ ਨੂੰ ਦਿੱਤਾ ਮੰਗ ਪੱਤਰ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਕ ਦੇ ਆਗੂਆਂ ਵੱਲੋਂ ਕਿਸਾਨਾਂ ਦੇ ਗੰਨੇ ਦੀ ਬਕਾਇਆ ਰਾਸ਼ੀ ਤੁਰੰਤ ਜਾਰੀ ਕਰਨ ਸਬੰਧੀ ਇਕ ਲਿਖਤੀ ਮੰਗ ਪੱਤਰ ਪੰਜਾਬ ਸਰਕਾਰ ਅਤੇ ਸ਼ੂਗਰਕੇਨ ਵਿਭਾਗ ਦੇ ਨਾਂ 'ਤੇ ਸ਼ੂਗਰ ਮਿਲ ਬਟਾਲਾ ਦੀ ਜੀ. ਐੱਮ. (ਮੁੱਖ ਪ੍ਰਬੰਧਕ) ਕਿਰਨਜੀਤ ਕੌਰ ਨੂੰ ਦਿੱਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਕ ਸਬੰਧਿਤ ਭਾਰਤੀ ਕਿਸਾਨ ਯੂਨੀਅਨ ਮਾਝਾ (ਪੰਜਾਬ) ਦੇ ਕਾਰਜਕਾਰੀ ਪ੍ਰਧਾਨ ਰਜਿੰਦਰ ਸਿੰਘ ਜਫਰਵਾਲ ਨੇ ਦੱਸਿਆ ਕਿ ਸ਼ੂਗਰ ਮਿਲ ਬਟਾਲਾ ਵਿੱਚ 6 ਫਰਵਰੀ 2025 ਤੋਂ ਲੈ ਕੇ 18 ਮਾਰਚ 2025 ਤੱਕ ਗਏ ਕਿਸਾਨਾਂ ਦੇ ਗੰਨੇ ਦਾ ਕੋਈ ਵੀ ਪੈਸਾ ਅਜੇ ਤੱਕ ਕਿਸਾਨਾਂ ਦੇ ਖਾਤਿਆਂ ਵਿੱਚ ਸ਼ੂਗਰਕੇਨ ਵਿਭਾਗ ਨੇ ਨਹੀਂ ਭੇਜਿਆ। ਇਸ ਕਰਕੇ ਉਨ੍ਹਾਂ ਨੇ ਸ਼ੂਗਰ ਮਿਲ ਬਟਾਲਾ ਦੇ ਜੀ. ਐੱਮ. ਨੂੰ ਅਪੀਲ ਕੀਤੀ ਹੈ ਕਿ ਇਹ ਰਾਸ਼ੀ ਤੁਰੰਤ ਕਿਸਾਨਾਂ ਦੇ ਖਾਤਿਆਂ ਵਿੱਚ ਪਾਈ ਜਾਵੇ। ਕਿਸਾਨ ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਕ ਹਫਤੇ ਵਿੱਚ ਕਿਸਾਨਾਂ ਦੇ ਖਾਤਿਆਂ ਵਿੱਚ ਗੰਨੇ ਦੀ ਬਕਾਇਆ ਰਾਸ਼ੀ ਨਾ ਪਾਈ ਗਈ ਤਾਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਵੱਡਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ



ਮਿੱਲ ਦੀ ਜੀ. ਐੱਮ. ਕਿਰਨਜੀਤ ਕੌਰ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਇਹ ਮੰਗ ਪੱਤਰ ਤੁਰੰਤ ਵਿਭਾਗ ਨੂੰ ਭੇਜ ਦਿੱਤਾ ਜਾਵੇਗਾ ਅਤੇ ਗੰਨੇ ਦੀ ਬਕਾਇਆ ਰਾਸ਼ੀ ਕਿਸਾਨਾਂ ਦੇ ਖਾਤਿਆਂ ਵਿੱਚ ਪਾਉਣ ਹਿੱਤ ਉਹ ਖੁਦ ਵੀ ਵਿਭਾਗ ਨੂੰ ਸ਼ਿਫਾਰਸ ਕਰਨਗੇ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਮਾਝਾ (ਪੰਜਾਬ) ਦੇ ਕਾਰਜਕਾਰੀ ਪ੍ਰਧਾਨ ਰਜਿੰਦਰ ਸਿੰਘ ਜਫਰਵਾਲ, ਦਲਜੀਤ ਸਿੰਘ ਸਿੱਧਵਾਂ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ, ਯਾਦਵਿੰਦਰ ਸਿੰਘ ਮੀਡੀਆ ਸਲਾਹਕਾਰ, ਹਰਵਿੰਦਰ ਸਿੰਘ ਘੁੰਮਣ ਸੀਨੀਅਰ ਮੀਤ ਪ੍ਰਧਾਨ, ਹਰਪਾਲ ਸਿੰਘ ਡੇਹਰੀਵਾਲ ਸੀਨੀਅਰ ਮੀਤ ਪ੍ਰਧਾਨ, ਬਿਕਰਮਜੀਤ ਸਿੰਘ ਘੁੰਮਣ, ਜੋਗਿੰਦਰ ਸਿੰਘ ਡੇਹਰੀਵਾਲ, ਪੰਜਾਬ ਸਿੰਘ ਅਤੇ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੇ ਬਟਾਲਾ ਪ੍ਰਧਾਨ ਅੰਮ੍ਰਿਤਬੀਰ ਸਿੰਘ ਕਾਹਲੋਂ ਆਦਿ ਹਾਜ਼ਰ ਸਨ।

# ਅਕਾਲੀ ਦਲ ਪੰਜ ਮੈਂਬਰੀ ਕਮੇਟੀ ਦੇ ਡੈਲੀਗੇਟ ਅਜਲਾਸ 'ਚ 50 ਡੈਲੀਗੇਟ ਚੁਣੇ ਗਏ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਤੋਂ ਲਾਮਬੰਦ ਕਰਨ ਲਈ ਬਣਾਈ ਪੰਜ ਮੈਂਬਰੀ ਭਰਤੀ ਕਮੇਟੀ ਦਾ ਹਲਕਾ ਤਰਨ ਤਾਰਨ ਦਾ ਡੈਲੀਗੇਟ ਅਜਲਾਸ ਅੱਜ ਪਿੰਡ ਭੋਜੀਆਂ ਵਿਖੇ ਹੋਇਆ ਜਿਸ ਦੀ ਪ੍ਰਧਾਨਗੀ ਪੰਜ ਮੈਂਬਰੀ ਕਮੇਟੀ ਮੈਂਬਰ ਬੀਬੀ ਸਤਵੰਤ ਕੌਰ (ਸਪੁੱਤਰੀ ਸ਼ਹੀਦ ਭਾਈ ਅਮਰੀਕ ਸਿੰਘ) ਨੇ ਕੀਤੀ।ਇਸ ਮੌਕੇ ਵੱਖ ਵੱਖ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਡੈਲੀਗੇਟ ਅਤੇ ਵਰਕਰ ਹਾਜ਼ਰ ਹੋਏ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਸਵਿੰਦਰ ਸਿੰਘ ਦੋਬਲੀਆ ਨੇ ਦੱਸਿਆ ਕਿ ਹੁਣ ਤੱਕ ਹਲਕੇ ਵਿੱਚ 20 ਹਜ਼ਾਰ ਦੀ ਨਵੀਂ ਭਰਤੀ ਹੋ ਚੁੱਕੀ ਹੈ ਜਿਸ ਦੇ ਅਧਾਰ ਤੇ ਅੱਜ 50 ਡੈਲੀਗੇਟਾਂ ਦੀ ਚੋਣ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਸਾਨੂੰ ਵੱਖ-ਵੱਖ ਪਿੰਡਾਂ ਤੋਂ ਬਹੁਤ ਵੱਡਾ ਹੁੰਗਾਰਾ ਮਿਲ ਰਿਹਾ ਹੈ ਜਿਸ ਵਿੱਚ ਔਰਤਾਂ ਵੀ ਹਿੱਸਾ ਲੈਣ ਰਹੀਆਂ ਹਨ।ਸਮਾਗਮ ਵਿੱਚ ਗੁਰਲਾਲ ਸਿੰਘ ਸੰਧੂ,ਦਲਜਿੰਦਰ ਸਿੰਘ ਵਿਰਕ, ਸੂਬਾ ਸਿੰਘ ਗੱਗੋਬੂਹਾ, ਅੰਗਰੇਜ ਸਿੰਘ ਦੋਬਲੀਆ, ਸਵਰਨ ਸਿੰਘ ਪੰਜਵੜ, ਮੇਜਰ ਸਿੰਘ ਐਮਾ, ਹਰਸਿਮਰਨ ਕੌਰ ਸੋਹਲ, ਅੰਮ੍ਰਿਤਪਾਲ ਸਿੰਘ ਜੌੜਾ, ਸ਼ਮਸ਼ੇਰ ਸਿੰਘ ਬਾਬਾ ਭੋਜੀਆ, ਡਾ. ਸੁਰਿੰਦਰ ਸਿੰਘ ਭੁੱਚਰ, ਧੀਰ ਸਿੰਘ ਗੱਗੋਬੂਹਾ, ਮੁਖਤਾਰ ਸਿੰਘ ਦੋਬਲੀਆਂ ਆਦਿ ਹਾਜ਼ਰ ਸਨ।

# ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਵਿਚਾਰ-ਚਰਚਾ ਅੱਜ

**ਜਲੰਧਰ (ਕੇਸਰ)**



ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਕਮੇਟੀ ਦੇ ਸਹਿਯੋਗੀ ਦੇਸ਼ ਭਗਤ ਯਾਦਗਾਰ ਹਾਲ ਵਿਖੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਸਵੇਰੇ ਵਿਚਾਰ ਚਰਚਾ ਕਰਨਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਤੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਜਲਿਆਂਵਾਲੇ ਬਾਗ ਦਾ ਕਤਲੇਆਮ ਜਨਰਲ ਡਾਇਰ ਦੇ ਹੁਕਮ ਤੇ ਅਗਵਾਈ ਹੇਠ ਹੋਇਆ ਸੀ। ਹਿੰਦੁਸਤਾਨ ਦੇ ਵਾਸੀ ਪੁਰਅਮਨ ਢੰਗ ਨਾਲ ਜਲਿਆਂਵਾਲੇ ਬਾਗ ਵਿੱਚ ਇਕੱਠ ਕਰਕੇ ਦੇਸ਼ ਦੀ ਆਜ਼ਾਦੀ ਦੀ ਮੰਗ ਕਰ ਰਹੇ ਸਨ। ਪਰ ਅੰਗਰੇਜ਼ ਹਾਕਮ ਤੇ ਹਿੰਦੁਸਤਾਨ ਦੀ ਲੁੱਟ ਬਰਕਰਾਰ ਰੱਖਣਾ ਚਾਹੁੰਦੇ ਸਨ ਇਸ ਲਈ ਉਹ ਹਿੰਦੁਸਤਾਨ ਨੂੰ ਕਿਸ ਤਰ੍ਹਾਂ ਆਜ਼ਾਦ ਕਰ ਸਕਦੇ ਸਨ। ਅੰਗਰੇਜ਼ਾਂ ਨੇ ਪੁਰਅਮਨ ਇਕੱਠ 'ਤੇ ਗੋਲੀਆਂ ਦਾ ਮੀਂਹ ਵਰ੍ਹਾ ਕੇ 2000 ਤੋਂ ਉਪਰ ਹਿੰਦ ਦੀ ਆਜ਼ਾਦੀ ਦੇ ਪਰਵਾਨਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਸ਼ਹੀਦ ਊਧਮ ਸਿੰਘ ਨੇ ਲੰਡਨ ਜਾ ਕੇ ਸਰ ਮਾਈਕਲ ਉਡਵਾਇਰ ਨੂੰ ਮਾਰ ਕੇ ਜਲਿਆਂਵਾਲੇ ਬਾਗ ਦੇ ਸ਼ਹੀਦਾਂ ਦਾ ਬਦਲਾ ਲਿਆ ਸੀ। ਜਨਰਲ ਡਾਇਰ ਆਪਣੀ ਮੌਤੇ ਆਪ ਹੀ ਮਰ ਗਿਆ ਸੀ। ਅੰਗਰੇਜ਼ ਹਾਕਮਾਂ ਨੇ ਊਧਮ ਸਿੰਘ ਨੂੰ ਗ੍ਰਿਫਤਾਰ ਕਰਕੇ 31 ਜੁਲਾਈ 1940 ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ। ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਅਰਪਿਤ ਕਰਨ ਲਈ ਸਵੇਰੇ ਸਮਾਗਮ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਮੌਜੂਦਾ ਹਕੂਮਤ ਜਲਿਆਂਵਾਲੇ ਬਾਗ ਦਾ ਮੁਹਾਂਦਰਾ ਹੀ ਵਿਗਾੜ ਦਿੱਤਾ ਹੈ। ਬਾਗ ਦੇ ਖੂਹ ਵਿੱਚ ਲੋਕਾਂ ਨੇ ਆਪਣੀ ਜਾਨ ਬਚਾਉਣ ਵਾਸਤੇ ਛਾਲਾਂ ਮਾਰੀਆਂ ਸਨ ਅਤੇ ਖੂਹ ਲਾਸ਼ਾਂ ਨਾਲ ਭਰ ਗਿਆ ਸੀ। ਉਸ ਖੂਹ ਦੀ ਮੌਣ 'ਤੇ ਪਹਿਲਾਂ ਹੀ ਖਤਮ ਕੀਤੀ ਜਾ ਚੁੱਕੀ ਹੈ ਅਤੇ ਖੂਹ ਦਾ ਮੁਹਾਂਦਰਾ ਹੀ ਵਿਗਾੜ ਦਿੱਤਾ ਹੈ। ਇਸੇ ਤਰ੍ਹਾਂ ਗੋਲੀਆਂ ਦੇ ਨਿਸ਼ਾਨ ਜ਼ਿਆਦਾ ਖਤਮ ਹੋ ਚੁੱਕੇ ਹਨ। ਬਾਗ਼ ਵਿੱਚ ਚਲਦੇ ਫਿਲਮ ਸ਼ੋ ਦਾ ਵੀ ਬੁਰਾ ਹਾਲ ਹੈ। ਆਗੂਆਂ ਨੇ ਕਿਹਾ ਹਾਲੇ ਵੀ ਬਾਗ਼ ਦੇ ਕਤਲੇਆਮ ਦੀਆਂ ਨਿਸ਼ਾਨੀਆਂ ਹਨ ਪਰ ਜੇ ਉਨ੍ਹਾਂ ਦੀ ਸਾਂਭ ਸੰਭਾਲ ਨਾ ਹੋਈ ਤੇ ਉਹ ਵੀ ਖ਼ਤਮ ਹੋ ਜਾਣਗੀਆਂ।

# ਭਗਤ ਪੂਰਨ ਸਿੰਘ ਦੀ 33ਵੀਂ ਬਰਸੀ 1 ਤੋਂ 5 ਅਗਸਤ ਤੱਕ ਮਨਾਈ ਜਾਵੇਗੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.) ਅੰਮ੍ਰਿਤਸਰ ਵੱਲੋਂ ਸਤਿਕਾਰਯੋਗ ਭਗਤ ਪੂਰਨ ਸਿੰਘ ਦੀ 33ਵੀਂ ਬਰਸੀ 01 ਅਗਸਤ ਤੋਂ 05 ਅਗਸਤ ਤੱਕ




ਮਨਾਈ ਜਾਵੇਗੀ।1 ਅਗਸਤ ਨੂੰ ਪ੍ਰਾਇਮਰੀ ਤੱਕ ਦੇ ਛੋਟੇ ਬੱਚਿਆਂ ਅਤੇ ਪਿੰਗਲਵਾੜੇ ਦੇ ਮਰੀਜ਼ਾਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਮੁੱਖ ਦਫ਼ਤਰ, ਤਹਿਸੀਲਪੁਰਾ ਰੋਡ ਨੇੜੇ ਬੱਸ ਸਟੈਂਡ ਅੰਮ੍ਰਿਤਸਰ ਵਿਖੇ ਕੀਤਾ ਜਾ ਰਿਹਾ ਹੈ।ਇਸ ਪ੍ਰੋਗਰਾਮ ਦੇ ਚੀਫ਼ ਗੈਸਟ 'ਬੀਬੀ ਕਿਰਨਜੋਤ ਕੌਰ' ਅਤੇ ਗੈਸਟ ਆਫ਼ ਆਨਰ ਡਾ. ਇੰਦਰਜੀਤ ਸਿੰਘ ਗੋਗੋਆਣੀ ਅਤੇ ਸ. ਨਵਜੋਤ ਸਿੰਘ ਮੰਡੇਰ ਜਰਗ ਹੋਣਗੇ।2 ਅਗਸਤ ਦਿਨ ਸ਼ਨੀਵਾਰ ਨੂੰ ਪਿੰਗਲਾੜੇ ਦੀ ਮਾਨਾਂਵਾਲਾ ਬ੍ਰਾਂਚ ਵਿਖੇ ਖ਼ੂਨ-ਦਾਨ ਕੈਂਪ ਲਗਾਇਆ ਜਾਵੇਗਾ।ਪ੍ਰੋਗਰਾਮ ਦੇ ਚੀਫ਼ ਗੈਸਟ ਡਾ. ਮਨਜੀਤ ਸਿੰਘ ਉਪਲ ਵਾਈਸ ਚਾਂਸਲਰ ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਹੋਣਗੇ।3 ਅਗਸਤ ਦਿਨ ਐਤਵਾਰ ਨੂੰ ਪਿੰਗਲਵਾੜੇ ਦੇ ਸਾਰੇ ਸਕੂਲਾਂ ਵੱਲੋਂ ਇਨਾਮ ਵੰਡ ਅਤੇ ਸੱਭਿਆਚਾਰਕ ਪ੍ਰੋਗਰਾਮ ਮੁੱਖ ਦਫ਼ਤਰ, ਤਹਿਸੀਲਪੁਰਾ ਰੋਡ ਨੇੜੇ ਬੱਸ ਸਟੈਂਡ ਅੰਮ੍ਰਿਤਸਰ ਵਿਖੇ ਪੇਸ਼ ਕੀਤਾ ਜਾਵੇਗਾ, ਕਲਾ-ਕ੍ਰਿਤੀਆਂ ਦੀ ਨੁਮਾਇਸ਼ ਵੀ ਲਗਾਈ ਜਾਵੇਗੀ।ਇਸ ਪ੍ਰੋਗਰਾਮ ਦੇ ਚੀਫ਼ ਗੈਸਟ ਡਾ. ਸ਼ਰਨਜੀਤ ਕੌਰ ਚੇਅਰ-ਪਰਸਨ ਆਫ਼ ਆਰ. ਸੀ. ਆਈ. ਅਤੇ ਗੈਸਟ ਆਫ਼ ਆਨਰ ਸ. ਕੇਵਲ ਸਿੰਘ ਧਾਲੀਵਾਲ ਹੋਣਗੇ।4 ਅਗਸਤ ਨੂੰ ਸੱਭਿਆਚਾਰ ਅਤੇ ਆਚਰਣ ਵਿਸ਼ੇ 'ਤੇ ਡੂੰਘੀਆਂ ਵਿਚਾਰਾਂ ਹੋਣਗੀਆਂ ਤੇ ਸੈਮੀਨਾਰ ਮੁੱਖ ਦਫ਼ਤਰ, ਤਹਿਸੀਲਪੁਰਾ ਰੋਡ ਨੇੜੇ ਬੱਸ ਸਟੈਂਡ ਅੰਮ੍ਰਿਤਸਰ ਵਿਖੇ ਕੀਤਾ ਜਾਵੇਗਾ।ਇਸ ਮੌਕੇ ਸੋਵੀਨੀਅਰ ਵੀ ਰਿਲੀਜ਼ ਕੀਤਾ ਜਾਵੇਗਾ।5 ਅਗਸਤ ਦਿਨ ਮੰਗਲਵਾਰ ਨੂੰ ਸ਼ਰਧਾਂਜਲੀ ਸਮਾਗਮ ਹੋਵੇਗਾ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਭੋਗ ਉਪਰੰਤ ਗੁਰਬਾਣੀ ਦਾ ਕੀਰਤਨ ਕੀਤਾ ਜਾਵੇਗਾ।ਉਸ ਦਿਨ ਰਾਜਸੀ ਅਤੇ ਧਾਰਮਿਕ ਸ਼ਖ਼ਸੀਅਤਾਂ ਸ਼ਰਧਾਂਲੀਆਂ ਪੇਸ਼ ਕਰਨਗੀਆਂ।ਇਸ ਮੌਕੇ ਬੀਬੀ ਮਹਿੰਦਰ ਕੌਰ ਅਤੇ ਬੀਬੀ ਹਰਤੇਜ ਪਾਲ ਕੌਰ ਜੋ ਕਿ ਪਿੰਗਲਵਾੜੇ ਵਿੱਚ ਕਾਫੀ ਸਮੇਂ ਤੋਂ ਪਿੰਗਲਵਾੜੇ ਸੇਵਾ ਨਿਭਾ ਰਹੇ ਹਨ, ਨੂੰ ਭਗਤ ਪੂਰਨ ਸਿੰਘ ਮਾਨਵ ਸੇਵਾ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ।

# ਸਿਆਸੀ ਲੋਕਾਂ ਦੀ ਕੁਰਸੀਆਂ ਦੀ ਲਾਲਸਾ ਕਾਰਨ ਧਰਮੀ ਫੌਜੀਆਂ ਨੂੰ ਅਜੇ ਤੱਕ ਇਨਸਾਫ ਨਹੀਂ ਮਿਲਿਆ : ਬਲਦੇਵ ਸਿੰਘ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸਮੂਹ ਸਿੱਖ ਧਰਮੀ ਫੌਜੀ ਜੂਨ 1984 ਪਰਿਵਾਰ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਆਪਣੇ ਮੁੱਖ ਦਫਤਰ ਧਾਰੀਵਾਲ ਵਿਖੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜ ਸਾਹਿਬਾਨ ਦੀ ਇਕ ਅਗਸਤ ਨੂੰ ਹੋ ਰਹੀ ਮੀਟਿੰਗ ਦੌਰਾਨ ਧਰਮੀ ਫੌਜੀਆਂ ਦੀਆਂ ਲਟਕਦੀਆਂ ਮੰਗਾਂ ਦਾ ਹੱਲ ਪਹਿਲ ਦੇ ਅਧਾਰ ਤੇ ਕੀਤਾ ਜਾਵੇ। ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਦੱਸਿਆ ਕਿ 17 ਨਵੰਬਰ 2014 ਦੀ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਦੌਰਾਨ ਧਰਮੀ ਫੌਜੀਆਂ ਵੱਲੋਂ ਮੰਗਾਂ ਪੇਸ਼ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿੱਚੋਂ ਧਰਮੀ ਫੌਜੀਆਂ ਦੀ ਕੁਰਬਾਨੀ ਨੂੰ ਮਾਨਤਾ ਦੇਣ ਅਤੇ ਸ਼ਹੀਦ ਧਰਮੀ ਫੌਜੀਆਂ ਦੀਆਂ ਫੋਟੋਆਂ ਸਿੱਖ ਅਜਾਇਬ ਘਰ ਵਿੱਚ ਲਗਾਉਣ ਸਬੰਧੀ ਮਨਜ਼ੂਰੀ ਦੇ ਦਿੱਤੀ ਗਈ ਸੀ ਪਰ ਅੱਜ ਤੱਕ ਇਹ ਮੰਗਾਂ ਲਾਗੂ ਨਹੀਂ ਕੀਤੀਆਂ ਗਈਆਂ। ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਕਿਹਾ ਕਿ ਜੂਨ 1984 'ਚ ਧਰਮੀ ਫੌਜੀਆਂ ਨੇ ਕਈ ਤਸ਼ੱਦਦ ਝੱਲੇ, ਅੰਗ ਨਕਾਰਾ ਹੋਏ, ਕਈ ਧਰਮੀ ਫੌਜੀ ਸ਼ਹੀਦ ਹੋਏ ਅਤੇ ਕਈ ਧਰਮੀ ਫੌਜੀਆਂ ਨੇ ਜੇਲ੍ਹਾਂ ਕੱਟੀਆਂ। ਪ੍ਰਧਾਨ ਬਲਦੇਵ ਸਿੰਘ ਨੇ ਕਿਹਾ ਕਿ ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਨੂੰ ਅੱਤਵਾਦ ਨਾਲ ਜੋੜ ਕੇ ਸਿੱਖ ਕੌਮ ਨੂੰ ਬਦਨਾਮ ਕੀਤਾ। ਜਦਕਿ ਇਨ੍ਹਾਂ ਰਾਜਨੀਤਿਕ ਲੋਕਾਂ ਦੀ ਕੁਰਸੀਆਂ ਦੀ ਲਾਲਸਾ ਕਾਰਨ ਧਰਮੀ ਫੌਜੀਆਂ ਨੂੰ ਅਜੇ ਤੱਕ ਇਨਸਾਫ ਨਹੀਂ ਮਿਲਿਆ ਅਤੇ ਧਰਮੀ ਫੌਜੀ ਪੰਜ ਸਿੰਘ ਸਾਹਿਬਾਨ ਤੋਂ ਇਨਸਾਫ ਦਾ ਇੰਤਜ਼ਾਰ ਕਰ ਰਹੇ ਹਨ। ਪ੍ਰਧਾਨ ਨੇ ਪੰਜ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਕਿ ਇਕ ਅਗਸਤ ਦੀ ਮੀਟਿੰਗ ਦੌਰਾਨ ਧਰਮੀ ਫੌਜੀਆਂ ਮੰਗਾਂ ਲਾਗੂ ਕੀਤੀਆਂ ਜਾਣ।



# '8 ਦਿਨਾ ਸੁਰ ਉਤਸਵ' ਦਾ ਤੀਜਾ ਦਿਨ ਰਾਜ ਬੱਬਰ ਨੂੰ ਸਮਰਪਤ ਰਿਹਾ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**

ਯੂ. ਐੱਨ. ਇੰਟਰਟੇਨਮੈਂਟ ਸੁਸਾਇਟੀ ਵੱਲੋਂ ਵਿਰਸਾ ਵਿਹਾਰ ਦੇ ਸਹਿਯੋਗ ਨਾਲ ਪੰਜਾਬੀ ਲੋਕ ਗਾਇਕ ਹਰਿੰਦਰ ਸੋਹਲ ਦੀ



ਅਗਵਾਈ ਹੇਠ 27 ਜੁਲਾਈ ਤੋਂ 3 ਅਗਸਤ ਤੱਕ ਵਿਰਸਾ ਵਿਹਾਰ ਦੇ ਕਰਤਾਰ ਸਿੰਘ ਦੁੱਗਲ ਆਡੀਟੋਰੀਅਮ ਵਿਖੇ ਚੌਥਾ '8 ਦਿਨਾ ਸੁਰ ਉਤਸਵ' ਦੇ ਤੀਜੇ ਦਿਨ ਮੁੱਖ ਮਹਿਮਾਨ ਪ੍ਰਿੰ. ਹਰਪ੍ਰੀਤ ਕੌਰ ਅਤੇ ਐਡਵੋਕੇਟ ਨਰਿੰਦਰ ਸਿੰਘ ਸ਼ਾਮਿਲ ਹੋਏ।ਸਮਾਗਮ ਤੋਂ ਪਹਿਲਾਂ ਵਿਰਸਾ ਵਿਹਾਰ ਦੇ ਵਿਹੜੇ ਵਿੱਚ ਲਗੇ ਮੁਹੰਮਦ ਰਫ਼ੀ ਸਾਹਿਬ ਦੇ ਬੁੱਤ ਤੇ ਫੁਲਾਂ ਦੇ ਹਾਰ ਪਾਏ। ਇਹ ਸੁਰ ਉਤਸਵ ਸ਼ਾਸਤਰੀ ਸੰਗੀਤ, ਸਾਹਿਤ ਸੰਗੀਤ ਸੂਫ਼ੀ ਸੰਗੀਤ, ਲੋਕ ਸੰਗੀਤ ਅਤੇ ਸਿਨੇਮਾ ਜਗਤ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਸਮਰਪਿਤ ਹੈ।ਸੁਰ ਉਤਸਵ ਦਾ ਤੀਸਰਾ ਦਿਨ ਬਾਲੀਵੁੱਡ ਫ਼ਿਲਮ ਅਭਿਨੇਤਾ ਰਾਜ ਬੱਬਰ ਨੂੰ ਸਮਰਪਿਤ ਕੀਤਾ। ਉਨ੍ਹਾਂ ਤੇ ਫਿਲਮਾਏ ਹੋਏ ਗੀਤ ਜਸਪਿੰਦਰ ਸਿੰਘ, ਡਾ. ਸੰਗੀਤਾ ਉਪਲ, ਭੁਪਿੰਦਰ ਸਿੰਘ, ਸਾਵਨ ਵੇਰਕਾ, ਅਮਰਦੀਪ ਸਿੰਘ, ਕੁਲਬੀਰ ਸਿੰਘ, ਕੁਲਵਿੰਦਰ ਸਿੰਘ, ਅਨਿਲ ਨਿਸ਼ਚਲ ਅਤੇ ਪਵਨ ਕਪੂਰ ਨੇ ਗਾਏ। ਮੰਚ-ਸੰਚਾਲਕ ਦੀ ਭੂਮਿਕਾ ਉਪਾਸਨਾ ਭਾਰਦਵਾਜ ਨੇ ਬਾਖ਼ੂਬੀ ਨਿਭਾਈ।ਇਸ ਮੌਕੇ ਭੁਪਿੰਦਰ ਸਿੰਘ ਸੰਧੂ, ਰਾਣਾ ਪ੍ਰਤਾਪ ਸ਼ਰਮਾ, ਗੁਰਪ੍ਰੀਤ ਸਿੰਘ, ਮਨਜੀਤਇੰਦਰ, ਮਨਪ੍ਰੀਤ ਸੋਹਲ, ਜਸਕਰਨ ਸੋਹਲ, ਸਾਹਿਲ ਸ਼ਰਮਾ ਆਦਿ ਸਮੇਤ ਸੰਗੀਤ ਪ੍ਰੇਮੀ ਹਾਜ਼ਰ ਸਨ।

# 'ਵਰਲਡ ਨੇਚਰ ਕੰਜ਼ਰਵੇਸ਼ਨ ਡੇਅ' ਮਨਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)**—ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ 28 ਜੁਲਾਈ ਨੂੰ ਵਰਲਡ ਨੇਚਰ ਕੰਜ਼ਰਵੇਸ਼ਨ ਡੇਅ ਮਨਾਇਆ ਗਿਆ ਜਿਸ ਤਹਿਤ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੀਆਂ ਵਾਤਾਵਰਨ ਨੂੰ ਸੰਭਾਲਣ ਸੰਬੰਧੀ ਆਰਟ ਦੀਆਂ ਗਤੀਵਿਧੀਆਂ (ਚਾਰਟ ਮੇਕਿੰਗ) ਕਰਵਾਈਆਂ ਗਈਆਂ।ਮੈਡਮ ਸੰਗੀਤਾ ਅਤੇ ਬਨਮੀਨ ਕੌਰ ਵੱਲੋਂ ਬੱਚਿਆਂ ਨੂੰ ਪ੍ਰਦੂਸ਼ਣ ਨਾਲ ਹੋ ਰਹੇ ਨੁਕਸਾਨ ਬਾਰੇ ਜਾਗਰੂਕ ਕਰਦਿਆਂ ਵੱਧ ਤੋਂ ਵੱਧ ਰੁੱਖ ਲਗਾਉਣ ਦੇ ਲਈ ਉਤਸ਼ਾਹਿਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਅਨੂਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖ ਕੇ ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ ਕਰਨੀ ਚਾਹੀਦੀ ਹੈ ਤੇ ਵੱਧ ਤੋਂ ਵੱਧ ਲੋਕਾਂ ਨੂੰ ਇਸ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ।ਇਸ ਸਮੇਂ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

# ਫੂਲੇਚੱਕ ਤੋਂ ਸੁਖਜੀਤ ਕੌਰ ਵੋਟਾਂ ਦੇ ਵੱਡੇ ਫਰਕ ਨਾਲ ਸਰਪੰਚ ਬਣੀ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**

ਪੰਜਾਬ 'ਚ 84 ਸਰਪੰਚਾਂ ਅਤੇ 697 ਪੰਚਾਂ ਦੀਆਂ ਚੋਣਾਂ ਹੋਈਆਂ। ਅੰਮ੍ਰਿਤਸਰ ਜ਼ਿਲ੍ਹੇ ਅੰਦਰ 12 ਸਰਪੰਚਾਂ ਅਤੇ 69 ਪੰਚਾਂ ਲਈ ਵੋਟਾਂ ਪਈਆਂ। ਜੇਕਰ ਗੱਲ ਕੀਤੀ ਜਾਵੇ ਅਜਨਾਲਾ ਬਲਾਕ ਦੀ ਤਾਂ ਅਜਨਾਲਾ ਬਲਾਕ ਵਿੱਚ ਤਿੰਨਾਂ ਪਿੰਡਾਂ ਦੇ ਸਰਪੰਚੀ ਦੇ ਲਈ ਟੋਟਲ ਅੱਠ ਉਮੀਦਵਾਰ ਚੋਣ ਮੈਦਾਨ ਵਿੱਚ ਸਨ ਅਤੇ ਇਸੇ ਤਰ੍ਹਾਂ ਹੀ ਸਰਪੰਚੀ ਦੀ ਉਮੀਦਵਾਰੀ ਵਿੱਚ ਪਿੰਡ ਚੱਕ ਫੂਲਾ, ਡੱਬਰ ਬਸਤੀ ਅਤੇ ਪਿੰਡ ਦਿਆਲ ਭੱਟੀ ਸ਼ਾਮਿਲ ਹਨ ਜਦਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ 12 ਪਿੰਡਾਂ ਵਿੱਚ



ਸਰਪੰਚੀ ਦੇ ਉਮੀਦਵਾਰਾਂ ਨੇ ਆਪਣੀ ਕਿਸਮਤ ਅਜ਼ਮਾਈ। ਪਿੰਡ ਫੂਲੇਚੱਕ ਤੋਂ ਸੁਖਜੀਤ ਕੌਰ ਪਤਨੀ ਚਰਨਜੀਤ ਸਿੰਘ ਨੇ ਜਸਬੀਰ ਕੌਰ ਨੂੰ 72 ਵੋਟਾਂ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ। ਸੁਖਜੀਤ ਕੌਰ ਧੜੇ ਦੇ ਪੰਚਾਇਤ ਮੈਂਬਰ ਹਰਮਨਪ੍ਰੀਤ ਸਿੰਘ, ਰਾਜਵੀਰ ਸਿੰਘ, ਤਲਵਿੰਦਰ ਕੌਰ ਮੈਂਬਰ ਬਣੇ। ਵਿਰੋਧੀ ਧੜੇ ਜਸਬੀਰ ਕੌਰ ਦੇ ਮੈਂਬਰ ਬੀਰ ਕੌਰ ਅਤੇ ਹਰਦੀਪ ਸਿੰਘ ਮੈਂਬਰ ਚੁਣੇ ਗਏ। ਜੇਤੂ ਸਰਪੰਚ ਅਤੇ ਮੈਂਬਰਾਂ ਨੇ ਭੰਗੜੇ ਪਾ ਕੇ ਖੁਸ਼ੀ ਦਾ ਇਜ਼ਹਾਰ ਕੀਤਾ। ਇਸ ਮੌਕੇ ਬਲਵਿੰਦਰ ਸਿੰਘ ਗਿੱਲ, ਸਕੱਤਰ ਸਿੰਘ, ਹਰਜੀਤ ਸਿੰਘ, ਹਰਮਨ ਸਿੰਘ, ਜਰਮਨ ਸਿੰਘ, ਗੁਰਭਜਨ ਸਿੰਘ, ਮਨਜੀਤ ਸਿੰਘ, ਸਾਬਕਾ ਸਰਪੰਚ ਬਲਵਿੰਦਰ ਸਿੰਘ, ਸੰਤੋਖ ਸਿੰਘ, ਦਲਬੀਰ ਸਿੰਘ, ਸ਼ੇਰ ਸਿੰਘ, ਅਜੀਤ ਸਿੰਘ, ਜਸਵਿੰਦਰ ਸਿੰਘ ਢਿੱਲੋਂ, ਗੁਰਚੇਤ ਸਿੰਘ, ਜਰਨੈਲ ਸਿੰਘ, ਕੁੰਨਣ ਸਿੰਘ ਢਿੱਲੋਂ, ਕਸ਼ਮੀਰ ਸਿੰਘ, ਲਖਬੀਰ ਸਿੰਘ, ਜਸਬੀਰ ਸਿੰਘ, ਰਘਬੀਰ ਸਿੰਘ, ਸਰਪੰਚ ਨਿਸ਼ਾਨ ਸਿੰਘ ਕੋਟਲੀ, ਗੁਰਨਾਮ ਸਿੰਘ, ਗੁਰਜੰਟ ਸਿੰਘ ਸਰਾਏ ਸਰਪੰਚ, ਲਵਪ੍ਰੀਤ ਸਿੰਘ, ਬਚਨ ਸਿੰਘ, ਅਮਰੀਕ ਸਿੰਘ, ਭੁਪਿੰਦਰ ਸਿੰਘ, ਹਰਭਜਨ ਸਿੰਘ, ਸਤਨਾਮ ਸਿੰਘ, ਤਜਿੰਦਰ ਸਿੰਘ, ਦਲਜੀਤ ਸਿੰਘ ਗਿੱਲ ਧਰਮਿੰਦਰ ਸਿੰਘ ਆਦਿ ਹਾਜ਼ਰ ਸਨ।

# ਮਾਂ ਚਿੰਤਪੁਰਨੀ ਦੇ ਚਰਨਾਂ 'ਚ 44ਵਾਂ ਸਾਲਾਨਾ ਭੰਡਾਰਾ 3 ਤੋਂ 5 ਅਗਸਤ ਤੱਕ

**ਤਰਨਤਾਰਨ (ਪ੍ਰਿਤਪਾਲ ਸਿੰਘ)**-ਸ਼੍ਰੀ ਜਵਾਲਾ ਮੁਖੀ ਲੰਗਰ ਸਭਾ ਵੱਲੋਂ ਹਰ ਸਾਲ ਤਰ੍ਹਾਂ ਇਸ ਵਾਰ ਵੀ ਮਾਂ ਚਿੰਤਪੁਰਨੀ ਦੇ ਚਰਨਾਂ ਵਿੱਚ ਭਾਵਨਾ ਅਤੇ ਨਿਸ਼ਠਾ ਨਾਲ 44ਵਾਂ ਸਾਲਾਨਾ ਭੰਡਾਰਾ ਮਨਾਇਆ ਜਾ ਰਿਹਾ ਹੈ। ਇਹ ਭੰਡਾਰਾ 3, 4, 5 ਅਗਸਤ ਨੂੰ ਮਾਤਾ ਚਿੰਤਪੁਰਨੀ ਮੰਦਿਰ, ਹਿਮਾਚਲ ਪ੍ਰਦੇਸ਼ ਵਿਖੇ ਫਗਵਾੜੇ ਵਾਲੀ ਸਰਾਂ ਦੇ ਨਜ਼ਦੀਕ ਲਗਾਇਆ ਜਾਵੇਗਾ।ਸਭਾ ਦੇ ਮੈਂਬਰਾਂ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੀ ਪ੍ਰੇਰਨਾ ਸੁਭਾਸ਼ ਚੰਦਰ ਕਾਲੀਆ ਵੱਲੋਂ ਮਿਲੀ ਹੈ।30 ਜੁਲਾਈ ਨੂੰ ਬੁੱਧਵਾਰ ਵਾਲੇ ਦਿਨ ਮਾਤਾ ਮੰਦਿਰ ਤਹਿਸੀਲ ਬਜ਼ਾਰ ਵਿਖੇ ਖੀਰ ਪੂੜਿਆਂ ਦਾ ਵਿਸ਼ਾਲ ਲੰਗਰ ਲਗਾਇਆ ਜਾਵੇਗਾ।ਇਸ ਭੰਡਾਰੇ ਦੀ ਜ਼ਿੰਮੇਵਾਰੀ ਪ੍ਰਧਾਨ ਤਾਰਾ ਚੰਦ ਅਤੇ ਉਨ੍ਹਾਂ ਦੇ ਸਹਿਯੋਗੀ ਬਲਦੇਵ ਰਾਜ, ਟੇਕ ਚੰਦ, ਪੱਪੂ ਪਹਿਲਵਾਨ, ਮੋਤਾ ਸਿੰਘ, ਰਾਜਨ ਜੋਸ਼ੀ, ਸੰਜੀਵ ਕੁਮਾਰ, ਸੁਖਵਿੰਦਰ ਸਿੰਘ, ਗੁਰਿੰਦਰਪਾਲ ਕਾਲੀਆ, ਰਮਨ ਸ਼ਰਮਾ, ਮੁਨੀਸ਼, ਹਨੀ, ਸੋਨੂੰ, ਅਸ਼ੋਕ ਕੁਮਾਰ, ਪਰਦੀਪ, ਮੁਕੇਸ਼, ਰਜੀਵ, ਅਨਿਲ, ਕਨਵੀਰ ਆਦਿ ਵੱਲੋਂ ਨਿਭਾਈ ਜਾ ਰਹੀ ਹੈ।ਭੰਡਾਰੇ ਵਿੱਚ ਹਾਜ਼ਰੀ ਲਗਾਉਣ ਲਈ ਸਮੂਹ ਸੰਗਤਾਂ ਨੂੰ ਸੱਦਾ ਦਿੱਤਾ ਗਿਆ ਹੈ ਤਾਂ ਜੋ ਵੱਧ ਤੋਂ ਵੱਧ ਸੰਗਤਾਂ ਪਹੁੰਚ ਕੇ ਮਾਂ ਚਿੰਤਪੁਰਨੀ ਦੀ ਕਿਰਪਾ ਹਾਸਲ ਕਰ ਸਕਣ।

# ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਵੱਲੋਂ ਜ਼ਿਲ੍ਹਾ ਪੁਲਸ ਮੁਖੀ ਅੰਮ੍ਰਿਤਸਰ ਦਿਹਾਤੀ ਸਨਮਾਨਿਤ



**ਮਜੀਠਾ (ਸੋਇਮ ਆਨੰਦ)**

ਵਿਧਾਨ ਸਭਾ ਹਲਕਾ ਮਜੀਠਾ ਵਿਚ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਵੱਲੋਂ ਵੱਖ-ਵੱਖ ਅਫਸਰਾਂ, ਕਰਮਚਾਰੀਆਂ, ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਅਤੇ ਆਗੂਆਂ ਦੇ ਸਹਿਯੋਗ ਨਾਲ ਹਲਕੇ ਦੇ ਵੱਖ-ਵੱਖ ਪਿੰਡਾਂ ਵਿਚ ਜਾ ਕੇ ਯੁੱਧ ਨਸ਼ਿਆਂ ਵਿਰੁੱਧ ਰੈਲੀਆਂ, ਮੀਟਿੰਗਾਂ ਅਤੇ ਸੈਮੀਨਾਰ ਕਰਕੇ ਨੌਜਵਾਨਾਂ ਨੂੰ ਜਾਗਰੂਕ ਕੀਤਾ ਗਿਆ ਜਿਸ ਵਿਚ ਹਲਕੇ ਦੇ ਲੋਕਾਂ ਦਾ ਵੱਡਾ ਹੁੰਗਾਰਾ ਮਿਲਿਆ।ਬੀਤੇ ਦਿਨੀਂ ਹਲਕੇ ਦੇ ਪਿੰਡ ਮਰੜ੍ਹੀ ਕਲਾਂ ਵਿਖੇ ਵੀ ਰੈਲੀ ਕੀਤੀ ਗਈ ਸੀ ਅਤੇ ਨੌਜਵਾਨਾਂ ਨੂੰ ਜਾਗਰੂਕ ਕੀਤਾ ਗਿਆ ਸੀ। ਪਿੰਡ ਹੁਣ ਪੂਰੀ ਤਰ੍ਹਾਂ ਨਸ਼ਾ ਮੁਕਤ ਹੋ ਗਿਆ।ਇਸ ਕਾਮਯਾਬੀ ਦਾ ਸਾਰਾ ਸਿਹਰਾ ਪਿੰਡ ਵਾਸੀਆਂ ਵੱਲੋਂ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਅਤੇ ਜ਼ਿਲ੍ਹਾ ਪੁਲਸ ਮੁਖੀ ਅੰਮ੍ਰਿਤਸਰ ਦਿਹਾਤੀ ਮਨਿੰਦਰ ਸਿੰਘ ਨੂੰ ਦਿੱਤਾ ਗਿਆ। ਪਿੰਡ ਮਰੜ੍ਹੀ ਕਲਾਂ ਦੇ ਵਾਸੀਆਂ ਵੱਲੋਂ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਅਗਵਾਈ ਵਿਚ ਜ਼ਿਲ੍ਹਾ ਪੁਲਸ ਮੁਖੀ ਅੰਮ੍ਰਿਤਸਰ ਦਿਹਾਤੀ ਮਨਿੰਦਰ ਸਿੰਘ (ਆਈ ਪੀ ਐੱਸ) ਨੂੰ ਸਪੈਸ਼ਲ ਤੌਰ 'ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ, ਸਰਪੰਚ ਬਲਵਿੰਦਰ ਸਿੰਘ ਉਪਲ ਪਿੰਡ ਮਰੜ੍ਹੀ ਕਲਾਂ, ਡਾ: ਤਰਸੇਮ ਸਿੰਘ ਸਿਆਲਕਾ, ਤਰਸੇਮ ਸਿੰਘ ਚਾਚੋਵਾਲੀ, ਸਰਪੰਚ ਪਰਮਿੰਦਰ ਸਿੰਘ ਉਪਲ, ਸਰਪੰਚ ਬਿਕਰਮਜੀਤ ਸਿੰਘ ਸ਼ਾਮ ਨਗਰ, ਸਾਬ ਸਿੰਘ ਰੰਗੀਲਪੁਰਾ, ਮਨਿੰਦਰ ਸਿੰਘ ਮਰੜ੍ਹੀ ਖੁਰਦ, ਸਰਪੰਚ ਲਖਵਿੰਦਰ ਸਿੰਘ ਬੇਗੇਵਾਲ, ਗੁਰਿੰਦਰ ਸਿੰਘ ਭੋਮਾ, ਸਾਬਕਾ ਸਰਪੰਚ ਸੁਖਚੈਨ ਸਿੰਘ, ਸੁਖਵਿੰਦਰ ਸਿੰਘ ਸੋਹੀ, ਬਾਬਾ ਸੁਖਚੈਨ ਸਿੰਘ ਤਲਵੰਡੀ, ਸਰਪੰਚ ਚਰਨਜੀਤ ਸਿੰਘ ਵਡਾਲਾ, ਰਾਜਵਿੰਦਰ ਸਿੰਘ ਨਾਗ ਖੁਰਦ, ਸਰਪੰਚ ਅਮਰਜੀਤ ਸਿੰਘ ਕਲੇਰ, ਸਾਬਕਾ ਸਰਪੰਚ ਹਰਿੰਦਰ ਸਿੰਘ ਰੰਧਾਵਾ, ਨੰਬਰਦਾਰ ਗੁਰਦੇਵ ਸਿੰਘ, ਮਲਕੀਤ ਸਿੰਘ, ਹਰਜਿੰਦਰ ਸਿੰਘ ਜੇਠੂਨੰਗਲ ਸਮੇਤ ਵੱਡੀ ਗਿਣਤੀ ਵਿਚ ਆਮ ਆਦਮੀ ਪਾਰਟੀ ਦੇ ਵਰਕਰ ਵੀ ਹਾਜ਼ਰ ਸਨ।

# ਸ੍ਰੀ ਗੁਰੂ ਨਾਨਕ ਦੇਵ ਸੀਨੀਅਰ ਸੈਕੰਡਰੀ ਸਕੂਲ ਅੱਡਾ ਨਾਥ ਦੀ ਖੂਹੀ ਵਿਖੇ ਬੂਟੇ ਲਗਾਏ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਸ੍ਰੀ ਗੁਰੂ ਨਾਨਕ ਦੇਵ ਸੀਨੀਅਰ ਸੈਕੰਡਰੀ ਸਕੂਲ ਅੱਡਾ ਨਾਥ ਦੀ ਖੂਹੀ (ਚੰਨਣਕੇ) ਅਤੇ ਸ੍ਰੀ ਗੁਰੂ ਨਾਨਕ ਦੇਵ ਗਲੋਬਲ ਅਕੈਡਮੀ ਅੱਡਾ ਨਾਥ ਦੀ ਖੂਹੀ (ਚੰਨਣਕੇ) ਦੇ ਮੁਖੀ ਕੁਲਜੀਤ ਸਿੰਘ ਬਾਠ ਦੀ ਅਗਵਾਈ ਹੇਠ ਫਲਦਾਰ, ਫੁੱਲਦਾਰ ਅਤੇ ਛਾਂਦਾਰ ਪੌਦੇ ਲਗਾਏ ਗਏ।ਇਸ ਮੌਕੇ ਕੁਲਜੀਤ ਸਿੰਘ ਬਾਠ ਨੇ ਸਮੂਹ ਵਿਦਿਆਰਥੀਆਂ ਨੂੰ ਕਿਹਾ ਕਿ ਮਨੁੱਖ ਕੁਦਰਤ ਦੀ ਸੰਤਾਨ ਹੈ ਅਤੇ ਕੁਦਰਤ ਵਿੱਚ ਹੀ ਇਸ ਦੇ ਵਿਕਾਸ, ਸਿਹਤਮੰਦੀ ਤੇ ਖੁਸ਼ਹਾਲੀ ਦੇ ਤੱਤ ਮੌਜੂਦ ਹਨ।ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਮਨੁੱਖ ਨੇ ਕੁਦਰਤ ਤੋਂ ਵਿਛੜ ਕੇ ਪਰੇਸ਼ਾਨੀ ਤੇ ਦੁੱਖ ਹੀ ਸਹੇੜੇ ਹਨ।ਉਨ੍ਹਾਂ ਕਿਹਾ ਕਿ ਸੁੱਖ ਲੈਣ ਲਈ ਮਨੁੱਖ ਨੂੰ ਕੁਦਰਤ ਦੀ ਸ਼ਰਨ ਵਿੱਚ ਜਾਣਾ ਹੀ ਪਵੇਗਾ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਧਰਤੀ ਨੂੰ ਹਰਿਆ ਭਰਿਆ ਰੱਖਣ ਲਈ ਵੱਧ ਤੋਂ ਵੱਧ ਪੌਦੇ ਲਗਾਏ ਜਾਣ ਤਾਂ ਜੋ ਵਾਤਾਵਰਣ ਸ਼ੁੱਧ ਹੋਵੇ।ਉਨ੍ਹਾਂ ਕਿਹਾ ਕਿ ਫੁੱਲਾਂ ਵਾਲੇ ਪੌਦੇ ਜਿੱਥੇ ਆਪਣੀ ਮਹਿਕ



ਨਾਲ ਆਲੇ ਦੁਆਲੇ ਦੀ ਖੂਬਸੂਰਤੀ ਵਧਾਉਂਦੇ ਹਨ ਉੱਥੇ ਰੁੱਖਾਂ ਦੀਆਂ ਜੜ੍ਹਾਂ ਦਵਾਈਆਂ ਬਣਾਉਣ ਦੇ ਕੰਮ ਆਉਂਦੀਆਂ ਹਨ।ਇਸ ਮੌਕੇ ਬਲਦੇਵ ਸਿੰਘ, ਜੱਗਾ ਸਿੰਘ ਸਰਪੰਚ, ਭਜਨ ਸਿੰਘ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਗੁਰੂ ਨਾਨਕ ਯਾਦਗਾਰੀ ਜੰਗਲ ਲਗਾਇਆ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**

ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਅਧੀਨ ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਵਾਤਾਵਰਣ ਸਾਂਭ-ਸੰਭਾਲ ਦੀ ਮੁਹਿੰਮ 1999 ਵਿੱਚ ਸ਼ੁਰੂ ਕੀਤੀ ਗਈ ਸੀ।ਇਸੇ ਲੜੀ ਤਹਿਤ 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ 550 ਛੋਟੇ ਗੁਰੂ ਨਾਨਕ ਯਾਦਗਾਰੀ ਜੰਗਲ (ਝਿੜੀਆਂ) ਲਗਾਉਣ ਦਾ ਟੀਚਾ ਮਿਥਿਆ ਗਿਆ। ਇਸ ਟੀਚੇ ਨੂੰ ਪੂਰੇ ਕਰਦੇ ਹੋਏ ਹੁਣ ਤੱਕ ਸੰਸਥਾ ਵੱਲੋਂ 356 ਛੋਟੇ ਜੰਗਲ (ਝਿੜੀਆਂ) ਲਗਾਏ ਜਾ ਚੁੱਕੇ ਹਨ।ਇਨ੍ਹਾਂ ਜੰਗਲਾਂ ਵਿੱਚ 50 ਕਿਸਮ ਦੇ ਰੁੱਖ ਲਗਾਏ ਜਾਂਦੇ ਹਨ। ਜ਼ਿਕਰਯੋਗ ਹੈ ਕਿ ਸੰਸਥਾ ਵੱਲੋਂ ਹੁਣ ਤੱਕ ਲਗਭਗ 800000 ਰੁੱਖ ਸੜਕਾਂ ਦੇ ਕਿਨਾਰੇ, ਗੁਰੂ ਨਾਨਕ ਯਾਦਗਾਰੀ ਜੰਗਲਾਂ ਵਿੱਚ, ਪਿੰਡਾਂ ਵਿੱਚ, ਬਾਗਾਂ ਵਿੱਚ, ਜਨਤਕ ਥਾਵਾਂ, ਗੁਰਦੁਆਰਾ ਸਾਹਿਬ ਦੀਆਂ ਪਰਿਕਰਮਾ ਵਿੱਚ ਲਗਾਏ ਜਾ ਚੁੱਕੇ ਹਨ।ਸੰਸਥਾ ਵੱਲੋਂ ਇਸੇ ਲੜੀ ਨੂੰ ਅੱਗੇ ਤੋਰਦਿਆਂ ਪਿੰਡ ਧਰਦੇਓ, ਜ਼ਿਲ੍ਹਾ ਅੰਮ੍ਰਿਤਸਰ ਦੀ ਸਮੂਹ ਪੰਚਾਇਤ ਅਤੇ ਨਗਰ ਨਿਵਾਸੀਆਂ ਵੱਲੋਂ ਪੰਚਾਇਤੀ ਜ਼ਮੀਨ 1.5 ਏਕੜ ਵਿੱਚ 357 ਨੰਬਰ ਗੁਰੂ ਨਾਨਕ ਯਾਦਗਾਰੀ ਜੰਗਲ ਲਗਾਇਆ ਗਿਆ, ਜਿਸ ਵਿੱਚ 1800 ਬੂਟੇ ਲਗਾਏ ਗਏ।ਇਸ ਮੌਕੇ ਬਾਬਾ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਵਾਤਾਵਰਨ ਸੰਭਾਲ ਮੁਹਿੰਮ ਨੂੰ ਸੰਗਤਾਂ ਬਹੁਤ ਸਹਿਯੋਗ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਮਨੁੱਖ ਨੂੰ ਘਰ ਦੀ ਲੋੜ ਹੁੰਦੀ ਹੈ ਉਸੇ ਤਰ੍ਹਾਂ ਪੰਛੀਆਂ ਨੂੰ ਵੀ ਰੈਣ-ਬਸੇਰੇ ਦੀ ਲੋੜ ਹੈ।ਉਨ੍ਹਾਂ ਪਿੰਡ ਧਰਦੇਓ ਦੀ ਸਮੂਹ ਪੰਚਾਇਤ ਅਤੇ ਇਲਾਕਾ ਨਿਵਾਸੀਆਂ ਨੂੰ ਇਸ ਸ਼ਲਾਘਾਯੋਗ ਕਾਰਜ ਲਈ ਵਧਾਈ ਦਿੱਤੀ ਅਤੇ ਹੋਰਨਾਂ ਨੂੰ ਵੀ ਜੰਗਲ ਲਗਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸੂਬੇਦਾਰ ਬਲਬੀਰ ਸਿੰਘ, ਬਾਬਾ ਕੰਵਲਜੀਤ ਸਿੰਘ ਅਤੇ ਪਿੰਡ ਦੇ ਪੰਚ ਸਰਪੰਚ ਹਾਜ਼ਰ ਸਨ।

# ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ 'ਚ ਸੈਲਡ ਡੈਕੋਰੇਸ਼ਨ ਤੇ ਫਲਾਵਰ ਅਰੇਂਜਮੈਂਟ ਪ੍ਰਤਿਯੋਗਤਾ



**ਕਪੂਰਥਲਾ, (ਹਨੀ)**

ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਭਦੀਪ ਕੌਰ ਮੋਂਗਾ ਦੀ ਅਗਵਾਈ ਵਿੱਚ ਪ੍ਰਾਇਮਰੀ ਅਤੇ ਸੀਨੀਅਰ ਵਿੰਗ ਦੀ ਸੈਲਡ ਡੈਕੋਰੇਸ਼ਨ ਅਤੇ ਫਲਾਵਰ ਅਰੇਂਜਮੈਂਟ ਦੀ ਪ੍ਰਤੀਯੋਗਿਤਾ ਕਰਵਾਈ ਗਈ । ਜਿਸ ਵਿਚ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਅਤੇ ਹੁਨਰ ਦਾ ਪ੍ਰਦਰਸ਼ਨ ਕੀਤਾ ਅਤੇ ਸਲਾਦ ਅਤੇ ਫਲਾਵਰਸ ਨੂੰ ਵੱਖ-ਵੱਖ ਡਿਜ਼ਾਇਨਾਂ ਰਾਹੀਂ ਸਜਾਇਆ।ਸੈਲਡ ਡੈਕੋਰੇਸ਼ਨ 'ਚ ਲਾਲਾ ਜੀ ਹਾਊਸ ਦੀ ਜਸਪ੍ਰੀਤ ਕੌਰ ਪਹਿਲੇ, ਭਗਤ ਸਿੰਘ ਹਾਊਸ ਦੀ ਰਿਦੀਮਾ ਤੇ ਲਾਲਾ ਜੀ ਹਾਊਸ ਦੀ ਸੁਖਮਨਪ੍ਰੀਤ ਕੌਰ ਸਾਂਝੇ ਤੌਰ 'ਤੇ ਦੂਜੇ ਅਤੇ ਨੇਤਾ ਜੀ ਹਾਊਸ ਦੀ ਮਹਿਕ ਤੀਸਰੇ ਸਥਾਨ 'ਤੇ ਰਹੀ।ਫਲਾਵਰ ਅਰੇਂਜਮੈਂਟ ਵਿੱਚ ਭਗਤ ਸਿੰਘ ਹਾਊਸ ਦੀ ਸਾਕਸ਼ੀ ਪਹਿਲੇ, ਨੇਤਾ ਜੀ ਹਾਊਸ ਦੀ ਹਰਲੀਨ ਦੂਸਰੇ ਅਤੇ ਭਗਤ ਸਿੰਘ ਹਾਊਸ ਦਾ ਸੁਖਰਾਜ ਤੇ ਲਾਲਾ ਜੀ ਹਾਊਸ ਦੀ ਸਿਮਰਨਪ੍ਰੀਤ ਕੌਰ ਸਾਂਝੇ ਤੌਰ 'ਤੇ ਤੀਸਰੇ ਸਥਾਨ 'ਤੇ ਰਹੀ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਪ੍ਰਤੀਯੋਗਤਾ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ ਅਤੇ ਜੇਤੂਆਂ ਨੂੰ ਵਧਾਈ ਦਿੱਤੀ।

# ਗੁਰਸਿੱਖ ਬੱਚੀ ਨੂੰ ਇਮਤਿਹਾਨ 'ਚ ਨਾ ਬੈਠਣ ਦੇਣਾ ਮੰਦਭਾਗਾ : ਫਗਲਾਣਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਦੁਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਦੇ ਪ੍ਰਧਾਨ ਬਲਵੀਰ ਸਿੰਘ ਫਗਲਾਣਾ ਨੇ ਦੱਸਿਆ ਕਿ ਤਰਨ ਤਾਰਨ ਤੋਂ ਗੁਰਸਿੱਖ ਲੜਕੀ ਗੁਰਪ੍ਰੀਤ ਕੌਰ ਜੋ ਕਿ ਸਿਵਿਲ ਜੱਜ ਦਾ ਇਮਤਿਹਾਨ ਦੇਣ ਵਾਸਤੇ ਜੈਪੁਰ ਵਿਖੇ ਪਹੁੰਚੀ ਸੀ ਲੇਕਿਨ ਉੱਥੇ ਦੇ ਪ੍ਰਬੰਧਕਾਂ ਨੇ



ਉਸ ਨੂੰ ਕੜਾ ਅਤੇ ਕ੍ਰਿਪਾਨ ਉਤਾਰ ਕੇ ਇਮਤਿਹਾਨ ਵਿੱਚ ਬੈਠਣ ਲਈ ਕਿਹਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਜ ਤੱਕ ਸੂਬੇ ਤੋਂ ਬਾਹਰ ਸਿੱਖਾਂ ਦੀ ਵੱਖਰੀ ਪਹਿਚਾਣ ਬਣਾਉਣ ਦੇ ਵਿੱਚ ਨਕਾਮ ਰਹੀ ਹੈ।ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਪੁਰਜੋਰ ਅਪੀਲ ਕਰਦੇ ਹਾਂ ਕਿ ਉਸ ਲੜਕੀ ਦਾ ਭਵਿੱਖ ਬਚਾਉਣ ਲਈ ਉਪਰਾਲਾ ਕੀਤਾ ਜਾਵੇ।

# ਪੇਂਡੂ ਖੇਤ ਮਜ਼ਦੂਰਾਂ ਦੇ ਸਾਂਝੇ ਮੋਰਚੇ ਵੱਲੋਂ ਈ ਟੀ ਓ ਦੀ ਕੋਠੀ ਅੱਗੇ ਧਰਨਾ 4 ਨੂੰ

**ਝਬਾਲ (ਹਰਜਿੰਦਰ ਸਿੰਘ ਸੋਨੀ)**

ਪੇਂਡੂ ਖੇਤ ਮਜ਼ਦੂਰ ਯੂਨੀਅਨ ਦੇ ਸਾਂਝੇ ਮੋਰਚੇ ਵੱਲੋਂ 4 ਅਗਸਤ ਨੂੰ ਪੇਂਡੂ ਖੇਤ ਮਜ਼ਦੂਰਾਂ ਦੀਆਂ ਮੰਗਾਂ ਤੇ ਭੱਖਦੇ ਮਸਲਿਆਂ ਸਬੰਧੀ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਦੀ ਅੰਮ੍ਰਿਤਸਰ ਕੋਠੀ ਅਗੇ ਵਿਸ਼ਾਲ ਧਰਨਾ ਦੇਣ ਲਈ ਮਜ਼ਦੂਰ ਜਥੇਬੰਦੀ ਦੀ ਸਾਂਝੀ ਮੀਟਿੰਗ ਕਾਮਰੇਡ ਦੇਵੀ ਕੁਮਾਰੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੇ ਫੈਸਲੇ ਪ੍ਰੈੱਸ ਨੂੰ ਜਾਰੀ ਕਰਦਿਆਂ ਕਾਮਰੇਡ ਜਸਬੀਰ ਸਿੰਘ ਝਬਾਲ ਨੇ ਦੱਸਿਆ ਕਿ ਪੇਂਡੂ ਖੇਤ ਮਜ਼ਦੂਰਾਂ ਨੂੰ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਸਾਰੀਆਂ ਜਥੇਬੰਦੀਆਂ ਵੱਧ ਤੋਂ ਵੱਧ ਗਿਣਤੀ ਵਿੱਚ ਮਜ਼ਦੂਰਾਂ ਨੂੰ ਧਰਨੇ ਵਿਚ ਸ਼ਾਮਲ ਕਰਵਾਉਣਗੀਆਂ।ਮਜ਼ਦੂਰਾਂ ਦੀਆ ਮੰਗਾਂ ਘੱਟੋ-ਘੱਟ ਮਜ਼ਦੂਰ ਦੀ ਦਿਹਾੜੀ 700 ਰੁਪਏ ਕਰਨ, ਘਰ ਬਣਾਉਣ ਲਈ 10-10 ਮਰਲੇ ਪਲਾਟ ਦੇਣ, ਮਨਰੇਗਾ ਕਾਨੂੰਨ ਤਹਿਤ 200 ਦਿਨ ਕੰਮ ਦੇਣਾ, ਮਨਰੇਗਾ ਕਾਮਿਆਂ ਦੇ ਕੰਮ ਦਾ ਵੇਤਨ ਸਮੇਂ ਸਿਰ ਦੇਣਾ, ਪਿੰਡਾਂ ਵਿੱਚ ਹੋ ਰਹੇ ਦਲਿਤ ਸ਼ੋਸ਼ਣ ਖਿਲਾਫ ਸਖ਼ਤ ਕਾਰਵਾਈ ਕਰਨਾ, ਪੰਜਾਬ ਵਿਚੋਂ ਨਸ਼ਾ ਜੜ੍ਹ ਤੋਂ ਖਤਮ ਕਰਨਾ ਅਤੇ ਹੋਰ ਭਖਦੇ ਮਸਲਿਆਂ ਸਬੰਧੀ ਵਿਸ਼ਾਲ ਧਰਨਾ ਦੇ ਕੇ ਕੈਬਨਿਟ ਮੰਤਰੀ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਪੇਸ਼ ਕੀਤਾ ਜਾਵੇਗਾ। ਮੀਟਿੰਗ ਵਿੱਚ ਖੇਤ ਮਜ਼ਦੂਰਾਂ ਦੇ ਆਗੂ ਕਾਮਰੇਡ ਅਮਰੀਕ ਸਿੰਘ ਦਾਊਦ, ਗੁਰਨਾਮ ਸਿੰਘ ਭਿੰਡਰ, ਜਸਬੀਰ



ਸਿੰਘ ਵੈਰੋਂਵਾਲ, ਅਮਰਜੀਤ ਸਿੰਘ ਚੌਹਾਨ, ਕੁਲਵਿੰਦਰ ਸਿੰਘ ਮਹਿਸਮਪੁਰ, ਲਖਬੀਰ ਸਿੰਘ ਅੰਮ੍ਰਿਤਸਰ, ਕਾਮਰੇਡ ਮੱਲੂ ਨੰਗਲ, ਜਸਬੀਰ ਸਿੰਘ ਝਬਾਲ, ਸੁਖਦੇਵ ਸਿੰਘ ਗੋਹਲਵੜ, ਮਨਜੀਤ ਸਿੰਘ ਝਬਾਲ, ਧੀਰ ਸਿੰਘ ਗੁਰਦਾਸਪੁਰ, ਦੇਵੀ ਕੁਮਾਰੀ, ਸੁਖਦੇਵ ਸਿੰਘ ਕੋਟ ਧਰਮਚੰਦ ਕਲਾਂ ਅਤੇ ਮੰਗਲ ਸਿੰਘ ਆਦਿ ਸਾਥੀ ਹਾਜ਼ਰ ਸਨ।



# ਗੁ. ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਸਾਵਣ ਦਾ ਪਵਿੱਤਰ ਦਿਹਾੜਾ ਮਨਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਉਤਸ਼ਾਹ ਪ੍ਰੇਰਨਾ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ, ਗੁ: ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਸਾਵਣ ਮਹੀਨੇ ਦਾ ਦਿਹਾੜਾ ਬੀਬੀ ਹਰਪ੍ਰੀਤ ਕੌਰ ਰਾਣੋ ਮੁਖੀ ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ, ਬਾਬਾ ਫੂਲਾ ਸਿੰਘ ਸੁਖਮਨੀ ਸੇਵਾ ਸੁਸਾਇਟੀ ਦੀ ਅਗਵਾਈ ਵਿੱਚ ਵੱਖ-ਵੱਖ ਸੁਖਮਨੀ ਸੇਵਾ ਸੁਸਾਇਟੀਆਂ ਦੀਆਂ ਬੀਬੀਆਂ ਵੱਲੋਂ ਗੁਰਮਤਿ ਜੁਗਤਿ ਵਿੱਚ ਗੁਰਬਾਣੀ ਕੀਰਤਨ ਕਰਦਿਆਂ ਪੂਰਨ ਸ਼ਰਧਾ ਸਤਿਕਾਰ ਤੇ ਨਿਮਰ ਭਾਵਨਾ ਨਾਲ ਮਨਾਇਆ।ਇਸ ਮੌਕੇ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਸਭਿਆਚਾਰਕ ਅਤੇ ਗੁਰਮਤਿ ਅਨੁਸਾਰ ਸਾਵਣ ਮਹੀਨੇ ਦੀ ਮਹੱਤਤਾ ਸੰਗਤਾਂ ਨਾਲ ਸਾਂਝੀ ਕੀਤੀ।ਇਹ ਮਹੀਨਾ ਹਰ ਨਗਰ ਵਿੱਚ ਇਸਤਰੀਆਂ ਵੱਲੋਂ ਵਿਸ਼ੇਸ਼ ਪੱਧਰ ਤੇ ਮਨਾਇਆ ਜਾਂਦਾ ਹੈ ਜੋ ਹੁਣ ਆਧੁਨਿਕਤਾ ਦੀ ਮਾਰ ਹੇਠ ਹੌਲੀ ਹੌਲੀ ਅਲੋਪ ਹੁੰਦਾ ਜਾ ਰਿਹਾ ਹੈ।ਗੁਰੂ ਕੇ ਲੰਗਰ ਅਤੁੱਟ ਵਰਤੇ।ਇਸ ਸਮੇਂ ਬਾਬਾ ਭਗਤ ਸਿੰਘ, ਬਾਬਾ ਅਮਰੀਕ ਸਿੰਘ, ਪਰਮਜੀਤ ਸਿੰਘ ਬਾਜਵਾ ਆਦਿ ਹਾਜ਼ਰ ਸਨ।

# 'ਨੌਕਰ ਮਈਆ ਦੇ' ਸੰਸਥਾ ਨੇ ਸੰਗਤਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਏ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਸਾਵਣ ਦੇ ਪਵਿੱਤਰ ਮਹੀਨੇ ਨੂੰ ਸਮਰਪਿਤ 'ਨੌਕਰ ਮਈਆ ਦੇ' ਸੰਸਥਾ ਵੱਲੋਂ ਤਰਨ ਤਾਰਨ ਜ਼ਿਲ੍ਹੇ ਦੀਆਂ ਸੰਗਤਾਂ ਲਈ ਧਾਰਮਿਕ ਯਾਤਰਾ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਇਸ ਯਾਤਰਾ ਦੌਰਾਨ ਸੰਗਤਾਂ ਨੂੰ ਬੱਸਾਂ ਰਾਹੀਂ ਸ੍ਰੀ ਅਨੰਦਪੁਰ ਸਾਹਿਬ, ਮਾਤਾ ਚਿੰਤਪੁਰਨੀ ਅਤੇ ਮਾਤਾ ਨੈਣਾ ਦੇਵੀ ਵਰਗੇ ਪ੍ਰਸਿੱਧ ਧਾਰਮਿਕ ਸਥਾਨਾਂ ਦੇ ਦਰਸਨ ਕਰਵਾਏ ਗਏ। ਸੰਸਥਾ ਦੇ



ਪ੍ਰਧਾਨ ਵਿਜੈ ਕੁਮਾਰ ਨੇ ਦੱਸਿਆ ਕਿ ਸਾਵਣ ਮਹੀਨਾ ਪਵਿੱਤਰਤਾ ਅਤੇ ਭਗਤੀ ਭਾਵਨਾ ਨਾਲ ਭਰਪੂਰ ਹੁੰਦਾ ਹੈ, ਇਸ ਕਰਕੇ ਹਰ ਸਾਲ ਸੰਸਥਾ ਵੱਲੋਂ ਸੰਗਤਾਂ ਲਈ ਧਾਰਮਿਕ ਯਾਤਰਾਵਾਂ ਦਾ ਆਯੋਜਨ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਯਾਤਰਾ ਦੌਰਾਨ ਲੰਗਰ ਪ੍ਰਸ਼ਾਦ, ਪੀਣ ਵਾਲੇ ਪਾਣੀ ਅਤੇ ਮੈਡੀਕਲ ਸਹੂਲਤ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਬੱਚਿਆਂ ਲਈ ਚਿਪਸ, ਬਿਸਕੁਟ ਅਤੇ ਪੈਕੇਟਾਂ ਵਾਲੇ ਦੁੱਧ ਦਾ ਇੰਤਜ਼ਾਮ ਕੀਤਾ ਜਾਂਦਾ ਹੈ। ਇਸ ਪਵਿੱਤਰ ਯਾਤਰਾ ਦੌਰਾਨ ਬਾਬਾ ਸੰਤੋਖ ਸਿੰਘ, ਮਿੰਟਾ ਬਾਊ, ਅਹੂਜਾ, ਦੀਪੂ ਡੋਗਰਾ, ਬਲਦੇਵ ਸ਼ਰਮਾ, ਸ਼ੰਕਰ, ਸ਼ਾਮ, ਅਨਿਲ, ਦੀਪਕ ਬੈਂਕ ਵਾਲਾ ਅਤੇ ਜੱਜ ਭਾਅ ਜੀ ਸਮੇਤ ਸਮੂਹ ਸੰਗਤਾਂ ਹਾਜ਼ਰ ਸਨ।

# ਸ਼ੈਰੀ ਕਲਸੀ ਨੇ ਲੋਕਾਂ ਨੂੰ ਨਸ਼ਿਆਂ ਖਿਲਾਫ ਇੱਕਜੁੱਟ ਹੋ ਕੇ ਲੜਨ ਦੀ ਸਹੁੰ ਚੁਕਾਈ

**ਬਟਾਲਾ, (ਡਾ. ਮਲਵਿੰਦਰ ਸਿੰਘ)**

ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਹਲਕੇ ਅੰਦਰ ਲੋਕਾਂ ਨੂੰ ਨਸ਼ਿਆਂ ਦੇ ਖਿਲਾਫ ਜਾਗਰੂਕ ਕੀਤਾ ਜਾ ਰਿਹਾ ਹੈ, ਜਿਸ ਦੇ ਚੱਲਦਿਆਂ ਉਨਾਂ ਨੇ ਵਾਰਡ ਨੰਬਰ 09 ਵਿਖੇ 'ਨਸ਼ਾ ਮੁਕਤੀ ਯਾਤਰਾ' ਤਹਿਤ ਲੋਕਾਂ ਨੂੰ ਨਸ਼ਿਆਂ ਖਿਲਾਫ ਲਾਮਬੰਦ ਕਰਦਿਆਂ ਨਸ਼ਿਆਂ ਖਿਲਾਫ ਇੱਕਜੁੱਟ ਹੋ ਕੇ ਲੜਨ ਦੀ ਸਹੁੰ ਚੁਕਾਈ।ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਜੇਕਰ ਤੁਹਾਡੇ ਕਿਸੇ ਵੀ ਵਾਰਡ ਵਿੱਚ ਕੋਈ ਵੀ ਵਿਅਕਤੀ ਨਸ਼ਾ ਵੇਚਦਾ ਹੈ ਤਾਂ ਉਹ ਬੇਝਿਜਕ ਹੋ ਕੇ ਪੁਲਸ ਪ੍ਰਸ਼ਾਸਨ, ਉਨਾਂ ਨੂੰ ਜਾਂ ਫਿਰ ਪੰਜਾਬ ਸਰਕਾਰ ਵੱਲੋਂ ਜਾਰੀ ਵਟਸਐਪ ਨੰਬਰ 97791-00200 'ਤੇ ਇਤਲਾਹ ਕਰਨ। ਸੂਚਨਾ ਦੇਣ ਵਾਲੇ ਦਾ ਨਾਮ ਤੇ ਪਹਿਚਾਣ ਗੁਪਤ ਰੱਖੀ ਜਾਵੇਗੀ! ਇਸ ਮੌਕੇ ਅੰਮ੍ਰਿਤ ਕਲਸੀ, ਚੇਅਰਮੈਨ ਮਾਨਿਕ ਮਹਿਤਾ, ਸੀਨੀਅਰ ਆਗੂ ਮਾਸਟਰ ਤਿਲਕ ਰਾਜ, ਮਨਜੀਤ ਸਿੰਘ ਬੁਮਰਾਹ ਵਾਇਸ ਕੋਆਰਡੀਨੇਟਰ ਨਸ਼ਾ ਮੁਕਤੀ ਯਾਤਰਾ, ਭੁਪਿੰਦਰ ਸਿੰਘ, ਵੀਨੂੰ ਕਾਹਲੋਂ, ਆਪ ਆਗੂ, ਵਰਕਰ ਤੇ ਵੱਡੀ ਗਿਣਤੀ ਵਿੱਚ ਵਾਰਡ ਵਾਸੀ ਮੌਜੂਦ ਸਨ।





# ਨਾਗੇਸ਼ਵਰ ਧਾਮ ਮੰਦਰ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਨਾਗ ਪੰਚਮੀ ਦਾ ਤਿਉਹਾਰ

**ਮਜੀਠਾ (ਸੋਇਮ ਆਨੰਦ)**

ਨਾਗੇਸ਼ਵਰ ਧਾਮ ਮੰਦਰ ਮਜੀਠਾ ਵਿਖੇ ਮੰਦਰ ਦੇ ਪ੍ਰਬੰਧਕਾਂ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਨਾਗ ਪੰਚਮੀ ਦਾ ਤਿਉਹਾਰ ਬੜਾ ਸ਼ਰਧਾ ਅਤੇ ਉਤਸ਼ਾਹ ਮਨਾਇਆ ਗਿਆ। ਮੰਦਰ ਦੇ ਪੁਜਾਰੀ ਗੋਪਾਲ ਗੋਸਵਾਮੀ ਵੱਲੋਂ ਹਵਨ ਯੱਗ ਕਰਨ ਉਪਰੰਤ ਮੰਦਰ ਵਿਖੇ ਸਥਾਪਿਤ ਨਾਗ ਦੇਵਤਾ ਦੀ ਪ੍ਰਤਿਮਾ ਅਤੇ ਸ਼ਿਵਲਿੰਗ ਨੂੰ ਗੰਗਾ ਜਲ ਅਤੇ ਦੁੱਧ ਨਾਲ ਇਸ਼ਨਾਨ ਕਰਾਇਆ ਗਿਆ।ਮੰਦਰ ਪ੍ਰਬੰਧਕਾਂ ਅਤੇ ਸ਼ਹਿਰ ਦੇ ਸਮੂਹ ਮੰਦਰਾਂ ਦੇ ਪੁਜਾਰੀਆਂ ਵੱਲੋਂ ਮਿਲ ਕੇ ਨਾਗ ਦੇਵਤਾ ਅਤੇ ਭੋਲੇਨਾਥ ਦੀ ਪੂਜਾ ਅਰਚਨਾ ਕੀਤੀ ਅਤੇ ਸ਼ਰਧਾ ਨਾਲ ਬ੍ਰਹਮ ਭੋਜ ਕਰਾਇਆ ਗਿਆ।ਵੱਖ-ਵੱਖ ਭਜਨ ਮੰਡਲੀਆਂ ਵੱਲੋਂ ਸ਼ਿਵ ਜੀ ਦਾ ਗੁਣਗਾਨ ਕੀਤਾ ਗਿਆ।ਸੰਗਤਾਂ ਵੱਲੋਂ ਸ਼ਰਧਾ ਅਨੁਸਾਰ ਦੁੱਧ, ਫਲ ਅਤੇ ਹੋਰ ਪਦਾਰਥਾਂ ਨਾਲ ਸ਼ਿਵਲਿੰਗ ਦੀ ਪੂਜਾ ਕੀਤੀ ਗਈ।ਮੰਦਰ ਪ੍ਰਬੰਧਕਾਂ ਵੱਲੋਂ ਸੰਗਤਾਂ ਵਾਸਤੇ ਵੱਖ-ਵੱਖ ਪਕਵਾਨਾਂ ਦਾ ਅਤੁੱਟ ਲੰਗਰ ਭੰਡਾਰਾ ਲਗਾਇਆ ਗਿਆ।ਇਸ ਮੌਕੇ ਮੰਦਰ ਦੇ ਮੁੱਖ ਪ੍ਰਬੰਧਕ ਕੇਵਲ ਕ੍ਰਿਸ਼ਨ ਕਹੇੜ, ਲੱਕੀ ਕਹੇੜ, ਰਿਕੀ ਕਹੇੜ, ਡਾ: ਸੁਦੇਸ਼ ਕੁਮਾਰ, ਤਰੁਨ ਕੁਮਾਰ ਅਬਰੋਲ, ਪ੍ਰਿੰਸ ਨਈਅਰ, ਰਾਕੇਸ਼ ਕੁਮਾਰ, ਬਿੱਟੂ ਨੰਦਾ, ਰਾਜੂ ਪੁਰੀ, ਦੀਪ ਤਰੇਹਨ, ਅਜੈ ਕੁਮਾਰ ਚੋਪੜਾ, ਮੰਦਰ ਬਾਵਾ ਲਾਲ ਕਮੇਟੀ ਦੇ ਚੇਅਰਮੈਨ ਕੁਲਦੀਪ ਕੁਮਾਰ, ਪ੍ਰਧਾਨ ਨਰਿੰਦਰ ਕੁਮਾਰ ਸਮੇਤ ਸਮੂਹ ਮੈਂਬਰ, ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਨਤਮਸਤਕ ਹੋਈਆਂ।

31-Junly-PAGE-11-Majha-25-Final.qxd 7/30/2025 11:02 PM Page 1



# ਵਿਧਾਇਕ ਰੰਧਾਵਾ ਵੱਲੋਂ ਪਿੰਡ ਸਰਾਏ, ਦਿਓਲ ਤੇ ਪੈੜੂਵਾਲ ਵਿਖੇ ਨਸ਼ਿਆਂ ਵਿਰੁੱਧ ਲਾਮਬੰਦੀ

ਡੇਰਾ ਬਾਬਾ ਨਾਨਕ 30 ਜੁਲਾਈ (ਰਮੇਸ਼ ਸ਼ਰਮਾ)-ਪੰਜਾਬ ਨੂੰ ਨਸ਼ਾ ਮੁਕਤ ਕਰਕੇ ਸਿਹਤਮੰਦ ਤੇ ਰੰਗਲਾ ਪੰਜਾਬ ਬਣਾਉਣ ਲਈ ਵਿੱਢੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਵਿੱਚ ਲੋਕਾਂ ਦਾ ਭਰਪੂਰ ਸਹਿਯੋਗ ਮਿਲ ਰਿਹਾ ਹੈ।ਸੂਬੇ ਦੇ ਲੋਕ ਨਸ਼ਿਆਂ ਵਿਰੁੱਧ ਉਠ ਖੜ੍ਹੇ ਹੋਏ ਹਨ ਅਤੇ ਹੁਣ ਉਹ ਦਿਨ ਦੂਰ ਨਹੀਂ ਜਦੋਂ ਸਾਡਾ ਪੰਜਾਬ ਮੁੜ ਰੰਗਲਾ ਪੰਜਾਬ ਬਣ ਕੇ ਉਭਰੇਗਾ।ਇਹ ਪ੍ਰਗਟਾਵਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਬੀਤੀ ਸ਼ਾਮ ਨਸ਼ਾ ਮੁਕਤੀ ਯਾਤਰਾ ਮੌਕੇ ਹਲਕੇ ਦੇ ਪਿੰਡਾਂ ਸਰਾਏ, ਦਿਓਲ ਤੇ ਪੈੜੂਵਾਲ ਵਿਖੇ ਕਰਵਾਏ ਗਏ ਜਨਤਕ ਇਕੱਠਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਅਸੀਂ ਨਸ਼ਿਆਂ ਦੀ ਇਸ ਭੈੜੀ ਅਲਾਮਤ ਤੋਂ ਛੁਟਕਾਰਾ ਪਾ ਸਕਦੇ ਹਾਂ। ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ, ਖ਼ਾਸਕਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ।ਵਿਧਾਇਕ ਰੰਧਾਵਾ ਨੇ ਪਿੰਡਾਂ ਦੇ ਵਸਨੀਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਪਿੰਡ ਜਾਂ ਇਲਾਕੇ ਵਿੱਚ ਕੋਈ ਨਸ਼ੇ ਦੀ ਤਸਕਰੀ ਕਰਦਾ ਹੈ ਤਾਂ ਉਸਦੀ ਸੂਚਨਾ ਪੁਲਸ ਨੂੰ ਦਿੱਤੀ ਜਾਵੇ।ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਵੀ ਅਪੀਲ ਕੀਤੀ ਕਿ ਨਸ਼ਿਆਂ ਦੇ ਆਦੀ ਵਿਅਕਤੀਆਂ ਦਾ ਨਸ਼ਾ ਛੁਡਵਾਉਣ ਲਈ ਉਨ੍ਹਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾਇਆ ਜਾਵੇ।ਇਸ ਮੌਕੇ ਉਨ੍ਹਾਂ ਲੋਕਾਂ ਨੂੰ ਸਹੁੰ ਚੁਕਾਈ ਕਿ ਉਹ ਰਾਜ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਵਿੱਚ ਆਪਣਾ ਯੋਗਦਾਨ ਦੇਣਗੇ।ਇਸ ਮੌਕੇ ਉਨ੍ਹਾਂ ਨਾਲ ਤਹਿਸੀਲਦਾਰ ਕਲਾਨੌਰ ਰਜਿੰਦਰ ਸਿੰਘ, ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ ਤੋਂ ਇਲਾਵਾ ਇਲਾਕੇ ਦੇ ਪੰਚ-ਸਰਪੰਚ ਤੇ ਹੋਰ ਮੁਹਤਬਰ ਹਾਜ਼ਰ ਸਨ।




# ਵੇਅਰਹਾਊਸ ਦੇ ਗੁਦਾਮ 'ਚੋਂ 110 ਬੋਰੀਆਂ ਚੌਲ ਚੋਰੀ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਸ਼ਹਿਰ ਧਾਰੀਵਾਲ ਵਿੱਚ ਖੁੰਡਾ ਰੋਡ 'ਤੇ ਸਥਿਤ ਵੇਅਰਹਾਊਸ ਦੇ ਗੁਦਾਮ ਵਿੱਚੋਂ ਕਰੀਬ 110 ਬੋਰੀਆਂ ਚੌਲ ਚੋਰੀ ਹੋ ਜਾਣ ਦੀ ਖਬਰ ਹੈ। ਵੇਅਰ ਹਾਊਸ ਗੁਦਾਮਾਂ ਦੇ ਮੈਨੇਜਰ ਵਿਸ਼ਾਲ ਸਿੰਘ ਜਸਰੋਟੀਆ ਨੇ ਦੱਸਿਆ ਕਿ ਉਸ ਨੂੰ 27 ਜੁਲਾਈ ਨੂੰ ਸਵੇਰੇ ਤੜਕਸਾਰ ਗੁਦਾਮਾਂ ਨੇੜਲੇ ਚਾਹਲ ਪੈਲੇਸ ਦੇ ਮਾਲਕ ਹਰਜੀਤ ਸਿੰਘ ਨੇ ਫੋਨ ਕਰਕੇ ਦੱਸਿਆ ਕਿ ਪੈਲੇਸ ਵਾਲੀ ਸਾਈਡ ਤੋਂ ਤੁਹਾਡੇ ਗੁਦਾਮ ਦਾ ਤਾਲਾ ਟੁੱਟਾ ਹੋਇਆ ਹੈ ਅਤੇ ਗੁਦਾਮ ਦਾ ਗੇਟ ਖੁੱਲ੍ਹਾ ਹੈ। ਜਦੋਂ ਉਸ (ਮੈਨੇਜਰ) ਨੇ ਤੁਰੰਤ ਗੁਦਾਮ ਵਿੱਚ ਜਾ ਕੇ ਵੇਖਿਆ ਤਾਂ ਗੁਦਾਮ ਦੇ ਅੰਦਰੋਂ ਕਰੀਬ 110 ਬੋਰੀਆਂ ਚੌਲਾਂ ਦੀਆਂ ਗਾਇਬ ਸਨ। ਉਨ੍ਹਾਂ ਦੱਸਿਆ ਕਿ ਲਗਭਗ ਦੋ-ਢਾਈ ਲੱਖ ਰੁਪਏ ਦੇ ਚੌਲ ਗੁਦਾਮ ਵਿੱਚੋਂ ਚੋਰੀ ਹੋਏ ਹਨ। ਇਸ ਸਬੰਧੀ ਥਾਣਾ ਧਾਰੀਵਾਲ ਦੀ ਪੁਲਸ ਨੂੰ ਸੂਚਨਾ ਦੇ ਦਿੱਤੀ ਹੈ। ਇਸ ਮੌਕੇ ਪੈਲੇਸ ਦੇ ਮਾਲਕ ਹਰਜੀਤ ਸਿੰਘ ਚਾਹਲ ਸਾਬਕਾ ਸਰਪੰਚ ਅਹਿਮਦਾਬਾਦ ਨੇ ਦੱਸਿਆ ਕਿ ਪੈਲੇਸ ਦੇ ਚੌਕੀਦਾਰ ਨੇ ਮੈਨੂੰ ਫੋਨ ਕਰਕੇ ਸੂਚਿਤ ਕੀਤਾ ਕਿ ਗੁਦਾਮ ਦਾ ਤਾਲਾ ਟੁੱਟਾ ਹੋਇਆ ਹੈ। ਜਦੋਂ ਉਸਨੇ ਪੈਲੇਸ ਵਿੱਚ ਆ ਕੇ ਗੁਦਾਮ ਵਾਲੇ ਪਾਸੇ ਦੀ ਕੰਧ ਟੁੱਟੀ ਹੋਈ ਅਤੇ ਗੁਦਾਮ ਦਾ ਤਾਲਾ ਟੁੱਟਾ ਤੇ ਗੇਟ ਵੀ ਖੁੱਲ੍ਹਾ ਵੇਖਿਆ ਤਾਂ ਇਸ ਬਾਰੇ ਵੇਅਰਹਾਊਸ ਗੁਦਾਮ ਦੇ ਮੈਨੇਜਰ ਵਿਸ਼ਾਲ ਸਿੰਘ ਜਸਰੋਟੀਆ ਅਤੇ ਠੇਕੇਦਾਰ ਸੁਖਪ੍ਰੀਤ ਸਿੰਘ ਚਾਹਲ ਨੂੰ ਜਾਣਕਾਰੀ ਦਿੱਤੀ। ਥਾਣਾ ਧਾਰੀਵਾਲ ਦੇ ਮੁਖੀ ਇੰਸਪੈਕਟਰ ਹਰਪਾਲ ਸਿੰਘ ਨੇ ਕਿਹਾ ਕਿ ਮਾਮਲੇ ਦੀ ਗੰਭੀਰਤਾ ਨਾਲ ਹਰ ਪਹਿਲੂ ਤੋਂ ਜਾਂਚ ਕੀਤੀ ਜਾ ਰਹੀ ਹੈ, ਤੱਥ ਸਾਹਮਣੇ ਆਉਣ 'ਤੇ ਦੋਸ਼ੀਆਂ ਖਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ।



# ਕਿਸਾਨ ਵਿਰੋਧੀ ਲੈਂਡ ਪੂਲਿੰਗ ਪਾਲਿਸੀ ਖਿਲਾਫ ਕੱਢਿਆ ਰੋਸ ਮਾਰਚ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਕਿਸਾਨ ਵਿਰੋਧੀ ਤੇ ਲੋਕ ਵਿਰੋਧੀ ਲੈਂਡ ਪੂਲਿੰਗ ਪਾਲਸੀ ਨੂੰ ਰੱਦ ਕਰਵਾਉਣ ਲਈ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਰੋਹ ਭਰਿਆ ਟਰੈਕਟਰ ਮਾਰਚ ਕੱਢਿਆ ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਟਰੈਕਟਰ, ਕਾਰਾਂ ਤੇ ਮੋਟਰਸਾਈਕਲਾਂ ਦੇ ਕਾਫਲੇ ਨਾਲ ਸ਼ਾਮਿਲ ਹੋਏ।ਮਾਰਚ ਇਤਿਸਾਹਕ ਗੁਰਦੁਆਰਾ ਮੋਰਚਾ ਸਾਹਿਬ ਹਰਸ਼ਾ ਛੀਨਾ ਤੋਂ ਸ਼ੁਰੂ ਹੋਇਆ ਜਿਹੜਾ ਅੰਮ੍ਰਿਤਸਰ ਬਾਈਪਾਸ ਤੱਕ 10 ਕਿਲੋਮੀਟਰ ਦਾ ਸਫ਼ਰ ਤਹਿ ਕਰਕੇ ਜਦੋਂ ਪਹੁੰਚਿਆ। ਭਗਵੰਤ ਮਾਨ ਸਰਕਾਰ ਵਿਰੁੱਧ ਆਕਾਸ਼ ਗੁੰਜਾਊ ਨਾਅਰੇ ਲੱਗਦੇ ਰਹੇ, ਆਗੂਆਂ ਨੇ ਇੱਕ ਸੁਰ ਵਿੱਚ ਕਿਹਾ ਕਿ ਲੋਕ ਵਿਰੋਧੀ ਲੈਂਡ ਪੂਲਿੰਗ ਪਾਲਸੀ ਦਾ ਤੁਰੰਤ ਨੋਟੀਫਿਕੇਸ਼ਨ ਰੱਦ ਕੀਤਾ ਜਾਵੇ।ਇਸ ਟਰੈਕਟਰ ਮਾਰਚ ਦੀ ਅਗਵਾਈ ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਿਲ ਜਥੇਬੰਦੀਆਂ ਦੇ ਆਗੂ ਡਾ. ਸਤਨਾਮ ਸਿੰਘ ਅਜਨਾਲਾ, ਬਘੇਲ ਸਿੰਘ, ਜਤਿੰਦਰ ਸਿੰਘ ਛੀਨਾ, ਧੰਨਵੰਤ ਸਿੰਘ ਖ਼ਤਰਾਏ ਕਲਾਂ, ਸੁੱਚਾ ਸਿੰਘ ਅਜਨਾਲਾ, ਸੁੱਖਰਾਮਬੀਰ ਸਿੰਘ ਲੁਹਾਰਕਾ, ਦਲਵਿੰਦਰ ਸਿੰਘ ਆਦਿ ਆਗੂਆਂ ਨੇ ਕੀਤੀ।ਇਨ੍ਹਾਂ ਆਗੂਆਂ ਨੇ ਭਗਵੰਤ ਮਾਨ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਜੇਕਰ ਇਸ ਲੋਕ ਵਿਰੋਧੀ ਪਾਲਸੀ ਨੂੰ ਰੱਦ ਨਾ ਕੀਤਾ ਗਿਆ ਤਾਂ ਜਿਹੜੀ ਸੰਯੁਕਤ ਕਿਸਾਨ ਮੋਰਚੇ ਵੱਲੋਂ ਇਸ ਪਾਲਸੀ ਵਿਰੁੱਧ 24 ਅਗਸਤ ਨੂੰ ਲੁਧਿਆਣਾ ਵਿਖੇ ਜੋ ਮਹਾਂ ਪੰਚਾਇਤ ਕੀਤੀ ਜਾ ਰਹੀ ਹੈ ਉਸ ਵਿੱਚ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।ਇਸ ਵਿਲੱਖਣ ਟਰੈਕਟਰ ਮਾਰਚ ਵਿਚ ਹੋਰਨਾਂ ਤੋਂ ਇਲਾਵਾ ਸਤਨਾਮ ਸਿੰਘ ਝੰਡੇਰ, ਸੂਬਾ ਯੂਥ ਪ੍ਰਧਾਨ ਗੁਰਿੰਦਰ ਸਿੰਘ ਬਾਠ, ਹਰਪਾਲ ਸਿੰਘ ਛੀਨਾ, ਕੁਲਵੰਤ ਸਿੰਘ ਮੱਲੂਨੰਗਲ, ਸਵਿੰਦਰ ਸਿੰਘ ਮੀਰਾਂਕੋਟ, ਡਾ. ਪਰਮਿੰਦਰ ਸਿੰਘ ਪੰਡੋਰੀ, ਅੰਗਰੇਜ਼ ਸਿੰਘ ਲੁਹਾਰਕਾ ਆਦਿ ਸ਼ਾਮਿਲ ਸਨ।




## ਸਤਲੁਜ ਪਬਲਿਕ ਸੀਨੀਅਰ ਸੈਕੰਡਰੀ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ

ਪੱਟੀ (ਬਲਦੇਵ ਸਿੰਘ ਸੰਧੂ)-ਸਤਲੁਜ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਠੱਕਰਪੁਰਾ ਵਿਖੇ ਸਕੂਲ ਦੇ ਅਧਿਆਪਕਾਂ ਅਤੇ ਸਕੂਲ ਦੀਆ ਵਿਦਿਆਰਥਣਾਂ ਦੁਆਰਾ ਸਾਉਣ ਦੇ ਮਹੀਨੇ ਦੀਆਂ ਤੀਆਂ ਦੇ ਤਿਉਹਾਰ ਵਾਲੇ ਦਿਨ ਸਕੂਲ ਵਿੱਚ ਖੂਬ ਰੌਣਕਾਂ ਲਗਾਈਆਂ ਗਈਆਂ। ਬੱਚੀਆਂ ਵੱਲੋਂ ਗਿੱਧਾ ਅਤੇ ਭੰਗੜਾ ਪਾ ਕੇ ਆਪਣੀ ਖੁਸ਼ੀ ਜ਼ਾਹਰ ਕੀਤੀ ਗਈ।



ਇਸ ਮੌਕੇ ਸਕੂਲ ਦੇ ਪ੍ਰਿੰ. ਮੈਡਮ ਰਾਜਬੀਰ ਕੌਰ ਨੇ ਬੱਚਿਆਂ ਨੂੰ ਤੀਆਂ ਦੇ ਤਿਉਹਾਰ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ। ਸਕੂਲ ਦੇ ਅਧਿਆਪਕਾਂ ਵੱਲੋਂ ਵੀ ਗਿੱਧਾ ਪਾ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਦੌਰਾਨ ਸਕੂਲ ਵਿੱਚ ਵੱਖ-ਵੱਖ ਤਰ੍ਹਾਂ ਦੇ ਸਟਾਲ ਲਗਾਏ ਗਏ ਅਤੇ ਅਧਿਆਪਕਾਂ ਅਤੇ ਬੱਚਿਆਂ ਵੱਲੋ ਖੀਰ-ਪੂੜੇ ਖਾ ਕੇ ਖੂਬ ਆਨੰਦ ਆਨਿਆ ਗਿਆ। ਇਸ ਮੌਕੇ ਮੈਨੇਜਮੈਂਟ ਮੈਂਬਰ ਹਰਬੀਰ ਸਿੰਘ, ਹਰਨੂਰ ਸਿੰਘ ਗਿੱਲ, ਮੈਡਮ ਪਰਮਿੰਦਰ ਕੌਰ, ਪ੍ਰਿੰਸੀਪਲ ਮੈਡਮ ਰਾਜਬੀਰ ਕੌਰ ਅਤੇ ਵਾਇਸ ਪ੍ਰਿੰਸੀਪਲ ਮੈਡਮ ਦਲਬੀਰ ਕੌਰ ਹਾਜ਼ਰ ਸਨ ।

## ਫਰਜ਼ਸ਼ਨਾਸੀ ਦੀ ਮੂਰਤ ਐੱਸ ਐੱਚ ਓ ਹਰਜਿੰਦਰ ਸਿੰਘ ਦਾ ਸਨਮਾਨ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਚੌੜੇ ਪਿੰਡ ਦੀਆਂ ਵੱਖ-ਵੱਖ ਸ਼ਖਸੀਅਤਾਂ ਵੱਲੋਂ ਪੁਲਸ ਥਾਣਾ ਸੇਖਵਾਂ ਦੇ ਐੱਸਐੱਚਓ ਹਰਜਿੰਦਰ ਸਿੰਘ ਦਾ ਸਨਮਾਨ ਕੀਤਾ ਗਿਆ।ਐੱਸਐੱਚਓ ਹਰਜਿੰਦਰ ਸਿੰਘ ਨੇ ਸਨਮਾਨ ਕਰਨ ਵਾਲੀਆਂ ਸ਼ਖਸ਼ੀਅਤਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ।ਇਸ ਮੌਕੇ ਬਲਦੇਵ ਸਿੰਘ, ਸਵਿੰਦਰ ਸਿੰਘ ਵਾਸੀ ਪਿੰਡ ਚੌੜਾ ਨੇ ਕਿਹਾ ਕਿ ਐੱਸਐੱਚਓ ਹਰਜਿੰਦਰ ਸਿੰਘ ਆਪਣੀਆਂ ਸੇਵਾਵਾਂ ਬਾਖੂਬੀ ਨਿਭਾ ਰਹੇ ਹਨ। ਇਲਾਕੇ ਵਿੱਚੋਂ ਨਸ਼ਾ ਅਤੇ ਕ੍ਰਾਈਮ ਨੂੰ ਖਤਮ ਕਰਨ ਲਈ ਥਾਣਾ ਸੇਖਵਾਂ ਤੇ ਐੱਸਐੱਚਓ ਹਰਜਿੰਦਰ ਸਿੰਘ ਵੱਲੋਂ ਲੋਕਾਂ ਨਾਲ ਤਾਲਮੇਲ ਕਰਕੇ ਮੁਹਿੰਮ ਵਿੱਢੀ ਹੋਈ ਹੈ। ਲੋਕਾਂ ਵੱਲੋਂ ਵੀ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਦੇ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਨੂੰ ਪਿੰਡ ਪੱਧਰ ਤੱਕ ਪਹੁੰਚਾਇਆ ਜਾ ਰਿਹਾ।ਇਸ ਮੌਕੇ ਬਲਦੇਵ ਸਿੰਘ, ਸਵਿੰਦਰ ਸਿੰਘ ਤੇ ਥਾਣਾ ਸੇਖਵਾਂ ਦੇ ਸਟਾਫ ਹਰਿੰਦਰ ਸਿੰਘ ਅਤੇ ਹੋਰ ਹਾਜ਼ਰ ਸਨ।



## ਜ਼ਰੂਰਤਮੰਦ ਲੋਕਾਂ ਨੂੰ ਮੋਦੀ ਕਾਰਡ ਬਣਾ ਕੇ ਦਿੱਤੇ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਵਿਧਾਨ ਸਭਾ ਹਲਕਾ ਦੀਨਾਨਗਰ ਦੇ ਸ਼ਹਿਰੀ ਮੰਡਲ ਦੀਨਾਨਗਰ ਦੇ ਮੌਤਰਾ ਡੇਰੀ ਅਵਾਂਖੀ ਗੇਟ ਵਿੱਚ ਜ਼ਿਲ੍ਹਾ ਸਹਿ ਸੰਯੋਜਕ ਵਿਨੈ ਚੌਧਰੀ ਅਤੇ ਮੰਡਲ ਪ੍ਰਧਾਨ ਰਾਕੇਸ਼ ਮਹਾਜਨ ਦੀ ਨਿਗਰਾਨੀ ਹੇਠ ਕੈਂਪ ਲਗਾਇਆ ਗਿਆ ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਸ਼ਿਵਵੀਰ ਸਿੰਘ ਰਾਜਨ ਨੇ ਸ਼ਿਰਕਤ ਕੀਤੀ ਅਤੇ ਸਥਾਨਕ ਜ਼ਰੂਰਤਮੰਦ ਲੋਕਾਂ ਨੂੰ ਮੋਦੀ ਸਰਕਾਰ ਦੁਆਰਾ ਚਲਾਈਆਂ ਜਾਂ ਰਹੀਆਂ ਵੱਖ-ਵੱਖ ਯੋਜਨਾਵਾਂ ਨਾਲ ਸੰਬੰਧਤ ਮੋਦੀ ਕਾਰਡ ਬਣਾ ਕੇ ਲੋਕਾਂ ਨੂੰ ਦਿੱਤੇ ਗਏ।ਇਸ ਮੌਕੇ ਪਿੰਸੀਪਲ ਰੇਣੂ ਕਸ਼ਯਪ, ਜ਼ਿਲਾ ਮੀਤ ਪ੍ਰਧਾਨ ਰਾਜੇਸ਼ ਸ਼ਰਮਾ, ਪਵਨ, ਬਿਕਰਮਜੀਤ ਸਿੰਘ, ਭਾਰਤ ਭੂਸ਼ਣ, ਰਿੰਪਾ, ਅਰੁਣ ਖਜੂਰੀਆ, ਚਰਨਜੀਤ ਖਜੂਰੀਆ, ਅੰਕੁਰ ਨਈਅਰ, ਮਨੂੰ ਸ਼ਰਮਾ, ਅਜੇ ਧਵਨ, ਸੁਧਾਂਸ਼ੂ ਸ਼ਰਮਾ, ਵਰੁਣ ਸ਼ਰਮਾ, ਕਰਣ ਕਾਂਸਰਾ, ਰਮਨ ਠਾਕੁਰ, ਅੰਤਰਿਕਸ਼ ਚੌਧਰੀ, ਯੁਵਾ ਮੋਰਚਾ, ਐੱਸੀਸੀ ਮੋਰਚਾ ਅਤੇ ਸ਼ਕਤੀ ਕੇਂਦਰ ਇੰਚਾਰਜ ਅਤੇ ਹੋਰ ਸਾਥੀ ਹਾਜ਼ਰ ਸਨ।




## ਸੇਖਵਾਂ ਪੁਲਸ ਵੱਲੋਂ ਨਸ਼ੀਲੀਆਂ ਗੋਲੀਆਂ ਸਮੇਤ ਨੌਜਵਾਨ ਗ੍ਰਿਫਤਾਰ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸੇਖਵਾਂ ਪੁਲਸ ਵੱਲੋਂ 73 ਨਸ਼ੀਲੀਆਂ ਗੋਲੀਆਂ ਸਮੇਤ ਇੱਕ ਨੌਜਵਾਨ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸੇਖਵਾਂ ਦੇ ਐੱਸਐੱਚਓ ਹਰਜਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਜ਼ਿਲਾ ਬਟਾਲਾ ਦੇ ਐੱਸਐੱਸਪੀ ਸੁਹੇਲ ਕਾਸਿਮ ਮੀਰ ਵੱਲੋਂ ਵਿੱਢੀ ਮੁਹਿੰਮ ਦੇ ਚਲਦਿਆਂ ਪੁਲਸ ਪਾਰਟੀ ਵੱਲੋਂ ਗਸਤ ਕੀਤੀ ਜਾ ਰਹੀ ਸੀ ਜਿਸ ਦੇ ਸਬੰਧ ਵਿੱਚ ਪੁਲਸ ਪਾਰਟੀ ਏਐੱਸਆਈ ਦੀਦਾਰ ਸਿੰਘ ਆਪਣੀ ਟੀਮ ਦੇ ਨਾਲ ਗਸ਼ਤ ਕਰ ਰਹੇ ਸਨ। ਪਿੰਡ ਕਲੇਰ ਖੁਰਦ ਤੋਂ ਪਿੰਡ ਕਲੇਰ ਕਲਾਂ ਦੇ ਨਜ਼ਦੀਕ ਇੱਕ ਮੋਨਾ ਵਿਅਕਤੀ ਪੈਦਲ ਆਉਂਦਾ ਦਿਖਾਈ ਦਿੱਤਾ। ਪੁਲਸ ਪਾਰਟੀ ਨੂੰ ਆਉਂਦੇ ਦੇਖ ਕੇ ਘਬਰਾ ਕੇ ਯਕਦਮ ਪਿੱਛੇ ਨੂੰ ਮੁੜਨ ਲੱਗਾ। ਏਐੱਸਆਈ ਨੇ ਆਪਣੇ ਸਾਥੀਆਂ ਦੀ ਮਦਦ ਨਾਲ ਉਕਤ ਨੌਜਵਾਨ ਨੂੰ ਕਾਬੂ ਕੀਤਾ ਅਤੇ ਉਸ ਕੋਲੋਂ 73 ਨਸ਼ੀਲੀਆਂ ਗੋਲੀਆਂ ਰੰਗ ਚਿੱਟਾ ਬਿਨਾਂ ਲੇਬਲ ਬਰਾਮਦ ਕੀਤੀਆਂ। ਫੜੇ ਗਏ ਨੌਜਵਾਨ ਦੀ ਪਹਿਚਾਣ ਧੀਰਾ ਪੁੱਤਰ ਰੱਖਾ ਰਾਮ ਵਾਸੀ ਸੁਚੈਨੀਆਂ ਥਾਣਾ ਘੁੰਮਣ ਕਲਾਂ ਵਜੋਂ ਹੋਈ। ਫੜੇ ਗਏ ਨੌਜਵਾਨ ਦੇ ਖਿਲਾਫ ਥਾਣਾ ਸੇਖਵਾਂ ਦੇ ਅੰਦਰ ਮੁਕੱਦਮਾ ਨੰਬਰ 100 ਜੁਰਮ 22-61-85 ਐੱਨਡੀਪੀਐੱਸ ਐਕਟ ਦੇ ਤਹਿਤ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।


ਥਾਣਾ ਸੇਖਵਾਂ ਦੇ ਐੱਸਐੱਚਓ ਹਰਜਿੰਦਰ ਸਿੰਘ ਜਾਣਕਾਰੀ ਦਿੰਦੇ ਹੋਏ

# ਸੰਯੁਕਤ ਕਿਸਾਨ ਮੋਰਚੇ ਵੱਲੋਂ ਸੈਂਕੜੇ ਟਰੈਕਟਰਾਂ ਦੇ ਕਾਫਲੇ ਨਾਲ ਰੋਸ ਮਾਰਚ

ਪਠਾਨਕੋਟ (ਦਵਿੰਦਰ ਸਿੰਘ)-ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ ਤੇ ਪਠਾਨਕੋਟ ਵਿਖੇ ਝੰਡਾ ਮਾਰਚ ਕੀਤਾ ਗਿਆ, ਜਿਸ ਦੀ ਅਗਵਾਈ ਜਮਹੂਰੀ ਕਿਸਾਨ ਸਭਾ ਵੱਲੋਂ ਬਲਦੇਵ ਰਾਜ, ਬਲਵੰਤ ਘੋਹ, ਭਾਰਤੀ ਕਿਸਾਨ ਯੂਨੀਅਨ ਵੱਲੋਂ ਕੇਵਲ ਸਿੰਘ ਕੰਗ, ਤੇ ਜੋਗਾ ਸਿੰਘ ਮਿਆਣੀ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਕੇਵਲ ਕਾਲੀਆ ਤੇ ਪਰਸ਼ੋਤਮ ਕੁਮਾਰ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਰਜਿੰਦਰ ਸਿੰਘ ਬਾਜਵਾ, ਕੁੱਲ ਹਿੰਦ ਕਿਸਾਨ ਸਭਾ ਵੱਲੋ ਅਮਰੀਕ ਸਿੰਘ ਤੇ ਇਕਬਾਲ ਸਿੰਘ, ਕਿਰਤੀ ਕਿਸਾਨ ਯੂਨੀਅਨ ਵੱਲੋਂ ਕਾ ਮੁਖਤਾਰ ਸਿੰਘ ਨੇ ਕੀਤੀ ਜਿਸ ਵਿਚ ਲੈਂਡ ਪੁਲਿੰਗ ਨੀਤੀ ਤੋਂ ਪ੍ਰਭਾਵਤ 11 ਪਿੰਡਾਂ ਨੇ ਸ਼ਮੂਲੀਅਤ ਕੀਤੀ। ਸਾਰੇ ਪਿੰਡਾਂ ਦੀਆਂ ਪੰਚਾਇਤਾਂ ਵੱਡੀ ਗਿਣਤੀ ਵਿੱਚ ਇਸ ਟ੍ਰੈਕਟਰ ਮਾਰਚ ਵਿੱਚ ਸ਼ਾਮਲ ਹੋਈਆ। ਇਸ ਮਾਰਚ ਵਿੱਚ ਆੜ੍ਹਤੀ ਯੂਨੀਅਨ ਦੇ ਸੂਬਾਈ ਜਨਰਲ ਸਕੱਤਰ ਗੁਰਨਾਮ ਸਿੰਘ ਛੀਨਾ ਸਥੀਆਂ ਸਮੇਤ ਹਾਜ਼ਰ ਹੋਏ। ਇਹ ਮਾਰਚ ਬਾਠ ਸਾਹਿਬ ਤੋਂ ਸ਼ੁਰੂ ਹੋ ਕੇ ਮਲਕਪੁਰ, ਇਸਲਾਮਪੁਰ, ਸੁਜਾਨਪੁਰ ਤੋਂ ਹੁੰਦਾ ਹੋਇਆ ਪ੍ਰਭਾਵਤ ਪਿੰਡਾਂ ਕੋਲੋਂ ਲੰਘਦਾ ਹੋਇਆ ਡਿਫੈਂਸ ਰੋਡ ਰਾਹੀਂ ਮੈਰਾ, ਝੰਜੇਲੀ ਪੰਗੋਲੀ ਚੌਕ ਮੁਮਨ ਮੇਨ ਬਜ਼ਾਰ ਹੁੰਦਾ ਹੋਇਆ ਡੀ ਸੀ ਦਫਤਰ ਸਾਹਮਣੇ ਆਗੂਆਂ ਦੇ ਧੰਨਵਾਦ ਤੋਂ ਬਾਅਦ ਸਮਾਪਤ ਹੋਇਆ। ਇਸ ਦੌਰਾਨ ਜਰਨੈਲ ਸਿੰਘ, ਸੋਨੀ, ਅਤਰ ਸਿੰਘ, ਬੂਟਾ ਸਿੰਘ, ਤੇ ਹੋਰ ਪਿੰਡਾਂ ਦੇ ਮੋਹਤਬਰ ਲੀਡਰਾਂ ਨੇ ਸੰਬੋਧਨ ਕੀਤਾ।



## ਦੀਨਾਨਗਰ ਤੋਂ ਪੁਰਾਣਾ ਸ਼ਾਲਾ ਵਾਇਆ ਪੰਡੋਰੀ ਨੂੰ ਜਾਣ ਵਾਲੀ ਬੱਸ ਬੰਦ ਹੋਣ ਕਾਰਨ ਇਲਾਕਾ ਵਾਸੀ ਪ੍ਰੇਸ਼ਾਨ

ਗੁਰਦਾਸਪੁਰ (ਜਨਕ ਮਹਾਜਨ)-ਕਸਬਾ ਦੀਨਾਨਗਰ ਤੋਂ ਪੁਰਾਣਾ ਸ਼ਾਲਾ ਵਾਇਆ ਪੰਡੋਰੀ ਨੂੰ ਜਾਣ ਵਾਲੀ ਬੱਸ ਬੰਦ ਹੋਣ ਕਾਰਨ ਇਲਾਕਾ ਵਾਸੀਆਂ ਵਿਚ ਪੰਜਾਬ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ ।

ਇਲਾਕੇ ਦੇ ਕਝ ਲੋਕਾਂ ਨੇ ਦੱਸਿਆ ਕਿ ਕੁਝ ਸਾਲ ਪਹਿਲਾਂ ਇਸ ਇਲਾਕੇ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਦੀਨਾ ਨਗਰ ਤੋਂ ਪੁਰਾਣਾ ਸ਼ਾਲਾ ਵਾਇਆ ਕਲੀਚਪੁਰ, ਪੰਡੋਰੀ ਮਹੰਤਾ, ਨਡਾਲਾ, ਛੀਨਾ ਬੇਟ, ਰਸੂਲਪੁਰ ਆਦਿ ਪਿੰਡਾਂ ਦੇ ਲੋਕਾਂ ਦੀ ਸਹੂਲਤ ਵਾਸਤੇ ਪੰਜਾਬ ਰੋਡਵੇਜ਼ ਦੀ ਬੱਸ ਸਵੇਰ ਸ਼ਾਮ ਚਲਾਈ ਜਾਂਦੀ ਸੀ ਜਿਸ ਨਾਲ ਕਾਰੋਬਾਰੀ, ਦਿਹਾੜੀਦਾਰ, ਸਕੂਲੀ ਬੱਚਿਆਂ ਤੋਂ ਇਲਾਵਾ ਕਈ ਲੋਕਾਂ ਨੂੰ ਇਸ ਦਾ ਫਾਇਦਾ ਮਿਲਦਾ ਸੀ ਪਰ ਹੁਣ ਕੁਝ ਸਮੇਂ ਤੋਂ ਇਹ ਬਸ ਬੰਦ ਹੋਣ ਨਾਲ ਇਲਾਕਾ ਵਾਸੀਆਂ ਨੂੰ ਕਾਫੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ।

ਲੋਕਾਂ ਨੇ ਦੱਸਿਆ ਕਿ ਇਕ ਪਾਸੇ ਪੰਜਾਬ ਸਰਕਾਰ ਵਲੋਂ ਲੋਕਾਂ ਨੂੰ ਵਧੀਆ ਸਹੂਲਤਾਂ ਪ੍ਰਦਾਨ ਕਰਨ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ ਉਥੇ ਹੀ ਦੀਨਾਨਗਰ ਤੋਂ ਪੁਰਾਣਾ ਸ਼ਾਲਾ ਵਾਇਆ ਪੰਡੋਰੀ ਨੂੰ ਜਾਣ ਵਾਲੀ ਬੱਸ ਬੰਦ ਕਰਕੇ ਲੋਕਾਂ ਨੂੰ ਮਿਲ ਰਹੀ ਸਹੂਲਤ ਤੋਂ ਵਾਂਝਾ ਕਰ ਦਿੱਤਾ ਗਿਆ ਹੈ ।ਲੋਕਾਂ ਨੇ ਦੱਸਿਆ ਕਿ ਰੋਡਵੇਜ਼ ਡਿਪੂ ਪਠਾਨਕੋਟ ਤੇ ਜਨਰਲ ਮੈਨੇਜਰ ਨੂੰ ਇਸ ਪਾਸੇ ਧਿਆਨ ਦੇ ਕੇ ਇਸ ਰੂਟ ਤੇ ਬੱਸ ਦੁਬਾਰਾ ਚਾਲੂ ਕਰਵਾਣੀ ਚਾਹੀਦੀ ਹੈ।

# ਡੀ ਸੀ ਵੱਲੋਂ ਸਿਵਲ ਹਸਪਤਾਲ 'ਚ ਅਚਨਚੇਤ ਚੈਕਿੰਗ; ਆਕਸੀਜਨ ਪਲਾਂਟ ਦਾ ਕੀਤਾ ਨਿਰੀਖਣ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਸਿਵਲ ਹਸਪਤਾਲ ਅੰਮ੍ਰਿਤਸਰ ਦਾ ਅਚਾਨਕ ਦੌਰਾ ਕੀਤਾ ਤੇ ਐਮਰਜੈਂਸੀ ਵਾਰਡ ਦੀ ਚੈਕਿੰਗ ਕਰਦਿਆਂ ਮਰੀਜ਼ਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਉਥੇ ਚੱਲ ਰਹੇ ਆਕਸੀਜਨ ਪਲਾਂਟ ਦਾ ਨਰੀਖਣ ਕਰਦੇ ਹੋਏ ਸਬੰਧਤ ਡਾਕਟਰਾਂ ਨੂੰ ਹਦਾਇਤ ਕੀਤੀ ਕਿ ਉਹ ਸਮੇਂ ਸਮੇਂ ਸਿਰ ਆਕਸੀਜਨ ਪਲਾਂਟ ਦੀ ਜਾਂਚ ਕਰਵਾਉਣ ਤਾਂ ਜੋ ਕਿਸੇ ਕਿਸਮ ਦੀ ਕੋਈ ਮੁਸ਼ਕਲ ਪੇਸ਼ ਨਾ ਆਵੇ।ਡਿਪਟੀ ਕਮਿਸ਼ਨਰ ਨੇ ਹਸਪਤਾਲ ਦੇ ਸਟਾਫ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਇਥੇ ਇਲਾਜ ਕਰਵਾਉਣ ਆਏ ਹੋਏ ਮਰੀਜ਼ਾਂ ਨਾਲ ਹਲੀਮੀ ਨਾਲ ਪੇਸ਼ ਆਇਆ ਜਾਵੇ। ਉਨ੍ਹਾਂ ਸਿਵਲ ਹਸਪਤਾਲ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਸਮੇਂ ਸਿਰ ਪੂਰੇ ਕਰਨ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਸਿਵਲ ਹਸਪਤਾਲ ਤੇ ਗੁਰੂ ਨਾਨਕ ਦੇਵ ਹਸਪਤਾਲ ਦੇ ਡਾਕਟਰਾਂ ਨਾਲ ਮੀਟਿੰਗ ਕਰਦੇ ਹੋਏ ਕਿਹਾ ਕਿ ਜਦੋ ਵੀ ਸਿਵਲ ਹਸਪਤਾਲ ਤੋਂ ਕਿਸੇ ਮਰੀਜ਼ ਨੂੰ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਰੈਫਰ ਕੀਤਾ ਜਾਂਦਾ ਹੈ ਤਾਂ ਸਬੰਧਤ ਡਾਕਟਰ ਵੱਲੋਂ ਪਹਿਲਾਂ ਗੁਰੂ ਨਾਨਕ ਦੇਵ ਹਸਪਤਾਲ ਨਾਲ ਤਾਲਮੇਲ ਕੀਤਾ ਜਾਵੇ ਅਤੇ ਰੈਫਰ ਕੀਤੇ ਜਾਣ ਵਾਲੇ ਮਰੀਜ਼ ਨੂੰ ਐਂਬੂਲੈਂਸ ਰਾਹੀਂ ਹੀ ਸ਼ਿਫਟ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਦੋਵਾਂ ਹਸਪਤਾਲਾਂ ਦੇ ਮੈਡਕੀਲ ਯੂਨਿਟਾਂ ਦੇ ਡਾਕਟਰਾਂ ਦਾ ਆਪਸੀ ਤਾਲਮੇਲ ਹੋਣਾ ਬਹੁਤ ਜ਼ਰੂਰੀ ਹੈ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ: ਰਜਿੰਦਰ ਪਾਲ ਕੌਰ ਅਤੇ ਮੈਡੀਕਲ ਸਪਰਡੰਟ ਡਾ: ਕਰਮਜੀਤ ਸਿੰਘ ਵੀ ਹਾਜ਼ਰ ਸਨ।




## ਬੱਸ ਸਟੈਂਡ ਨੇੜੇ ਬਣੇ ਅੰਡਰ ਬ੍ਰਿਜ ਹੇਠ 5-5 ਫੁੱਟ ਖੜ੍ਹਾ ਪਾਣੀ; ਆਵਾਜਾਈ ਹੋਈ ਠੱਪ

**ਗੁਰਦਾਸਪੁਰ (ਜਨਕ ਮਹਾਜਨ)**-ਗੁਰਦਾਸਪੁਰ-ਮੁਕੇਰੀਆਂ ਰੋਡ 'ਤੇ ਸਥਿਤ ਨਵੇਂ ਬੱਸ ਸਟੈਂਡ ਨੇੜੇ ਕਰੋੜਾਂ ਦੀ ਲਾਗਤ ਨਾਲ ਬਣੇ ਰੇਲਵੇ ਅੰਡਰ ਬ੍ਰਿਜ ਹੇਠਾਂ 5-5 ਫੁੱਟ ਮੀਂਹ ਦਾ ਪਾਣੀ ਖੜ੍ਹਾ ਹੋਣ ਕਾਰਨ ਇਹ ਅੰਡਰ ਬ੍ਰਿਜ ਫੇਲ੍ਹ ਸਾਬਤ ਹੋਇਆ ਹੈ। ਅੰਡਰ ਬ੍ਰਿਜ ਹੇਠਾਂ ਪਾਣੀ ਖੜ੍ਹਾ ਹੋਣ ਕਾਰਨ ਬੀਤੇ ਦਿਨ ਆਵਾਜਾਈ ਬੰਦ ਰਹੀ ਅਤੇ ਲੋਕਾਂ ਨੂੰ ਨਵੇਂ ਬੱਸ ਅੱਡੇ ਤੱਕ ਅਤੇ ਮੁਕੇਰੀਆਂ ਰੋਡ 'ਤੇ ਜਾਣ ਲਈ ਵਾਇਆ ਪੰਡੋਰੀ ਰੋਡ ਰਾਹੀਂ ਲੰਬਾ ਰਸਤਾ ਤਹਿ ਕਰਕੇ ਜਾਣਾ ਪਿਆ।

ਅੰਡਰ ਬ੍ਰਿਜ ਹੇਠਾਂ ਲੰਘ ਰਹੀਆਂ ਕਈ ਸਕੂਲੀ ਬੱਸਾਂ ਫਸ ਗਈਆਂ ਜਿਨ੍ਹਾਂ ਨੂੰ ਬੜੀ ਮੁਸ਼ਕਿਲ ਨਾਲ ਟੋਚਨ ਕਰਕੇ ਬਾਹਰ ਕੱਢਿਆ ਗਿਆ। ਵਰਨਣਯੋਗ ਹੈ ਕਿ ਤਿੱਬੜੀ ਰੋਡ ਸਥਿਤ ਇਹ ਰੇਲਵੇ ਅੰਡਰ ਬ੍ਰਿਜ ਸ਼ਹਿਰ ਵਾਸੀਆਂ ਦੀ ਟਰੈਫਿਕ ਸਮੱਸਿਆ ਅਤੇ ਰੇਲਵੇ ਫਾਟਕ 'ਤੇ ਲੰਬਾ ਸਮਾਂ ਖੜ੍ਹੇ ਰਹਿਣ ਦੀ ਮੁਸ਼ਕਿਲ ਨੂੰ ਮੁੱਖ ਰੱਖਦੇ ਹੋਏ ਕਰੋੜਾਂ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਸੀ। ਇਸ ਰੇਲਵੇ ਰੇਲਵੇ ਅੰਡਰ ਬ੍ਰਿਜ ਹੇਠਾਂ ਪਾਣੀ ਦੀ ਸਹੀ ਨਿਕਾਸੀ ਨਾ ਹੋਣ ਕਾਰਨ ਇਸ ਵਿੱਚ ਅਕਸਰ ਹੀ ਵਰਖਾ ਦਾ ਪਾਣੀ ਖੜ੍ਹਾ ਹੋ ਜਾਂਦਾ ਹੈ। ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਰੇਲਵੇ ਅੰਡਰ ਬ੍ਰਿਜ ਥੱਲੇ ਖੜ੍ਹਦੇ ਪਾਣੀ ਦੀ ਨਿਕਾਸੀ ਦਾ ਕੋਈ ਪੱਕਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਆਉਣ ਜਾਣ ਵਾਲੇ ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਿਲ ਪੇਸ਼ ਨਾ ਆਵੇ।



## ਪਨੂੰ ਵੱਲੋਂ ਕੇਜਰੀਵਾਲ ਨਾਲ ਮੁਲਾਕਾਤ; ਹਲਕੇ ਦੇ ਚਹੁੰਪੱਖੀ ਵਿਕਾਸ ਬਾਰੇ ਕੀਤਾ ਵਿਚਾਰ-ਵਟਾਂਦਰਾ

ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)- ਆਪ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕਰਨ ਉਪਰੰਤ ਹਲਕਾ ਇੰਚਾਰਜ ਬਲਬੀਰ ਸਿੰਘ ਪਨੂੰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਅਰਵਿੰਦ ਕੇਜਰੀਵਾਲ ਨਾਲ ਹਲਕਾ ਫ਼ਤਹਿਗੜ੍ਹ ਚੂੜੀਆਂ ਨੂੰ ਵਿਕਾਸ ਦੇ ਸਿਖਰਾਂ 'ਤੇ ਲਿਜਾਣ ਅਤੇ ਵਿਕਾਸ ਕਾਰਜਾਂ ਸਬੰਧੀ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਮਿਲਿਆ ਅਤੇ ਉਨਾਂ ਵੱਲੋਂ ਮੇਰੀ ਹੌਸਲਾ ਅਫਜ਼ਾਈ ਕੀਤੀ ਕਿ ਆਪਣੇ ਹਲਕੇ ਵਿੱਚ ਵੱਧ ਤੋਂ ਵੱਧ ਮਿਹਨਤ ਕਰੋ ਤਾਂ ਜੋ 2027 ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਪੱਕੀ ਹੋ ਸਕੇ।ਬਲਬੀਰ ਸਿੰਘ ਪਨੂੰ ਨੇ ਅੱਗੇ ਗੱਲ ਕਰਦਿਆਂ ਕਿਹਾ ਕਿ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸੂਬੇ ਦੇ ਲੋਕਾਂ ਦੇ ਸਰਬਪੱਖੀ ਵਿਕਾਸ ਅਤੇ ਪੰਜਾਬ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣ ਲਈ ਲਗਾਤਾਰ ਯਤਨਸ਼ੀਲ ਹਨ ਅਤੇ ਲੋਕਹਿੱਤ ਵਿੱਚ ਵੱਡੇ ਫੈਸਲੇ ਲਏ ਗਏ ਹਨ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਆਪਣੇ ਮਹਿਜ਼ ਤਿੰਨ ਸਾਲਾਂ ਦੇ ਕਾਰਜਕਾਲ ਅੰਦਰ ਲੋਕਪੱਖੀ ਫੈਸਲੇ ਕਰਦਿਆਂ ਸੂਬਾ ਵਾਸੀਆਂ ਨੂੰ 600 ਯੂਨਿਟ ਬਿਜਲੀ ਮੁਫ਼ਤ ਮੁਹੱਈਆ ਕਰਵਾਈ ਗਈ ਹੈ। ਲੋਕਾਂ ਦੀ ਸਿਹਤ ਸਹੂਲਤਾਂ ਨੂੰ ਮੁੱਖ ਰੱਖਦਿਆਂ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਅਤੇ ਹਰ ਪਰਿਵਾਰ ਦਾ 10 ਲੱਖ ਰੁਪਏ ਦਾ ਸਿਹਤ ਬੀਮਾ ਕੀਤਾ ਗਿਆ ਹੈ, ਜਿਸ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ।

ਵਿਦਿਆਰਥੀਆਂ ਨੂੰ ਸਕੂਲ ਅੰਦਰ ਪੜ੍ਹਨ ਦਾ ਸੁਖਾਵਾਂ ਮਾਹੌਲ ਪ੍ਰਦਾਨ ਕਰਦਿਆਂ ਸਕੂਲਾਂ ਅੰਦਰ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਗਿਆ ਹੈ। ਸਕੂਲ ਆਫ ਐਮੀਨੈਂਸ ਖੋਲ੍ਹੇ ਗਏ ਹਨ।ਉਨ੍ਹਾਂ ਦੁਹਰਾਇਆ ਕਿ ਪੰਜਾਬ ਸਰਕਾਰ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਦ੍ਰਿੜ ਸੰਕਲਪ ਹੈ ਅਤੇ ਨੌਜਵਾਨਾਂ ਨੂੰ ਸਮਾਜਿਕ ਬੁਰਾਈਆਂ ਤੋਂ ਮੋੜ ਕੇ ਖੇਡ ਸੱਭਿਆਚਾਰ ਨਾਲ ਜੋੜਿਆ ਜਾ ਰਿਹਾ ਹੈ।



## ਪੰਜਾਬ ਸਰਕਾਰ ਆੜ੍ਹਤੀਆਂ, ਕਿਸਾਨਾਂ ਤੇ ਮਜ਼ਦੂਰਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ: ਸ਼ੈਰੀ ਕਲਸੀ

ਬਟਾਲਾ, (ਡਾ. ਮਲਵਿੰਦਰ ਸਿੰਘ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਸਬਜ਼ੀ ਮੰਡੀ ਬਟਾਲਾ ਦਾ ਦੌਰਾ ਕੀਤਾ ਤੇ ਆੜ੍ਹਤੀਆਂ ਅਤੇ ਸਬਜ਼ੀ ਵਿਕਰੇਤਾਵਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਿਲ ਸੁਣਕੇ ਹੱਲ ਕੀਤੀਆਂ।ਇਸ ਮੌਕੇ ਮਾਨਿਕ ਮਹਿਤਾ ਚੇਅਰਮੈਨ ਮਾਰਕਿਟ ਕਮੇਟੀ ਬਟਾਲਾ ਸਮੇਤ ਆੜ੍ਹਤੀ ਆਦਿ ਵੀ ਮੌਜੂਦ ਸਨ।ਇਸ ਮੌਕੇ ਉਨ੍ਹਾਂ ਵਲੋਂ ਵਿਜੇ ਫੌਜੀ ਨੂੰ ਸਬਜ਼ੀ ਮੰਡੀ ਦਾ ਵਾਈਸ ਪ੍ਰਧਾਨ ਥਾਪਿਆ ਗਿਆ ਅਤੇ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ।ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆੜ੍ਹਤੀਆਂ, ਕਿਸਾਨਾਂ ਅਤੇ ਮਜ਼ਦੂਰਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਇਨ੍ਹਾਂ ਨੂੰ ਮੁੱਢਲੀਆਂ ਸਹੂਲਤਾਂ ਦੇਣ ਲਈ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ।ਹਲਕਾ ਬਟਾਲਾ ਦੇ ਸਰਬਪੱਖੀ ਵਿਕਾਸ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਹਲਕੇ ਨੂੰ ਵਿਕਾਸ ਪੱਖੋਂ ਸੂਬੇ ਦਾ ਨਮੂਨੇ ਦਾ ਹਲਕਾ ਬਣਾਇਆ ਜਾਵੇਗਾ ਤੇ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਦੇ ਸੁੰਦਰੀਕਰਨ ਤੇ ਵਿਕਾਸ ਕੰਮ ਤੇਜ਼ਗਤੀ ਨਾਲ ਕਰਵਾਏ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਦੀ ਮੁਸ਼ਕਿਲਾਂ ਪਹਿਲ ਦੇ ਆਧਾਰ ਤੇ ਹੱਲ ਕਰਨੀਆਂ ਤੇ ਲੋਕ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੇ ਪਾਰਦਰਸ਼ੀ ਤੇ ਨਿਰਪੱਖਤਾ ਨਾਲ ਪਹੁੰਚਾਉਣਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ।



# ਵਿਦਿਆਰਥੀਆਂ ਨੂੰ ਬੈਡ ਟੱਚ ਅਤੇ ਗੁੱਡ ਟੱਚ ਬਾਰੇ ਦਿੱਤੀ ਜਾਣਕਾਰੀ

ਪਠਾਨਕੋਟ (ਦਵਿੰਦਰ ਸਿੰਘ)-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਵੱਲੋਂ ਸੀਜੇਐੱਮ ਕਮ ਸਕੱਤਰ ਰੁਪਿੰਦਰ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਐਂਜਲਸ ਕਾਲਜ ਆਫ਼ ਐਜੂਕੇਸ਼ਨ ਪਠਾਨਕੋਟ ਵਿਖੇ ਲੀਗਲ ਲਿਟਰੇਸੀ ਤੇ ਇੱਕ ਸੈਮੀਨਾਰ ਦਾ ਆਯੋਜਨ ਪ੍ਰਿੰਸੀਪਲ ਡਾਕਟਰ ਧਰਮਿੰਦਰ ਪ੍ਰਸ਼ਾਦ ਦੀ ਅਗਵਾਈ ਵਿੱਚ ਕੀਤਾ ਗਿਆ, ਜਿਸ ਵਿੱਚ ਪੈਨਲ ਐਡਵੋਕੇਟ ਮਮਤਾ ਸਮਖਾੜੀਆ, ਐਡਵੋਕੇਟ ਤਨੀਸ਼ ਪਾਲ ਸਿੰਘ, ਪੀਐੱਲਵੀ ਵਿਨੋਦ ਕੁਮਾਰ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।

ਇਸ ਮੌਕੇ ਬੁਲਾਰਿਆਂ ਵੱਲੋਂ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਪੋਕਸੋ ਐਕਟ ਕੀ ਹੁੰਦਾ ਹੈ ਅਤੇ ਬੈਡ ਟੱਚ ਅਤੇ ਗੁੱਡ ਟੱਚ ਦੀ ਜਾਣਕਾਰੀ ਦਿੱਤੀ ਗਈ। ਬੁਲਾਰਿਆਂ ਵੱਲੋਂ ਸਖੀ ਵਨ ਸਟਾਫ਼ ਵਿੱਚ ਮਿਲਣ ਵਾਲੀਆਂ ਸਹਾਇਤਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।ਉਨ੍ਹਾਂ ਦੱਸਿਆਂ ਕਿ ਕਿਸੇ ਬੱਚੇ ਨਾਲ ਅਗਰ ਕੋਈ ਗਲਤ ਹਰਕਤ ਕਰਦਾ ਹੈ ਤਾਂ ਉਸ ਦੀ ਜਾਣਕਾਰੀ ਪ੍ਰਿੰਸੀਪਲ, ਮਾਤਾ ਪਿਤਾ ਜਾਂ ਟੋਲ ਫਰੀ ਨੰਬਰ 15100 ਤੇ ਵੀ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

ਇਸ ਮੌਕੇ ਬੁਲਾਰਿਆਂ ਵੱਲੋਂ ਘਰੇਲੂ ਹਿੰਸਾ ਅਤੇ ਹੋਰ ਕਾਨੂੰਨੀ ਨੁਕਤਿਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ।ਇਸ ਮੌਕੇ ਵਾਈਸ ਪ੍ਰਿੰ. ਡਾ. ਹਿਮਾਦਰੀ ਗੋਰਲ ਸਿਹਤ ਸਟਾਫ਼ ਮੈਂਬਰ ਆਦਿ ਸ਼ਾਮਿਲ ਸਨ।




## ਪੁਰਾਣਾ ਸ਼ਾਲਾ ਪੁਲਸ ਵੱਲੋਂ ਕੁੱਟਮਾਰ ਕਰਨ ਵਾਲਿਆਂ ਖਿਲਾਫ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਪੁਰਾਣਾ ਸ਼ਾਲਾ ਦੇ ਏਐੱਸਆਈ ਵਿਜੇ ਕੁਮਾਰ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਯੂਸਫ ਵਾਸੀ ਲਮੀਨ ਨੇ ਦੱਸਿਆ ਕਿ 21 ਜੁਲਾਈ ਨੂੰ ਉਹ ਅਤੇ ਉਸ ਦੀ ਪਤਨੀ ਸਮੇਤ ਲੜਕੀ ਸੇਮ ਨਾਲੇ ਕੰਢੇ ਪਸ਼ੂ ਚਰਾ ਰਹੇ ਸੀ ਕਿ ਦੁਪਹਿਰ 1 ਵਜੇ ਦੇ ਕਰੀਬ ਇੱਕ ਚਿੱਟੇ ਰੰਗ ਦੀ ਬਲੈਰੋ ਗੱਡੀ 'ਤੇ ਸਵਾਰ ਹੋ ਕੇ ਸੱਤ ਵਿਅਕਤੀ ਜੋ ਅਣਪਛਾਤੇ ਸਨ ਆਏ ਅਤੇ ਸਾਡੀ ਕੁੱਟਮਾਰ ਕੀਤੀ। ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀ ਜਾਂਦੇ ਸਮੇਂ ਉਨ੍ਹਾਂ ਦੀ ਲੜਕੀ ਨੂੰ ਧੱਕੇ ਨਾਲ ਆਪਣੇ ਨਾਲ ਲੈ ਗਏ। ਪੁਰਾਣਾ ਸ਼ਾਲਾ ਪੁਲਸ ਨੇ ਕਥਿਤ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਜ਼ੋਨਲ ਖੇਡਾਂ 'ਚ ਸੇਂਟ ਸੋਲਜਰ ਸਕੂਲ ਪੂਰੇ ਬਲਾਕ 'ਚੋਂ 62 ਮੈਡਲ ਜਿੱਤ ਕੇ ਮੋਹਰੀ ਰਿਹਾ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ):ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜ਼ੋਨਲ ਖੇਡਾਂ 21 ਜੁਲਾਈ ਤੋਂ 29 ਜੁਲਾਈ ਤੱਕ ਕਰਵਾਈਆਂ ਗਈਆਂ ਜਿਸ ਵਿੱਚ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਲੜਕੀਆਂ ਨੇ ਕਬੱਡੀ ਵਿੱਚ ਅੰਡਰ-14, ਅੰਡਰ-17 ਅਤੇ ਅੰਡਰ-19 ਵਿੱਚ ਸਾਰਿਆਂ ਸਕੂਲਾਂ ਨੂੰ ਹਰਾਉਂਦਿਆਂ ਹੋਇਆਂ ਪਹਿਲਾ ਸਥਾਨ ਹਾਸਲ ਕੀਤਾ।ਵਾਲੀਬਾਲ ਦੇ ਮੁਕਾਬਲਿਆਂ ਵਿੱਚ ਅੰਡਰ -14 ਟੀਮ ਨੇ ਪਹਿਲਾ ਸਥਾਨ ਅਤੇ ਅੰਡਰ -17 ਦੀ ਟੀਮ ਨੇ ਦੂਸਰਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਖੋ-ਖੋ ਲੜਕੀਆਂ ਦੀ ਟੀਮ ਵਿੱਚ ਅੰਡਰ -14 ਵਿਚ ਦੂਸਰਾ ਸਥਾਨ ਅਤੇ ਅੰਡਰ -17 ਵਿੱਚ ਪਹਿਲਾ ਸਥਾਨ ਹਾਸਿਲ ਕੀਤਾ।ਖੋ-ਖੋ ਲੜਕਿਆਂ ਦੇ ਮੁਕਾਬਲੇ ਵਿੱਚ ਅੰਡਰ-14 ਨੇ ਪਹਿਲਾ ਅਤੇ ਅੰਡਰ-17 ਨੇ ਤੀਸਰਾ ਸਥਾਨ ਹਾਸਲ ਕੀਤਾ।ਰੱਸਾਕਸ਼ੀ ਲੜਕੀਆਂ ਦੇ ਮੁਕਾਬਲਿਆਂ ਵਿੱਚ ਅੰਡਰ -14 ਨੇ ਦੂਸਰਾ ਅਤੇ ਅੰਡਰ -19 ਨੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਲੜਕਿਆਂ ਦੇ ਰੱਸਾਕਸ਼ੀ ਮੁਕਾਬਲੇ ਵਿੱਚ ਅੰਡਰ -17 ਨੇ ਦੂਸਰਾ ਅਤੇ ਅੰਡਰ -19 ਨੇ ਪਹਿਲਾ ਸਥਾਨ ਹਾਸਿਲ ਕੀਤਾ।ਗਤਕਾ ਵਿਚ ਲੜਕਿਆਂ ਦੇ ਮੁਕਾਬਲੇ ਵਿੱਚ ਅੰਡਰ -14 ਵਿੱਚ ਚਾਰ ਗੋਲਡ ਅਤੇ ਚਾਰ ਸਿਲਵਰ, ਅੰਡਰ -17 ਵਿੱਚ ਚਾਰ ਸਿਲਵਰ, 4 ਬਰੋਂਜ਼ ਅਤੇ ਅੰਡਰ -19 ਵਿੱਚ ਪੰਜ ਗੋਲਡ, 4 ਸਿਲਵਰ ਮੈਡਲ ਅਤੇ 1 ਬਰੋਂਜ਼ ਮੈਡਲ ਹਾਸਿਲ ਕੀਤਾ। ਗਤਕਾ ਲੜਕੀਆਂ ਦੇ ਮੁਕਾਬਲੇ ਵਿਚ ਅੰਡਰ -14 ਵਿਚ ਪੰਜ ਗੋਲਡ, ਚਾਰ ਸਿਲਵਰ ਅਤੇ ਅੰਡਰ -17 ਵਿੱਚ ਚਾਰ ਸਿਲਵਰ ਅਤੇ ਚਾਰ ਬਰੋਂਜ਼ ਮੈਡਲ ਹਾਸਲ ਕੀਤੇ। ਕਰਾਟੇ ਮੁਕਾਬਲਿਆਂ ਵਿੱਚ ਪੰਜ ਗੋਲਡ, ਅਤੇ ਚਾਰ ਸਿਲਵਰ ਮੈਡਲ ਹਾਸਲ ਕੀਤੇ।ਟੂਰਨਾਮੈਂਟ ਵਿੱਚ ਸੇਂਟ ਸੋਲਜਰ ਸਕੂਲ ਨੇ 25 ਗੋਲਡ, 24 ਸਿਲਵਰ ਅਤੇ 13 ਬਰੋਂਜ਼ ਕੁੱਲ 62 ਮੈਡਲ ਜਿੱਤ ਕੇ ਪੂਰੇ ਬਲਾਕ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ।ਇਸ ਮੌਕੇ ਮੈਨੇਜਿੰਗ ਡਾਇਰੈਕਟਰ ਡਾ: ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੇ ਸਾਰੇ ਜੇਤੂ ਖਿਡਾਰੀਆਂ ਦਾ ਸ਼ਾਨਦਾਰ ਸਵਾਗਤ ਕੀਤਾ। ਉਹਨਾਂ ਨੂੰ ਸ਼ਾਬਾਸ਼ੀ ਅਤੇ ਵਧਾਈ ਦਿੱਤੀ।ਕੋਚ ਫਤਿਹ ਸਿੰਘ, ਜਤਿੰਦਰ ਸਿੰਘ, ਮਨਪ੍ਰੀਤ ਕੌਰ, ਨੀਲਮ ਕੌਰ, ਰਾਜਵੀਰ ਕੌਰ, ਯਾਦਵਿੰਦਰ ਸਿੰਘ, ਰੁਪਿੰਦਰ ਕੌਰ, ਧਰਮ ਸਿੰਘ, ਸੁਖਦੇਵ ਕੁਮਾਰ, ਨਵਦੀਪ ਸਿੰਘ ਦੀ ਮਿਹਨਤ ਦੀ ਖੂਬ ਸ਼ਲਾਘਾ ਕੀਤੀ।



# ਭਰਾਤਰੀ ਜਥੇਬੰਦੀਆਂ ਨਾਲ ਮਿਲ ਕੇ ਜੀਟੀਯੂ ਵੱਲੋਂ ਜ਼ਿਲ੍ਹਾ ਪੱਧਰੀ ਰੋਸ ਪ੍ਰਦਰਸ਼ਨ ਭਲਕੇ

ਧਾਰੀਵਾਲ, 30 ਜੁਲਾਈ (ਮਨਦੀਪ ਸਿੰਘ ਵਿੱਕੀ)-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਆਗੂਆਂ ਕੁਲਦੀਪ ਪੂਰੋਵਾਲ, ਦਿਲਦਾਰ ਭੰਡਾਲ, ਅਨਿਲ ਕੁਮਾਰ ਅਤੇ ਸੁਖਵਿੰਦਰ ਸਿੰਘ ਰੰਧਾਵਾ ਨੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮ ਵਰਗ ਦੀ ਅਣਦੇਖੀ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਆਗੂਆਂ ਕਿਹਾ ਕਿ ਪੰਜਾਬ ਦੇ ਮੁਲਾਜ਼ਮਾਂ ਨੂੰ ਵੱਧ ਰਹੀ ਮਹਿੰਗਾਈ ਦੇ ਬਾਵਜੂਦ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਨਹੀਂ ਕੀਤੀਆਂ ਗਈਆਂ, ਪੁਰਾਣੀ ਪੈਨਸ਼ਨ ਬਹਾਲ ਨਹੀਂ ਕੀਤੀ ਗਈ, ਏਸੀਪੀ ਤਰੱਕੀ, ਭੱਤੇ ਬਹਾਲ ਨਹੀਂ ਕੀਤੇ ਗਏ, ਕੱਚੇ ਮੁਲਾਜ਼ਮਾਂ ਨੂੰ ਵੀ ਪੂਰੇ ਗਰੇਡਾਂ ਨਾਲ ਪੱਕੇ ਨਹੀਂ ਕੀਤਾ ਗਿਆ। ਸਿੱਖਿਆ ਵਿਭਾਗ ਵਿੱਚ 2020 ਦੀ ਲੋਕ ਵਿਰੋਧੀ ਸਿੱਖਿਆ ਨੀਤੀ ਰੱਦ ਨਹੀਂ ਕੀਤੀ ਜਾ ਰਹੀ, ਤਰੱਕੀਆਂ ਅਤੇ ਬਦਲੀਆਂ ਵਿੱਚ ਦੇਰੀ ਕੀਤੀ ਜਾ ਰਹੀ ਹੈ, ਗੈਰ-ਵਿਗਿਆਨਕ ਪ੍ਰੋਜੈਕਟ ਚਲਾ ਕੇ ਸਿੱਖਿਆ ਤਬਾਹ ਕੀਤੀ ਜਾ ਰਹੀ ਹੈ। ਆਗੂਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮ ਆਗੂਆਂ ਨੂੰ ਸਮਾਂ ਦੇ ਕੇ ਵਾਰ-ਵਾਰ ਮੀਟਿੰਗਾਂ ਮੁਲਤਵੀ ਕਰਕੇ ਟਾਲਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ। ਪੰਜਾਬ ਸਰਕਾਰ ਦੇ ਇਸ ਰਵੱਈਏ ਵਿਰੁੱਧ ਇੱਕ ਅਗਸਤ ਨੂੰ ਭਰਾਤਰੀ ਜਥੇਬੰਦੀਆਂ ਨਾਲ ਸਾਂਝੇ ਤੌਰ 'ਤੇ ਜ਼ਿਲ੍ਹਾ ਪੱਧਰ ਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਜਲਦੀ ਹੀ ਸਾਂਝਾ ਫਰੰਟ ਵੱਲੋਂ ਸੂਬਾ ਪੱਧਰੀ ਐਕਸ਼ਨ ਕੀਤਾ ਜਾਵੇਗਾ ਜਿਸ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਵੱਡੀ ਗਿਣਤੀ ਵਿੱਚ ਹਿੱਸਾ ਲਵੇਗੀ। ਇਸ ਮੌਕੇ ਗੁਰਪ੍ਰੀਤ ਰੰਗੀਲਪੁਰ, ਲਵਪ੍ਰੀਤ ਰੋੜਾਂਵਾਲੀ, ਅਮਨਦੀਪ ਧਾਰੀਵਾਲ, ਅਮਰਬੀਰ ਸਿੰਘ, ਜੋਤ ਪ੍ਰਕਾਸ਼ ਸਿੰਘ, ਪੁਰਸ਼ੋਤਮ ਲਾਲ, ਬਲਵਿੰਦਰ ਕੁਮਾਰ, ਨਰਿੰਦਰ ਸ਼ਰਮਾ, ਸੁਖਦੇਵ ਸਿੰਘ, ਰਾਮੇਸ ਚੰਦ, ਕਪਿਲ ਸ਼ਰਮਾ, ਸੁਖਵਿੰਦਰ ਬਟਾਲਾ, ਮੰਗਲਦੀਪ, ਹਰਜੀਤ ਸਿੰਘ, ਸੁਭਾਸ਼ ਚੰਦ, ਸਤਿੰਦਰ ਜੀਤ, ਬਲਕਾਰ ਸਿੰਘ ਅਤੇ ਪਵਨ ਕੁਮਾਰ ਆਦਿ ਹਾਜ਼ਰ ਸਨ।



## ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਦੇ ਵਿਦਿਆਰਥੀ ਸਹੋਦਿਆ ਮੁਕਾਬਲਿਆਂ 'ਚ ਅੱਵਲ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਸਕੱਤਰ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਵਿਦਿਆਰਥੀਆਂ ਵੱਲੋਂ ਗੁਰਦਾਸਪੁਰ ਸਹੋਦਿਆ ਸਕੂਲ ਕੰਪਲੈਕਸ ਵੱਲੋਂ ਕਰਵਾਏ ਗਏ ਇੰਟਰ ਸਕੂਲ ਬੁੱਕ ਰਿਵਿਊ ਕੰਪੀਟੀਸ਼ਨ ਵਿੱਚ ਭਾਗ ਲਿਆ ਗਿਆ ਅਤੇ ਵਧੀਆ ਕਾਰਗੁਜ਼ਾਰੀ ਕਰਦੇ ਹੋਏ ਪਹਿਲਾ ਸਥਾਨ ਹਾਸਲ ਕੀਤਾ ਅਤੇ ਇਨਾਮ ਪ੍ਰਾਪਤ ਕੀਤੇ।ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨਾਂ ਦੇ ਸਕੂਲ ਵਿਦਿਆਰਥੀਆਂ ਦੁਆਰਾ ਇੰਟਰ ਸਕੂਲ ਓਰਲ ਬੁੱਕ ਰਿਵਿਊ ਕੰਪਟੀਸ਼ਨ ਗੁਰਦਾਸਪੁਰ ਸਹੋਦਿਆ ਕੰਪਲੈਕਸ ਵਿੱਚ ਭਾਗ ਲਿਆ ਗਿਆ।ਇਹ ਮੁਕਾਬਲੇ ਜੀਆ ਲਾਲ ਮਿੱਤਲ ਸਕੂਲ ਗੁਰਦਾਸਪੁਰ ਵਿਖੇ ਹੋਏ ਜਿਸ ਵਿੱਚ ਇਲਾਕੇ ਦੇ ਨਾਮਵਾਰ ਸੀਬੀਐੱਸਈ ਗੁਰਦਾਸਪੁਰ ਸਹੋਦਿਆ ਦੇ ਮੈਂਬਰ ਸਕੂਲਾਂ ਨੇ ਭਾਗ ਲਿਆ।ਇਸ ਮੁਕਾਬਲੇ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਦੀ ਵਿਦਿਆਰਥਣ ਮੋਨਾਲੀ ਕੁਮਾਰੀ ਸਪੁੱਤਰੀ ਕੁਮਾਰ ਰੰਜਨ ਧਾਰੀਵਾਲ ਦੁਆਰਾ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਇਨਾਮ ਪ੍ਰਾਪਤ ਕੀਤਾ।

ਸਕੂਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਨੇ ਇਸ ਸ਼ਾਨਦਾਰ ਪ੍ਰਾਪਤੀ ਤੇ ਸਕੂਲ ਸਟਾਫ, ਵਿਦਿਆਰਥਣ ਅਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੱਤੀ।



## ਪਿੰਡ ਭੋਮਾ 'ਚ ਨਸ਼ਾ ਤਸਕਰ ਦੀ ਨਾਜਾਇਜ਼ ਉਸਾਰੀ 'ਤੇ ਫਿਰਿਆ ਬੁਲਡੋਜ਼ਰ

ਬਟਾਲਾ (ਡਾ. ਮਲਵਿੰਦਰ ਸਿੰਘ)-ਬਟਾਲਾ ਪੁਲਸ ਨੇ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਪਿੰਡ ਭੋਮਾ ਵਿਖੇ ਨਸ਼ਾ ਤਸਕਰ ਅੰਮ੍ਰਿਤਪਾਲ ਸਿੰਘ ਪੁੱਤਰ ਕਸ਼ਮੀਰ ਸਿੰਘ ਵਲੋਂ ਪੰਚਾਇਤੀ ਜਗ੍ਹਾ 'ਤੇ ਕੀਤੀ ਗਈ ਨਾਜਾਇਜ਼ ਉਸਾਰੀ ਨੂੰ ਜੇਸੀਬੀ ਮਸ਼ੀਨ ਲਗਾ ਕੇ ਢਾਹ ਦਿੱਤਾ ਗਿਆ ਇਸ ਮੌਕੇ ਗੁਰਪ੍ਰਤਾਪ ਸਿੰਘ ਸਹੋਤਾ ਐੱਸ.ਪੀ (ਡੀ) ਬਟਾਲਾ, ਹਰੀਸ਼ ਬਹਿਲ ਡੀਐੱਸਪੀ ਸ੍ਰੀ ਹਰਗੋਬਿੰਦਪੁਰ ਸਾਹਿਬ, ਨਾਇਬ ਤਹਿਸੀਲਦਾਰ ਵਿਨੋਦ ਮਹਿਤਾ, ਬੀਡੀਪੀਓ ਨਰਿੰਦਰ ਸਿੰਘ ਖਹਿਰਾ, ਸੁਖਵਿੰਦਰ ਸਿੰਘ ਐੱਸਐੱਚਓ ਸ੍ਰੀ ਹਰਗੋਬਿੰਦਪੁਰ ਸਾਹਿਬ, ਗੁਰਮੀਤ ਸਿੰਘ ਐੱਸਐੱਚਓ ਕਾਦੀਆਂ, ਹਰਮੀਤ ਸਿੰਘ ਐੱਸਐੱਚਓ ਰੰਗੜ ਨੰਗਲ ਸਮੇਤ ਪੁਲਸ ਫੋਰਸ ਮੌਜੂਦ ਸੀ।ਪੱਤਰਕਾਰਾਂ ਨਾਲ ਗੱਲ ਕਰਦਿਆਂ ਗੁਰਪ੍ਰਤਾਪ ਸਿੰਘ ਸਹੋਤਾ ਐਸ.ਪੀ (ਡੀ) ਨੇ ਦੱਸਿਆ ਕਿ ਨਸ਼ਾ ਤਸਕਰ ਅੰਮ੍ਰਿਤਪਾਲ ਸਿੰਘ ਖਿਲਾਫ ਦੇ ਖਿਲਾਫ਼ ਵੱਖ-ਵੱਖ ਥਾਣਿਆਂ ਵਿੱਚ ਮੁਕੱਦਮੇ ਦਰਜ ਹਨ ਅਤੇ ਇਸ ਵੇਲੇ ਸੇਂਟਰਲ ਜੇਲ੍ਹ ਗੁਰਦਾਸਪੁਰ ਵਿੱਚ ਬੰਦ ਹੈ।ਇਸ ਉਪਰ ਐੱਨਡੀਪੀਐੱਸ ਤਹਿਤ 3 ਪਰਚਿਆਂ ਸਮੇਤ ਡਕੈਟੀ ਤੇ ਚੋਰੀ ਆਦਿ ਦੇ ਮੁਕੱਦਮੇ ਵੀ ਦਰਜ ਹਨ।ਉਨ੍ਹਾਂ ਦੱਸਿਆ ਕਿ ਉਸਦੀ ਪਤਨੀ ਅਤੇ ਇਸਦੇ ਦੋ ਭਰਾਵਾਂ ਉਪਰ ਵੀ ਐੱਨਡੀਪੀਐੱਸ ਤਹਿਤ ਮੁਕੱਦਮੇ ਹਨ।ਇਸਦੀ ਪਤਨੀ ਅਤੇ ਇੱਕ ਭਰਾ ਜੇਲ੍ਹ ਵਿੱਚ ਬੰਦ ਹੈ ਅਤੇ ਇੱਕ ਭਰਾ ਭਗੌੜਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰ ਵੱਲੋਂ ਨਸ਼ੇ ਦੀ ਕਮਾਈ ਨਾਲ ਇਹ ਉਸਾਰੀ ਕੀਤੀ ਗਈ ਸੀ, ਜਿਸਨੂੰ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਢਾਹਿਆ ਗਿਆ ਹੈ।



# ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਸੁਲਤਾਨਪੁਰ ਲੋਧੀ ਤੋਂ ਵਿਸ਼ੇਸ਼ ਸਪਲੀਮੈਂਟ


ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

ਨਰਿੰਦਰ ਸਿੰਘ ਸੋਨੀਆ
ਸੀਨੀਅਰ ਪੱਤਰਕਾਰ
ਮੋ: 98552-24711

ਰਜਿੰਦਰ ਸਿੰਘ ਰਾਣਾ
ਐਡਵੋਕੇਟ
ਮੋ: 94171-24975

## ਧੰਨਵਾਦ

ਉਨ੍ਹਾਂ ਸੱਜਣਾਂ ਮਿੱਤਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਸਪਲੀਮੈਂਟ ਕੱਢਣ ਵਿੱਚ ਭਰਪੂਰ ਸਹਿਯੋਗ ਦਿੱਤਾ ਹੈ ਆਸ ਕਰਦੇ ਹਾਂ ਕਿ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹਿਣਗੇ।

ਬਲਵਿੰਦਰ ਸਿੰਘ ਧਾਲੀਵਾਲ, ਪੱਤਰਕਾਰ, ਸੁਲਤਾਨਪੁਰ ਲੋਧੀ, ਮੋ: 99141-88618
ਰਾਜਵੀਰ ਸਿੰਘ ਅਮਰਕੋਟ, ਪੱਤਰਕਾਰ, ਸੁਲਤਾਨਪੁਰ ਲੋਧੀ, ਮੋ: 94630-62425
ਗੁਰਪ੍ਰੀਤ ਸਿੰਘ ਢੋਟ, ਪ੍ਰੈਸ ਫੋਟੋਗ੍ਰਾਫਰ, ਸੁਲਤਾਨਪੁਰ ਲੋਧੀ, ਮੋ: 98555-99432

ਸ਼ਹੀਦ ਊਧਮ ਸਿੰਘ ਜੀ ਦੇ 85ਵੇਂ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ

## ਗੁਰੂ ਨਾਨਕ ਖਾਲਸਾ ਕਾਲਜ

ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ
(Accredited by NAAC, Banglore)

ਸ. ਆਤਮਾ ਸਿੰਘ, ਸੰਸਥਾਪਕ ਪ੍ਰਧਾਨ
ਸਵ. ਗੁਰਦੀਪ ਸਿੰਘ, ਸੰਸਥਾਪਕ ਪ੍ਰਿੰਸੀਪਲ

ਯੂਨੀਵਰਸਿਟੀ ਵਿੱਚੋਂ ਡਿਸਟਿੰਕਸ਼ਨ ਹਾਸਿਲ ਕਰਨ ਵਾਲੇ ਵਿਦਿਆਰਥੀ

Ramvir Singh BCA III Year; Simranjit Kaur BCA III Year; Rupinder Kaur BCA III Year; Parwinder Kaur BCA III Year; Navpreet Kaur MA (PBI) II Year

ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਅੱਵਲ ਆਉਣ ਵਾਲੇ ਵਿਦਿਆਰਥੀ

Taniya MA I Year; Gurpreet Kaur MA I Year; Sandeep Kaur MA I Year; Manjit Kaur MA I Year; Dilpreet Kaur MA II Year; Parmjit Kaur MA II Year

Jaswinder Kaur BA I Year; Raynoor Kaur BA II Year; Sandeep Kaur BA II Year; Jaskaranpreet Kaur B.com III Year; Anjali Bhagat B.com III Year; Sumandeep Kaur B.com III Year; Jaspreet Kaur PGDCA

## ਗੁਰੂ ਨਾਨਕ ਖਾਲਸਾ ਕਾਲਜ

ਸ਼ਾਨਦਾਰ ਅਕਾਦਮਿਕ ਨਤੀਜੇ ਉੱਚ ਸਿੱਖਿਅਤ ਤੇ ਤਜਰਬੇਕਾਰ ਸਟਾਫ਼, ਆਧੁਨਿਕ ਸਹੂਲਤਾਂ ਵਾਲਾ ਕੈਂਪਸ

ਦਾਖ਼ਲਾ ਸ਼ੁਰੂ B.A, BCA, B.COM, MSC-IT, M.COM, M.A PUNJABI, DCA, DPA, FASHION TECHNOLOGY

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

ਗਿੱਲਾਂ ਵਾਲਿਆਂ ਦੀ ਹੱਟੀ

## ਫੈਂਸੀ ਜਨਰਲ ਸਟੋਰ

ਮੇਨ ਬਜ਼ਾਰ, ਸੁਲਤਾਨਪੁਰ ਲੋਧੀ, ਗਿੱਲਾਂ ਵਾਲੇ

ਇੱਥੇ ਰੱਖੜੀਆਂ ਦੇ ਤਿਉਹਾਰ 'ਤੇ ਫੈਂਸੀ ਰੱਖੜੀਆਂ ਅਤੇ ਮੇਕਅੱਪ ਦੇ ਸਮਾਨ 'ਤੇ ਭਾਰੀ ਛੋਟ ਦਿੱਤੀ ਜਾਵੇਗਾ।

ਮੋ: 98553-95196, 98882-38795, 97805-38999

ਸਾਬੀ ਗਿੱਲਾਂ ਵਾਲਾ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਸ਼੍ਰੀ ਗੁਰੂ ਨਾਨਕ ਦੇਵ ਜੀ ਮਾਡਲ ਸਕੂਲ

ਪਿੰਡ ਸ਼ਤਾਬਗੜ੍ਹ
ਸੁਲਤਾਨਪੁਰ ਲੋਧੀ, ਕਪੂਰਥਲਾ
ਐਸੋਸੀਏਟਿਡ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ

ਐਮ.ਡੀ. ਸ. ਅਵਤਾਰ ਸਿੰਘ ਢੋਟ; ਪ੍ਰਿੰਸੀ. ਜਸਵੀਰ ਕੌਰ ਢੋਟ; ਹਰਮਨ ਸਿੰਘ ਢੋਟ (ਕਨੇਡਾ)

ਮੋ: 84273-55996, 84273-55997

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

ਕੁਲਦੀਪ ਸਿੰਘ (ਡਿਪਟੀ) ਮੋ: 94640-95439, 97797-87901, 97791-26025

## ਬਿੰਦ ਪੱਗੜੀ ਹਾਊਸ ਐਂਡ ਪੱਗੜੀ ਸੈਂਟਰ

ਨੇੜੇ ਮੰਦਿਰ, ਆਰੀਆ ਸਮਾਜ ਚੌਂਕ, ਸੁਲਤਾਨਪੁਰ ਲੋਧੀ

ਇੱਥੇ ਹਰ ਤਰ੍ਹਾਂ ਦੀਆਂ ਪੱਗਾਂ, ਮਨਿਆਰੀ ਦਾ ਸਮਾਨ, ਸਿਹਰੇ, ਕਲਗੀਆਂ, ਜਾਗੋ, ਵਿਆਹ ਸ਼ਾਦੀਆਂ ਦਾ ਸਮਾਨ ਮਿਲਦਾ ਹੈ।

ਕੁਲਦੀਪ ਸਿੰਘ ਡਿਪਟੀ

ਇੱਥੇ ਵਿਆਹ-ਸ਼ਾਦੀਆਂ ਤੇ ਪੱਗਾਂ ਅਤੇ ਦੁਮਾਲੇ ਸਜਾਉਣ ਦਾ ਖ਼ਾਸ ਪ੍ਰਬੰਧ ਹੈ।

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

ਕਰਮਜੀਤ ਸਿੰਘ ਕੌੜਾ
ਸਾ. ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ (ਆਪ)
(ਮੋ: 94642-81200)

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

ਡਾ. ਸੋਨੂੰ ਜੋਸਨ
ਮੋ: 98881-18684

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਸੰਧਾ ਫਾਰਮ

ਸ. ਪਰਜਿੰਦਰ ਸਿੰਘ
ਮੋ: 95012-17225, 99150-32828
ਕੁਲਾਰਾਂ ਰੋਡ, ਨੇੜੇ ਪੁਲਿਸ ਚੌਕੀ, ਮੋਠਾਂਵਾਲ (ਕਪੂਰਥਲਾ)

## AKAL EDUCATIONAL SERVICES & VISA ADVISOR

LIC NO.: 329/MC/MA/DM/KPT/2023

ਬਾਰ-ਬਾਰ ਹੋ ਚੁੱਕੇ ਹੋ ਅਸਫ਼ਲ ਤਾਂ ਹੁਣ ਸਿਰਫ਼ IELTS/PTE ਦੇ ਪੜ੍ਹਨ ਜਾਓ

UK ਸਟੱਡੀ ਵੀਜ਼ਾ 'ਤੇ।

Katra Bazar, Sultanpur Lodhi, Distt: Kapurthala 79735-19007, 01828-513513

## ਪ੍ਰਦੀਪ ਬੈਕਰਜ਼ ਐਂਡ ਫਾਸਟ ਫੂਡ

ਆਰੀਆ ਸਮਾਜ ਚੌਂਕ, ਸੁਲਤਾਨਪੁਰ ਲੋਧੀ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

ਮੋਹਨ ਸਿੰਘ ਭੀਰਵ, 98151-74212
ਪ੍ਰਦੀਪ ਸਿੰਘ ਬਿੱਦ, 98785-19019

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਘੋਤੜਾ ਪਰਿਵਾਰ

ਰਾਜੂ ਘੋਤੜਾ ਉੱਘੇ ਖੇਡ ਪ੍ਰਮੋਟਰ ਸਮਾਜ ਸੇਵੀ USA ਵਾਲੇ।

ਕਰਨੈਲ ਸਿੰਘ ਸਰਪੰਚ; ਪਿੰਡ ਫੌਜੀ ਕਲੋਨੀ, ਸੁਲਤਾਨਪੁਰ ਲੋਧੀ; ਰਾਜੂ ਘੋਤੜਾ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਮੁਖ਼ਤਾਰ ਸਿੰਘ ਬਿੱਡਾ ਐਂਡ ਸੰਨਜ਼

ਦਾਣਾ ਮੰਡੀ, ਸੁਲਤਾਨਪੁਰ ਲੋਧੀ
ਜਸਵਿੰਦਰ ਸਿੰਘ ਬਿੱਡਾ
ਐਮ. ਸੀ
ਮੋ: 98150-85098

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਪੰਜਾਬ ਸਵੀਟਸ ਐਂਡ ਬੇਕਰਜ਼

ਸਰਦੁੱਲਾਪੁਰੀਆਂ ਦੀ ਹੱਟੀ
ਚੌਂਕ ਤਲਵੰਡੀ ਪੁਲ, ਸੁਲਤਾਨਪੁਰ ਲੋਧੀ
ਇੱਥੇ ਵਿਆਹ ਸ਼ਾਦੀਆਂ ਵਾਸਤੇ ਵਧੀਆ ਮਠਿਆਈ, ਦੁੱਧ, ਪਨੀਰ 'ਤੇ ਸ਼ੁੱਧ ਦੇਸੀ ਘਿਓ ਮਿਲਦਾ ਹੈ।

ਸਵ. ਗੁਰਨਾਮ ਸਿੰਘ; ਮੁਖਤਿਆਰ ਸਿੰਘ

ਮਨਜੀਤ ਸਿੰਘ; ਮਨਪ੍ਰੀਤ ਸਿੰਘ; ਜਗਦੀਪ ਸਿੰਘ (USA)

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਗੁਰੂ ਨਾਨਕ ਲੈਬ ਐਂਡ ਮੈਡੀਕਲ ਸਟੋਰ

ਸਾਹਮਣੇ ਸਿਵਲ ਹਸਪਤਾਲ, ਸੁਲਤਾਨਪੁਰ ਲੋਧੀ, ਕਪੂਰਥਲਾ
ਪ੍ਰੋਪ: ਗੁਰਪ੍ਰੀਤ ਸਿੰਘ ਚੰਦੀ
ਮੋ: 78371-58132

## ਰਾਇਲ ਟਰੈਵਲਜ਼ ਨੇ ਲਗਾਈ ਅਮਰੀਕਾ ਵੀਜ਼ਿਆਂ ਦੀ ਝੜੀ

ਤੁਸੀਂ ਵੀ ਕਰਨਾ ਚਾਹੁੰਦੇ ਹੋ ਅਮਰੀਕਾ ਦਾ ਸਟਡੀ ਵੀਜ਼ਾ ਅਪਲਾਈ ਤਾਂ ਅੱਜ ਹੀ ਮਿਲੋ ਰਾਇਲ ਟਰੈਵਲਜ਼ ਦੇ ਸੁਲਤਾਨਪੁਰ ਲੋਧੀ ਦਫਤਰ ਵਿਖੇ ਤੇ ਪਹਿਲਾਂ ਹਫਤੇ ਦੇ ਲੱਗੇ ਵੀਜ਼ੇ ਚੈੱਕ ਕਰੋ ਅਤੇ ਫੇਰ ਅਪਲਾਈ ਕਰੋ। ਜਾਣਕਾਰੀ ਦਿੰਦਿਆਂ ਅਰਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਬਿਨਾਂ ਆਈਲਟਸ, 10-12 ਸਾਲ ਦੇ ਗੈਪ ਦੇ ਨਾਲ ਇਕੱਲੇ ਜਾਂ ਸਪਾਊਸ ਦੇ ਨਾਲ ਵੀ ਕਰ ਸਕਦੇ ਹੋ ਅਪਲਾਈ।

ROYAL TRAVELS
Opp. Boy School, Sultanpur Lodhi
77400-44275, 92168-92168

ਅਰਵਿੰਦਰਪਾਲ ਸਿੰਘ

## United Global services (UGS)

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

Jheeta Tower Sultanpur Lodhi
Amandeep Singh
M: 98550 29143

## ਖਾਲਸਾ ਮਾਰਬਲ

ਤਲਵੰਡੀ ਰੋਡ, ਸੁਲਤਾਨਪੁਰ ਲੋਧੀ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

ਭੁਪਿੰਦਰ ਸਿੰਘ ਖਾਲਸਾ, 95017-48873, 94174-86747
ਦਿਲਮੇਹਿਤ ਸਿੰਘ, 62805-28558

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਐਸ. ਏ. ਐਸ ਕੰਬਾਇਨ ਪਾਰਟਸ

ਮੋ: 98146-22275, 98784-02275; ਤਲਵੰਡੀ ਰੋਡ, ਸੁਲਤਾਨਪੁਰ ਲੋਧੀ (ਕਪੂਰਥਲਾ)
ਹਰਜਾਪ ਸਿੰਘ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

ਮਾਸਟਰ ਮੁੱਚਾ ਸਿੰਘ ਮਿਰਜ਼ਾਪੁਰ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਐਮ. ਐਸ. ਰਤਨਪਾਲ ਟਰੇਡਰਜ਼ & ਐਮ. ਐਸ. ਰਤਨਪਾਲ ਰੀਅਲ ਸਟੇਟ

ਤਲਵੰਡੀ ਰੋਡ, ਸੁਲਤਾਨਪੁਰ ਲੋਧੀ
ਚੁਹੜਪੁਰ ਵਾਲੇ

ਤਜਿੰਦਰ ਸਿੰਘ (ਸੋਡੀ) ਮੋ: 98154-45255
ਬਲਜਿੰਦਰ ਸਿੰਘ ਸੋਨੂੰ ਮੋ: 98142-23218

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

ਵੱਲੋਂ:
ਸ਼ੇਰ ਸਿੰਘ ਸਰਪੰਚ ਅਤੇ ਸਮੂਹ ਗ੍ਰਾਮ ਪੰਚਾਇਤ, ਪਿੰਡ ਮਸੀਤਾਂ
ਸ਼ੇਰ ਸਿੰਘ ਸਰਪੰਚ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

ਸ. ਹਰਵਿੰਦਰ ਸਿੰਘ
ਸਰਪੰਚ
ਪਿੰਡ ਜੱਬੋਵਾਲ
ਮੋ: 62803-96755

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

ਸ. ਬਲਜਿੰਦਰ ਸਿੰਘ ਨੱਢਾ
ਪ੍ਰਧਾਨ ਰੋਜ਼ਾਨਾ ਅੰਮ੍ਰਿਤ ਵੇਲਾ ਸੇਵਾ ਸੁਸਾਇਟੀ ਗੁਰਦੁਆਰਾ ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ
ਮੋ: 98154-28725
ਸ. ਬਲਜਿੰਦਰ ਸਿੰਘ ਨੱਢਾ; ਅਨਮੋਲਜੀਤ ਸਿੰਘ ਨੱਢਾ (ਕਨੇਡਾ)

## ਭਾਰਤੀ ਕਮਿਊਨਿਸਟ ਪਾਰਟੀ ਸੁਲਤਾਨਪੁਰ ਲੋਧੀ

ਕਾਮਰੇਡ ਜੈਪਾਲ ਸਿੰਘ, ਜ਼ਿਲ੍ਹਾ ਸਕੱਤਰ; ਮਾ. ਚਰਨ ਸਿੰਘ; ਕਾਮਰੇਡ ਸੁਰਜੀਤ ਸਿੰਘ ਠੱਟਾ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਸ. ਸਾਹਿਬ ਸਿੰਘ ਭੁੱਲਰ

ਪ੍ਰਧਾਨ ਨੰਬਰਦਾਰ ਯੂਨੀਅਨ
ਸੁਲਤਾਨਪੁਰ ਲੋਧੀ 85282- 80088

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

ਨਵ ਢਿੱਲੋਂ
ਯੂਥ ਲੀਡਰ ਸੁਲਤਾਨਪੁਰ ਲੋਧੀ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਨਿਰਵੈਰ ਖਾਲਸਾ ਸੁਸਾਇਟੀ

ਗੁਰਦੁਆਰਾ ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ
ਸਮੂਹ ਸੁਸਾਇਟੀ ਵੱਲੋਂ ਹਰੇਕ ਨਗਰ ਕੀਰਤਨ ਵਿੱਚ ਫੁੱਲਾਂ ਦੀ ਵਰਖਾ ਕੀਤੀ ਜਾਂਦੀ ਹੈ।

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ

ਰਣਜੀਤ ਸਿੰਘ ਰਾਣਾ ਡਡਵਿੰਡੀ
ਸਾਬਕਾ ਬਲਾਕ ਸੰਮਤੀ ਮੈਂਬਰ ਤੇ ਸਮੂਹ ਇਲਾਕਾ ਨਿਵਾਸੀ, ਸੁਲਤਾਨਪੁਰ ਲੋਧੀ

ਸ਼ਹੀਦ ਊਧਮ ਸਿੰਘ ਮੈਮੋਰੀਅਲ

## ਊਧਮ ਮਲਟੀਸਪੈਸ਼ਲਿਟੀ ਦੰਦਾਂ ਦਾ ਹਸਪਤਾਲ ਤੇ ਇੰਪਲਾਂਟ ਸੈਂਟਰ

ਪੁਰਾਣਾ ਸਿਵਲ ਹਸਪਤਾਲ, ਨੇੜੇ ਆਰੀਆ ਸਮਾਜ ਚੌਂਕ ਸੁਲਤਾਨਪੁਰ ਲੋਧੀ

ਡਾ. ਅਮਿਤੋਜ ਸਿੰਘ
B.D.S (LDH), Implantologist, Ex. Dental urgeon Ahead Dental CHD, Reg No. 9918-A

ਨੋਟ : ਇਕ ਅੱਜ ਦੇ ਯੁੱਗ ਦਾ ਆਧੁਨਿਕ ਇੰਟਰਾਓਰਲ ਸਕੈਨਰ ਲਗਾਇਆ ਗਿਆ ਹੈ।

ਡਾ. ਨਵਜੋਤ ਕੌਰ
B.D.S, M.Sc (Forensic), Drug Safety Specialist, (Parexel CHD), Reg No 9506-A

708-777-1515

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਵਾਈਨ ਕੰਟਰੇਕਟਰ

ਸੁਲਤਾਨਪੁਰ ਲੋਧੀ
98152-09904, 98151-35325

ਸ. ਬਲਦੇਵ ਸਿੰਘ, ਬਲਾਕ ਸੰਮਤੀ ਮੈਂਬਰ; ਸ. ਵਰਿੰਦਰ ਸਿੰਘ (ਵਿੰਨੀ)

## ਦਲਬੀਰ ਮੋਟਰਜ਼

ਤਲਵੰਡੀ ਰੋਡ, ਸੁਲਤਾਨਪੁਰ ਲੋਧੀ
Athorised dealer Royal Enfield Sale & Service
ਦਲਬੀਰ ਸਿੰਘ
ਮੋਬਾ. 98146-79432, 01828-223634

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

ਪ੍ਰਿੰ. ਅਮਰੀਕ ਸਿੰਘ ਨੰਢਾ; ਅਰੁਣਦੀਪ ਸਿੰਘ ਸਿਦਪੁਰ; ਕੁਲਵੰਤ ਸਿੰਘ ਕਾਲੀ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਮਨ ਫੋਟੋ ਆਰਟ ਗੈਲਰੀ

ਥਾਣਾ ਰੋਡ ਸੁਲਤਾਨਪੁਰ ਲੋਧੀ
ਢੋਟ ਬ੍ਰਦਰਸ ਜੱਬੋਵਾਲ ਵਾਲੇ
ਮੋ. 98152 07974, 98555 99432
ਮਨਪ੍ਰੀਤ ਸਿੰਘ ਢੋਟ; ਗੁਰਪ੍ਰੀਤ ਸਿੰਘ (ਲਾਲੀ)

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਐਮ. ਐਸ. ਬਿੰਦ ਕਾਰਪੇਂਟਰ

ਪਿੰਡ ਪੱਤੀ ਸ. ਨਬੀਬਖਸ਼
ਤਹਿ. ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ
ਮੋ: 98773-52868, 98782-51275
ਸ. ਨਿਰਮਲ ਸਿੰਘ ਬਿੰਦ, ਠੇਕੇਦਾਰ; ਅਗੰਮ੍ਰਿਤ ਸਿੰਘ ਬਿੰਦ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਐਮ. ਐਸ. ਸਰਪੰਚ ਟਰੇਡਰਜ਼

ਦੁਕਾਨ ਨੰ. 86
ਨਵੀਂ ਦਾਣਾ ਮੰਡੀ
ਸੁਲਤਾਨਪੁਰ ਲੋਧੀ
ਸ. ਨਰਿੰਦਰ ਸਿੰਘ ਜੈਨਪੁਰ
ਵਾਈਸ ਚੇਅਰਮੈਨ ਕਿਸਾਨ ਸੈੱਲ ਪੰਜਾਬ
ਮੋ: 98723-20620

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਸਰਦੂਲ ਸਿੰਘ ਥਿੰਦ

ਇਨਸਾਨੀਅਤ ਲੋਕ ਵਿਕਾਸ ਪਾਰਟੀ
ਸੂਬਾ ਪ੍ਰਧਾਨ ਪੰਜਾਬ
(ਮੋ: 98780-75951)

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਸ. ਸੁਰਜੀਤ ਸਿੰਘ

ਸਾਬਕਾ ਸਰਪੰਚ
ਪਿੰਡ ਲੋਧੀਵਾਲ
ਮੋ: 941171-07107

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਭੱਲਾ ਟੈਲੀਕਾਮ

ਸੁਮਿਤ ਭੱਲਾ
ਮੋ: 97815-95000

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਜੱਜ ਗੈਸ ਏਜੰਸੀ ਸੁਲਤਾਨਪੁਰ ਲੋਧੀ

ਨੇੜੇ ਨਗਰ ਕੌਂਸਲ, ਸੁਲਤਾਨਪੁਰ ਲੋਧੀ
ਮੋ: 98151-01937, 94637-00017
ਕਰਮਬੀਰ ਸਿੰਘ ਕੇ.ਬੀ.; ਕੰਵਲਨੈਣ ਸਿੰਘ

## ਸਾਡੀ ਫੁਲਵਾੜੀ

ਭਾਰਤੀ ਕਮਿਊਨਿਸਟ ਪਾਰਟੀ ਸੁਲਤਾਨਪੁਰ ਲੋਧੀ
ਮਕੰਦ ਸਿੰਘ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

## ਐਡਵੋਕੇਟ ਜਸਪਾਲ ਸਿੰਘ ਧੰਜੂ

ਸਾਬਕਾ ਚੇਅਰਮੈਨ, ਕੰਬੋਜ ਵੈਲਫੇਅਰ ਬੋਰਡ ਪੰਜਾਬ
ਸ. ਜਸਪਾਲ ਸਿੰਘ ਧੰਜੂ; ਐਡਵੋਕੇਟ ਰਮਨਪ੍ਰੀਤ ਸਿੰਘ; ਸੰਨੀ ਸਾਗਰ
ਚੈਂਬਰ ਨੰ. 16 ਸਿਵਲ ਕੋਰਟ, ਸੁਲਤਾਨਪੁਰ ਲੋਧੀ (ਮੋ: 98144-16331)

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

ਸ. ਬਿਕਰਮਜੀਤ ਸਿੰਘ ਸਰਪੰਚ
ਪਿੰਡ ਬੂਸੋਵਾਲ
ਮੋ: 98159-00375

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

ਸ੍ਰੀ ਵਰੁਣ ਸ਼ਰਮਾ; ਜੋਬਨਪ੍ਰੀਤ ਸਿੰਘ; ਪਰਦੀਪ ਸਿੰਘ; ਸਿਮਰਨ ਸੰਧੂ